# ਪੰਜਾਬ ਦੀਆਂ ਲਹਿਰਾਂ

ਸ਼ਮਸ਼ੇਰ ਸਿੰਘ ਅਸ਼ੋਕ

੧੮

ਅਸ਼ੋਕ ਪੁਸਤਕਮਾਲਾ

Sri Satguru Jagjit Singh Ji eLibrary NamdhariElibrary@gmail.com

Kirpal Singh

Sri Satguru Jagjit Singh Ji eLibrary NamdhariElibrary@gmail.com

# ਪੰਜਾਬ ਦੀਆਂ ਲਹਿਰਾਂ

(੧੮੫੦-੧੯੧੦)

ਨਿਰੰਕਾਰੀ ਲਹਿਰ ੧੮੫੭ ਦਾ ਗ਼ਦਰ ਤੇ ਸਿੱਖ
ਨਾਮਧਾਰੀ ਲਹਿਰ ਸਿੰਘ ਸਭਾ ਲਹਿਰ ਅਤੇ
ਸਿੱਖ ਵਿਦਿਅਕ ਲਹਿਰ
ਸਚਿਤ੍ਰ

ਲੇਖਕ
ਸ਼ਮਸ਼ੇਰ ਸਿੰਘ ਅਸ਼ੋਕ

ਮੈਨੇਜਰ, ਅਸ਼ੋਕ ਪੁਸਤਕ-ਮਾਲਾ,
੭-ਏ, ਸ੍ਰੀ ਦਸ਼ਮੇਸ਼ ਕਾਲੋਨੀ,
ਤ੍ਰਿਪੁਰੀ ਟਾਊਨ, ਪਟਿਆਲਾ (ਪੰਜਾਬ)

Sri Satguru Jagjit Singh Ji eLibrary NamdhariElibrary@gmail.com


(c) ਸਭ ਹੱਕ ਰਾਖਵੇਂ ਹਨ ।

ਦੂਜਾ ਸੰਸ਼ੋਧਿਤ ਸੰਸਕਰਣ
ਮਾਰਚ, ੧੯੭੪
ਗਿਣਤੀ : ੧੦੦੦
ਮੁੱਲ : Rs. 15/-

ਪ੍ਰਕਾਸ਼ਕ :
ਗੁਰਚਰਨ ਸਿੰਘ, ਮੈਨੇਜਰ,
ਅਸ਼ੋਕ ਪੁਸਤਕ-ਮਾਲਾ,
੭—ਏ, ਸ਼੍ਰੀ ਦਸ਼ਮੇਸ਼ ਕਾਲੋਨੀ,
ਤ੍ਰਿਪੁਰੀ ਟਾਊਨ ਪਟਿਆਲਾ (ਪੰਜਾਬ) ।

ਛਾਪਕ :
ਮਹਿੰਦ੍ਰ ਸਿੰਘ ਗਿਆਨੀ,
ਗੁਰਦੁਆਰਾ ਪ੍ਰਿੰਟਿੰਗ ਪ੍ਰੈਸ,
ਰਾਮ ਸਰ ਰੋਡ, ਅਮ੍ਰਿਤਸਰ ।

Sri Satguru Jagjit Singh Ji eLibrary NamdhariElibrary@gmail.com



ਸ਼ਮਸ਼ੇਰ ਸਿੰਘ 'ਅਸ਼ੋਕ'

Sri Satguru Jagjit Singh Ji eLibrary NamdhariElibrary@gmail.com

# ਵਿਸ਼ੈ-ਸੂਚੀ


ਆਪਣੇ ਵਲੋਂ ਕੁਝ ਹੋਰ ੳ—ਸ

ਮੁੱਖ ਸ਼ਬਦ ੧—੪

ਨਿਰੰਕਾਰੀ ਲਹਿਰ ੫—੨੯

੧. ਧਾਰਮਿਕ ਪਿਛੋਕੜ ੫—੧੩,
੨. ਬਾਬਾ ਦਿਆਲ ਜੀ ੧੪—੨੦,
੩. ਬਾਬਾ ਦਰਬਾਰਾ ਸਿੰਘ ਜੀ ੨੧—੨੪,
੪. ਨਿਰੰਕਾਰੀ ਲਹਿਰ ਤੇ ਹੋਰ ਆਗੂ ੨੫—੨੭,
੫. ਨਿਰੰਕਾਰੀ ਅਰਦਾਸਾ ੨੮—੨੯ ।

ਸੰਨ ੧੮੫੭ ਦਾ ਗ਼ਦਰ ਤੇ ਸਿੱਖ ੩੦—੫੪

ਨਾਮਧਾਰੀ ਲਹਿਰ ੫੫—੮੩

੧. ਬਾਬਾ ਬਾਲਕ ਸਿੰਘ ਜੀ ੫੫—੬੧,
੨. ਬਾਬਾ ਰਾਮ ਸਿੰਘ ਜੀ ੬੨—੬੫,
੩. ਨਾਮਧਾਰੀ ਲਹਿਰ ਦਾ ਆਦਿ-ਅੰਤ ੬੬—੭੮,
੪, ਬਾਬਾ ਰਾਮ ਸਿੰਘ ਜੀ ਤੋਂ ਪਿੱਛੋਂ ੭੯—੮੩ ।

ਸਿੰਘ ਸਭਾ ਲਹਿਰ ੮੪—੧੦੬

੧. ਮੁੱਢਲੇ ਹਾਲ ੮੪—੮੮,
੨. ਭਾਈ ਗੁਰਮੁਖ ਸਿੰਘ ਪ੍ਰੋਫ਼ੈਸਰ ੮੯—੯੨,
੩. ਸਿੰਘ ਸਭਾ ਤੇ ਵਿਦਿਅਕ ਲਹਿਰ ੯੩—੯੯,
੪. ਵਿਕਾਸ ਤੇ ਪਰਿਵਰਤਨ ੯੯—੧੦੬,
੫. ਅਮ੍ਰਿਤਸਰੀ ਧੜੇ ਦੀ ਟੱਕਰ ੧੦੭—੧੧੩,
੬. ਖ਼ਾਲਸਾ ਕਾਲਜ ਕਿਵੇਂ ਬਣਿਆ ? ੧੧੪—੧੧੭,
੭. ਦੀਵਾਨ ਲਾਹੌਰ ਦੇ ਅੰਤਲੇ ਸਾਲ ੧੧੮—੧੨੨,
੮. ਸਿੰਘ ਸਭਾ ਲਹਿਰ ਦਾ ਅੰਤ ੧੨੩—੧੨੬ ।

ਅੰਤਿਕਾ—੧
ਵਿੱਦਿਆ ਅਤੇ ਸਾਹਿੱਤ ੧੨੭—੧੩੯

ਅੰਤਿਕਾ—੨
ਸਰਦਾਰ ਠਾਕੁਰ ਸਿੰਘ ਸੰਧਾਂਵਾਲੀਏ ੧੪੦—੧੪੧

ਅੰਤਿਕਾ—੩
ਅੰਗ੍ਰੇਜ਼ੀ ਹਕੂਮਤ ਤੇ ਸਿੱਖ ੧੪੨—੧੪੬

ਸ਼ਬਦ—ਅਨੁਕ੍ਰਮਣਿਕਾ ੧੪੭—੧੫੮


Sri Satguru Jagjit Singh Ji eLibrary NamdhariElibrary@gmail.com

# ਆਪਣੇ ਵਲੋਂ ਕੁਝ ਹੋਰ

## ੧. ਪ੍ਰਾਰੰਭਕ ਕਥਨ

ਇਹ ਪੁਸਤਕ ਪਹਿਲਾਂ ਸੰਨ ੧੯੫੪ ਈ: ਵਿਚ ਪਟਿਆਲੇ ਛਪੀ ਸੀ, ਤੇ ਇਸ ਦਾ ਉਪਨਾਮ ਸੀ—'ਸਿੱਖਾਂ ਦੀ ਨਵੀਂ ਜਾਗ੍ਰਿਤ।' ਇਸ ਦਾ ਪਹਿਲਾ ਸੰਸਕਰਣ ਛੇਤੀ ਹੀ ਸਮਾਪਤ ਹੋਣ ਤੇ ਪਾਠਕਾਂ ਵਲੋਂ ਇਸ ਦੇ ਪੁਨਰ ਪ੍ਰਕਾਸ਼ਨ ਦੀ ਮੰਗ ਜ਼ੋਰ ਫੜਦੀ ਰਹੀ, ਪਰ ਮੈਂ ਉਸ ਸਮੇਂ ਕੁਝ ਘਰੋਗੀ ਰੁਝੇਵਿਆਂ ਕਾਰਣ ਇਸ ਪਾਸੇ ਧਿਆਨ ਨਾ ਦੇ ਸਕਿਆ। ਫੇਰ ਕਿਤਨੇ ਹੀ ਸੱਜਨਾਂ ਦੇ ਉਤਸਾਹ ਦੇਣ ਤੇ ਇਸ ਦਾ ਇਹ ਸੰਸ਼ੋਧਿਤ ਸੰਸਕਰਣ ਹੁਣ ਪੂਰੇ ਵੀਹ ਵਰ੍ਹਿਆਂ ਤੋਂ ਪਿੱਛੋਂ ਛਾਪ ਕੇ ਪ੍ਰਕਾਸ਼ਤ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ।

ਇਸ ਪੁਸਤਕ ਵਿਚ ਨਵੇਂ ਵਾਧਿਆਂ ਵਜੋਂ ਕੁਝ ਪੈਰੇ ਕਈ ਥਾਵਾਂ ਤੇ ਵਧਾਏ ਗਏ ਹਨ ਤੇ ਅੰਤ ਵਿਚ ਸਿੰਘ ਸਭਾ ਤੇ ਖ਼ਾਲਸਾ ਦੀਵਾਨ ਅਮ੍ਰਿਤਸਰ ਦੇ ਮੋਢੀ ਤੇ ਪਹਿਲੇ ਪ੍ਰਧਾਨ ਸਰਦਾਰ ਠਾਕੁਰ ਸਿੰਘ ਸੰਧਾਵਾਲੀਏ ਦਾ ਸੰਖੇਪ ਜੀਵਨ 'ਅੰਤਿਕਾ—੨' ਦੇ ਸਿਰਲੇਖ ਹੇਠ ਜੋੜਿਆ ਗਿਆ ਹੈ। ਇਸ ਸੋਧ-ਸੁਧਾਈ ਦੇ ਨਾਲ ਹੀ ਕੁਝ ਨਵੀਆਂ ਤਸਵੀਰਾਂ ਵੀ ਇਸ ਵਿਚ ਸ਼ਾਮਿਲ ਕੀਤੀਆਂ ਗਈਆਂ ਹਨ।

ਇਹ ਪੁਸਤਕ, ਜਿਵੇਂ ਕਿ ਇਸ ਦੇ ਮੁੱਖ ਸਫ਼ੇ ਤੋਂ ਪਤਾ ਲਗਦਾ ਹੈ, ਸੰਨ ੧੮੫੦ ਤੋਂ ੧੯੧੦ ਈ: ਤਕ ਲਗ ਭਗ ੬੦ ਵਰ੍ਹਿਆਂ ਦੀਆਂ ਪੰਜਾਬ ਤੇ ਪੰਜਾਬੀਆਂ ਦੇ ਲਹੂ-ਮਾਸ ਨਾਲ ਸੰਬੰਧ ਰੱਖਣ ਵਾਲੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ ਤੇ ਵਿਦਿਅਕ ਲਹਿਰਾਂ ਦਾ ਸੰਖੇਪ ਇਤਿਹਾਸ ਹੈ, ਇਸ ਲਈ ਸੰਬੰਧਿਤ ਲਹਿਰਾਂ ਵਿਚ ਪਿੱਛੋਂ ਜਾ ਕੇ ਜੋ ਕੋਈ ਨਵਾਂ ਪਰਿਵਰਤਨ ਹੋਇਆ ਤਾਂ ਉਹ ਇਸ ਵਿਚ ਨਹੀਂ ਦਿੱਤਾ ਗਿਆ, ਜਿਵੇਂ ਕਿ ਦਿੱਲੀਓਂ ਪੈਦਾ ਹੋਇਆ ਨਵਾਂ ਤਾਜ਼ਾ 'ਸੰਤ ਨਿਰੰਕਾਰੀ ਮੰਡਲ' ਕੁਝ ਸਮੇਂ ਤੋਂ ਸਾਡੇ ਜਨ-ਸਮਾਜ ਦੀ ਦਰਚਾ ਦਾ ਅੰਗ ਬਣਿਆ ਹੋਇਆ ਹੈ। ਇਸੇ ਤਰ੍ਹਾਂ ਬਾਹਰੀ ਪ੍ਰਭਾਵ ਹੇਠ ਜਾਂ ਬਾਹਰੋਂ ਆਈਆਂ ਕਈ ਹੋਰ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਲਹਿਰਾਂ ਵੀ, ਜਿਨ੍ਹਾਂ ਵਿਚ ਸਰਬ ਹਿੰਦੂ ਕੌਮੀ ਕਾਂਗਰਸ ਤੇ ਸਾਮਵਾਦੀ ਕਿਰਤੀ ਲਹਿਰ ਸਮੇਤ ਕੁਝ ਹਿੰਦੂ-ਮੁਸਲਿਮ, ਈਸਾਈ ਅੰਦੋਲਨ ਤੇ ਮਿਰਜ਼ਾ ਗ਼ੁਲਾਮ ਅਹਿਮਦ ਕਾਦੀਆਨੀ ਦੀ ਅਹਿਮਦੀ ਲਹਿਰ ਵੀ ਸ਼ਾਮਿਲ ਹਨ, ਇਸੇ ਇਤਿਹਾਸਿਕ ਲੜੀ ਦੀ ਅਗਲੇਰੀ ਕਿਸ਼ਤ ਲਈ ਰਾਖਵੀਆਂ ਰੱਖੀਆਂ ਗਈਆਂ ਹਨ।

ਹੁਣ ਏਥੇ ਸਿਰਫ਼ ਉਨ੍ਹਾਂ ਵਿਚੋਂ ਦੋ ਤਹਿਰੀਕਾਂ ਹੀ ਦੇਣੀਆਂ ਜੋਗ ਹਨ :

(੧) ਸੰਤ ਨਿਰੰਕਾਰੀ ਮੰਡਲ ਤੇ (੨) ਸਨਾਤਨ ਧਰਮੀ ਭਾਰਤ ਧਰਮ ਮਹਾਂ ਮੰਡਲ।

Sri Satguru Jagjit Singh Ji eLibrary NamdhariElibrary@gmail.com

# ੨. ਸੰਤ ਨਿਰੰਕਾਰੀ ਮੰਡਲ

ਇਹ 'ਮੰਡਲ' ਇਸ ਪੁਸਤਕ ਵਿਚ ਦਿੱਤੀ 'ਨਿਰੰਕਾਰੀ ਲਹਿਰ' ਦਾ ਹੀ ਇਕ ਅਪਭ੍ਰੰਸ਼ ਰੂਪ ਹੈ। ਫ਼ਰਕ ਕੇਵਲ ਇਹੋ ਹੈ ਕਿ ਲਹਿੰਦੇ ਪੰਜਾਬ ਦੀ ਨਿਰੰਕਾਰੀ ਲਹਿਰ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਦੀ ਇਕ ਆਸਤਿਕ ਸੰਪ੍ਰਦਾਇ ਮੰਨੀ ਜਾਂਦੀ ਹੈ ਤੇ ਉਸ ਦੇ ਮੁਕਾਬਲੇ ਤੇ ਇਹ 'ਸੰਤ ਨਿਰੰਕਾਰੀ ਮੰਡਲ' ਸੋਲ੍ਹਾਂ ਆਨੇ ਇਕ ਵੱਖਰੀ ਨਾਸਤਿਕ ਸੰਪ੍ਰਦਾਇ ਹੈ। ਉਹ ਇਸ ਕਰਕੇ ਕਿ ਇਸ ਮੰਡਲ ਦੇ ਅਨੁਯਾਈ ਆਪਣੇ ਆਪ ਨੂੰ 'ਨਿਰੰਕਾਰੀ ਸਿੱਖ' ਨਹੀਂ, ਸਗੋਂ 'ਨਿਰੰਕਾਰੀ ਸੰਤ' ਕਹਿ ਕੇ ਅਸਲ ਨਿਰੰਕਾਰੀ ਲਹਿਰ ਨਾਲੋਂ ਵਖਰਿਆਉਂਦੇ ਹਨ। ਇਸ ਦੇ ਨਾਲ ਹੀ 'ਨਿਰੰਕਾਰੀ ਸੰਤ ਮੰਡਲ' ਦੇ ਅਕੀਦੇ ਮੁਤਾਬਿਕ ਆਦਿ ਨਿਰੰਕਾਰੀ ਗੁਰੂ ਨਾਨਕ ਨਹੀਂ, ਸਗੋਂ ਬਾਬਾ ਆਦਮ ਤੇ ਅੰਮਾ ਹਵਾ ਸਨ, ਜੋ ਅੱਲਾ ਮੀਆਂ ਦੀ ਹੁਕਮ ਅਦੂਲੀ ਤੇ ਸੈਤਾਨ ਦੇ ਬਹਿਕਾਵੇ ਕਾਰਣ ਬਹਿਸ਼ਤ (ਬੈਕੁੰਠ) ਵਿਚੋਂ ਧਕੇਲ ਕੇ ਇਸ ਧਰਤੀ ਉਤੇ ਸੁੱਟੇ ਗਏ ਸਨ। ਇਸੇ ਲਈ ਇਸ ਸੰਪ੍ਰਦਾਇ ਦੇ ਲੋਕ ਆਪਣੇ ਆਪ ਨੂੰ ਸਿੱਖਾਂ ਵਾਂਗੂ 'ਭਾਈ' ਜਾਂ 'ਸਰਦਾਰ' ਨਹੀਂ. ਸਗੋਂ 'ਸੰਤ' ਅਖਵਾਣ ਵਿਚ ਫ਼ਖ਼ਰ ਸਮਝਦੇ ਹਨ। ਪੁਰਾਤਨ ਗੁਰਸਿੱਖਾਂ ਵਾਂਗੁ 'ਪੈਰੀਂ ਪੈ ਪਾ ਖ਼ਾਕ ਹੋਇ ਗਰਬ ਨਿਵਾਰ ਗਰੀਬੀ ਆਣੀ।' (ਭਾਈ ਗੁਰਦਾਸ, ਵਾਰ ੨੪) ਦੇ ਅਨੁਸਾਰ ਇਕ ਦੂਜੇ ਦੇ ਪੈਰੀਂ ਹੱਥ ਲਾਉਣ ਦੇ ਬਾਵਜੂਦ ਵੀ 'ਨਿਰੰਕਾਰੀ ਸੰਤ' ਗੁਰਸਿੱਖੀ ਤੋਂ ਮੁਨਕਿਰ ਤੇ ਆਪਣਾ ਝੰਡਾ ਸਿੱਖਾਂ ਨਾਲੋਂ ਅਲੱਗ ਰਖਦੇ ਹਨ। ਹੋਰ ਖਾਨ-ਪਾਨ, ਰਹਿਤ ਮਰਯਾਦਾ ਜਾਂ ਧਰਮ-ਅਧਰਮ ਦਾ ਵੀ ਕੋਈ ਬੰਨ੍ਹ-ਬੰਧੇਜ ਨਾ ਹੋਣ ਕਰਕੇ ਇਹ ਲੋਕ ਹਰ ਪੱਖੋਂ ਆਜ਼ਾਦ ਹਨ।

'ਨਿਰੰਕਾਰੀ ਸੰਤ ਮੰਡਲ' ਦਾ ਮੁੱਢ ਪਹਿਲੇ ਪਹਿਲ ਸੰਨ ੧੯੨੯ ਈ: ਵਿਚ ਭਾਈ ਬੂਟਾ ਸਿੰਘ ਨਾਮੀ ਇਕ ਵਿਅਕਤੀ ਨੇ ਬੰਨ੍ਹਿਆ, ਜੋ ਪਹਿਲਾਂ ਨਿਰੰਕਾਰੀ ਦਰਬਾਰ ਰਾਵਲਪਿੰਡੀ ਦਾ ਪੱਕਾ ਸ਼ਰਧਾਲੂ ਤੇ ਫੇਰ ਉਥੋਂ ਕਿਸੇ ਨੁਕਸ ਕਾਰਣ ਕੱਢਿਆ ਜਾਣ ਤੇ ਸ਼ਰਾਬ ਦਾ ਆਦੀ ਬਣ ਗਿਆ ਸੀ। ਇਸੇ ਭਾਈ ਬੂਟਾ ਸਿੰਘ ਨੇ ਫੇਰ ਅੱਗੇ ਜਾ ਕੇ ਬਾਬਾ ਅਵਤਾਰ ਸਿੰਘ ਨੂੰ, ਜੋ ਸੰਨ ੧੯੪੭ ਵਿਚ ਦੇਸ ਦਾ ਵੰਡਵਾਰਾ ਹੋਣ ਤੇ ਦਿੱਲੀ ਪਹੁੰਚ ਕੇ ਇਸ ਨਵੀਂ ਨਿਰੰਕਾਰੀ ਸੰਤ ਸੰਪ੍ਰਦਾਇ ਦੇ ਮੋਢੀ ਬਣੇ, ਆਪਣਾ ਹਮ ਖ਼ਿਆਲ ਸਮਝ ਕੇ ਗੱਦੀ-ਨਸ਼ੀਨ ਥਾਪਿਆ।

ਇਸ ਸੰਪ੍ਰਦਾਇ ਦੇ ਨਵੇਂ ਆਗੂ ਬਾਬਾ ਅਵਤਾਰ ਸਿੰਘ ਜੀ, ਜਿਨ੍ਹਾਂ ਦਾ ਸਮਾਂ ਸੰਨ ੧੮੯੯ ਤੋਂ ਸੰਨ ੧੯੬੯ ਈ:ਤਕ ਹੈ,ਪਹਿਲਾਂ ਪੱਕੇ ਅਕਾਲੀ ਹੋਣ ਕਰਕੇ ਸੰਨ ੧੯੨੩–੨੪ ਵਿਚ ਜੈਤੋ (ਨਾਭੇ) ਦੇ ਮੋਰਚੇ ਸਮੇਂ ਤਿੰਨ ਸਾਲ ਜੇਲ੍ਹ ਵੀ ਭੁਗਤ ਆਏ ਸਨ, ਪਰ ਫੇਰ ਭਾਈ ਬੂਟਾ ਸਿੰਘ ਦੇ ਸਹਿਯੋਗ ਨਾਲ ਇਸ ਪਾਸੇ ਝੁਕਣ ਤੇ 'ਨਿਰੰਕਾਰੀ ਸੰਤ ਮੰਡਲ' ਦੇ ਪ੍ਰਮੁਖ ਆਗੂ ਨਿਯੁਕਤ ਹੋ ਗਏ। ਪਿੱਛੋਂ ਬਾਬਾ ਅਵਤਾਰ ਸਿੰਘ ਨੇ ਸੰਨ ੧੯੬੩ ਈ: ਵਿਚ ਇਹ ਗੱਦੀ ਆਪਣੇ ਪੁਤ੍ਰ ਬਾਬਾ ਗੁਰਬਚਨ ਸਿੰਘ ਨੂੰ ਦੇ ਦਿੱਤੀ, ਜੋ ਹੁਣ ਇਸ 'ਸੰਤ ਮੰਡਲ' ਦੇ ਪ੍ਰਮੁਖ ਸੰਚਾਲਕ ਹਨ। ਮੁਖ ਕੇਂਦ੍ਰ ਇਸ ਮੰਡਲ ਦਾ ਦਿੱਲੀ ਹੈ, ਅਤੇ ਉਸ ਕੇਂਦ੍ਰ ਦੇ

Sri Satguru Jagjit Singh Ji eLibrary NamdhariElibrary@gmail.com

ਅਧੀਨ ਦੇਸ਼–ਵਿਦੇਸ਼ ਵਿਚ ਅਨੇਕ ਥਾਵੀਂ ਇਸ ਮੰਡਲ ਦੀਆਂ ਸ਼ਾਖ਼ਾਂ ਖੁਲ੍ਹੀਆਂ ਹੋਈਆਂ ਹਨ। ਬਸ; ਇਹੋ ਇਸ 'ਸੰਤ ਨਿਰੰਕਾਰੀ ਮਤ' ਦਾ ਸੰਖੇਪ ਹਾਲ ਹੈ।

## ੩. ਭਾਰਤ ਧਰਮ ਮਹਾਂ ਮੰਡਲ

ਨਿਰੰਕਾਰੀਆਂ ਵਾਂਗੂ ਹੀ ਅੱਜ ਤੋਂ ੮੮ ਵਰ੍ਹੇ ਪਹਿਲਾਂ ਆਰਯ ਸਮਾਜ ਦੇ ਟਾਕਰੇ ਉਤੇ ਪੈਦਾ ਹੋਈ ਇਕ ਸਨਾਤਨ ਧਰਮੀ ਲਹਿਰ ਸੀ; 'ਭਾਰਤ ਧਰਮ ਮਹਾਂ ਮੰਡਲ।' ਇਹ ਲਹਿਰ, ਜਿਵੇਂ ਕਿ ਇਸ ਦੀ ਸੰਨ ੧੮੮੯ ਈ: ਦੀ ਹਿੰਦੀ ਰਪੋਰਟ ਪੜ੍ਹਨ ਤੇ ਪਤਾ ਲਗਦਾ ਹੈ,ਪੰਜਾਬ ਦੇ ਕੁਝ ਪਤਿਵੰਤੇ ਹਿੰਦੂ ਸੱਜਨਾਂ ਨੇ, ਜਿਨ੍ਹਾਂ ਵਿਚੋਂ ਪੰਡਿਤ ਦੇਵੀ ਚੰਦ ਸ਼ਰਮਾ ਜਾਲੰਧਰ, ਪੰਡਿਤ ਰਘੁਵਰ ਦਯਾਲ ਕਪੂਰਥਲਾ, ਪੰਡਿਤ ਗਿਰਿਧਾਰੀ ਲਾਲ ਸ਼ਾਸਤ੍ਰੀ ਅਮ੍ਰਿਤਸਰ, ਸਰਦਾਰ ਹਰਬੰਸ ਸਿੰਘ (ਮਿਸ੍ਰ), ਰਈਸ ਸ਼ੇਖ਼ੂਪੁਰਾ; ਲਾਲਾ ਲੱਛਮੀ ਨਾਰਾਇਣ, ਤੁਲਸੀ ਰਾਮ ਵਕੀਲ ਪਟਿਆਲਾ ਆਦਿ ਮਸ਼ਹੂਰ ਸਨ, ਹਿੰਦੂ ਰੀਤਾਂ—ਰਸਮਾਂ ਦੇ ਸੁਧਾਰ ਤੇ ਮੂਰਤੀ ਪੂਜਾ ਦੇ ਮੰਡਨ ਲਈ ਹਰਿਦ੍ਵਾਰ (ਗੰਗਾ) ਦੇ ਸਥਾਨ ਪਰ ਸੰਨ ੧੮੮੭ ਈ: ਵਿਚ ਚਲਾਈ ਸੀ। ਉੱਤਰ ਪ੍ਰਦੇਸ਼, ਦਿੱਲੀ ਰਾਜਸਥਾਨ, ਸਿੰਧ ਤੇ ਪੰਜਾਬ ਵਿਚ ਹਰ ਥਾਵੇਂ ਇਸ ਮਹਾ ਮੰਡਲ ਦੇ ਅਧੀਨ ਹਿੰਦੂ ਸਭਾਵਾਂ ਕਾਇਮ ਹੋਣ ਤੇ ਇਸ ਮੰਡਲ ਦਾ ਸਰਮਾਇਆ ਦੋ ਥਾਵੀਂ ਰੱਖਿਆ ਗਿਆ—(੧) ਪੰਜਾਬ ਵਿਚ ਲਾਲਾ ਹਰਿਭਜ ਰਾਇ ਜਾਲੰਧਰ ਦੀ ਦੁਕਾਨ ਪਰ ਤੇ (੨) ਪੱਛਮ—ਉੱਤਰ ਪ੍ਰਦੇਸ਼ ਵਿਚ ਸੇਠ ਲਛਮਣ ਦਾਸ ਜੀ ਮਥੁਰਾ ਪਾਸ।

ਇਸ ਭਾਰਤ ਧਰਮ ਮਹਾਂ ਮੰਡਲ ਵਲੋਂ ਪ੍ਰਚਾਰ ਦੇ ਪੱਖ ਨੂੰ ਮੁੱਖ ਰੱਖ ਕੇ ਕੁਝ ਪੁਸਤਕਾਂ, ਸਮਾਚਾਰ ਪਤ੍ਰ ਤੇ ਰਸਾਲੇ ਵੀ ਛਪਦੇ ਰਹੇ, ਪਰ ਸਭ ਸੰਸਕ੍ਰਿਤ, ਹਿੰਦੀ ਜਾਂ ਉਰਦੂ ਵਿਚ, ਤੇ ਪੰਜਾਬੀ ਵਿਚ ਉਨ੍ਹਾਂ ਵਿਚੋਂ ਇਕ ਵੀ ਨਾ ਹੋਣ ਕਰਕੇ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਬੋਲੀ ਜਾਂ ਸਾਹਿੱਤ ਨਾਲ ਇਸ ਮੰਡਲ ਦਾ ਕੋਈ ਸੰਬੰਧ ਨਹੀਂ ਸੀ। ਇਸ ਸੰਸਥਾ ਦੀਆਂ ਪ੍ਰਸਿੱਧ ਪੁਸਤਕਾਂ ਸਨ—ਮੂਰਤਿ ਮਾਰਤੰਡ, ਮੂਰਤਿ ਪੂਜਾ ਮੰਡਨ,ਸ੍ਰਾਧ ਮੀਮਾਂਸਾ ਆਦਿ। ਆਰਯ ਸਮਾਜ ਦਾ ਪ੍ਰਚਾਰ ਮੂਰਤਿ ਪੂਜਾ ਤੋਂ ਵਿਰੁੱਧ ਤੇ ਵੈਦਿਕ ਵਿਚਾਰਾਂ ਅਨੁਕੂਲ ਹੋਣ ਕਰਕੇ ਹਿੰਦੂਆਂ ਦਾ ਵਧੇਰੇ ਝੁਕਾਉ ਚੂੰਕਿ ਬਹੁਤਾ ਉਸ ਪਾਸੇ ਵਲ ਸੀ, ਇਸ ਲਈ ਇਹ ਮੰਡਲ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਛੇਤੀ ਹੀ ਪੰਜਾਬੀ ਜਨਤਾ ਦੀਆਂ ਅੱਖਾਂ ਤੋਂ ਉਹਲੇ ਹੋ ਗਿਆ।

## ੪. ਅੰਤਿਮ ਨਿਵੇਦਨ

ਪਾਠਕ ਇਨ੍ਹਾਂ ਦੋਹਾਂ ਮੰਡਲਾਂ ਦੇ ਸੰਖੇਪ ਵੇਰਵੇ ਦਾ ਪੰਜਾਬ ਦੀਆਂ ਸੁਧਾਰਕ ਲਹਿਰਾਂ ਨਾਲ ਮੁਕਾਬਲਾ ਕਰਕੇ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਨ ਕਿ ਇਸ ਪੁਸਤਕ ਵਿਚ ਸੰਨ ੧੮੫੦ ਤੋਂ ੧੯੧੦ ਤਕ ਜੋ ਇਤਿਹਾਸ ਦਿੱਤਾ ਗਿਆ ਹੈ ਉਹ ਖੋਜ ਦੇ ਪੱਖੋਂ

Sri Satguru Jagjit Singh Ji eLibrary NamdhariElibrary@gmail.com

ਆਪਣੀ ਵਿਸ਼ੈ-ਵਸਤੁ ਦੇ ਕਿਤਨਾ ਕੁ ਅਨੁਰੂਪ ਤੇ ਦੇਸ-ਕੌਮ ਲਈ ਕਿਤਨਾ ਕੁ ਅਹਿਮ ਹੈ ।

ਮੈਨੂੰ ਇਸ ਪੁਸਤਕ ਦਾ ਨਵਾਂ ਸੰਸ਼ੋਧਿਤ ਸੰਸਕਰਣ ਤਿਆਰ ਕਰਨ ਬਾਰੇ ਪ੍ਰੋ: (ਡਾ:) ਪਿਆਰ ਸਿੰਘ ਜੀ ਐਮ. ਏ., ਪੀ. ਐਚ. ਡੀ. ਗੁਰੂ ਨਾਨਕ ਯੂਨੀਵਰਸਿਟੀ, ਅਮ੍ਰਿਤਸਰ ਵਲੋਂ ਸਮੇਂ ਸਮੇਂ ਸਿਰ ਕਈ ਨਵੇਂ ਸੁਝਾਉ ਮਿਲਦੇ ਰਹੇ ਹਨ, ਜਿਸ ਕਰਕੇ ਮੈਂ ਇਸ ਸਹਿਯੋਗ ਬਾਰੇ ਉਨ੍ਹਾਂ ਦਾ ਹਾਰਦਿਕ ਕ੍ਰਿਤਗਜ ਹਾਂ । ਇਸ ਦੇ ਨਾਲ ਹੀ ਪ੍ਰੋਫੈਸਰ ਹਰਿਬੰਸ ਸਿੰਘ ਜੀ ਐਮ. ਏ. ਸੰਪਾਦਕ ਸਿੱਖ ਧਰਮ ਵਿਸ਼੍ਵਕੋਸ਼, ਗੁਰੂ ਗੋਬਿੰਦ ਸਿੰਘ ਭਵਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਸ੍ਰੀ ਗੁਰਬਚਨ ਸਿੰਘ ਜੀ 'ਭੁੱਲਰ' ਸੰਪਾਦਕ—'ਸੋਵੀਅਤ ਦਰਪਨ' ਰੂਸੀ ਦੂਤਾਵਾਸ, ਨਵੀਂ ਦਿੱਲੀ ਇਸ ਪੁਸਤਕ ਬਾਰੇ ਕਈ ਪੱਖਾਂ ਤੋਂ ਹੋਰ ਵੀ ਉਤਸਾਹ ਦਿੰਦੇ ਰਹੇ ਹਨ । ਡਾਕਟਰ ਮਾਨ ਸਿੰਘ ਜੀ ਨਿਰੰਕਾਰੀ, ਅਮ੍ਰਿਤਸਰ ਨੇ ਇਨ੍ਹਾਂ ਲਹਿਰਾਂ ਸੰਬੰਧੀ ਕੁਝ ਬਹੁ-ਮੁੱਲੀ ਵਾਕਫ਼ੀਅਤ ਆਪਣੇ ਸੰਗ੍ਰਹ ਵਿਚੋਂ ਦੇਣ ਦੀ ਕ੍ਰਿਪਾ ਕੀਤੀ ਹੈ । ਇਸੇ ਤਰਾਂ ਗਿਆਨੀ ਗੁਰਦਿੱਤ ਸਿੰਘ ਜੀ ਜਨਰਲ ਸਕੱਤਰ, ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ, ਅਮ੍ਰਿਤਸਰ ਨੇ ਸਿੰਘ ਸਭੀਆਂ ਦੇ ਕਈ ਫੋਟੋ—ਬਲਾਕ ਦੇ ਕੇ ਹੋਰ ਵੀ ਸਹਿਯੋਗ ਦਿੱਤਾ ਹੈ, ਜਿਸ ਕਰਕੇ ਲੇਖਕ ਇਨ੍ਹਾਂ ਸੱਜਨਾਂ ਦਾ ਤਹਿ ਦਿਲ ਤੋਂ ਬਹੁਤ ਬਹੁਤ ਧੰਨਵਾਦੀ ਹੈ ।

ਸ੍ਰੀ ਅਮ੍ਰਿਤਸਰ,
੧੫–੩–੧੯੭੪

ਡਾ: ਜਸਵੰਤ ਸਿੰਘ ਨੇਕੀ (signature)

## ਜ਼ਰੂਰੀ ਸੁਧਾਈ

ਸਫ਼ਾ ੧੯ ਪਰ ਸਤਰ ੧੪—੧੫ ਵਿਚ "ਨਿਰੰਕਾਰੀ ਦਰਬਾਰ ਵਿਚ ਅਜੇ ਤਕ ਸੁਰੱਖਿਅਤ ਹੈ ।" ਦੀ ਥਾਂਵੇਂ ਪੜ੍ਹੋ—"ਡਾਕਟਰ ਮਾਨ ਸਿੰਘ ਜੀ ਨਿਰੰਕਾਰੀ, ਅਮ੍ਰਿਤਸਰ ਦੇ ਕੋਲ ਅਜੇ ਤਕ ਸੁਰੱਖਿਅਤ ਹੈ ।"

Sri Satguru Jagjit Singh Ji eLibrary NamdhariElibrary@gmail.com

# ਮੁੱਖ ਸ਼ਬਦ

ਪੰਜਾਬ ਦਾ ਅੰਗਰੇਜ਼ੀ ਰਾਜ ਸਮੇਂ ਦਾ ਲੋਕ–ਇਤਿਹਾਸ ਕੁਝ ਸਮਾਜ ਸੁਧਾਰਕ ਤੇ ਰਾਜਨੀਕ ਲਹਿਰਾਂ ਦੀ ਸ਼ਕਲ ਵਿਚ ਵੰਡਿਆ ਹੋਇਆ ਹੈ । ਉਹ ਲਹਿਰਾਂ ਹਨ: ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਆਰੀਆ ਸਮਾਜ, ਸਿੰਘ ਸਭਾ ਲਹਿਰ, ਅੰਜਮਨਿ ਅਹਿਮਦੀਆ, ਦੇਵ ਸਮਾਜ, ਅਕਾਲੀ ਲਹਿਰ, ਕਿਰਤੀ ਕਿਸਾਨ ਅਥਵਾ ਸਾਮਵਾਦੀ ਲਹਿਰ ਤੇ ਪਜਾਬ ਰਿਆਸਤੀ ਪ੍ਰਜਾ ਮੰਡਲ । ਇਨ੍ਹਾਂ ਤੋਂ ਬਿਨਾ ਦੋ ਹੋਰ ਪ੍ਰਸਿੱਧ ਕ੍ਰਾਂਤੀਕਾਰੀ ਲਹਿਰਾਂ ਵੀ ਇਸੇ ਸਮੇਂ ਦੇਸ ਵਿਚ ਚੱਲੀਆਂ । ਉਨ੍ਹਾਂ ਵਿਚੋਂ ਪਹਿਲੀ ਲਹਿਰ ਸੀ ਸੰਨ ੧੮੫੭ ਦਾ ਰਾਜ–ਪਲਟਾਊ ਅੰਦੋਲਨ, ਜੋ ਭਾਰਤੀ ਇਤਿਹਾਸ ਵਿਚ ਗ਼ਦਰ ਦੇ ਨਾਮ ਨਾਲ ਪ੍ਰਸਿੱਧ ਹੈ । ਦੂਜੀ ਲਹਿਰ ਨੂੰ ਸਰਬ ਹਿੰਦ ਕੌਮੀ ਕਾਂਗਸ ਕਿਹਾ ਜਾਂਦਾ ਹੈ । ਇਹ ਲਹਿਰ ਸੰਨ ੧੮੮੫ ਵਿਚ ਪ੍ਰਾਰੰਭ ਹੋਈ ਸੀ ।

ਉਪਰੋਕਤ ਲਹਿਰਾਂ ਵਿਚੋਂ 'ਪੰਜਾਬ ਦੀਆਂ ਲਹਿਰਾਂ' ਜੋ ਸਿੱਧਾ ਪੰਜਾਬ ਅਥਵਾ ਪੰਜਾਬੀਅਤ ਨਾਲ ਸੰਬੰਧ ਰਖਦੀਆਂ ਹਨ,ਬਹੁਤੀਆਂ ਸਿੱਖਾਂ ਵਿਚ ਹੀ ਚੱਲੀਆਂ। ਇਸ ਦਾ ਇਹੋ ਕਾਰਣ ਹੈ ਕਿ ਸਿੱਖਾਂ ਦਾ ਪੰਜਾਬ ਨਾਲ ਮੁੱਢ ਤੋਂ ਲਹੂ ਤੇ ਮਾਸ ਦਾ ਸੰਬੰਧ ਹੈ । ਇਹ ਪਿਛਲੇ ਚਾਰ ਸੌ ਪੰਝੱਤਰ ਸਾਲਾਂ ਤੋਂ ਪੰਜਾਬੀ ਸਮਾਜ ਦਾ ਇਕ ਅਹਿਮ ਅੰਗ ਬਣੇ ਹੋਏ ਹਨ । ਸਿੱਖਾਂ ਦੇ ਦਸ ਗੁਰੂ ਪੰਜਾਬ ਵਿਚ ਹੀ ਹੋਏ ਤੇ ਪੰਜਾਬ ਵਿਚ ਹੀ ਉਨ੍ਹਾਂਦੇ ਬਹੁਤੇ ਯਾਤ੍ਰਾ-ਸਥਾਨ(ਗੁਰਦਵਾਰੇ) ਹਨ । ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਸਿੱਖਾਂ ਨੇ ੫੯ ਵਰ੍ਹੇ ਲਗਾਤਾਰ ਇਸ ਦੇਸ ਉਤੇ ਹਕੂਮਤ ਕੀਤੀ ਸੀ । ਸੰਨ ੧੮੪੯ ਵਿਚ ਪੰਜਾਬ ਉਤੇ ਅੰਗਰੇਜ਼ੀ ਕਬਜ਼ਾ ਹੋਣ ਨਾਲ ਭਾਵੇਂ ਸਿੱਖ-ਰਾਜ ਖ਼ਤਮ ਹੋ ਗਿਆ ਪਰ ਸਿੱਖਾਂ ਦਾ ਕੌਮੀ ਜਜ਼ਬਾ ਫੇਰ ਵੀ ਜਿਉਂ ਦਾ ਤਿਉਂ ਕਾਇਮ ਰਿਹਾ । ਸਿੱਖ ਚੂੰਕਿ ਸ਼ੁਰੂ ਤੋਂ ਹੀ ਬੜੇ ਅਗਾਂਹ ਵਧੂ, ਬੜੇ ਖੁਲ੍ਹ-ਦਿਲੇ ਤੇ ਜੋਸ਼ੀਲੇ ਸਨ, ਇਸ ਲਈ ਉਹ ਹਰ ਨਵੇਂ ਸੁਧਾਰਕ ਖ਼ਿਆਲ ਨੂੰ ਬੜੇ ਉਤਸਾਹ ਨਾਲ ਅਪਣਾਉਂਦੇ ਰਹੇ । ਜਦ ਵੀ ਕਿਸੇ ਆਗੂ ਨੇ ਕੋਈ ਨਵੀਂ ਲਹਿਰ ਚਲਾਈ, ਸਿੱਖਾਂ ਨੇ ਦਿਲ ਖੋਲ੍ਹ ਕੇ ਉਸ ਦਾ ਸੁਆਗਤ ਕੀਤਾ । ਲੋੜ ਪੈਣ ਤੇ ਵੱਡੀ ਤੋਂ ਵੱਡੀ ਕੁਰਬਾਨੀ ਕਰਨੋਂ ਵੀ ਪਿੱਛੇ ਨਹੀਂ ਹਟੇ, ਜਿਸ ਕਰ ਕੇ ਉਹ ਲਹਿਰ ਸਫਲ ਹੋਈ ।

ਨਿਰੰਕਾਰੀ, ਨਾਮਧਾਰੀ ਆਦਿ ਲਹਿਰਾਂ ਭਾਵੇਂ ਧਾਰਮਿਕ ਖ਼ਿਆਲ ਨੂੰ ਮੁਖ ਰੱਖ ਕੇ ਸ਼ੁਰੂ ਕੀਤੀਆਂ ਗਈਆਂ, ਪਰ ਧਾਰਿਮਕ ਪੱਖ ਪਾਤ, ਜਿਸ ਨੂੰ ਦੂਜੇ ਸ਼ਬਦਾਂ ਵਿਚ ਫ਼ਿਰਕੇਦਾਰੀ ਕਿਹਾ ਜਾਂਦਾ ਹੈ, ਸਿੱਖਾਂ ਵਿਚ ਉੱਕਾ ਹੀ ਨਹੀਂ ਹੈ । ਪੰਜਾਬ ਦੇ ਕਿਰਤੀ ਕਿਸਾਨ ਜਾਤੀ-ਵਿਰੋਧ ਤੋਂ ਬਿਲਕੁਲ ਕੋਰੇ ਹਨ । ਇਸ ਦੇ ਸਬੂਤ ਲਈ ਇਨ੍ਹਾਂ ਹੀ ਲਹਿਰਾਂ ਦੇ ਇਤਿਹਾਸ ਵਿਚੋਂ ਕਈ ਮਿਸਾਲਾਂ ਮਿਲਦੀਆਂ ਹਨ । ਬਹਮੂ ਸਮਾਜ, ਜੋ ਬੰਗਾਲ ਦੀ ਤਹਿਰੀਕ ਸੀ, ਪੰਜਾਬ ਵਿਚ ਉਸ ਨੂੰ 'ਜੀਉ ਆਇਆਂ' ਕਹਿਣ ਵਾਲੇ ਸਭ ਤੋਂ ਪਹਿਲੇ ਸਿੱਖ ਸਰਦਾਰ ਦਿਆਲ ਸਿੰਘ ਜੀ ਮਜੀਠੀਆ ਸਨ । ਏਕਣ ਹੀ ਆਰੀਆ ਸਮਾਜ, ਜੋ ਸੰਨ ੧੮੭੫ ਵਿਚ ਬੰਬਈ ਤੋਂ ਚਲਿਆ, ਪੰਜਾਬ ਵਿਚ ਸਿੱਖਾਂ ਵਲੋਂ ਸੁਆਗਤ ਹੋਣ ਤੇ ਹੀ ਬਹੁਤਾ ਵਧਿਆ ਫੁਲਿਆ ਸੀ, ਨਹੀਂ ਤਾਂ ਏਥੇ ਸ਼ਾਇਦ ਇਸ ਦਾ ਉਹੋ ਹਾਲ ਹੋਣਾ ਸੀ ਜੋ ਬੰਬਈ ਜਾਂ –ਰਾਜ

Sri Satguru Jagjit Singh Ji eLibrary NamdhariElibrary@gmail.com

ਪੂਤਾਨੇ ਵਿਚ ਹੋਇਆ ਸੀ। ਸੁਆਮੀ ਦਯਾਨੰਦ ਦੇ ਉਪਦੇਸ਼ਾਂ ਦਾ ਹਿੰਦੁਸਤਾਨ ਦੇ ਵਸਨੀਕਾਂ ਉੱਤੇ ਸਿਵਾਇ ਸੰਯੁਕਤ ਪ੍ਰਾਂਤ (ਯੂ. ਪੀ.) ਦੇ ਕੋਈ ਖ਼ਾਸ ਪ੍ਰਭਾਵ ਨਹੀਂ ਪਿਆ। ਆਰੀਆ ਸਮਾਜ ਤੋਂ ਉਤਰ ਕੇ ਦੂਜੀ ਲਹਿਰ ਹੈ ਦੇਵ ਸਮਾਜੀਆਂ ਦੀ। ਇਹ ਲਹਿਰ ਵੀ ਬਹੁਤੀ ਸਿੱਖਾਂ ਦੇ ਸਹਿਯੋਗ ਨਾਲ ਹੀ ਵਧਦੀ ਫੁਲਦੀ ਰਹੀ ਹੈ।

ਬ੍ਰਹਮੂ ਸਮਾਜ, ਆਰੀਆ ਸਮਾਜ ਆਦਿ ਲਹਿਰਾਂ ਜੋ ਪੰਜਾਬ ਤੋਂ ਬਾਹਰ ਚੱਲੀਆਂ, ਅਥਵਾ ਅਜਿਹੀਆਂ ਹੋਰ ਲਹਿਰਾਂ ਜੋ ਪੰਜਾਬ ਤੇ ਪੰਜਾਬੀ ਸੱਭਿਆਚਾਰ ਦੀ ਥਾਵੇਂ ਨਿਰਾ ਏਥੋਂ ਦੀ ਦਰਸ਼ਨੀ ਜਾਂ ਰਾਜਨੀਤਕ ਜਾਗ੍ਰਿਤ ਨਾਲ ਹੀ ਸੰਬੰਧ ਰਖਦੀਆਂ ਹਨ, ਇਸ ਪੁਸਤਕ ਵਿਚ ਨਹੀਂ ਦਿੱਤੀਆਂ ਗਈਆਂ। ਏਥੇ ਕੇਵਲ ਉਹੋ ਲਹਿਰਾਂ ਦੇਣ ਦਾ ਜਤਨ ਕੀਤਾ ਹੈ ਜੋ ਪੰਜਾਬ ਦੀਆਂ ਜੰਮ-ਪਲ ਹਨ ਤੇ ਇਥੋਂ ਦੀ ਧਾਰਮਿਕ ਜਾਂ ਸਮਾਜਕ ਜ਼ਿੰਦਗੀ ਨਾਲ ਗਹਿਰਾ ਸੰਬੰਧ ਰਖਦੀਆਂ ਹਨ, ਅਥਵਾ ਜਿਨ੍ਹਾਂ ਲਹਿਰਾਂ ਵਿਚ ਪੰਜਾਬੀਆਂ ਨੇ ਕੋਈ ਖ਼ਾਸ ਹਿੱਸਾ ਲੈ ਕੇ ਉਨ੍ਹਾਂ ਦਾ ਰੁਖ ਕਿਸੇ ਨਿਸ਼ਚਿਤ ਦਿਸ਼ਾ ਵਲ ਘੁਮਾਇਆ ਹੈ। ਇਹ ਲਹਿਰਾਂ ਹਨ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ ਅਤੇ ਇਹੋ ਲਹਿਰਾਂ ਅਸਲ ਅਰਥਾਂ ਵਿਚ ਪੰਜਾਬ ਦੀਆਂ ਪ੍ਰਮੁਖ ਲਹਿਰਾਂ ਹਨ। ਬਾਕੀ ਲਹਿਰਾਂ ਪੰਜਾਬ ਦੀ ਜਾਗ੍ਰਿਤੀ ਨਾਲ ਸੰਬੰਧ ਰਖਦੀਆਂ ਹੋਣ ਕਰ ਕੇ ਇਸੇ ਖੋਜ ਦੀ ਅਗਲੀ ਕਿਸ਼ਤ ਵਿਚ ਦੇਣ ਦਾ ਵਿਚਾਰ ਹੈ।

ਨਿਰੰਕਾਰੀ, ਨਾਮਧਾਰੀ ਆਦਿ ਲਹਿਰਾਂ ਦਾ ਇਤਿਹਾਸ, ਜਿਸ ਨੂੰ ਅਸਲ ਅਰਥਾਂ ਵਿਚ ਇਤਿਹਾਸ ਕਿਹਾ ਜਾ ਸਕੇ, ਮੇਰੀ ਸਮਝ ਵਿਚ ਅਜੇ ਤੋੜੀ ਲਿਖਿਆ ਨਹੀਂ ਗਿਆ। ਕਾਰਣ ਇਸ ਦਾ ਇਹੋ ਹੈ ਕਿ ਜਦ ਇਹ ਲਹਿਰਾਂ ਚੱਲੀਆਂ ਤਾਂ ਕੁਝ ਅਨਗਹਿਲੀ ਦੇ ਕਾਰਣ ਜਾਂ ਇਸ ਪਾਸੇ ਕਿਸੇ ਗੱਲੋਂ ਘੱਟ ਦਿਲਚਸਪੀ ਹੋਣ ਕਰਕੇ ਇਨ੍ਹਾਂ ਦੀਆਂ ਲਿਖਤਾਂ ਨੂੰ ਸੰਭਾਲਣ ਦਾ ਜਤਨ ਨਹੀਂ ਕੀਤਾ ਗਿਆ। ਇਸੇ ਕਰ ਕੇ ਇਨ੍ਹਾਂ ਲਹਿਰਾਂ ਦੇ ਮੁਕੰਮਲ ਹਾਲ ਕਿਸੇ ਇਕ ਲੜੀ ਵਿਚ ਪਿਰੋਏ ਹੋਏ ਨਹੀਂ ਮਿਲਦੇ।

ਸਭ ਤੋਂ ਪਹਿਲਾਂ ਨਿਰੰਕਾਰੀ ਲਹਿਰ ਨੂੰ ਹੀ ਲਓ। ਇਸ ਦਾ ਕੁਝ ਇਤਿਹਾਸ ਅਜੇ ਤਕ ਅਨ੍ਹੇਰੇ ਵਿਚ ਹੀ ਹੈ। ਇਸੇ ਤਰ੍ਹਾਂ ਨਾਮਧਾਰੀ ਲਹਿਰ ਬਾਰੇ ਵੀ ਬੜੀ ਖੋਜ ਦੀ ਲੋੜ ਹੈ। ਨਮੂਨੇ ਵਜੋਂ ਏਥੇ ਦੋ ਉਦਾਹਰਣ ਨਾਮਧਾਰੀ ਇਤਿਹਾਸ ਬਾਰੇ ਦੇਂਦਾ ਹਾਂ। ਨਾਮਧਾਰੀ ਇਤਿਹਾਸਕਾਰ ਸੰਨ ੧੮੬੨ ਵਿਚ ਬਾਬਾ ਰਾਮ ਸਿੰਘ ਜੀ ਦਾ ਦੀਪਮਾਲਾ ਦੇ ਮੌਕੇ ਤੇ ਅੰਮ੍ਰਿਤਸਰ ਜਾਣਾ ਲਿਖਦੇ ਹਨ, ਪਰ ਲਿਖਤੀ ਰਿਪੋਟਾਂ ਤੋਂ ਪਤਾ ਲਗਦਾ ਹੈ ਕਿ ਉਹ ਸੰਨ ੧੮੬੩ ਵਿਚ ਵਿਸਾਖੀ ਦੇ ਮੌਕੇ ਤੇ ਉਥੇ ਗਏ ਸਨ। ਇਸੇ ਤਰ੍ਹਾਂ ਅੰਮ੍ਰਿਤਸਰ ਤੇ ਰਾਇਕੋਟ ਦੇ ਬੁੱਚੜ-ਬੱਧ ਬਾਰੇ ਵੀ ਸੰਨ-ਸੰਮਤ ਕੁਝ ਹੋਰ ਹੀ ਹਨ। ਭਾਈ ਕਾਲ੍ਹਾ ਸਿੰਘ ਦਾ ਕਥਨ ਹੈ ਕਿ ਇਹ ਘਟਨਾਵਾਂ ੧ ਹਾੜ੍ਹ ਤੇ ੧ ਸਾਵਣ ਸੰਮਤ ੧੯੨੭ (ਸੰਨ ੧੮੭੦) ਨੂੰ ਹੋਈਆਂ ਸਨ*, ਪਰ ਸਰਕਾਰੀ ਰਪੋਟਾਂ ਦੇ ਅਨੁਸਾਰ ਇਹ ਦੋਵੇਂ ਘਟਨਾਵਾਂ ਏਦੂੰ ਇਕ ਸਾਲ ਪਿੱਛੋਂ ੧੪-੧੫ ਜੂਨ ਤੇ ੧੫ ਜੁਲਾਈ ਸੰਨ ੧੮੭੧ ਈ: ਦੀਆਂ ਹਨ। ਸੰਤ ਨਿਧਾਨ ਸਿੰਘ ਜੀ 'ਆਲਿਮ' ਜੋ ਨਾਮਧਾਰੀਆਂ ਦੇ ਮੰਨੇ ਪ੍ਰਮੰਨੇ ਖੋਜੀ ਸਨ,ਇਸੇ ਰਾਇ ਦੀ ਪੁਸ਼ਟੀ ਕਰਦੇ ਹਨ†।

---

*ਦੇਖੋ, ਸਿੰਘਾਂ ਨਾਮਧਾਰੀਆਂ ਦਾ ਸ਼ਹੀਦ ਬਿਲਾਸ ਤੇ ਪੰਥ ਪ੍ਰਕਾਸ਼।

†ਦੇਖੋ, ਜੁਗ ਪਲਟਾਊ ਸਤਿਗੁਰੂ, ਸਫ਼ੇ ੧੩੩, ੧੫੩।

Sri Satguru Jagjit Singh Ji eLibrary NamdhariElibrary@gmail.com

ਜੇ ਖੋਜ ਦੀ ਨਿਗਾਹ ਨਾਲ ਦੇਖਿਆ ਜਾਵੇ,ਤਾਂ ਉਨ੍ਹਾਂ ਦਾ ਇਹ ਕਥਨ ਹੈ ਵੀ ਠੀਕ, ਕਿਉਂਕਿ ਸਮਕਾਲੀ ਲੇਖਕ ਸੱਯਦ ਮੁਹੰਮਦ ਹਸਨ* ਅਤੇ ਮਿਸਟਰ ਜੀ. ਆਰ. ਐਲਸਮੀ† ਨੇ ਆਪਣੀਆਂ ਲਿਖਤਾਂ ਵਿਚ ਇਸੇ ਗੱਲ ਦੀ ਤਸਦੀਕ ਕੀਤੀ ਹੈ।

ਨਾਮਧਾਰੀਆਂ ਵਾਂਗੂ ਹੀ ਸਿੰਘ ਸਭਾ ਲਹਿਰ ਦਾ ਇਤਿਹਾਸ ਵੀ ਕਈ ਵਿਰੋਧਾਭਾਸ ਹੋਣ ਤੇ ਉਨ੍ਹਾਂ ਸੰਬੰਧੀ ਸ਼ੰਕਿਆਂ ਦੇ ਪੂਰੇ ਪੂਰੇ ਹੱਲ ਨਾ ਮਿਲਣ ਦੇ ਕਾਰਣ ਕਿਸੇ ਹੱਦ ਤਕ ਅਧੂਰਾ ਹੀ ਹੈ।

ਇਸੇ ਕਮੀ ਨੂੰ ਅਨੁਭਵ ਕਰਕੇ ਸੰਨ ੧੯੪੪ ਵਿਚ ਸਿੱਖ ਨੈਸ਼ਨਲ ਕਾਲਜ ਲਾਹੌਰ ਦੇ ਖੋਜ-ਵਿਭਾਗ ਵਲੋਂ, ਜਦ ਕਿ ਮੈਂ ਉਥੇ ਇਸ ਸੇਵਾ ਉਤੇ ਨਿਯੁਕਤ ਸੀ, ਥਾਉਂ ਥਾਈਂ ਫਿਰ ਕੇ ਅਜਿਹੀਆਂ ਖੋਜ ਸੰਬੰਧੀ ਲਿਖਤਾਂ ਇਕੱਠੀਆਂ ਕੀਤੀਆਂ, ਉਨ੍ਹਾਂ ਨੂੰ ਸਾਂਭਿਆ ਤੇ ਉਨ੍ਹਾਂ ਦੇ ਆਧਾਰ ਤੇ ਸਿੰਘ ਸਭਾ ਲਹਿਰ ਦਾ ਵਿਸਤਾਰ ਸਹਿਤ ਇਤਿਹਾਸ ਲਿਖਿਆ ਸੀ, ਪਰ ਉਹ ਖਰੜਾ ਸੰਨ ੧੯੪੭ ਵਿਚ ਪੰਜਾਬ ਦੇ ਵੰਡਵਾਰੇ ਸਮੇਂ, ਜਦ ਅਜੇ ਉਸ ਦੇ ਛਪਣ ਦੀਆਂ ਤਿਆਰੀਆਂ ਹੋ ਹੀ ਰਹੀਆਂ ਸਨ, ਤਾਂ ਕਾਲਜ ਕਮੇਟੀ ਦੇ ਦਫ਼ਤਰੋਂ ਹੋਰ ਸਾਮਾਨ ਦੇ ਨਾਲ ਹੀ ਨਸ਼ਟ ਹੋ ਗਿਆ। ਉਸ ਦੀ ਰਫ਼ ਕਾਪੀ ਵੀ ਮੇਰੇ ਕੋਲ ਨਾ ਰਹੀ।

ਸੰਨ ੧੯੪੮ ਵਿਚ ਕੁਝ ਸੱਜਨਾਂ-ਮਿਤ੍ਰਾਂ ਦੇ ਕਹਿਣ ਤੇ ਮੈਂ ਮੁੜ ਉਹੋ ਹਾਲ ਫੇਰ ਕਲਮਬੰਦ ਕੀਤੇ। ਪਿੱਛੋਂ ਇਸ ਦੇ ਨਾਲ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ ਤੇ ਸੰਨ ੧੮੫੭ ਦੇ ਗ਼ਦਰ ਦਾ ਹਾਲ, ਜਿਨਾਂ ਕੁ ਸਿੱਖਾਂ ਨਾਲ ਸੰਬੰਧ ਰਖਦਾ ਹੈ, ਲਿਖ ਕੇ ਜੋੜਿਆ। ਇਸ ਤਰ੍ਹਾਂ ਇਹ ਪੰਜਾਬ ਦੀਆਂ ਲਹਿਰਾਂ ਨਾਮੀ ਪੁਸਤਕ, ਜੋ ਪਾਠਕਾਂ ਦੇ ਹੱਥਾਂ ਵਿਚ ਹੈ,ਤਿਆਰ ਹੋ ਗਈ। ਇਹ ਪੁਸਤਕ ਕਿਹੋ ਜਿਹੀ ਹੈ, ਪੂਰੀ ਹੈ ਜਾਂ ਅਧੂਰੀ, ਇਸ ਗਲ ਦਾ ਨਿਰਣਾ ਵਿਦਵਾਨ ਪਾਠਕ ਇਸ ਨੂੰ ਪੜ੍ਹ ਕੇ ਖ਼ੁਦ ਹੀ ਕਰ ਸਕਦੇ ਹਨ।

ਮੈਂ ਇਸ ਪੁਸਤਕ ਨੂੰ ਤਿਆਰ ਕਰਨ ਸਮੇਂ ਬਹੁਤੀ ਮਦਦ ਇਨ੍ਹਾਂ ਲਹਿਰਾਂ ਦੇ ਆਪਣੇ ਤੇ ਸਮਕਾਲੀ ਇਤਿਹਾਸਕ ਸੋਮਿਆਂ ਤੋਂ ਲਈ ਹੈ ਤੇ ਇਸ ਬਾਰੇ ਛਪੀਆਂ–ਅਣਛਪੀਆਂ ਲਿਖਤਾਂ ਨੂੰ ਖ਼ਾਸ ਤੌਰ ਤੇ ਮਾਨਤਾ ਦਿੱਤੀ ਹੈ, ਜਿਵੇਂ— ਨਾਮਧਾਰੀ ਲਹਿਰ ਦੇ ਹਾਲ ਵਿਚ ਮਾਲੇਰ ਕੋਟਲੇ ਦੇ ਸਾਕੇ ਸੰਬੰਧੀ ਸੰਤ ਧਿਆਨ ਸਿੰਘ ਕ੍ਰਿਤ ਸ੍ਰੀ ਸਤਿਗੁਰੂ ਬਿਲਾਸ, ਸਤਿਜੁਗ ਦੇ ਬਸੰਤ ਨੰਬਰ (੧੯੯੦) ਤੇ ਸਰਕਾਰੀ ਰਪੋਟਾਂ ਤੋਂ ਸਹਾਇਤਾ ਲਈ ਹੈ, ਇਸੇ ਤਰ੍ਹਾਂ ਸਿੰਘ ਸਭਾ ਲਹਿਰ ਸੰਬੰਧੀ ਵੀ ਬਹੁਤੀ ਮਦਦ ਉਸ ਦੀਆਂ ਸਲਾਨਾ ਰਪੋਟਾਂ, ਅਖ਼ਬਾਰਾਂ ਜਾਂ ਨਿੱਜੀ ਫ਼ਾਈਲਾਂ ਤੋਂ ਹੀ ਲਈ ਗਈ ਹੈ। ਇਸ ਤਰ੍ਹਾਂ ਖੋਜ ਕਰਕੇ ਮੇਰਾ ਇਰਾਦਾ ਇਸ ਪੁਸਤਕ ਵਿਚ ਇਨ੍ਹਾਂ ਲਹਿਰਾਂ ਦਾ ਸਹੀ ਸਹੀ ਇਤਿਹਾਸ ਦੇਣਾ ਹੈ, ਹੋਰ ਕੋਈ ਅਯੋਗ ਪੱਖ ਸਿੱਧ ਕਰਨਾ ਜਾਂ ਕਿਸੇ ਦੀ ਹੇਠੀ ਦਿਖਾਉਣਾ ਨਹੀਂ। ਕਿਸੇ ਲਹਿਰ ਸੰਬੰਧੀ ਨਿੱਜੀਪਣ ਜਾਂ ਓਪਰੇਪਣ ਦਾ

* ਦੇਖੋ, ਤਾਰੀਖ਼ਿ ਪਟਿਆਲਾ, ਉਰਦੂ, ੧੮੭੮, ਸਫ਼ਾ ੬੫੧।

† ਮਿਸਟਰ ਜੀ. ਆਰ. ਐਲਸਮੀ ਸਨ ੧੮੭੧ ਵਿਚ, ਜਦ ਬੁਚੜ ਬੱਧ ਦੀਆਂ ਦੋਵੇਂ ਘਟਨਾਵਾਂ ਹੋਈਆਂ, ਅੰਮ੍ਰਿਤਸਰ ਅਤੇ ਜਲੰਧਰ ਦਾ ਅਸਿਸਟੈਂਟ ਕਮਿਸ਼ਨਰ ਸੀ। ਅੰਮ੍ਰਿਤਸਰ ਦੇ ਬੁੱਚੜ–ਬੱਧ ਬਾਰੇ ਜੋ ਨਿਹੰਗ ਸਿੰਘ ਫੜੇ ਗਏ ਉਹ ਇਸੇ ਸਾਹਿਬ ਦੀ ਅਦਾਲਤ ਵਿਚ ਪੇਸ਼ ਹੋਏ ਤੇ ਨਿਰਦੋਸ਼ ਜ਼ਾਹਰ ਹੋਣ ਤੇ ਛੱਡੇ ਗਏ ਸਨ। (ਦੇਖੋ, **Thirty Five Years in the Punjab, 1908, P. 157).**

Sri Satguru Jagjit Singh Ji eLibrary NamdhariElibrary@gmail.com

ਵਰਤਾਉ ਨਹੀਂ ਕੀਤਾ ਗਿਆ, ਇਸ ਲਈ ਜਿਥੇ ਵੀ ਕਿਸ ਦਾ ਗੁਣ-ਅਵਗੁਣ ਨਜ਼ਰ ਆਇਆ, ਉਹ ਸਾਫ਼ ਸਾਫ਼ ਲਿਖ ਦਿੱਤਾ ਹੈ। ਇਸ ਜਤਨ ਦੇ ਬਾਵਜੂਦ ਵੀ ਜੇ ਕੋਈ ਕਮੀ ਇਸ ਪੁਸਤਕ ਵਿਚ ਰਹਿ ਗਈ ਹੋਵੇ ਤਾਂ ਆਸ ਹੈ, ਖੋਜ-ਪ੍ਰੇਮੀ ਪਾਠਕ ਉਸ ਸੰਬੰਧੀ ਮੈਨੂੰ ਸੂਚਨਾ ਦੇਣ ਦੀ ਖੇਚਲ ਅਵੱਸ਼ ਕਰਨਗੇ। ਉਹ ਸੋਧ ਜਾਂ ਨਵਾਂ ਵਾਧਾ ਇਸ ਪੁਸਤਕ ਦੇ ਅਗਲੀ ਵੇਰ ਛਪਣ ਵੇਲੇ, ਜੇ ਇਸ ਜੋਗ ਹੋਇਆ ਤਾਂ ਸ਼ਾਮਲ ਕਰ ਦਿੱਤਾ ਜਾਵੇਗਾ।

ਮੈਨੂੰ ਇਸ ਪੁਸਤਕ ਦੇ ਤਿਆਰ ਕਰਨ ਵਿਚ ਪ੍ਰਿੰਸੀਪਲ ਨਿਰੰਜਨ ਸਿੰਘ ਜੀ ਸਿੱਖ ਨੈਸ਼ਨਲ ਕਾਲਜ ਲਾਹੌਰ (ਹੁਣ ਕੈਂਪ ਕਾਲਜ ਦਿੱਲੀ) ਅਤੇ ਪ੍ਰਿੰਸੀਪਲ ਗੁਰਬਚਨ ਸਿੰਘ ਜੀ ਤਾਲਿਬ ਖ਼ਾਲਸਾ ਕਾਲਜ ਜਲੰਧਰ ਤੋਂ ਬੜੀ ਸਹਾਇਤਾ ਮਿਲੀ ਹੈ। ਜੇ ਸੱਚ ਪੁਛੋ ਤਾਂ ਇਨ੍ਹਾਂ ਸੱਜਨਾਂ ਦੇ ਸਹਿਯੋਗ ਨਾਲ ਹੀ ਮੈਂ ਇਸ ਸੰਬੰਧੀ ਬਹੁਤ ਸਾਰੇ ਸਰਕਾਰੀ ਤੇ ਗ਼ੈਰ ਸਰਕਾਰੀ ਕਾਗ਼ਜ਼ਾਤ ਦੇਖਣ ਵਿਚ ਸਮਰੱਥ ਹੋਇਆ ਹਾਂ। ਇਸੇ ਤਰ੍ਹਾਂ ਪ੍ਰਸਿੱਧ ਇਤਿਹਾਸ ਖੋਜੀ ਡਾ: ਗੰਡਾ ਸਿੰਘ ਵੀ ਮੈਨੂੰ ਇਸ ਕੰਮ ਵਿਚ ਬੜੀ ਸਹਾਇਤਾ ਦਿੰਦੇ ਰਹੇ ਹਨ। ਇਸ ਲਈ ਇਨ੍ਹਾਂ ਸੱਜਨਾਂ ਦਾ ਜਿਤਨਾ ਵੀ ਧੰਨਵਾਦ ਕੀਤਾ ਜਾਵੇ, ਥੋੜਾ ਹੈ। ਪ੍ਰੋ: ਪ੍ਰੀਤਮ ਸਿੰਘ ਅਤੇ ਪ੍ਰੋ: ਗੁਰਚਰਨ ਸਿੰਘ ਜੀ ਮਹਿੰਦਰ ਕਾਲਜ ਪਟਿਆਲਾ ਨੇ ਇਸ ਪੁਸਤਕ ਦੇ ਛਪਣ ਵੇਲੇ ਕਈ ਚੰਗੇ ਸੁਝਾਉ ਦਿੱਤੇ ਹਨ। ਭਾਈ ਸਾਹਿਬ ਭਗਵੰਤ ਸਿੰਘ ਜੀ ਨਾਭਾ ਨੇ ਸਿੰਘ ਸਭਾ ਲਹਿਰ ਤੇ ਖ਼ਾਲਸਾ ਕਾਲਜ ਸੰਬੰਧੀ ਕੁਝ ਨਿੱਜੀ ਫ਼ਾਇਲਾਂ ਤੋਂ ਸਹਾਇਤਾ ਦਿੱਤੀ ਹੈ, ਸੰਤ ਗੁਰਮੁਖ ਸਿੰਘ ਜੀ ਡੇਰਾ ਬਾਬਾ ਜੱਸਾ ਸਿੰਘ ਦੇ ਜਤਨ ਨਾਲ ਮੈਨੂੰ ਗਿਆਨੀ ਗਿਆਨ ਸਿੰਘ ਤੇ ਸ: ਗੁਰਬਖਸ਼ ਸਿੰਘ 'ਕੇਸਰੀ' ਤੋਂ ਗਿਆਨੀ ਦਿੱਤ ਸਿੰਘ ਦੀਆਂ ਤਸਵੀਰਾਂ ਮਿਲੀਆਂ ਹਨ। ਸ: ਮੋਹਨ ਸਿੰਘ ਜੀ ਪਟਿਆਲਾ ਬੈਂਕ ਵਾਲਿਆਂ ਨੇ, ਜੋ ਹੁਣ ਸਰਵਿਸ ਤੋਂ ਰੀਟਾਇਰ ਹੋ ਚੁਕੇ ਹਨ, ਕੰਵਰ ਬਿਕ੍ਰਮ ਸਿੰਘ ਕਪੂਰਥਲਾ ਦੀ ਤਸਵੀਰ ਮੰਗਵਾ ਦੇਣ ਦੀ ਖੇਚਲ ਕੀਤੀ ਹੈ। ਏਕਣ ਹੀ ਸ: ਤ੍ਰਿਲੋਕ ਸਿੰਘ ਚਿਤ੍ਰਕਾਰ ਨੇ ਇਸ ਪੁਸਤਕ ਲਈ ਮੈਨੂੰ ਆਪਣੇ ਕੁਝ ਕਲਮੀ ਸ਼ਾਹਕਾਰ ਦਿੱਤੇ ਹਨ ਇਸ ਲਈ ਇਨ੍ਹਾਂ ਸੱਜਨਾਂ ਦਾ ਹੋਰ ਵੀ ਧੰਨਵਾਦੀ ਹਾਂ।

ਪਟਿਆਲਾ
ਮਾਰਚ, ੧੯੫੪

— ਸ਼ਮਸ਼ੇਰ ਸਿੰਘ 'ਅਸ਼ੋਕ'

Sri Satguru Jagjit Singh Ji eLibrary NamdhariElibrary@gmail.com

# ਨਿਰੰਕਾਰੀ ਲਹਿਰ

## ੧.

## ਧਾਰਮਿਕ ਪਿਛੋਕੜ

ਨਿਰੰਕਾਰੀ ਲਹਿਰ ਸਿੱਖਾਂ ਵਿਚ ਸਭ ਤੋਂ ਪਹਿਲੀ ਧਾਰਮਿਕ ਸੁਧਾਰ ਦੀ ਇਨਕਲਾਬੀ ਲਹਿਰ ਸੀ, ਜੋ ਸੰਨ ੧੮੫੦ ਤੋਂ ਸੰਨ ੧੮੭੦ ਤਕ ਪੂਰੇ ਜ਼ੋਰ ਸ਼ੋਰ ਨਾਲ ਚਲਦੀ ਰਹੀ।

**ਮੁੱਢ**

ਇਹ ਲਹਿਰ, ਜਿਥੋਂ ਤਕ ਇਸ ਦੇ ਮੁੱਢ ਦਾ ਸੰਬੰਧ ਹੈ, ਸ੍ਰੀ ਗੁਰੂ ਨਾਨਕ ਨਿਰੰਕਾਰੀ ਦੇ ਨਾਮ ਤੇ ਚਲਾਈ ਗਈ ਸੀ। ਇਸ ਲਹਿਰ ਦੇ ਚਲਾਏ ਜਾਣ ਦਾ ਅਸਲ ਕਾਰਣ ਕੀ ਸੀ, ਇਹ ਜਾਣਨ ਲਈ ਸਾਨੂੰ ਸਿੱਖਾਂ ਦੇ ਪਹਿਲੇ ਤੇ ਪੁਰਾਣੇ ਇਤਿਹਾਸ ਵਲ ਝਾਤੀ ਮਾਰਨੀ ਜ਼ਰੂਰੀ ਹੈ। ਸੋ ਇਸ ਲਈ ਏਥੇ ਪਹਿਲਾਂ ਇਸ ਵਿਸ਼ੇ ਤੇ ਕੁਝ ਰੌਸ਼ਨੀ ਪਾਈ ਜਾਂਦੀ ਹੈ।

ਸਿੱਖ ਪੰਥ ਦੇ ਪਹਿਲੇ ਮੋਢੀ ਅਥਵਾ ਮੂਲ ਪਰਵਰਤਕ ਸ੍ਰੀ ਗੁਰੂ ਨਾਨਕ ਦੇਵ ਜੀ ਸਨ, ਜੋ ਸੰਮਤ ੧੫੨੬ ਬਿਕ੍ਰਮੀ ਤੋਂ ੧੫੯੬ ਤਕ ਗੁਰਗੱਦੀ ਪਰ ਵਿਰਾਜਮਾਨ ਹੋ ਕੇ ਦੁਨੀਆਂ ਦਾ ਉਧਾਰ ਕਰਦੇ ਰਹੇ। ਗੁਰੂ ਸਾਹਿਬ ਨੇ ਜ਼ਿੰਦਗੀ ਦੇ ਇਨ੍ਹਾਂ ੭੦ ਕੁ ਵਰ੍ਹਿਆਂ ਵਿਚ ਤਿੱਬਤ, ਭੂਟਾਨ, ਨੇਪਾਲ, ਬ੍ਰਹਮਾ, ਚੀਨ, ਚੀਨੀ ਤੁਰਕਿਸਤਾਨ, ਅਫ਼ਗਾਨਿਸਤਾਨ, ਬਲੋਚਿਸਤਾਨ, ਈਰਾਨ, ਰੂਸ, ਅਰਬ, ਇਰਾਕ ਆਦਿ ਦੇਸਾਂ ਦਾ ਚਕ੍ਰ ਲਗਾਇਆ ਤੇ ਹਿੰਦੁਸਤਾਨ ਦੇ ਤਾਂ ਖ਼ਾਸ ਕਰਕੇ ਚੱਪੇ ਚੱਪੇ ਦੀ ਸੈਰ ਕੀਤੀ। ਧਰਮ ਪ੍ਰਚਾਰ ਦੇ ਇਸ ਲੰਮੇ ਤੇ ਕਰੜੇ ਤਜਰਬੇ ਨਾਲ ਗੁਰੂ ਜੀ ਨੇ ਸਿਖ-ਪੰਥ ਦੀ ਨੀਂਹ ਰੱਖੀ*।

**ਗੁਰੂ ਨਾਨਕ ਤੇ ਸਿੱਖ-ਪੰਥ**

ਹਿੰਦੂ, ਮੁਸਲਮਾਨ ਆਦਿ ਸਾਰੇ ਹੀ ਮਤਾਵਲੰਬੀਆਂ ਨੂੰ, ਜੋ ਉਨ੍ਹਾਂ ਦੀ ਸ਼ਰਨ ਆਏ, ਇਸ ਏਕਤਾ ਦੀ ਲੜੀ ਵਿਚ ਪਰੋਇਆ। ਹਰੇਕ ਸਿੱਖ ਦੇ ਦਿਲ ਵਿਚੋਂ ਗੁਰੂ ਸਾਹਿਬ ਨੇ ਮੜ੍ਹੀਆਂ, ਕਬਰਾਂ ਅੱਗੇ ਮੱਥੇ ਰਗੜਨ ਦੇ ਵਹਿਮ, ਬ੍ਰਤ, ਨੇਮ ਤੇ ਬੁੱਤ-ਪੂਜਾ ਦੇ ਖ਼ਿਆਲ, ਜੰਞੂ-ਟਿੱਕੇ ਦੀ ਕਾਣ, ਹੱਜ ਤੇ ਤੀਰਥ-ਯਾਤ੍ਰਾ ਬਾਰੇ ਪੁੰਨ-ਪਾਪ ਦੇ ਭੁਲੇਖੇ, ਜੋ ਕਰਮ ਕਾਂਡੀ ਲੋਕਾਂ ਦੇ

---

*ਮਾਰਿਆ ਸਿਕਾ ਜਗਤ ਵਿਚ, ਨਾਨਕ ਨਿਰਮਲ ਪੰਥ ਚਲਾਇਆ।

(ਭਾਈ ਗੁਰਦਾਸ, ਵਾਰ ਪਹਿਲੀ)

Sri Satguru Jagjit Singh Ji eLibrary NamdhariElibrary@gmail.com

ਪਾਏ ਹੋਏ ਸਨ,ਜਤਨ ਕਰਕੇ ਦੂਰ ਕੀਤੇ ਤੇ ਅਗੇ ਲਈ ਅਜਿਹਾ ਸਮਤਾ ਦਾ ਗਿਆਨ-ਮਾਰਗ ਕਾਇਮ ਕਰ ਦਿੱਤਾ ਜਿਸ ਵਿਚ 'ਘਾਲ ਖਾਇ ਕਿਛੁ ਹਥਹੁ ਦੇਇ' ਦੇ ਅਸੂਲ ਉਤੇ ਚੱਲਣ ਕਰਕੇ ਮਨੁੱਖਤਾ ਦਾ ਮਾਣ ਪੂਰੀ ਤਰ੍ਹਾਂ ਰੱਖਿਆ ਜਾਂਦਾ ਸੀ ਅਤੇ ਗ਼ਰੀਬ–ਅਮੀਰ ਤੇ ਕਿਰਤੀ–ਕਿਸਾਨ ਸਭ ਇਕ ਬਰਾਬਰ ਸਨ ।

ਇਸ ਤੋਂ ਪਿੱਛੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਿਰੋਮਣੀ ਭਗਤਾਂ ਸਮੇਤ ਸਾਰੇ ਸਿੱਖ ਗੁਰੂਆਂ ਦੀ ਬਾਣੀ 'ਇਕੱਤ੍ਰ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨ੍ਹੀ। ਥਾਉਂ ਥਾਈਂ ਦੂਰ ਨੇੜੇ ਪ੍ਰਚਾਰਕ ਭੇਜੇ ਤੇ ਗੁਰਮਤ ਦੇ ਪ੍ਰਚਾਰ ਲਈ ਅੰਮ੍ਰਿਤਸਰ ਆਬਾਦ ਕਰਕੇ ਸਿੱਖਾਂ ਦਾ ਸ਼ਿਰੋਮਣੀ ਕੇਂਦ੍ਰ ਥਾਪਿਆ । ਸਿੱਖ–ਪੰਥ ਨੂੰ ਸਥਾਈ ਰੂਪ ਦੇਣ ਲਈ ਗੁਰੂ ਸਾਹਿਬ ਦਾ ਇਹ ਠੋਸ ਪ੍ਰਯਤਨ ਸੀ । ਇਸੇ ਅਪਰਾਧ ਦੇ ਕਾਰਣ ਸ਼ਾਂਤਿ –ਪੁੰਜ ਸਤਿਗੁਰੂ ਜੀ ਮੁਗ਼ਲ ਹਕੂਮਤ ਦੀਆਂ ਅੱਖਾਂ ਵਿਚ ਰੜਕੇ ਤੇ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਲਾਹੌਰ ਦੇ ਕਿਲੇ ਦੇ ਕੋਲ ਰਾਵੀ ਦੇ ਕੰਢੇ ਅਸਹਿ ਕਸ਼ਟ ਦੇ ਕੇ ਮਿਤੀ ੨ ਹਾੜ੍ਹ (ਜੇਠ ਸੁਦੀ ੪) ਸੰਮਤ ੧੬੬੩ ਬਿ: ਨੂੰ ਸ਼ਹੀਦ ਕੀਤੇ ਗਏ* ।

ਸ੍ਰੀ ਗੁਰੂ ਹਰਿਗੋਬਿਦ ਜੀ ਛੇਵੇਂ ਪਾਤਸ਼ਾਹ ਨੇ, ਜੋ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਕਲੌਤੇ ਸੁਪੁਤ੍ਰ ਸਨ, ਬਾਦਸ਼ਾਹ ਜਹਾਂਗੀਰ ਦੇ ਇਸ ਜ਼ੁਲਮ ਨੂੰ ਬੜੇ ਦੁੱਖ ਨਾਲ ਅਨੁਭਵ ਕੀਤਾ ਤੇ ਆਪਣੇ ਸਿੱਖਾਂ ਨੂੰ ਇਸ ਜਬਰ ਦੇ ਮੁਕਾਬਲੇ ਤੇ ਡਟਣ ਲਈ ਜੁੱਧ–ਵੀਰ ਬਣਾਇਆ, ਅੰਮ੍ਰਿਤਸਰ ਸੰਮਤ ੧੬੬੫ ਬਿ: ਵਿਚ ਅਕਾਲ ਤਖ਼ਤ ਦੀ ਸਥਾਪਨਾ ਕੀਤੀ, ਸਿੱਖ–ਫ਼ੌਜਾਂ ਭਰਤੀ ਕੀਤੀਆਂ ਤੇ ਬਾਦਸ਼ਾਹੀ ਫ਼ੌਜਾਂ ਨਾਲ ਕੋਈ ਇਕ ਅੱਧੀ ਨਹੀਂ, ਪੂਰੀਆਂ ਚਾਰ ਲੜਾਈਆਂ ਬੜੀ ਮਰਦਾਨਗੀ ਨਾਲ ਸੰਮਤ ੧੬੮੫ ਤੋਂ ੧੬੯੧ ਬਿ: ਤਕ ਲੜੀਆਂ ਤੇ ਸਾਫ਼ ਜ਼ਾਹਰ ਕਰ ਦਿੱਤਾ ਕਿ ਗੁਰੂ ਦੇ ਸਿੱਖ ਜਬਰ ਤੇ ਤਸ਼ੱਦਦ ਅੱਗੇ ਕਦੇ ਝੁਕਿਆ ਨਹੀਂ ਕਰਦੇ ।

**ਸਿੱਖਾਂ ਵਿਚ ਵੀਰਤਾ ਦਾ ਆਰੰਭ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਜੋ ਸਿੱਖਾਂ ਦੇ ਆਖ਼ਰੀ ਗੁਰੂ ਹੋਏ ਹਨ, ਇਸੇ ਜੁਧ-ਵੀਰਤਾ ਨੂੰ ਅਪਣਾਇਆ ਤੇ ਸਿੱਖੀ ਵਿਚ ਨਵਾਂ ਇਨਕਲਾਬ ਲਿਆਂਦਾ । ਇਹ ਇਨਕਲਾਬ ੧ ਵਿਸਾਖ ਸੰਮਤ ੧੭੫੬ ਬਿ: ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਖ਼ਾਲਸਾ–ਪੰਥ ਦੀ ਰਚਨਾ ਕਰਨ ਦਾ ਸੀ । ਗੁਰੂ ਸਾਹਿਬ ਨੇ ਸਿੱਖ-ਪੰਥ ਨੂੰ ਖ਼ਾਲਸਾ ਜਾਂ ਸਿੰਘ-ਪੰਥ ਦੇ ਰੂਪ ਵਿਚ ਕਿਵੇਂ ਪਲਟਿਆ, ਇਸ ਬਾਰੇ ਸ੍ਰੀ ਗੁਰ ਸੋਭਾ ਗ੍ਰੰਥ ਦਾ ਲੇਖਕ ਕਵਿ ਸੈਨਾਪਤੀ, ਜੋ ਗੁਰੂ ਸਾਹਿਬ ਦਾ ਦਰਬਾਰੀ ਕਵੀ ਤੇ ਉਸ ਸਮੇਂ ਦਾ ਅੱਖੀਂ ਦੇਖਣ ਵਾਲਾ ਗਵਾਹ ਸੀ, ਕੁਝ ਹਾਲ ਇਸਤਰਾਂ ਲਿਖਦਾ ਹੈ:–

**ਖ਼ਾਲਸਾ-ਪੰਥ ਦੀ ਰਚਨਾ**

ਚੇਤ ਮਾਸ ਬੀਤਯੋ ਸਕਲ, ਮੇਲਾ ਭਯੋ ਅਪਾਰ ।
ਬੈਸਾਖੀ ਕੇ ਦਿਵਸ ਮੈ, ਸਤਿਗੁਰ ਕਿਯੋ ਵਿਚਾਰ ॥੧੧੮॥
ਗੋਬਿੰਦ ਸਿੰਘ ਕਰੀ ਖੁਸ਼ੀ, ਸੰਗਤਿ ਭਈ ਨਿਹਾਲ ।

*ਦੇਖੋ, ਬਾਦਸ਼ਾਹ ਜਹਾਂਗੀਰ ਦੀ ਸ੍ਵ–ਜੀਵਨੀ (ਤੁਜ਼ਕਿ ਜਹਾਂਗੀਰੀ) ਸਫ਼ਾ ੩੫ ।

Sri Satguru Jagjit Singh Ji eLibrary NamdhariElibrary@gmail.com

ਕਿਯੋ ਪ੍ਰਗਟ ਤਬ ਖ਼ਾਲਸਾ, ਚੂਕਯੋ ਸਰਬ ਜੰਜਾਲ ॥੧੨੦॥
ਸਬ ਸਮੂਹ ਸੰਗਤਿ ਮਿਲੀ, ਸਤਿਲੁਦ੍ਰ ਕੇ ਤੀਰ ।
ਕੇਤਕ ਸੁਨ ਭਏ ਖ਼ਾਲਸਾ, ਕੇਤਕ ਭਏ ਅਧੀਰ ॥੧੨੧॥

ਤੇ ਇਸਦੇ ਨਾਲ ਹੀ ਕਵੀ ਸੈਨਾਪਤਿ ਇਹ ਵੀ ਦਸਦਾ ਹੈ ਕਿ ਖ਼ਾਲਸਾ-ਪੰਥ ਗੁਰੂ ਜੀ ਨੇ ਸਾਰੇ ਮਜ਼ਹਬਾਂ ਤੇ ਫ਼ਿਰਕੇ ਬੰਦੀਆਂ ਤੋਂ ਨਿਆਰਾ ਰੱਖ ਕੇ ਸਾਜਿਆ ਸੀ । ਖ਼ਾਲਸਾ-ਪੰਥ ਸਾਜਣ ਸਮੇਂ ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਮਨੁੱਖੀ ਏਕਤਾ ਤੇ ਕੌਮੀ ਭਵਿੱਖ ਦੀ ਉਸਾਰੀ ਦਾ ਇਕ ਮਨੋਹਰ ਨਕਸ਼ਾ,ਜਿਸ ਵਿਚ ਕਿਸੇ ਤੰਗ ਦਿਲੀ ਨੂੰ ਰੱਤੀ ਭਰ ਵੀ ਥਾ ਨਹੀਂ ਸੀ, ਸਾਮ੍ਹਣੇ ਸੀ ਤੇ ਉਸ ਦੇ ਨਾਲ ਸੀ ਇਕ ਆਦਰਸ਼ਵਾਦੀ ਭਾਈਚਾਰਕ ਸੁਧਾਰ ਦੀ ਲਾਲਸਾ । ਗੁਰੂ ਜੀ ਨੇ ਇਸ ਉੱਦੇਸ਼ ਦੀ ਪੂਰਤੀ ਲਈ ਰਹਿਤਨਾਮੇ, ਜਿਨ੍ਹਾਂ ਵਿਚ ਗੁਰਸਿੱਖਾਂ ਦੀਆਂ ਸਭ ਤਰ੍ਹਾਂ ਦੀਆਂ ਰਹਿਤਾਂ-ਬਹਿਤਾਂ ਦਾ ਵਰਣਨ ਹੈ, ਕਲਮ ਬੰਦ ਕਰਵਾਏ ਤੇ ਖ਼ਾਲਸਾ ਪੰਥ ਵਿਚ ਪ੍ਰਚਾਰੇ ।

**ਸਿੰਘਾਂ ਦੀ ਰਹਿਤ-ਬਹਿਤ**

ਹਰੇਕ ਸਿੱਖ ਨੂੰ ਪਜ ਕੱਕੇ (ਕੰਘਾ, ਕੱਛ, ਕੜਾ, ਕ੍ਰਿਪਾਨ ਅਤੇ ਕੇਸਾਂ ਦੀ ਰਹਿਤ) ਰੱਖਣ ਦੇ ਨਾਲ ਹੀ ਪੰਜ ਬਜ੍ਰ ਕੁਰਹਿਤਾਂ ਕੁੱਠਾ, ਹੁੱਕਾ, ਪਰ ਇਸਤ੍ਰੀ ਗਾਮਤਾ, ਕੇਸਾਂ ਦੀ ਬੇ-ਅਦਬੀ ਤੇ ਬੇ-ਅੰਮ੍ਰਿਤੀਏ ਦਾ ਜੂਠਾ ਖਾਣ-ਪੀਣ ਤੋਂ ਬਚਣ ਦੀ ਹਿਦਾਇਤ ਕੀਤੀ ਅਤੇ ਸਾਂਝਾ ਉਪਦੇਸ਼ ਦਿੱਤਾ :—

(੧) ਵਾਹਗੁਰੂ ਬਿਨ ਕਹੇ ਜੁ ਪਾਵੈ ।
ਵੇਸ਼ਜਾ ਦ੍ਵਾਰੇ ਸਿੱਖ ਜੁ ਜਾਵੈ ।
ਪਰ ਇਸਤ੍ਰੀ ਸਿਉ ਨੇਹੁ ਲਗਾਵੈ ।
ਗੋਬਿਦ ਸਿੰਘ ਵਹ ਸਿੱਖ ਨ ਭਾਵੈ ।
(੨) ਖ਼ਾਲਸਾ ਸੋਂ ਜੋ ਨਿਰਧਨ ਕੋ ਪਾਲੈ ।
ਖ਼ਾਲਸਾ ਸੋਇ ਦੁਸ਼ਟ ਕਉ ਗਾਲੈ ।
(ਤਨਖ਼ਾਹ ਨਾਮਾ, ਨੰਦ ਲਾਲ)
(੩) ਪ੍ਰਥਮ ਰਹਿਤ ਯਹਿ ਜਾਨ,ਖੰਡੇ ਕੀ ਪਾਹੁਲ ਛਕੇ ।
ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ ।
(੪) ਕਛ, ਕ੍ਰਿਪਾਨ ਨ ਕਬਹੂੰ ਤਜਾਗੈ ।
ਸਨਮੁਖ ਲਰੈ, ਨ ਰਣ ਤੇ ਭਾਗੈ ।
(੫) ਚੋਰੀ ਡਾਕੇ ਕਬਹੂੰ ਨ ਜਾਵੈ ।
(੬) ਮੁਸਲੀ ਡੂਮਨਿ ਦੂਤੀ ਚੇਲੀ ।
ਵਿਭਚਾਰਨਿ ਜੋ ਫਿਰੇ ਇਕੇਲੀ ।
ਅਵਰ ਜੁ ਆਨ ਵਰਣ ਕੀ ਨਾਰਿ ।
ਇਨ ਸੇ ਸਿੰਘ ਨ ਕਰੈ ਪਿਆਰ ।
ਪਿਆਰ ਕਰੈ ਹੋਵੈ ਕੁਲ ਹਾਨੀ ।
ਤਾਂ ਤੇ ਇਨ ਕੋ ਤਜੈ ਗਿਆਨੀ ।

Sri Satguru Jagjit Singh Ji eLibrary NamdhariElibrary@gmail.com

(੭) ਕੁੱਠਾ ਹੁੱਕਾ ਚਰਸ ਤਮਾਕੂ ।
ਗਾਂਜਾ ਟੋਪੀ ਤਾੜੀ ਖਾਕੂ ।
ਇਨ ਕੀ ਓਰ ਨ ਕਬਹੂੰ ਦੇਖੈ ।
ਰਹਿਤਵੰਤ ਸੋ ਸਿੰਘ ਵਿਸੇਖੈ ।

(੮) ਪਰ ਨਾਰੀ ਜੂਆ ਅਸੱਤ, ਚੋਰੀ ਮਦਿਰਾ ਜਾਨ
ਪਾਂਚ ਐਬ ਯੇ ਜਗਤ ਮੇ, ਤਜੈ ਸੁ ਸਿੰਘ ਸੁਜਾਨ ।

(੯) ਵੱਢੀ ਲੇਕਰ ਨਿਆਇ ਨ ਕਰੀਏ ।
ਝੂਠੀ ਸਾਖਾ ਕਬਹੂੰ ਨ ਭਰੀਏ ।

(ਰਹਿਤ ਨਾਮਾ, ਦੇਸਾ ਸਿੰਘ)

(੧੦) ਗੁਰੂ ਕਾ ਸਿੱਖ ਸ਼ਰਾਬ ਕਭੀ ਨਾ ਪੀਵੇ, ਕੰਨਿਆ ਨ ਮਾਰੇ, ਕੂੜੀ ਮਾਰ ਨਾਲ ਨਾ ਵਰਤੇ, ਕੰਨਿਆ ਕਾ ਪੈਸਾ ਨਾ ਖਾਇ ।

(੧੧) ਗੁਰੂ ਕਾ ਸਿੱਖ ਜੰਞੂ ਟਿੱਕੇ ਦੀ ਕਾਣ ਨਾ ਕਰੇ, ਭੱਦਣ ਨਾ ਕਰਾਵੇ । ਧਰਮਸਾਲੀਆ ਔਰ ਮਸੰਦ ਨਾ ਬਣੇ, ਚੋਰੀ ਜਾਰੀ ਨਾ ਕਰੇ, ਜੂਆ ਨਾ ਖੇਡੇ ।

(੧੨) ਗੁਰੂ ਕਾ ਸਿੱਖ ਗੋਰ, ਮੜ੍ਹੀ, ਸਤੀ, ਮਸੀਤ, ਮੁੱਲਾਂ, ਕਾਜੀ ਨੂੰ ਨਾ ਮੰਨੇ ।

(੧੩) ਖ਼ਾਲਸਾ ਹਿੰਦੂ-ਮੁਸਲਮਾਨ ਸੇ ਨਿਆਰਾ ਰਹੇ ।

(੧੪) ਸਿੱਖ ਕਲਫ਼ ਨਾ ਲਗਾਵੇ ..............।
ਜੋ ਸਿੱਖ ਚਿਟੇ ਕੇਸ ਚੁਗੇ ਸੋ ਤਨਖਾਹੀਆ ।

(੧੫) ਸਿੱਖਾਂ ਦਾ ਮਾਮਲਾ ਸਿੱਖਾਂ ਵਿੱਚ ਨਿੱਬੜੇ, ਜੋ ਸਿੱਖਾਂ ਦੇ ਬਿਨਾਂ ਕਹੇ ਹਾਕਮ ਦੇ ਜਾਵੇ ਸੋ ਤਨਖਾਹੀਆ ।

(ਰਹਿਤ ਨਾਮਾ, ਭਾਈ ਚੌਪਾ ਸਿੰਘ)

(੧੬) ਗੁਰੂ ਕਾ ਸਿੱਖ ਮਠ, ਬੁਤ, ਤੀਰਥ, ਦੇਵੀ—ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ ਜੰਤ੍ਰ , ਪੀਰ ਬਾਹਮਣ, ਪੁੱਛਣਾ, ਸੱਖਣਾ ਤਰਪਨ, ਗਾਇਤ੍ਰੀ ਕਿਤੇ ਵਲ ਚਿਤ ਦੇਵੈ ਨਾਹੀਂ ।

(੧੭) ਨਾਕ ਕਾਨ ਨਾ ਛੇਦੇ, ਅਖੰਡ ਰਹੇ ।

(੧੮) ਆਨੰਦ ਬਿਨਾ ਵਿਆਹ ਨਾ ਕਰੇ ।

(੧੯) ਘੋੜੇ ਔਰ ਸ਼ਸਤ੍ਰ ਕੀ ਸਾਰ ਰਖ ।

(੨੦) ਜੋ ਸ਼ਰਾਧ ਵਿਆਹ ਬ੍ਰਾਹਮਣ ਸੇ ਕਰਵਾਵੇ, ਗੁਰੂ ਕੀ ਰੀਤਿ ਨਾ ਕਰ ਸੋ ਤਨਖਾਹੀਆ ।

(ਰਹਿਤ ਨਾਮਾ, ਭਾਈ ਦਯਾ ਸਿੰਘ)

ਸਿੱਖ ਜਦ ਤਕ ਸ੍ਰੀ ਦਸਮੇਸ਼ ਜੀ ਦੀ ਆਗਿਆ ਅਨੁਸਾਰ ਇਨ੍ਹਾਂ ਅਸੂਲਾਂ ਉਤੇ ਚਲਦੇ ਰਹੇ ਤਦ ਤਕ ਗੁਰੂ ਖ਼ਾਲਸੇ ਦੀ ਚੜ੍ਹਦੀ ਕਲਾ ਰਹੀ । ਇਸ ਦ੍ਰਿੜ੍ਹਤਾ ਤੇ ਸਿਦਕ ਦਿਲੀ ਦਾ ਹੀ ਸਦਕਾ ਸੀ ਕਿ ਸਿੱਖਾਂ ਨੇ ਔਰੰਗਜ਼ੇਬ, ਫ਼ੁੱਰੁੱਖਸੀਅਰ, ਮੁਹੰਮਦ ਸ਼ਾਹ, ਨਾਦਰ ਸ਼ਾਹ

ਅਹਿਮਦ ਸ਼ਾਹ ਦੁੱਰਾਨੀ ਆਦਿ ਜਰਵਾਣਿਆਂ ਦਾ ਟਾਕਰਾ ਕਰਦੇ ਹੋਇਆਂ ਥੋੜੇ ਸਮੇਂ ਵਿੱਚ ਹੀ ਬਲਵਾਨ ਮੁਗਲੇਈ ਹਕੂਮਤ ਦੀਆਂ ਜੜਾਂ ਹਿਲਾ ਦਿੱਤੀਆਂ ਤੇ ਪੰਜਾਬ ਵਿੱਚ ਸਿੱਖ—ਰਾਜ ਦਾ ਮੁੱਢ ਬੰਨ੍ਹ ਦਿੱਤਾ। ਕਾਜ਼ੀ ਨੂਰ ਮੁਹੰਮਦ, ਜੋ ਅਹਿਮਦ ਸ਼ਾਹ ਦੁੱਰਾਨੀ ਦਾ ਕਰਮਚਾਰੀ ਤੇ ਖ਼ਾਲਸੇ ਦਾ ਜਾਨੀ ਦੁਸ਼ਮਨ ਸੀ, ਆਪਣੇ ਜੰਗ ਨਾਮੇ ਵਿਚ ਸਿੱਖਾਂ ਦੇ ਰਣ—ਕੌਸ਼ਲ ਤੇ ਆਚਰਣ ਦੀ ਉਪਮਾ ਕਰਦਾ ਹੋਇਆ ਲਿਖਦਾ ਹੈ :—

"ਜੇ ਤੂੰ ਜੰਗ ਦਾ ਹੁਨਰ ਸਿੱਖਣਾ ਚਾਹੇਂ ਤਾਂ, ਐ ਤਲਵਾਰ ਦੇ ਧਨੀ ! ਇਨ੍ਹਾਂ ਸਿੱਖਾਂ ਤੋਂ ਸਿੱਖ। ਮਰਦਾਂ ਦੀ ਤਰਾਂ ਜੰਗ ਵਿਚ ਦੁਸ਼ਮਨ ਦੇ ਸਾਮ੍ਹਣੇ ਹੋਣਾ ਤੇ ਫੇਰ ਉਥੋਂ ਸਹੀ ਸਲਾਮਤ ਨਿਕਲ ਜਾਣਾ ਇਨ੍ਹਾਂ ਸਿੱਖਾਂ ਦਾ ਹੀ ਕੰਮ ਹੈ। ਇਹ ਲੜਾਈ ਦੇ ਮੌਕੇ ਤੇ ਸ਼ੇਰ ਨਾਲੋਂ ਵੱਧ ਬਹਾਦੁਰ ਤੇ ਅਮਨ ਵਿਚ ਹਾਤਮ ਨਾਲੋਂ ਵੱਧ ਸਖੀ ਹਨ। ਜਦ ਇਹ ਹੱਥ ਵਿਚ ਹਿੰਦੀ ਤਲਵਾਰ ਫੜਦੇ ਹਨ ਤਾਂ ਹਿੰਦੁਸਤਾਨ ਤੋਂ ਲੈਕੇ ਸਿੰਧ ਤਕ ਦੇ ਇਲਾਕੇ ਵਿਚੋਂ ਦੀ ਫਿਰ ਨਿਕਲਦੇ ਹਨ । ਚਾਹੇ ਕੋਈ ਕਿਤਨਾ ਵੀ ਜ਼ੋਰ—ਅਜ਼ਮਾਈ ਕਰਨ ਵਾਲਾ ਕਿਉਂ ਨਾ ਹੋਵੇ, ਮੈਦਾਨਿ ਜੰਗ ਵਿਚ ਇਨਾਂ ਦੇ ਸਾਮ੍ਹਣੇ ਠਹਿਰ ਨਹੀਂ ਸਕਦਾ। ਜਦ ਇਹ ਨੇਜ਼ਾਬਾਜ਼ੀ ਕਰਦੇ ਹਨ ਤਾਂ ਦੁਸ਼ਮਨ ਦੀ ਫ਼ੌਜ ਨੂੰ ਸ਼ਿਕਸਤ ਦਿੰਦੇ ਹਨ। ਆਪਣੇ ਨੇਜ਼ੇ ਦਾ ਸਿਰ ਇਹ ਅਸਮਾਨ ਤੇ ਲੈ ਜਾਂਦੇ ਹਨ, ਅੱਗੇ ਉਸ ਸਮੇਂ ਜੇ ਕੋਹਕਾਫ਼ ਵੀ ਹੋਵੇ ਤਾਂ ਉਹ ਵੀ ਇਨ੍ਹਾਂ ਸਾਮ੍ਹਣੇ ਚੂਰ ਚੂਰ ਹੋ ਜਾਂਦਾ ਹੈ। ਜਦ ਇਹ ਚਾਚ* ਦੀ ਬਣੀ ਹੋਈ ਕਮਾਣ ਵਿਚ ਤੀਰ ਰੱਖ ਕੇ ਤੇ ਕੰਨਾਂ ਤਕ ਖਿੱਚ ਕੇ ਉਸ ਦਾ ਚਿੱਲਾ ਚਾੜ੍ਹਦੇ ਹਨ ਤਾਂ ਦੁਸ਼ਮਨ ਦਾ ਸਿਰ ਕੱਟਿਆ ਜਾਣ ਤੇ ਇਕ ਮੀਲ ਪਰੇ ( ਦੂਰ ) ਜਾ ਡਿਗਦਾ ਹੈ। ਦੁਸ਼ਮਨ ਦੇ ਜ਼ਿਰਹ ਬਕਤਰ ਉਤੇ ਜੇ ਇਹ ਆਪਣਾ ਕੁਹਾੜਾ ( ਸਫ਼ਾ ਜੰਗ ) ਚਲਾ ਦੇਣ ਤਾਂ ਉਸ ਦੇ ਸਰੀਰ ਉਤੇ ਹੀ ਸੰਜੋਹ ਦੇ ਟੁਕੜੇ ਹੋ ਜਾਂਦੇ ਹਨ। ਹਰੇਕ ਸਿੱਖ ਦਾ ਸਰੀਰ ਪਹਾੜ ਦੇ ਇਕ ਟੁਕੜੇ ਦੀ ਤਰ੍ਹਾਂ ਹੈ, ਜੋ ਇੱਕਲਾ ਪੰਜਾਹ ਦੁਸ਼ਮਨਾਂ ਨਾਲ ਟਾਕਰਾ ਕਰਦਾ ਹੈ। ਜੇ ਤੈਨੂੰ ਮੇਰੇ ਕਹਿਣ ਤੇ ਯਕੀਨ ਨਾ ਆਵੇ ਤਾਂ ਉਨ੍ਹਾਂ ਲੋਕਾਂ ਤੋਂ ਪੁੱਛ ਜਿਨ੍ਹਾਂ ਕਦੇ ਇਨ੍ਹਾਂ ਦੇ ਨਾਲ ਟਾਕਰਾ ਕਰਦਿਆਂ ਤਲਵਾਰ ਚਲਾਈ ਹੋਵੇ।

ਇਹ (ਸਿੱਖ) ਜੰਗ ਵਿਚ ਡਰਪੋਕ ਨੂੰ ਨਹੀਂ ਮਾਰਦੇ ਤੇ ਨਾਹੀਂ ਮੈਦਾਨ ਛੱਡ ਕੇ ਜਾ ਰਹੇ ਦੁਸ਼ਮਨ ਦਾ ਰਾਹ ਰੋਕਦੇ ਹਨ। ਕੋਈ ਔਰਤ ਚਾਹੇ ਉਹ ਰਾਣੀ ਹੋਵੇ ਜਾਂ ਗੋਲੀ, ਇਹ ਉਸ ਦਾ ਜ਼ਰ—ਜ਼ੇਵਰ ਨਹੀ ਲੁਟਦੇ। ਵਿਭਚਾਰ ਤੇ ਚੋਰੀ ਦੋਵੇਂ ਔਗਣ ਇਨ੍ਹਾਂ ਵਿਚ ਨਹੀਂ ਹਨ* ।"

ਇਸੇ ਤਰ੍ਹਾਂ ਸੱਯਦ ਗੁਲਾਮ ਅਲੀ ਖ਼ਾਨ ਦਾ ਕਥਨ ਹੈ ਕਿ—'ਦੱਰਾਨੀਆਂ ਤੋਂ ਪਿੱਛੋਂ ਕੋਈ ਫ਼ੌਜ ਸਿੱਖਾਂ ਦੇ ਮੁਕਾਬਲੇ ਦੀ ਨਹੀਂ ਹੈ । ਅਜਿਹੇ ਸ਼ੇਰਾਂ ਵਰਗੇ ਜਵਾਨ, ਜੋ ਜੇ ਕਿਪਚਾਕੀ ( ਤੁਰਕੀ ) ਘੋੜੇ ਨੂੰ ਲੱਤ ਮਾਰ ਦੇਣ ਤਾਂ ਯਕੀਨ ਹੈ ਕਿ ਉਸੇ ਵੇਲੇ ਮਰ ਜਾਵੇ, ਇਸ ਫ਼ਿਰਕਾ (ਸਿੱਖਾਂ) ਵਿਚ ਸ਼ਾਮਲ ਹਨ। ਇਨ੍ਹਾਂ ਦੀ ਬੰਦੂਕ ਨੌਂ ਸੌ ਕਦਮ ਤੋਂ ਦੁਸ਼ਮਨ ਦੀ ਖ਼ਬਰ ਲੈ ਲੈਂਦੀ ਹੈ ਤੇ ਇਹ ਦੋ ਸੌ ਕੋਹ ਘੋੜੇ ਦੀ ਪਿੱਠ ਉਤੇ ਹੀ ਚੜ੍ਹੇ ਚਲੇ ਜਾਂਦੇ ਹਨ ।

*ਪ੍ਰੋ: ਗੰਡਾ ਸਿੰਘ, ਜੰਗ ਨਾਮਾ ਕਾਜ਼ੀ ਨੂਰ ਮੁਹੰਮਦ (ਫ਼ਾਰਸੀ), ਸਫ਼ੇ ੧੫੬—੫੭।

Sri Satguru Jagjit Singh Ji eLibrary NamdhariElibrary@gmail.com

ਜੇ ਅਜ਼ਿਹੀ ਗੱਲ ਨਾ ਹੁੰਦੀ ਤਾਂ ਇਹ ਦੁੱਰਾਨੀਆਂ ਦੀ ਫ਼ੌਜ ਨਾਲ ਕਿਵੇਂ ਟੱਕਰ ਲੈ ਸਕਦੇ ਸਨ। ਆਖ਼ਰ ਦੁੱਰਾਨੀਆਂ ਦੀ ਫ਼ੌਜ ਨੇ ਵੀ ਤਾਂ ਸਿੱਖਾਂ ਦੀ ਤਲਵਾਰ ਨੂੰ ਮੰਨਿਆਂ ਹੈ*।"

ਬਾਰਾਂ ਮਿਸਲਾਂ ਤੋਂ ਪਿੱਛੋਂ ਜਦ ਪੰਜਾਬ ਸਿੱਖ-ਸਾਮ੍ਰਾਜ ਦੀ ਸ਼ਕਲ ਵਿਚ ਬਦਲਿਆ ਤਾਂ ਸਿੱਖ ਇਸ ਆਤਮਕ ਬਲ ਵਿਚ ਕੁਝ ਹੀਣੇ ਹੋ ਗਏ, ਪਰ ਬਾਹਰਲੀ ਅਕਾਲੀ ਧਾਰਨਾ ਉਹੋ ਹੀ ਰਹੀ,ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਚ ਸੀ। ਸਿੱਖ-ਰਾਜ ਨਾਲ ਸੰਬੰਧਿਤ ਹੋਣ ਵਾਲੇ ਬਹੁਤੇ ਲੋਕ ਕਿਸੇ ਦਬਾਉ ਹੇਠ ਨਹੀਂ, ਸਗੋਂ ਆਪਣੇ ਆਪ ਸਿੰਘ ਸਜਣ ਲੱਗੇ ਤੇ ਉਨ੍ਹਾਂ ਨੂੰ ਬਾਕਾਇਦਾ ਅੰਮ੍ਰਿਤ ਛਕਾਇਆ ਜਾਣ ਲੱਗ ਪਿਆ। ਕਾਫ਼ੀ ਗਿਣਤੀ ਵਿਚ ਦੇਸੀ ਤੇ ਖ਼ਾਸ ਕਰਕੇ ਵਿਦੇਸੀ (ਯੂਰਪੀਅਨ) ਅਫ਼ਸਰ ਅਜਿਹੇ ਵੀ ਸਨ ਜਿਨ੍ਹਾਂ ਦੇ ਧਾਰਮਿਕ ਅਕੀਦੇ ਤਾਂ ਹੋਰ ਸਨ, ਤੇ ਉਨ੍ਹਾਂ ਨੂੰ ਆਪੋ ਆਪਣੇ ਅਕੀਦਿਆਂ ਉਤੇ ਚਲਣ ਦੀ ਖੁਲ੍ਹ ਸੀ, ਪਰ ਉਨ੍ਹਾਂ ਲਈ ਦਰਬਾਰ ਲਾਹੌਰ ਦੀ ਮੁਲਾਜ਼ਮਤ ਕਬੂਲ ਕਰਨ ਸਮੇਂ ਕੁਝ ਸ਼ਰਤਾਂ ਅਜਿਹੀਆਂ ਸਨ ਜਿਨ੍ਹਾਂ ਦਾ ਪਾਲਣ ਕਰਨਾ ਉਨ੍ਹਾਂ ਲਈ ਜ਼ਰੂਰੀ ਸੀ। ਉਹ ਸ਼ਰਤਾਂ ਸਨ ਕਿ ਉਹ ਖ਼ਾਲਸੇ ਦੇ ਅਸੂਲਾਂ ਤੋਂ ਵਿਰੁੱਧ ਕੋਈ ਕੰਮ ਨਹੀਂ ਕਰਨਗੇ, ਤੰਬਾਕੂ ਨਹੀਂ ਪੀਣਗੇ, ਦਾੜ੍ਹੀ (ਕੇਸ) ਰੱਖਣਗੇ, ਗਊ ਦਾ ਮਾਸ ਨਹੀਂ ਖਾਣਗੇ, ਤੇ ਹਿੰਦੁਸਤਾਨੀ ਔਰਤਾਂ ਨਾਲ ਸ਼ਾਦੀ ਕਰਾਉਣਗੇ।

## ਮਹਾਰਾਜਾ ਰਣਜੀਤ ਸਿੰਘ ਅਤੇ ਗੁਰਮਤ

ਇਨ੍ਹਾਂ ਸ਼ਰਤਾਂ ਨੂੰ ਮੰਨ ਕੇ ਜਨਰਲ ਅਲਾਰਡ, ਵੈਨਤੂਰਾ, ਐਵੀਟੇਬਿਲ ਆਦਿ ਯੋਰਪੀਅਨ ਅਫ਼ਸਰਾਂ ਨੇ, ਜੋ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੁਲਾਜ਼ਮਤ ਵਿਚ ਆਏ, ਦਾੜ੍ਹੀਆਂ ਤੇ ਕੇਸ ਰੱਖ ਲਏ ਸਨ, ਤੇ ਦੇਖਣ ਵਾਲਿਆਂ ਨੂੰ ਉਹ ਪੱਕੇ ਸਿੱਖ ਜਾਪਦੇ ਸਨ। ਉਨ੍ਹਾਂ ਤੋਂ ਇਲਾਵਾ ਦਰਬਾਰ ਲਾਹੌਰ ਦੇ ਹੋਰ ਸਰਦਾਰ-ਫ਼ਕੀਰ ਅਜ਼ੀਜ਼ੁੱਦੀਨ, ਨੂਰੁੱਦੀਨ, ਦੀਵਾਨ ਦੀਨਾ ਨਾਥ, ਹਾਕਮ ਰਾਇ, ਅਜੁੱਧਜਾ ਪ੍ਰਸਾਦ ਆਦਿ ਸਭ ਦਾੜ੍ਹੀਆਂ ਰਖਦੇ ਸਨ। ਦੀਵਾਨ ਰਤਨ ਚੰਦ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸੋਹਣੀ ਦਾੜ੍ਹੀ ਦੇ ਕਾਰਣ ਹੀ 'ਦਾੜ੍ਹੀ ਵਾਲਾ' ਦਾ ਖ਼ਿਤਾਬ ਦਿੱਤਾ ਸੀ। ਸਿੰਘਾਂ ਤੇ ਹਿੰਦੂਆਂ ਦੇ ਦਿਲ ਵਿਚ ਉਸ ਸਮੇਂ ਕੇਸਾਂ ਦੀ ਏਨੀ ਇੱਜ਼ਤ ਸੀ ਕਿ ਉਹ ਦਾੜ੍ਹੀਆਂ ਵਾਹ-ਸਵਾਰ ਕੇ ਖੁਲ੍ਹੀਆਂ ਰਖਦੇ ਸਨ। ਕੋਈ ਆਦਮੀ ਦਾੜ੍ਹੀ ਚੜ੍ਹਾਉਂਦਾ ਜਾਂ ਗੁੱਛੀਆਂ ਕਰਕੇ ਇਸ ਨੂੰ ਉੱਪਰ ਨਹੀਂ ਸੀ ਟੁੰਗਦਾ। ਸੁਫ਼ੈਦ ਦਾੜ੍ਹੀ ਜਾਂ ਕੇਸਾਂ ਨੂੰ ਕਲਫ਼ ਲਾਉਣੀ ਉਹ ਧਾਰਮਿਕ ਤੌਰ ਤੇ ਗੁਨਾਹ ਸਮਝਦੇ ਸਨ। ਕੇਵਲ ਮੁਸਲਮਾਨ ਹੀ ਸਨ ਜੋ ਪਰੰਪਰਾ ਤੋਂ ਇਸ ਅਸੂਲ ਦੇ ਪਾਬੰਦ ਨਹੀਂ ਸਨ। ਉਹ ਆਪਣੀਆਂ ਦਾੜ੍ਹੀਆਂ ਮਹਿੰਦੀ ਜਾਂ ਖ਼ਿਜ਼ਾਬ ਲਾ ਕੇ ਰੰਗਦੇ ਸਨ†।

ਸਿੱਖ-ਅਸੂਲਾਂ ਦਾ ਯੂਰਪੀਅਨ ਲੋਕਾਂ ਨੂੰ ਕਿਤਨਾ ਅਹਿਸਾਸ ਸੀ, ਇਹ ਇਸ ਗੱਲ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਸਤਲੁਜੋਂ ਉਰਾਰ ਦੇ ਸਿੱਖ ਰਈਸ ਅਥਵਾ ਸਰਦਾਰ ਜਦ

*ਦੇਖੋ, ਇਮਾਦੁਲ ਸਆਦਤ (ਫ਼ਾਰਸੀ), ਨਵਲ ਕਿਸ਼ੋਰ ਪ੍ਰੈਸ, ਲਖਨਊ, ਸਫ਼ਾ ੭੧।
†Dr. Honigberger; Thirty Five years in the East, P.167.

Sri Satguru Jagjit Singh Ji eLibrary NamdhariElibrary@gmail.com

ਮਲਵਈ ਸਿੱਖਾਂ ਦਾ ਪ੍ਰਭਾਵ

ਕਪਤਾਨ 'ਮਰੇ' ਨੂੰ ਮਿਲਣ ਵਾਸਤੇ ਅੰਬਾਲੇ ਜਾਇਆ ਕਰਦੇ ਸਨ ਤਾਂ ਉਹ ਉਨ੍ਹਾਂ ਦੇ ਸਾਮ੍ਹਣੇ ਤੰਬਾਕੂ ਜਾਂ ਸਿਗਰਟ ਨਹੀਂ ਸੀ ਪੀਂਦਾ* ਤੇ ਸਿੱਖਾਂ ਦੇ ਮੁੱਖ ਆਗੂ ਸਮਝ ਕੇ ਉਨ੍ਹਾਂ ਦਾ ਬੜਾ ਸਤਿਕਾਰ ਕਰਦਾ ਸੀ।

ਇਹ ਸੀ ਉਸ ਸਮੇਂ ਦੇ ਸਿੱਖਾਂ ਦੀ ਰਹਿਤ-ਬਹਿਤ ਤੇ ਸੁੱਚ-ਸੰਜਮ ਦੀ ਝਲਕ। ਇਸ ਤੋਂ ਪਿੱਛੋਂ ਸਿੱਖ-ਰਾਜ ਗਿਰਾਵਟ ਵਲ ਜਾਣ ਤ ਜਦ ਸਿੱਖ ਕੁਝ ਨੀਚੇ ਡਿਗੇ ਤੇ ਸਰਕਾਰ ਅੰਗਰੇਜ਼ੀ ਦਾ ਹੱਥ ਉਨਾਂ ਤੋਂ ਉੱਪਰ ਹੋਇਆ ਤਾਂ ਸਿੱਖਾਂ ਦੀ ਇਹ ਅਵਸਥਾ ਨਾ ਰਹੀ। ਸਿੱਖ ਉਸੇ ਹੀ ਸਰਕਾਰ ਅੰਗਰੇਜ਼ੀ ਦੁਆਰਾ, ਜੋ ਪਹਿਲਾਂ ਇਨ੍ਹਾਂ ਨੂੰ ਆਪਣੇ ਮਿੱਤ੍ਰ ਸਮਝਦੀ ਸੀ, ਕਈ ਤਰੀਕਿਆਂ ਨਾਲ ਦਬਾਏ ਤੇ ਛਟਿਆਏ ਜਾਣ ਲੱਗ ਪਏ। ਇਸ ਰਾਜਨੀਤਕ ਅਧੋਗਤੀ ਦੇ ਨਾਲ ਹੀ ਸਿੱਖਾਂ ਦੀ ਧਾਰਮਿਕ ਗਿਰਾਵਟ ਵੀ ਵਾਧੇ ਤੇ ਹੋਈ।

ਗਿਰਾਵਟ

'ਖ਼ਾਲਸਾ' ਜਿਵੇਂ ਕਿ ਗੁਰਮਤ ਦਾ ਅਸੂਲ ਹੈ, ਉਸ ਪੁਰਸ਼ ਅਥਵਾ ਇਸਤ੍ਰੀ ਨੂੰ ਕਿਹਾ ਜਾਂਦਾ ਹੈ ਜੋ ਮਨ, ਵਚਨ, ਕਰਮ ਤੋਂ ਨਿਰਮਲ, ਅਰਥਾਤ—ਹਰ ਤਰ੍ਹਾਂ ਦੇ ਮਲ-ਵਿਖੇਪ ਤੋਂ ਰਹਿਤ, ਸਦਾ ਚੜ੍ਹਦੀ ਕਲਾ ਵਲ ਜਾਣ ਵਾਲਾ ਤੇ ਮਨ, ਵਚਨ, ਕਰਮ ਤੋਂ ਪਵਿੱਤ੍ਰ ਹੋਵੇ। ਹਰੇਕ ਖ਼ਾਲਸੇ ਅਥਵਾ ਪੱਕੇ ਗੁਰਸਿੱਖ ਲਈ ਜ਼ਰੂਰੀ ਹੈ ਕਿ ਉਹ ਇਕ ਅਕਾਲ ਪੁਰਖ ਤੋਂ ਛੁੱਟ ਹੋਰ ਕਿਸੇ ਦੇਵੀ-ਦੇਵਤੇ ਜਾਂ ਪੀਰ-ਪੈਗੰਬਰ ਦੀ ਕਾਣ ਨਾ ਮੰਨੇ ਤੇ ਦਸ ਗੁਰੂਆਂ ਤੋਂ ਬਿਨਾਂ ਹੋਰ ਕਿਸੇ ਦੇਹ ਧਾਰੀ ਗੁਰੂ ਅੱਗੇ ਨਾ ਝੁਕੇ। ਸਿੱਖ-ਰਾਜ ਦੇ ਸਰਦਾਰ ਜਾਂ ਮੁਖੀ ਆਗੂ ਇਸ ਅਸੂਲ ਤੇ ਕਾਇਮ ਨਾ ਰਹਿ ਸਕੇ ਤੇ ਛੇਤੀ ਹੀ ਮੂੰਹ-ਮੁਲਾਹਜ਼ਿਆਂ ਵਿਚ ਪੈ ਕੇ ਗੁਰਮਤ ਨੂੰ ਪਿੱਠ ਦੇਣ ਲੱਗ ਪਏ।

ਮਨ ਮਤ ਵਲ ਝੁਕਾਉ

ਖ਼ਾਲਸਾ-ਪੰਥ ਦੇ ਵਧ ਰਹੇ ਰਾਜ-ਭਾਗ ਨੂੰ ਤੱਕ ਕੇ ਕੁਝ ਅਜਿਹੇ ਲੋਕ ਜੋ ਆਪਣੇ ਹੀ ਪੈਰ ਪੁਜਾਉਣ ਦੇ ਚਾਹਵਾਨ ਸਨ, ਏਧਰ ਝੁਕੇ ਅਤੇ ਸਿੱਖਾਂ ਦਾ ਭੇਸ ਧਾਰ ਕੇ ਖ਼ਾਲਸਾ ਪੰਥ ਵਿਚ ਦਾਖ਼ਲ ਹੋ ਗਏ। ਅਜਿਹੇ ਲੋਕਾਂ ਨੇ, ਜੋ ਨਿਰੋਲ ਮਾਨ ਪ੍ਰਤਿਸ਼ਟਾ ਦੇ ਚਾਹਵਾਨ ਸਨ, ਛੇਤੀ ਹੀ ਸਿੱਖ-ਪੰਥ ਦੀ ਅਸਲੀਅਤ ਬਦਲ ਦਿੱਤੀ। ਸਭ ਤੋਂ ਪਹਿਲਾਂ ਉਨ੍ਹਾਂ ਨੇ ਅਕਾਲ ਤਖ਼ਤ ਅਤੇ ਦਰਬਾਰ ਸਾਹਿਬ ਦੀ ਗੁਰਮਤ ਭਿੰਨੀ ਮਰਯਾਦਾ ਨੂੰ ਤੋੜਿਆ। ਫੇਰ ਹੋਰ ਤਖ਼ਤਾਂ ਤੇ ਗੁਰਦੁਆਰਿਆਂ ਦੀ ਰਹੁ-ਰੀਤ ਮਨਮਤ ਦੇ ਸੰਚੇ ਵਿਚ ਢਾਲੀ ਗਈ। ਗੁਰਮਤ ਤੋਂ ਵਿਰੁੱਧ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਦੀ ਪ੍ਰਕਰਮਾ ਵਿਚ ਅਨੇਕਾਂ ਦੇਵੀ-ਦੇਵਤਿਆਂ ਦੇ ਬੁਤ ਰੱਖੇ ਗਏ। ਇਸ ਤਰ੍ਹਾਂ ਇਹ ਮਨਮਤ ਦੇ ਪ੍ਰਚਾਰ ਦਾ ਦੌਰ ਸੰਨ ੧੭੮੦ ਤੋਂ ੧੮੮੦—੮੫ ਤਕ ਚਲਦਾ ਰਿਹਾ। ਇਸ ਦੌਰ ਵਿਚ ਕੁਝ ਰਹਿਤਨਾਮੇ ਨਵੇਂ ਘੜੇ ਗਏ, ਜਿਵੇਂ ਕਿ ਭਾਈ ਭਗਵਾਨ ਸਿੰਘ ਰਹਿਤ ਨਾਮਾ ਏ

ਪੰਥ ਵਿਚ ਮਨ ਮਤ ਦਾ ਪ੍ਰਵੇਸ਼

*H. L. O. Garrett; The Punjab a Hundred Years Ago, P. 9.

ਦੇ 'ਰਹਿਤ ਦਰਪਣ' ਤੋਂ ਪਤਾ ਲਗਦਾ ਹੈ, ਤੇ ਕੁਝ ਪੁਰਾਣੇ ਰਹਿਤਨਾਮੇ ਜਾਣ-ਬੁੱਝ ਕੇ ਵਿਗਾੜੇ ਗਏ। ਇਸ ਤਰਾਂ ਨਵੇਂ ਬਣੇ ਆਗੂਆਂ ਨੇ ਸਿੱਖਾਂ ਨੂੰ ਮੁੜ ਉਸੇ ਮਨਮਤ ਵਿਚ ਲੈ ਜਾ ਦਾਖ਼ਲ ਕੀਤਾ, ਜਿਥੋਂ ਕਿ ਪਹਿਲਾਂ ਦਸ ਗੁਰੂ ਸਾਹਿਬਾਨ ਨੇ ਬੜੀਆਂ ਮੁਸ਼ਕਲਾਂ ਨਾ'ਲ ਇਨ੍ਹਾਂ ਨੂੰ ਕੱਢਿਆ ਸੀ।

ਇਸ ਤੋਂ ਬਿਨਾਂ ਇਸ ਸਮੇਂ ਸਿੱਖਾਂ ਵਿਚ ਜੋ ਸਭ ਤੋਂ ਵੱਡਾ ਪਰਿਵਰਤਨ ਹੋਇਆ, ਉਹ ਇਹ ਸੀ ਕਿ ਦਸ ਗੁਰੂਆਂ ਦੀ ਥਾਵੇਂ ਕੁਝ ਲੋਕ ਆਪਣੇ ਆਪ ਨੂੰ ਗੁਰੂ ਕਹਾਉਣ ਲੱਗ ਪਏ ਸਨ। ਅਜਿਹੀਆਂ ਗੁਰ-ਗੱਦੀਆਂ ਗਿਣਤੀ ਵਿਚ ਪੰਜ ਸਨ:—

**ਨਵੀਆਂ ਗੁਰ-ਗੱਦੀਆਂ**

(੧) ਕਰਤਾਰਪੁਰੀਏ ਸੋਢੀਆਂ ਦੀ ਗੁਰਗੱਦੀ, (੨) ਗੱਦੀ ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲੇ ਦੀ, (੩) ਗੱਦੀ ਸੋਢੀ ਸਾਹਿਬ ਅਨੰਦ ਪੁਰ ਵਾਲਿਆਂ ਦੀ, (੪) ਗੱਦੀ ਸੋਢੀ ਸਾਹਿਬ ਗੁਰੂ ਹਰਿ ਸਹਾਇ (ਫੀਰੋਜ਼ਪੁਰ) ਦੀ ਅਤੇ (੫) ਸਭ ਤੋਂ ਵੱਡੀ ਗੱਦੀ ਬਾਬਾ ਵੀਰ ਸਿੰਘ ਨੌਰੰਗਾਬਾਦੀਏ ਦੀ।

ਆਮ ਤੌਰ ਤੇ ਇਹ ਲੋਕ 'ਬਾਵੇ' ਨਾਂ ਕਰਕੇ ਮਸ਼ਹੂਰ ਸਨ। ਇਨ੍ਹਾਂ ਵਿਚੋਂ ਪਹਿਲੇ ਚੌਹਾਂ ਨੂੰ ਗੁਰ-ਅੰਸੀ ਮੰਨ ਕੇ ਬਹੁਤੇ ਸਿੱਖ ਉਨ੍ਹਾਂ ਅੱਗੇ ਝੁਕਦੇ ਸਨ। ਖ਼ਾਸ ਕਰਕੇ ਸਿੱਖ ਰਈਸ ਜਾਂ ਸਰਦਾਰ ਤਾਂ ਉਨ੍ਹਾਂ ਦੇ ਅਨੰਨ ਸੇਵਕ ਹੀ ਸਨ। ਬਾਵੇ ਲੋਕ ਭਾਵੇਂ

**ਸਿੱਖਾਂ ਦਾ ਪਰਿਵਰਤਨ**

ਸਿੱਖ ਧਰਮ ਦਾ ਬੜਾ ਪ੍ਰਚਾਰ ਕਰਦੇ ਸਨ, ਪਰ ਉਸ ਪ੍ਰਚਾਰ ਦੇ ਨਾਲ ਹੀ ਚੂੰਕਿ ਉਨ੍ਹਾਂ ਵਿਚ ਪੁਰਾਣਿਕ ਖ਼ਿਆਲਾਂ ਦੀ ਬਹੁਲਤਾ ਸੀ ਇਸ ਲਈ ਇਸ਼ ਵਧੀ ਹੋਈ ਸਿੱਖੀ-ਸੇਵਕੀ ਦਾ ਅੰਤਮ ਨਤੀਜਾ ਇਹ ਨਿਕਲਿਆ ਕਿ ਸਿੱਖ ਧੀਰੇ ਧੀਰੇ ਵੱਖੋ ਵੱਖ ਸੰਪ੍ਰਦਾਵਾਂ ਦੇ ਰੂਪ ਵਿਚ ਵਟੀਣ ਲੱਗ ਪਏ। ਅੰਤ ਵਿਚ ਸਿੱਖਾਂ ਦਾ ਉਹੋ ਹਾਲ ਹੋਇਆ ਜੋ ਮਹਾਤਮਾ ਬੁੱਧ ਤੋਂ ਪਿੱਛੋਂ ਬੁੱਧ ਮਤ ਦਾ ਹੀਨਯਾਨ ਤੇ ਮਹਾਯਾਨ ਫ਼ਿਰਕੇ ਬਣਨ ਤੇ ਹੋਇਆ ਸੀ। ਗੁਰੂ ਪੰਥ ਇਸ ਫਿਰਕੇਬੰਦੀ ਤੋਂ ਕਿਸੇ ਤਰ੍ਹਾਂ ਬਚ ਨਾ ਸਕਿਆ।

ਸਿੱਖ-ਰਾਜ ਦੇ ਸਮੇਂ ਵਿਚ, ਜਦ ਕਿ ਅਜਿਹੀ ਆਪੋ-ਧਾਪੀ ਪਈ, ਸਰਕਾਰੀ ਤੌਰ ਤੇ ਕਿਸੇ ਵੀ ਧਰਮ ਦੇ ਵਧਣ ਫੁਲਣ ਜਾਂ ਪ੍ਰਚਾਰ ਆਦਿ ਦੀ ਰੋਕ-ਟੋਕ ਨਹੀਂ ਸੀ। ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਨਿਗਾਹ ਵਿਚ ਹਿੰਦੂ ਤੇ ਮੁਸਲਮਾਨ ਸਭ ਇਕ ਬਰਾਬਰ ਸਨ। ਸਿੱਖ ਇਸ ਸਮੇਂ ਚੂੰਕਿ ਮਨਮਤ ਦੇ ਦਬੇਲ ਹੋ ਚੁਕੇ ਸਨ ਇਸ ਲਈ ਆਤਮਕ ਤੌਰ ਤੇ ਜਿੱਥੇ ਉਹ ਧਰਮ ਤੋਂ ਨੀਚੇ ਡਿੱਗੇ, ਉਥੇ ਉਹ ਕੁਝ ਬਾਹਰੀ ਕਮਜ਼ੋਰੀਆਂ ਦੇ ਕਾਰਣ ਰਾਜਨੀਤਕ ਪੱਧਰ ਤੋਂ ਵੀ ਨੀਵੇਂ ਹੋਣ ਲੱਗ ਪਏ। ਏਨੀ ਕੌਮੀ ਅਣਖ ਉਨ੍ਹਾਂ ਵਿਚ ਨਾ ਰਹੀ ਤੇ ਅਜਿਹੇ ਖ਼ੁਦਗਰਜ਼ ਹੋ ਗਏ ਕਿ ਸਿੱਖ-ਰਾਜ ਦੇ ਪਿਛਲੇ ਸਾਲਾਂ ਵਿਚ

**ਖ਼ੁਦਗ਼ਰਜ਼ੀ**

ਜਿਤਨਾ ਉਨ੍ਹਾਂ ਨੂੰ ਆਪੋ ਆਪਣੀਆਂ ਵਿੱਸਵੇਦਾਰੀਆਂ ਬਚਾਉਣ ਦਾ ਖ਼ਿਆਲ ਸੀ, ਉਤਨੀ ਸਿੱਖ-ਰਾਜ ਦੇ ਬਚਾਉ ਦੀ, ਜਿਥੋਂ ਕਿ ਉਨ੍ਹਾਂ ਦੀਆਂ ਵਿੱਸਵੇਦਾਰੀਆਂ ਜਾਂ ਸਰਦਾਰੀਆਂ ਕਾਇਮ ਹੋਈਆਂ ਸਨ, ਚਿੰਤਾ

Sri Satguru Jagjit Singh Ji eLibrary NamdhariElibrary@gmail.com

ਨਹੀਂ ਸੀ। ਸਿੱਖ ਇਸ ਸਮੇਂ ਧਰਮ ਦੀ ਥਾਵੇਂ ਬਹੁਤਾ ਧੜੇ ਨੂੰ ਪਿਆਰ ਕਰਦੇ ਸਨ, ਇਸ ਲਈ ਧੜੇਬੰਦੀਆਂ ਹੀ ਹੱਥਾਂ ਵਿਚ ਰਹਿ ਗਈਆਂ ਤੇ ਪੰਜਾਬ ਉਤੇ ਡੋਗਰਿਆਂ ਅਤੇ ਅੰਗਰੇਜ਼ਾਂ ਨੇ ਮਿਲ ਕੇ ਕਬਜ਼ਾ ਜਮਾ ਲਿਆ।

ਸੰਨ ੧੮੪੯ ਵਿਚ ਜਦ ਸਿੱਖ-ਰਾਜ ਦਾ ਅੰਤ ਹੋਇਆ ਤਾਂ ਅੰਤਮ ਸਿੱਖ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਦੀ ਉਮਰ ਮਸਾਂ ੧੨—੧੩ ਸਾਲ ਦੀ ਸੀ। ਇਸ ਸਮੇਂ

**ਅੰਗਰੇਜ਼ ਦੀ ਚਾਲ**

ਸਰਕਾਰ ਅੰਗਰੇਜ਼ੀ ਦੇ ਇਸ਼ਾਰੇ ਨਾਲ ਪੰਜਾਬ ਵਿਚ ਈਸਾਈਆਂ ਤੇ ਮੁਸਲਮਾਨਾਂ ਨੇ ਸਿਰ ਚੁੱਕਿਆ। ਅਮ੍ਰਿਤਸਰ, ਤਰਨ ਤਾਰਨ, ਲਾਹੌਰ ਤੇ ਪਿਸ਼ੌਰ ਵਿਚ ਈਸਾਈਆਂ ਵਲੋਂ ਧਰਮ-ਪ੍ਰਚਾਰ ਲਈ ਅੱਡੇ ਬਣਾਏ ਗਏ। ਇਨ੍ਹਾਂ ਅੱਡਿਆਂ ਵਿਚ ਸਿੱਖਾਂ ਤੇ ਪਠਾਣਾਂ ਨੂੰ ਧੜਾ ਧੜ ਈਸਾਈ ਬਣਾਣ ਦੀ ਮੁਹਿੰਮ ਸ਼ੁਰੂ ਹੋਈ। ਕਈ ਸਿੱਖ ਘਰਾਣੇ ਸਿੱਖੀਓਂ ਪਤਿਤ ਹੋਏ ਤੇ ਮਹਾਰਾਜਾ ਦਲੀਪ ਸਿੰਘ ਜੀ ਪ੍ਰੇਰ ਕੇ ਈਸਾਈ ਬਣਾਏ ਗਏ। ਇਕ ਦੋ ਸਿੱਖ ਸਰਦਾਰ ਇਸ ਸਮੇਂ ਮੁਸਲਮਾਨ ਵੀ ਹੋ ਗਏ, ਜਿਨ੍ਹਾਂ ਵਿਚੋਂ ਨਕਈ ਤੇ ਮੋਕਲ ਸਰਦਾਰਾਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ।

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਸੰਨ ੧੭੯੦ ਤੋਂ ਸੰਨ ੧੮੩੯ ਤਕ ਪੂਰੇ ੪੯ ਵਰ੍ਹੇ ਪੰਜਾਬ ਦਾ ਰਾਜ ਕੀਤਾ। ਉਸ ਤੋਂ ਪਿੱਛੋਂ ਉਸ ਦੇ ਖ਼ਾਨਦਾਨ ਨੇ ਸੰਨ ੧੮੩੯ ਤੋਂ ਸੰਨ ੧੮੪੯ ਤਕ ਕੁਲ ੧੦ ਵਰ੍ਹੇ। ਇਸ ੫੯ ਵਰ੍ਹਿਆਂ ਦੇ ਸਮੇਂ ਵਿਚ

**ਨਿਰੰਕਾਰੀ ਲਹਿਰ ਦਾ ਜਨਮ**

ਸਿੱਖ-ਰਾਜ ਦੀ ਸਥਾਪਤੀ ਤੇ ਸਮਾਪਤੀ ਦੋਵੇਂ ਗੱਲਾਂ ਹੋਈਆਂ, ਪਰ ਸਿੱਖ ਧਾਰਮਿਕ ਲਿਹਾਜ਼ ਨਾਲ ਉੱਪਰ ਨਾ ਉਠ ਸਕੇ। ਸਿੱਖ-ਪੰਥ ਇਸ ਸਮੇਂ ਗਿਣਤੀ ਵਿਚ ਵਧਿਆ, ਪਰ ਧਰਮ ਘਟਿਆ। ਇਸ ਘਾਟੇ ਨੂੰ ਪੂਰਾ ਕਰਨ ਲਈ ਬ੍ਰਹਮਗਿਆਨੀ ਬਾਬਾ ਦਿਆਲ ਜੀ ਦੇ ਉੱਦਮ ਨਾਲ, ਜਿਵੇਂ ਕਿ ਅਗਲੇ ਸਫ਼ਿਆਂ ਉਤੇ ਦੱਸਿਆ ਜਾਵੇਗਾ, ਪੰਜਾਬ ਵਿਚ ਇਸ ਸਮੇਂ ਸੁਧਾਰਵਾਦੀ ਨਿਰੰਕਾਰੀ ਲਹਿਰ ਨੇ ਜਨਮ ਲਿਆ। ਇਹ ਨਿਰੰਕਾਰੀ ਲਹਿਰ ਕਿਵੇਂ ਚੱਲੀ, ਇਸ ਦੇ ਧਾਰਮਿਕ ਸੁਧਾਰ ਤੇ ਵਿਚਾਰ, ਹੋਰ ਇਤਿਹਾਸਿਕ ਵੇਰਵਿਆਂ ਸਹਿਤ ਇਸ ਅਗਲੀ ਵਿਚਾਰ ਦੇ ਮੁੱਖ ਵਿਸ਼ੇ ਹਨ।

Sri Satguru Jagjit Singh Ji eLibrary NamdhariElibrary@gmail.com

# ੨.

# ਬਾਬਾ ਦਿਆਲ ਜੀ

(੧੭੮੩–੧੮੫੫)

ਨਿਰੰਕਾਰੀ ਲਹਿਰ ਦੇ ਮੋਢੀ ਬਾਬਾ ਦਿਆਲ ਜੀ ੧੭ ਮਈ, ਸੰਨ ੧੭੮੩ ਈ: ਨੂੰ ਪਿਸ਼ੌਰ ਵਿਚ ਭਾਈ ਰਾਮ ਸਹਾਇ ਮਲਹੋਤ੍ਰੇ ਦੇ ਘਰ ਮਾਤਾ ਲਡਿੱਕੀ ਦੀ ਕੁੱਖੋਂ ਪੈਦਾ ਹੋਏ*। ਆਪ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਤੋਂ ਤਿੰਨ ਸਾਲ ਛੋਟੇ ਸਨ। ਆਪ ਦੇ ਪੜਦਾਦਾ ਭਾਈ ਦੇਵੀ ਸਹਾਇ ਤੇ ਨਾਨਾ ਭਾਈ ਵਿਸਾਖਾ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਨ ਸਿੱਖ ਸਨ। ਉਹ ਕਾਫ਼ੀ ਸਮਾਂ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਸ੍ਰੀ ਆਨੰਦ ਪੁਰ ਰਹੇ ਸਨ। ਗੁਰੂ ਸੰਗਤ ਦੀ ਸੇਵਾ ਕਰਨ ਕਰਕੇ ਗੁਰੂ ਜੀ ਵਲੋਂ ਉਨ੍ਹਾਂ ਨੂੰ ਬੜਾ ਚੰਗਾ ਮਾਣ ਮਿਲਦਾ ਰਿਹਾ ਸੀ। ਅਜਿਹੇ ਭਗਤੀ-ਭਾਵ ਵਾਲੇ ਸਿੱਖ ਪਰਿਵਾਰ ਵਿਚ ਜਨਮ ਲੈਣ ਕਰਕੇ ਬਾਬਾ ਦਿਆਲ ਜੀ ਨੂੰ ਗੁਰਸਿੱਖੀ ਦੀ ਦਾਤ ਵਿਰਸੇ ਵਿਚ ਮਿਲੀ।

**ਜਨਮ**

ਭਾਈ ਰਾਮ ਸਹਾਇ ਤੇ ਮਾਤਾ ਲਡਿੱਕੀ ਜੀ ਅਕਾਲ ਪੁਰਖ ਦੇ ਨਾਮ ਸਿਮਰਨ ਤੇ ਗੁਰਬਾਣੀ ਦੇ ਪਾਠ ਵਿਚ ਬੜੀ ਪੱਕੀ ਸ਼ਰਧਾ ਰਖਦੇ ਸਨ। ਦੋਵੇਂ ਹੀ ਰੋਜ਼ ਸਵੇਰੇ ਨਿੱਤ ਨੇਮ ਨਾਲ ਬਾਬਾ ਜੋਗਾ ਸਿੰਘ ਜੀ ਦੇ ਗੁਰਦੁਆਰੇ ਜਾਂਦੇ ਤੇ ਨਿੱਕੇ ਦਿਆਲ ਜੀ ਨੂੰ ਵੀ ਨਾਲ ਹੀ ਲੈ ਜਾਂਦੇ ਸਨ। ਗੁਰਦੁਆਰੇ ਪਹੁੰਚ ਕੇ ਬੜੀ ਸ਼ਰਧਾ ਨਾਲ ਆਸਾ ਦੀ ਵਾਰ ਦਾ ਕੀਰਤਨ ਸੁਣਨਾ, ਨਾਮ ਜਪਣਾ, ਗੁਰਬਾਣੀ ਦਾ ਪਾਠ ਕਰਨਾ, ਸੰਗਤ ਦੇ ਜੋੜੇ ਝਾੜਨਾ ਅਤੇ ਗੁਰੂ ਕੇ ਲੰਗਰ ਦੇ ਭਾਂਡੇ ਮਾਂਜਣਾ, ਫੇਰ ਹੋਰ ਸੇਵਾ ਤੋਂ ਵਿਹਲੇ ਹੋ ਕੇ ਘਰ ਪਹੁੰਚ ਦੁਕਾਨ ਦਾ ਕਾਰੋਬਾਰ ਕਰਨਾ ਉਨ੍ਹਾਂ ਦਾ ਰੋਜ਼ ਦਾ ਕਰਤੱਬ ਸੀ। ਗੁਰਮੁਖ ਮਾਂ-ਪਿਉ ਦੀ ਇਸ ਸੁਚੱਜੀ ਰਹਿਣੀ-ਬਹਿਣੀ ਦਾ ਦਿਆਲ ਜੀ ਦੇ ਦਿਲ ਉਤੇ ਬੜਾ ਗਹਿਰਾ ਤੇ ਅੱਛਾ ਪ੍ਰਭਾਵ ਪਿਆ।

**ਮਾਤਾ-ਪਿਤਾ**

ਛੇ ਕੁ ਸਾਲ ਦੀ ਉਮਰ ਵਿਚ ਜਦ ਬਾਬਾ ਦਿਆਲ ਜੀ ਪੜ੍ਹਨ ਜੋਗ ਹੋਏ ਤਾਂ ਗੁਰਮੁਖੀ ਦੀ ਪੜ੍ਹਾਈ ਤੇ ਲਿਖਾਈ ਉਨ੍ਹਾਂ ਨੂੰ ਘਰ ਵਿਚ ਹੀ ਆਰੰਭ ਕਰਾ ਦਿੱਤੀ ਗਈ। ਮਾਤਾ ਲਡਿੱਕੀ ਜੀ ਉਨ੍ਹਾਂ ਦੇ ਪਹਿਲੇ ਅਧਿਆਪਕ ਸਨ। ਇਸ ਤੋਂ ਪਿੱਛੋਂ ਉਰਦੂ, ਫ਼ਾਰਸੀ ਅਤੇ ਪਸ਼ਤੋ ਬਾਬਾ ਜੀ ਨੇ ਸਰਕਾਰੀ ਮਕ਼ਤਬ (ਮਦਰੱਸੇ) ਵਿਚੋਂ ਪੜ੍ਹ ਲਈ।

---

*ਗਿਆਨੀ ਖ਼ਜ਼ਾਨ ਸਿੰਘ ਨਿਰਮਲ ਨਿਰੰਕਾਰੀ ਇਤਿਹਾਸ, ੧੯੩੫, ਸਫ਼ਾ ੧੯ ;
ਬਾਬਾ ਸੁਰਿੰਦ੍ਰ ਸਿੰਘ, ਨਿਰੰਕਾਰੀ ਗੁਰਮਤਿ ਪ੍ਰਾਰੰਭਤਾ; ੧੯੫੨, ਸਫ਼ਾ ੮।

Sri Satguru Jagjit Singh Ji eLibrary NamdhariElibrary@gmail.com

**ਬਚਪਨ ਤੇ ਵਿੱਦਿਆ**

ਵਿੱਦਿਆ ਪ੍ਰਾਪਤੀ ਦੇ ਵਸੀਲੇ ਉਸ ਸਮੇਂ ਅੱਜ ਕਲ ਵਾਂਗੂ ਏਨੇ ਵਸੀਹ ਨਹੀਂ ਸਨ,ਇਸ ਲਈ ਬਾਬਾ ਜੀ ਦੀ ਦੁਨਿਆਵੀ ਵਿੱਦਿਆ ਗੁਜ਼ਾਰੇ ਜੋਗੀ ਹੀ ਰਹੀ। ਨਾਲੇ ਸ਼ੁਰੂ ਤੋਂ ਹੀ ਉਨ੍ਹਾਂ ਦੀ ਪ੍ਰਵਿਰਤੀ ਬ੍ਰਹਮ ਗਿਆਨ ਵਲ ਸੀ, ਜਿਸ ਕਰਕੇ ਉਹ ਇਸ ਪਾਸੇ ਬਹੁਤਾ ਧਿਆਨ ਨਾ ਦੇ ਸਕੇ। ੧੬–੧੭ ਵਰ੍ਹਿਆਂ ਦੀ ਉਮਰ ਤਕ ਉਨ੍ਹਾਂ ਨੇ ਗੁਰਬਾਣੀ ਤੇ ਸਿੱਖ-ਇਤਿਹਾਸ ਚੰਗੀ ਤਰ੍ਹਾਂ ਘੋਖ ਲਿਆ। ਆਤਮ ਗਿਆਨ ਤੇ ਅਨੁਭਵ ਉਨ੍ਹਾਂ ਦਾ ਪਹਿਲਾਂ ਹੀ ਦੁਨੀਆਂਦਾਰੀ ਦੇ ਵੱਟ-ਬੰਨ੍ਹੇ ਲੰਘ ਚੁਕਾ ਸੀ ਇਸ ਲਈ ਗੁਰਬਾਣੀ ਦੀ ਬੜੀ ਪ੍ਰਭਾਵਸ਼ਾਲੀ ਕਥਾ ਕਰਨ ਲੱਗ ਪਏ।

**ਮਾਤਾ-ਪਿਤਾ ਦਾ ਵਿਛੋੜਾ**

ਬਾਬਾ ਦਿਆਲ ਜੀ ਅਜੇ ਛੋਟੀ ਉਮਰ ਵਿਚ ਹੀ ਸਨ ਤਾਂ ਪਹਿਲਾਂ ਉਨ੍ਹਾਂ ਦੇ ਪਿਤਾ ਭਾਈ ਰਾਮ ਸਹਾਇ ਜੀ ਤੇ ਫੇਰ ਕੁਝ ਸਮੇਂ ਪਿੱਛੋਂ ਮਾਤਾ ਲਡਿੱਕੀ ਜੀ ਸਦੀਵੀਂ ਵਿਛੋੜਾ ਦੇ ਗਏ। ਹੁਣ ਬਾਬਾ ਜੀ ਜੀਵਨ-ਯੁੱਧ ਵਿਚ ਇਕੱਲੇ ਸਨ, ਹੋਰ ਕੋਈ ਭੈਣ ਭਰਾ ਜਾਂ ਸੰਗੀ-ਸਾਥੀ ਨਹੀਂ ਸੀ ਜੋ ਦੁੱਖ ਵੰਡਾਉਂਦਾ, ਪਰ ਉਹ ਇਸ ਇਕਲਾਪੇ ਵਿਚ ਵੀ ਘਬਰਾਏ ਨਹੀਂ, ਪੂਰਨ ਗੁਰਸਿੱਖਾਂ ਵਾਂਗ ਉਨ੍ਹਾਂ ਨੇ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਉਸੇ ਤਰ੍ਹਾਂ ਉਹ ਬਾਬਾ ਜੋਗਾ ਸਿੰਘ ਜੀ ਦੇ ਗੁਰਦੁਆਰੇ ਨਿਤਨੇਮ ਨਾਲ ਜਾਂਦੇ, ਸੇਵਾ ਕਰਦੇ ਤੇ ਫੁੱਲ ਚਾੜ੍ਹਦੇ ਰਹੇ ਜਿਸ ਤਰਾਂ ਕਿ ਉਨ੍ਹਾਂ ਦੇ ਪਿਤਾ ਭਾਈ ਰਾਮ ਸਹਾਇ ਜਾਂ ਮਾਤਾ ਲਡਿੱਕੀ ਜੀ ਕਰਦੇ ਸਨ।

**ਗੁਰਮਤ ਪ੍ਰਚਾਰ ਵਲ ਰੁਚੀ**

ਥੋੜ੍ਹੇ ਸਮੇਂ ਪਿੱਛੋਂ ਗੁਰਦੁਆਰੇ ਦੀ ਸੇਵਾ ਦੇ ਨਾਲ ਹੀ ਬਾਬਾ ਦਿਆਲ ਜੀ ਨੇ ਨਵਾਂ ਵਾਧਾ ਇਹ ਕੀਤਾ ਕਿ ਕਥਾ-ਕੀਰਤਨ ਤੋਂ ਇਲਾਵਾ ਸੰਗਤ ਨੂੰ ਕੁਝ ਉਪਦੇਸ਼ ਵੀ ਕਰਨ ਲੱਗ ਪਏ। ਇਹ ਉਪਦੇਸ਼ ਵਹਿਮ, ਸੂਤਕ, ਪਾਤਕ, ਮੰਦਰ, ਮਸੀਤ, ਸਾਧੂ, ਪੀਰ, ਫ਼ਕੀਰ ਤੇ ਦੇਵੀ-ਦੇਵਤਿਆਂ ਦੀ ਪੂਜਾ ਤੋਂ ਵਿਰੁੱਧ ਸੀ। ਪਿਸ਼ੌਰ ਨਿਵਾਸੀ ਸੰਗਤ ਵਿਚ ਇਸ ਉਪਦੇਸ਼ ਦੀ ਬੜੀ ਚਰਚਾ ਹੋਣ ਲਗੀ। ਕੁਝ ਮਨਮਤੀਏ ਸਿੱਖ, ਜੋ ਬ੍ਰਾਹਮਣੀ ਮੱਤ ਦੇ ਸ਼ਰਧਾਲੂ ਸਨ, ਬਾਬਾ ਜੀ ਦੇ ਇਸ ਉਪਦੇਸ਼ ਤੋਂ ਤੜਫ਼ੇ, ਇਸ ਲਈ ਉਹ ਵਿਰੋਧਤਾ ਕਰਨ ਲੱਗੇ।

**ਬਾਬਾ ਬਾਲਕ ਸਿੰਘ ਜੀ ਦਾ ਮੇਲ**

ਇਨ੍ਹਾਂ ਹੀ ਦਿਨਾਂ ਵਿਚ ਬਾਬਾ ਬਾਲਕ ਸਿੰਘ ਜੀ ਮਹੀਦ ਪੁਰੇ ਵਾਲੇ, ਜੋ ਬੜੇ ਕਰਣੀ ਕਮਾਈ ਵਾਲੇ ਸਤ ਪੁਰਸ਼ ਸਨ, ਪਿਸ਼ੌਰ ਆਏ। ਆਪ ਭਾਈ ਰਾਮ ਸਹਾਇ ਦੇ ਮਿਹਰਬਾਨ ਸੱਜਨ ਸਨ। ਆਪ ਦੇ ਹੀ ਅਸ਼ੀਰਵਾਦ ਨਾਲ ਬਾਬਾ ਦਿਆਲ ਜੀ ਦਾ ਜਨਮ ਹੋਇਆ ਸੀ। ਇਸ ਸਮੇਂ ਪਿਸ਼ੌਰ ਵਿਚ ਹੋ ਰਹੇ ਗੁਰਮਤਿ ਪ੍ਰਚਾਰ ਨੂੰ ਤੱਕ ਕੇ ਆਪ ਡਾਢੇ ਖ਼ੁਸ਼ ਹੋਏ ਤੇ ਆਪ ਨੇ ਥਾਪੀ ਦੇ ਕੇ ਬਾਬਾ ਦਿਆਲ ਜੀ ਨੂੰ ਆਪਣਾ ਜਾ-ਨਸ਼ੀਨ ਟਿਕਦਿਆਂ ਹੋਇਆਂ ਕਿਹਾ—

ਹਮ ਤੋਂ ਰਹੇ ਅਲੋਪ, ਜਗ ਕਿਨ੍ਹੈ ਵਿਰਲੇ ਜਾਨਾ।
ਇਹੁ ਪ੍ਰਗਟੇ ਤੂੰ ਲੋਕ ਮੈਂ, ਤੂੰ ਲੋਕੀ ਮਾਨਾ।

ਨਿਰੰਕਾਰੀ ਲਿਖਤਾਂ ਦੇ ਅਨੁਸਾਰ ਇਹ ਬਾਬਾ ਬਾਲਕ ਸਿੰਘ ਜੀ ਹਜਰੋ ਵਾਲੇ ਬਾਬਾ ਬਾਲਕ ਸਿੰਘ ਜੀ ਤੋਂ, ਜੋ ਨਾਮਧਾਰੀਆਂ ਦੇ ਗੁਰੂ ਹੋਏ ਹਨ, ਵੱਖਰੇ ਸਨ*। ਕਿਹਾ ਜਾਂਦਾ ਹੈ ਕਿ ਇਸ ਮੇਲ-ਮਿਲਾਪ ਤੋਂ ਬਾਬਾ ਦਿਆਲ ਜੀ ਦੇ ਧਰਮ-ਪ੍ਰਚਾਰ ਵਿਚ ਹੋਰ ਵੀ ਤੇਜ਼ੀ ਵਧੀ ਤੇ ਉਨ੍ਹਾਂ ਦੇ ਕਥਾ-ਕੀਰਤਨ ਦਾ ਪ੍ਰਭਾਵ ਸੋਤਿਆਂ ਦੇ ਦਿਲਾਂ ਉਤੇ ਜਾਦੂ ਧੂੜਨ ਲੱਗ ਪਿਆ।

ਸੰਨ ੧੮੦੮ ਈ: ਵਿਚ ਬਾਬਾ ਦਿਆਲ ਜੀ ਨੇ ਕਈ ਕੁ ਭਾਈਚਾਰਕ ਤੇ ਰੁਜ਼ਗਾਰ ਦੀਆਂ ਔਕੜਾਂ ਦੇ ਕਾਰਣ ਪਿਸ਼ੌਰ ਛੱਡ ਕੇ ਰਾਵਲਪਿੰਡੀ ਰਿਹਾਇਸ਼ ਬਦਲ ਲਈ। ਉਥੇ ਰੁਜ਼ਗਾਰ ਦਾ ਜ਼ਰੀਆ ਆਪ ਨੇ ਪੰਨਸਾਰੀ ਦੀ ਦੁਕਾਨ ਕੀਤੀ। ਭਾਈ ਵਿਸਾਖਾ ਸਿੰਘ ਜੀ, ਜੋ ਆਪ ਦੇ ਸੱਕੇ ਮਾਮਾ ਜੀ ਸਨ, ਇਸ ਸਮੇਂ ਸਹਾਇਤਾ ਲਈ ਆਪ ਦੇ ਨਾਲ ਸਨ। ਰਾਵਲਪਿੰਡੀ ਇਨ੍ਹਾਂ ਦਿਨਾਂ ਵਿਚ ਇਕ ਛੋਟਾ ਜਿਹਾ ਨੱਗਰ ਸੀ। ਵਪਾਰ ਦਾ ਮਾਲ ਲੋਕ ਭੇਰੇ ਤੋਂ ਲਿਆਇਆ ਕਰਦੇ ਸਨ। ਸੋ ਇਸ ਕੰਮ ਲਈ ਬਾਬਾ ਦਿਆਲ ਜੀ ਵੀ ਕਈ ਵਾਰ ਭੇਰੇ ਜਾਣ ਲੱਗ ਪਏ।

**ਵਿਆਹ ਤੇ ਸੰਤਾਨ**

ਬੁੱਧੂ ਸ਼ਾਹ ਨਾਮੀ ਇਕ ਸੰਤ ਦੀ ਪ੍ਰੇਰਨਾ ਨਾਲ ਇਸ ਸਮੇਂ ਬਾਬਾ ਦਿਆਲ ਜੀ ਦਾ ਆਨੰਦ-ਵਿਆਹ ਭਾਈ ਚਰਨ ਦਾਸ ਕਪੂਰ ਭੇਰਾ ਨਿਵਾਸੀ ਦੀ ਸੁਪੁਤ੍ਰੀ ਮੂਲ ਦੇਵੀ ਨਾਲ ਹੋਇਆ। ਇਸ ਬੀਬੀ ਦੇ ਪੇਟੋਂ ਕੁਝ ਸਮੇਂ ਪਿੱਛੋਂ ਭਾਈ ਦਰਬਾਰਾ ਸਿੰਘ, ਭਾਗ ਮੱਲ ਅਤੇ ਰਤਨ ਚੰਦ ਨਾਮੀ ਤਿੰਨ ਪੁੱਤ੍ਰ ਪੈਦਾ ਹੋਏ†।

ਗ੍ਰਿਹਸਥਾਸ਼੍ਰਮ ਵਿਚ ਦਾਖ਼ਲ ਹੋਣ ਤੇ ਵੀ ਬਾਬਾ ਦਿਆਲ ਜੀ ਨੇ ਗੁਰਮਤਿ ਦੇ ਪ੍ਰਚਾਰ ਵਿਚ, ਜਿਸ ਦੇ ਲਈ ਕਿ ਉਹ ਪੈਦਾ ਹੋਏ ਸਨ, ਕੋਈ ਫ਼ਰਕ ਨਾ ਪੈਣ ਦਿੱਤਾ। ਉਹ ਉਸੇ ਤਰ੍ਹਾਂ ਨਾਮ-ਬਾਣੀ ਤੇ ਕੀਰਤਨ ਦਾ ਪ੍ਰਵਾਹ ਸੰਗਤ ਵਿਚ ਚਲਾਉਂਦੇ ਰਹੇ। ਇਸ ਤੋਂ ਕੁਝ ਚਿਰ ਪਿੱਛੋਂ ਉਨ੍ਹਾਂ ਦੀ ਰੁਚੀ ਰਤਾ ਹੋਰ ਅਗੇਰੇ ਵਧੀ ਤੇ ਅਮਲੀ ਤੌਰ ਤੇ

**ਸੁਧਾਰ ਦਾ ਅਮਲੀ ਕੰਮ**

ਉਨ੍ਹਾਂ ਨੇ ਸਿੱਖਾਂ ਦਾ ਧਾਰਮਿਕ ਤੇ ਸਮਾਜਿਕ ਸੁਧਾਰ ਕਰਨਾ ਆਰੰਭਿਆ। ਬੁਤ-ਪੂਜਾ ਤੋਂ ਮਨਾਹੀ, ਸੂਤਕ-ਪਾਤਕ ਦਾ ਖੰਡਨ, ਇਕਾਦਸ਼ੀ ਆਦਿ ਦੇ ਬ੍ਰਤ, ਵਿਆਹ-ਸ਼ਾਦੀਆਂ ਦੇ ਫ਼ਜ਼ੂਲ ਖ਼ਰਚ ਤੇ ਨਾਚ-ਮੁਜਰਿਆਂ ਤੋਂ ਰੋਕ ਤੇ ਕਈ ਹੋਰ ਭੈੜੀਆਂ ਰਸਮਾਂ ਦੇ ਸੁਧਾਰ ਇਸ ਸਮੇਂ ਉਨ੍ਹਾਂ ਦੀਆਂ ਸਰਗਰਮੀਆਂ ਦੇ ਨਿਸ਼ਾਨੇ ਸਨ। ਇਸ ਲਈ ਉਨ੍ਹਾਂ ਨੇ ਐਲਾਨੀਆ ਕਹਿਣਾ ਸ਼ੁਰੂ ਕਰ ਦਿੱਤਾ ਕਿ—"ਸਿੰਘੋ ਗੁਰੂ ਦਿਓ ! ਜੇ

*ਦੇਖੋ, ਬੁੱਧੂ ਲਾਣਾ ਨੰ: ੬, ਗੁਰ ਪ੍ਰਣਾਲੀ, ਸਫ਼ੇ ੧੨੯—੧੪੮ ਅਤੇ ਗਿਆਨੀ ਖ਼ਜ਼ਾਨ ਸਿੰਘ ਕ੍ਰਿਤ ਨਿਰਮਲ ਨਿਰੰਕਾਰੀ ਇਤਿਹਾਸ, ੧੯੩੫, ਸਫ਼ੇ ੭੪—੭੫।

†ਬਾਬਾ ਸੁਰਿੰਦ੍ਰ ਸਿੰਘ, ਨਿਰੰਕਾਰੀ ਗੁਰਮਤਿ ਪ੍ਰਾਰੰਭਤਾ, ੧੯੫੨, ਸਫ਼ਾ ੧੭।

Sri Satguru Jagjit Singh Ji eLibrary NamdhariElibrary@gmail.com

ਬਚਣਾ ਹੈ ਤਾਂ ਇਹ ਨੁਕਸਦਾਰ ਗੱਲਾਂ ਛੱਡੋ । ਕੋਈ ਐਬ ਨਾ ਕਰੋ ਤੇ ਨਸ਼ੀਲੀਆਂ ਚੀਜ਼ਾਂ ਨਾ ਵਰਤੋ । ਸ਼ਰਾਬ ਪੀਣੀ ਹਰੇਕ ਸਿੱਖ ਲਈ ਗੁਨਾਹ ਹੈ । ਏਕਣ ਹੀ ਮਾਸ ਖਾਣਾ ਵੀ ਅੱਛਾ ਨਹੀਂ; ਕਿਸੇ ਦੇਵੀ-ਦੇਵਤੇ, ਤਟ-ਤੀਰਥ, ਮੜ੍ਹੀ-ਮਸਾਣੀ, ਜਾਦੂ-ਟੂਣੇ, ਸਾਧੂ-ਫ਼ਕੀਰ ਤੇ ਪੀਰ-ਪੈਗ਼ੰਬਰ ਨੂੰ ਨਾ ਮੰਨੋ; ਨਿਰੰਕਾਰ (ਅਕਾਲ ਪੁਰਖ) ਤੋਂ ਛੁੱਟ ਕੋਈ ਵੱਡਾ ਨਹੀਂ, ਇਸ ਲਈ ਬਣਾਉਟੀ ਰੱਬਾਂ ਅੱਗੇ ਨੱਕ ਨਾ ਰਗੜੋ । ਅਰਦਾਸਾ ਸੋਧਣ ਲਗੇ—"ਪ੍ਰਿਥਮੈ ਸਤਿ ਨਿਰੰਕਾਰ ਜੀ ਸਿਮਰਕੈ ਆਖੋ, ਕਿਉਂਕਿ ਇਹੋ ਅਸਲ ਅਰਦਾਸਾ ਜਾਂ ਬੇਨਤੀ ਹੈ* । ਆਪਣੇ ਬੱਚੇ ਬੱਚੀਆਂ ਦੇ ਵਿਆਹ ਗੁਰਮਤਿ ਅਨੁਸਾਰ ਕਰੋ ।"

ਜ਼ਨਾਨੀਆਂ ਨੂੰ ਵਿਆਹਾਂ-ਸ਼ਾਦੀਆਂ ਤੇ ਗੰਦੇ ਗੀਤ ਨਾ ਗਾਉਣ ਦਿਓ ਤੇ ਕੰਜਰੀਆਂ ਦੇ ਨਾਚ ਨਾ ਕਰਵਾਓ । ਕਿਸੇ ਸਾਕ-ਸੰਬੰਧੀ ਦੇ ਮਰਨ ਤੇ ਰੋਓ ਕੁਰਲਾਓ ਨਾ, ਤੇ ਨਾਹੀ ਸਿਆਪਾ ਹੋਣ ਦਿਓ । ਸ਼ਾਂਤ-ਚਿੱਤ ਰਹਿ ਕੇ ਬਾਣੀ ਦਾ ਪਾਠ ਕਰੋ ਤੇ ਅਕਾਲ ਪੁਰਖ ਦਾ ਭਾਣਾ ਮੰਨੋ । ਪਿੰਡ, ਪੱਤਲ, ਕ੍ਰਿਆ, ਦੀਵਾ ਤੇ ਫੁੱਲ ਚੁਣਨੇ ਅਥਵਾ ਮੋਇਆਂ ਦੀਆਂ ਮੜ੍ਹੀਆਂ ਫੋਲਣੀਆਂ ਆਦਿ ਕਰਮ ਗੁਰਮਤ ਤੋਂ ਉਲਟ ਹਨ । ਇਹ ਮਨਮਤਾਂ ਕਰਨੀਆਂ ਛੱਡੋ । ਕਿਸੇ ਪੰਡਿਤ, ਪਾਂਧੇ, ਜੋਤਸ਼ੀ, ਨਜੂਮੀ ਜਾਂ ਮੁੱਲਾਂ-ਮੁਲਾਣੇ ਦੀਆਂ ਗੱਲਾਂ ਤੇ ਨਾ ਜਾਓ । ਰਾਹੂ, ਕੇਤੂ ਆਦਿ ਗ੍ਰਹਿ ਤੇ ਹੋਰ ਦੇਵਤੇ ਅਥਵਾ ਪ੍ਰੇਤ-ਜੂਨੀ ਦੇ ਜੀਵ ਤੁਹਾਡਾ ਕੁਝ ਨਹੀਂ ਵਿਗਾੜ ਸਕਦੇ, ਇਸ ਲਈ ਉਨ੍ਹਾਂ ਤੋਂ ਨਾ ਡਰੋ, ਤਦੇ ਹੀ ਤੁਹਾਡਾ ਭਲਾ ਹੋਵੇਗਾ ।" ਇਹ ਸੀ ਬਾਬਾ ਦਿਆਲ ਜੀ ਦੇ ਨਿਰਮਲ ਆਤਮਾ ਦੀ ਆਵਾਜ਼, ਜਿਸ ਨੂੰ ਆਦਰਸ਼ਕ ਰੂਪ ਦੇਣ ਲਈ ਉਨ੍ਹਾਂ ਨੇ ਸਦਾ ਦਲੇਰੀ ਤੋਂ ਕੰਮ ਲਿਆ ।

ਇਹ ਗੁਰਮਤ ਦਾ ਪ੍ਰਚਾਰ ਦਿਨੋਂ ਦਿਨ ਜ਼ੋਰ ਫੜਦਾ ਗਿਆ । ਧੀਰੇ ਧੀਰੇ ਰਾਵਲਪਿੰਡੀ ਤੇ ਦੂਰ-ਨੇੜੇ ਦੇ ਬਹੁਤ ਸਾਰੇ ਸਿੱਖ, ਹਿੰਦੂ ਤੇ ਮੁਸਲਮਾਨ, ਜਿਨ੍ਹਾਂ ਨੂੰ ਇਸ ਵਿਚ ਅਸਲੀਅਤ ਨਜ਼ਰ ਆਈ, ਬਾਬਾ ਦਿਆਲ ਜੀ ਦੇ ਅੰਮ੍ਰਿਤ-ਬਚਨ ਸੁਣਨ ਲਈ ਹੁਮ ਹੁਮਾ ਕੇ ਆਉਣ ਤੇ ਨਿਰੰਕਾਰੀ ਬਣਨ ਲੱਗੇ । ਇਸ ਤਰਾਂ ਗੁਰਦੁਆਰਾ ਪਿਸ਼ੌਰੀਆਂ ਦੀ ਰੌਣਕ ਦਿਨੋਂ ਦਿਨ ਵਾਧੇ ਤੇ ਹੋਣ ਲੱਗੀ ।

### ਮਹਾਰਾਜਾ ਰਣਜੀਤ ਸਿੰਘ ਵਲੋਂ ਜਾਗੀਰ

ਨਿਰੰਕਾਰੀ ਪ੍ਰਚਾਰ ਦੀ ਇਹ ਸ਼ੁਹਰਤ ਇਥੋਂ ਤਕ ਵਧੀ ਕਿ ਸੰਨ ੧੮੨੩ ਈ: ਵਿਚ ਮਹਾਰਾਜਾ ਰਣਜੀਤ ਸਿੰਘ ਪਿਸ਼ੌਰ ਦੀ ਫ਼ਤਿਹ ਤੋਂ ਮੁੜਦਾ ਹੋਇਆ ਜਦ ਰਾਵਲਪਿੰਡੀ ਥੀਂ ਲੰਘਿਆ ਤਾਂ ਬੜੀ ਸ਼੍ਰਧਾ ਨਾਲ ਬਾਬਾ ਦਿਆਲ ਜੀ ਨੂੰ ਮਿਲਿਆ ਤੇ ਉਨ੍ਹਾਂ ਦੇ ਵਚਨ ਸੁਣ ਕੇ ਬਹੁਤ ਖ਼ੁਸ਼ ਹੋਇਆ । ਇਸ ਪ੍ਰੇਮ-ਭੇਟ ਵਜੋਂ ਮਹਾਰਾਜੇ ਨੇ ਚੋਖੀ ਜਾਗੀਰ ਬਾਬਾ ਜੀ ਨੂੰ ਲੰਗਰ ਦੇ ਖ਼ਰਚ ਵਾਸਤੇ ਦਿੱਤੀ, ਜੋ ਸੰਨ ੧੯੪੭ ਵਿਚ ਦੇਸ ਦੀ ਵੰਡ ਦੇ ਸਮੇਂ ਤਕ ਨਿਰੰਕਾਰੀ ਦਰਬਾਰ ਦੇ ਕਬਜ਼ੇ ਵਿਚ ਰਹੀ ।

ਬਾਬਾ ਦਿਆਲ ਜੀ ਹੁਣ ਨਿਰੇ ਪ੍ਰਚਾਰਕ ਜਾਂ ਧਰਮਸਾਲੀਏ ਭਾਈ ਨਹੀਂ, ਬਲਕਿ

---

*ਵਧੀਕ ਵੇਰਵੇ ਲਈ, ਦੇਖੋ ਅੱਗੇ ਇਸ ਲਹਿਰ ਦੇ ਅੰਤ ਵਿਚ ਅਸਲ ਅਰਦਾਸੇ ਦੀ ਨਕਲ ।

Sri Satguru Jagjit Singh Ji eLibrary NamdhariElibrary@gmail.com

ਜਨਤਾ ਦੇ ਧਾਰਮਿਕ ਆਗੂ ਦੀ ਹੈਸੀਅਤ ਧਾਰਨ ਕਰਨ ਲੱਗ ਪਏ ਸਨ, ਇਸ ਲਈ ਜਿੱਥੇ ਉਹ ਗੁਰਮਤ ਪ੍ਰਚਾਰ ਦੇ ਖੇਤ ਵਿਚ ਹਰਮਨ ਪਿਆਰੇ ਬਣੇ ਉਥੇ ਨਾਲ ਹੀ ਕੁਝ ਪਿਛਾਂਹ-ਖਿੱਚੂ ਤੇ ਬ੍ਰਾਹਮਣੀ ਮੱਤ ਦੇ ਸਿੱਖਾਂ ਦੀ ਨਿਗਾਹ ਵਿਚ ਕੰਡੇ ਵਾਂਗੂ ਰੜਕਣ ਵੀ ਲੱਗੇ। ਇਸ ਸਮੇਂ ਰਾਵਲਪਿੰਡੀ ਦੇ ਬ੍ਰਾਹਮਣ ਤਾਂ ਸੋਲ੍ਹਾਂ ਆਨੇ ਹੀ ਉਨ੍ਹਾਂ ਦੇ ਵਿਰੋਧੀ ਬਣ ਗਏ। ਬੇਲੀ ਰਾਮ ਤੇ ਆਸਾਨੰਦ ਨਾਮੀ ਦੋ ਮਾਂਦਰੀ ਸਾਧੂਆਂ ਨੇ,

### ਅਨਮਤੀਆਂ ਦੀ ਵਿਰੋਧਤਾ

ਜੋ ਪਿੰਡ ਕਾਲਾ ਗੁੱਜਰਾਂ ਜ਼ਿਲਾ ਜਿਹਲਮ ਦੇ ਵਸਨੀਕ ਸਨ, ਬਾਬਾ ਜੀ ਨੂੰ ਇਸੇ ਗਲੋਂ ਖ਼ੁਣਸ ਖਾ ਕੇ ਇਕ ਦਵਾਈ ਦੇ ਬਹਾਨੇ ਜ਼ਹਿਰ ਦੇ ਦਿੱਤੀ। ਬਾਬਾ ਜੀ ਨੇ "ਧੰਨ ਨਿਰੰਕਾਰ" ਕਹਿ ਕੇ ਉਹ ਜ਼ਹਿਰ ਪੀ ਲਈ, ਪਰ ਆਪ ਨਾਮ-ਬਾਣੀ ਦੇ ਪ੍ਰਤਾਪ ਨਾਲ ਵਾਲ ਵਾਲ ਬਚ ਗਏ ਤੇ ਉਸ ਜ਼ਹਿਰ ਨੇ ਉਨ੍ਹਾਂ ਦੇ ਸਰੀਰ ਉਤੇ ਕੋਈ ਅਸਰ ਨਾ ਕੀਤਾ। ਪਿੱਛੋਂ ਅਸਲ ਗੱਲ ਦਾ ਪਤਾ ਲੱਗਣ ਤੇ ਦੋਵੇਂ ਸਾਧੂ ਆਪਣੀ ਇਸ ਕਰਤੂਤ ਉਤੇ ਬਹੁਤ ਪਛੁਤਾਏ ਤੇ ਅੱਗੇ ਲਈ ਬਦ-ਕਰਮਾਂ ਤੋਂ ਤੋਬਾ ਕਰਕੇ ਪੱਕੇ ਨਿਰੰਕਾਰੀ ਬਣ ਗਏ। ਸਬੂਤ ਵਜੋਂ ਉਨ੍ਹਾਂ ਵਿਚੋਂ ਆਸਾਨੰਦ (ਆਸਾ ਰਾਮ) ਦੇ ਹੱਥਾਂ ਦੀ ਲਿਖੀ ਹੋਈ ਸੰਮਤ ੧੯੧੫ ਬਿ: ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਨਿਰੰਕਾਰੀ ਦਰਬਾਰ ਵਿਚ ਅਜੇ ਤਕ ਸੁਰੱਖਿਅਤ ਹੈ।

ਸੰਨ ੧੮੩੯ ਤੋਂ ੧੮੪੯ ਤਕ ਪੰਜਾਬ ਸਿੱਖਾਂ ਤੇ ਅੰਗਰੇਜ਼ਾਂ ਦੇ ਗੁਪਤ-ਪ੍ਰਗਟ ਰਾਜਨੀਤਿਕ ਘੋਲ ਦਾ ਅਖਾੜਾ ਬਣਿਆ ਰਿਹਾ। ਇਸ ਘੋਲ ਵਿਚ ਘਰ ਦੀ ਫੁੱਟ ਦੇ ਕਾਰਣ ਸਿੱਖ ਹਾਰੇ ਤੇ ਅੰਗਰੇਜ਼ ਜਿੱਤੇ ਅਤੇ ਪੰਜਾਬ ਦਾ ਰਾਜ-ਭਾਗ ਨੜਿੰਨਵੇਂ ਸਾਲਾਂ ਵਾਸਤੇ ਵਿਦੇਸ਼ੀਆਂ ਦੇ

### ਸਰਦਾਰ ਨਿਹਾਲ ਸਿੰਘ ਛਾਛੀ ਦੇ ਅੜਿੱਕੇ

ਕਬਜ਼ੇ ਵਿਚ ਚਲਾ ਗਿਆ। ਬਾਬਾ ਦਿਆਲ ਜੀ ਚੂੰਕਿ ਨਿਰੇ ਧਾਰਮਿਕ ਤੇ ਸੁਧਾਰਕ ਆਗੂ ਸਨ ਇਸ ਲਈ ਉਨ੍ਹਾਂ ਦੇ ਪ੍ਰਚਾਰ ਉਤੇ ਇਸ ਉਥੱਲ ਪੁਥੱਲ ਦਾ ਕੋਈ ਬਹੁਤਾ ਤਾਂ ਨਹੀਂ, ਪਰ ਕੁਝ ਥੋੜਾ ਤੇ ਬੇ-ਮਲੂਮਾ ਜਿਹਾ ਅਸਰ ਜ਼ਰੂਰ ਪਿਆ। ਉਹ ਇਹ ਸੀ ਕਿ ਸਿੱਖ-ਰਾਜ ਦੇ ਸਮਾਪਤ ਹੋਣਸਾਰ ਹੀ ਸਰਦਾਰ ਨਿਹਾਲ ਸਿੰਘ ਛਾਛੀ ਤੇ ਦੀਵਾਨ ਤੋਰੂ ਰਾਇ, ਜੋ ਸਰਕਾਰ ਅੰਗਰੇਜ਼ੀ ਦੇ ਪਾਲਤੂ ਕਰਮਚਾਰੀ ਸਨ, ਬਾਬਾ ਜੀ ਦੇ ਸ਼ਾਂਤ-ਮਈ ਪ੍ਰਚਾਰ ਵਿਚ ਪੈਰ ਪੈਰ ਤੇ ਅੜਿੱਕੇ ਡਾਹੁਣ ਲੱਗੇ। ਕਾਰਣ ਇਸ ਦਾ ਇਹੋ ਸੀ ਕਿ ਅੰਗਰੇਜ਼ ਸਿੱਖਾਂ ਨੂੰ ਹਰ ਪਹਿਲੂ ਤੋਂ ਦਬਾਉਣਾ ਚਾਹੁੰਦੇ ਸਨ ਤੇ ਅਜਿਹੀ ਕੋਈ ਵੀ ਲਹਿਰ, ਜਿਸ ਵਿਚ ਸਿੱਖਾਂ ਦਾ ਸੁਧਾਰ ਹੋਵੇ, ਉਨ੍ਹਾਂ ਨੂੰ ਮਨਜ਼ੂਰ ਨਹੀਂ ਸੀ।

ਸਰਦਾਰ ਨਿਹਾਲ ਸਿੰਘ ਛਾਛੀ ਦੀ ਇਹ ਵਿਰੋਧਤਾ ਥੜੇ ਚਿਰ ਵਿਚ ਹੀ ਕੁਝ ਭਯਾਨਕ ਰੂਪ ਧਾਰਣ ਕਰ ਗਈ, ਤੇ ਬਾਬਾ ਜੀ ਦੇ ਪ੍ਰਚਾਰ ਤੋਂ ਲੋਕ-ਅਮਨ ਵਿਚ ਖ਼ਲਲ ਪੈਂਦਾ ਦੱਸ ਕੇ ਇਕ ਦਿਨ ਉਸ ਨੇ ਦੀਵਾਨ ਤੋਰੂ ਰਾਮ ਸਮੇਤ ਗੁਰਦੁਆਰਾ ਪਿਸ਼ੌਰੀਆਂ ਤੇ ਹੱਲਾ ਬੋਲ ਦਿੱਤਾ। ਸਰਕਾਰ ਅੰਗਰੇਜ਼ੀ ਵਲੋਂ ਪਹਿਲਾਂ ਹੀ ਮਦਦ ਹਾਸਲ ਸੀ, ਇਸ ਲਈ

Sri Satguru Jagjit Singh Ji eLibrary NamdhariElibrary@gmail.com

**ਗੁਰਦੁਆਰਾ ਪਿਸ਼ੌਰੀਆਂ ਦੇ ਬੂਹੇ ਬੰਦ**

ਇਹ ਧੱਕਾ ਚੱਲ ਗਿਆ । ਦੂਜੇ ਦਿਨ ਸਵੇਰੇ ਹੀ ਜਦ ਬਾਬਾ ਦਿਆਲ ਜੀ ਕਥਾ-ਕੀਰਤਨ ਵਾਸਤੇ ਉਥੇ ਗਏ ਤਾਂ ਅਗੋਂ ਗੁਰਦੁਆਰੇ ਦੇ ਦਰਵਾਜ਼ੇ ਬੰਦ ਸਨ, ਇਸ ਲਈ ਚੁਪ ਕਰਕੇ ਵਾਪਸ ਮੁੜ ਆਏ । ਪਤਾ ਲੱਗਾ ਕਿ ਇਹ ਸਭ ਕਾਰਰਵਾਈ ਛਾਛੀ ਸਾਹਿਬ ਤੇ ਦੀਵਾਨ ਤੌਰੂ ਰਾਇ ਦੀ ਹੈ ਇਸ ਲਈ ਬਾਬਾ ਜੀ ਘਬਰਾਏ ਨਹੀਂ ਤੇ ਉਨ੍ਹਾਂ ਨੇ ਹੌਸਲੇ ਤੋਂ ਕੰਮ ਲਿਆ ।

ਰਾਵਲ ਪਿੰਡੀ ਸ਼ਹਿਰ ਤੋਂ ਬਾਹਰਵਾਰ ਦੱਖਣ-ਪੱਛਮ ਵਲ ਕੁਝ ਜ਼ਮੀਨ, ਜੋ ਚੋਖੇ ਚਿਰ ਤੋਂ ਗ਼ੈਰ-ਆਬਾਦ ਪਈ ਸੀ, ਇਸ ਸਮੇਂ ਬਾਬਾ ਦਿਆਲ ਜੀ ਨੇ ਖ਼ਰੀਦੀ ਤੇ ਉਥੇ ੩ ਦਸੰਬਰ ਸੰਨ ੧੮੫੧ ਈ: ਨੂੰ ਨਿਰੰਕਾਰੀ ਦਰਬਾਰ ਦੀ ਸਥਾਪਨਾ ਕੀਤੀ । ਇਸ ਤੋਂ ਸਾਲ ਕੁ ਭਰ ਪਹਿਲਾਂ ਨਿਰੰਕਾਰੀ ਲਹਿਰ ਏਨਾ ਜ਼ੋਰ ਫੜ ਗਈ ਸੀ ਕਿ ਉਸ ਦਾ ਪ੍ਰਚਾਰ ਕਿਸੇ ਤਰ੍ਹਾਂ ਰੁਕਣ ਵਾਲਾ ਨਹੀਂ ਸੀ, ਇਸ ਲਈ ਸਰਦਾਰ ਨਿਹਾਲ ਸਿੰਘ ਛਾਛੀ ਤੇ ਦੀਵਾਨ ਤੌਰੂ ਰਾਇ ਦਾ ਗੁਰਦੁਆਰਾ ਪਿਸ਼ੌਰੀਆਂ ਤੇ ਹੱਲਾ, ਜੋ ਇਸ ਲਹਿਰ ਦਾ ਲੱਕ ਤੋੜਨ ਲਈ ਕੀਤਾ ਗਿਆ ਸੀ, ਕੁਝ ਵਿਗਾੜ ਨਾ ਸਕਿਆ । ਥੋੜੇ ਦਿਨਾਂ ਵਿਚ ਹੀ ਸੰਗਤ ਨੇ

**ਨਿਰੰਕਾਰੀ ਦਰਬਾਰ**

ਇਧਰ ਮੁਹਾਰਾਂ ਮੋੜੀਆਂ ਤੇ ਗੁਰਦੁਆਰਾ ਪਿਸ਼ੌਰੀਆਂ ਵਾਲੀ ਉਹੋ ਰੌਣਕ ਇਥੇ ਵੀ ਹੋਣ ਲੱਗ ਪਈ । ਪਿਛੋਂ ਇਹ ਦਰਬਾਰ ਵਾਲੀ ਥਾਂ 'ਗੁਰਦੁਆਰਾ ਸ੍ਰੀ ਦਿਆਲ ਸਰ' ਦੇ ਨਾਂ ਨਾਲ ਪ੍ਰਸਿੱਧ ਹੋਈ ।

ਇਹ ਨਵਾਂ ਗੁਰਦੁਆਰਾ ਕਾਇਮ ਹੋਣ ਤੇ ਬਾਬਾ ਦਿਆਲ ਜੀ ਨੇ ਨਿਰੰਕਾਰੀ ਸਿੱਖੀ ਪ੍ਰਚਾਰ ਨੂੰ,ਜੋ ਇਸ ਸਮੇਂ ਖ਼ਾਸ ਤੌਰ ਤੇ ਧੰਨੀ-ਪੋਠੋਹਾਰ ਵਿਚ ਤੇ ਇਸ ਤੋਂ ਬਾਹਰ ਵੀ ਦੂਰ-ਨੇੜੇ ਕਾਫ਼ੀ ਵਧ ਚੁੱਕਾ ਸੀ, ਸਥਾਈ ਰੂਪ ਦੇਣ ਲਈ ਪੱਕਾ ਬਾਨ੍ਹਣੂ ਬੰਨ੍ਹਿਆ । ਹਰੇਕ ਇਲਾਕੇ, ਸ਼ਹਿਰ ਜਾਂ ਕਸਬੇ ਵਿਚ ਨਿਰੰਕਾਰੀ ਸਿੱਖਾਂ ਨੂੰ ਜਿਥੇ ਉਨ੍ਹਾਂ ਦੀ ਕਾਫ਼ੀ ਗਿਣਤੀ ਸੀ, ਇਕ ਲੜੀ ਵਿਚ ਪਰੋਈ ਰੱਖਣ ਲਈ, ਉਥੋਂ ਦੇ ਕਿਸੇ ਪ੍ਰਸਿੱਧ

**ਨਿਰੰਕਾਰੀ ਲਹਿਰ ਤੇ ਸੂਬੇ**

ਸਿੱਖ ਅਥਵਾ ਗੁਣੀ ਗਿਆਨੀ ਨੂੰ ਉਥੋਂ ਦਾ ਸੂਬਾ (ਬੀੜੇਦਾਰ) ਥਾਪਿਆ ਤੇ ਅੱਗੇ ਓਹ ਸੂਬੇਦਾਰ ਇਸ ਕੇਂਦ੍ਰ, ਅਥਵਾ ਨਿਰੰਕਾਰੀ ਦਰਬਾਰ ਦੇ ਮਾਤਹਿਤ ਕਰਾਰ ਦਿਤੇ ਗਏ । ਇਸ ਤਰ੍ਹਾਂ ਜੋ ਸੂਬੇ ਨਿਯਤ ਹੋਏ ਉਨ੍ਹਾਂ ਦੀ ਗਿਣਤੀ ੪੦ ਦੇ ਕਰੀਬ ਸੀ । ਇਸ ਤੋਂ ਇਲਾਵਾ ਹਰੇਕ ਇਲਾਕੇ, ਸ਼ਹਿਰ ਜਾਂ ਕਸਬੇ ਵਿਚ ਜਾਣ ਲਈ ਕੁਝ ਰਾਗੀ ਅਥਵ ਢਾਡੀ ਜੱਥੇ ਵੀ ਰੱਖੇ ਗਏ, ਜੋ ਸ਼ਬਦ ਕੀਰਤਨ ਤੇ ਹੋਰ ਪ੍ਰਚਾਰ ਦਾ ਕੰਮ ਕਰਦੇ ਸਨ । ਪਿੱਛੋਂ ਅਜਿਹੇ ਪ੍ਰਚਾਰਕਾਂ ਵਿਚੋਂ ਭਾਈ ਰੂਪ ਸਿੰਘ ਤੇ ਮੰਨਾ ਸਿੰਘ ਅਤੇ ਰਾਗੀਆਂ ਵਿਚੋਂ ਭਾਈ ਰਹੀਮ ਖ਼ਾਨ ਤੇ ਕਰੀਮ ਖ਼ਾਨ ਵਧੇਰੇ ਪ੍ਰਸਿੱਧ ਹੋਏ ।

ਨਿਰੰਕਾਰੀ ਦਰਬਾਰ ਤੋਂ ਤਿੰਨ ਸਾਲ ਪਿੱਛੋਂ ਸੰਨ ੧੮੫੩ ਵਿਚ ਜਦ ਹਰ ਸਾਰੇ ਪੰਜਾਬ ਵਿਚ ਅਮਨ-ਅਮਾਨ ਸੀ, ਤਾਂ ਰਾਵਲਪਿੰਡੀ ਵਿਚ ਅਚਾਣਕ ਕੁਝ ਬਗ਼ਾਵਤ ਦਾ ਦੁੰਦ ਉਠਿਆ । ਇਸ ਬਗ਼ਾਵਤ ਦੇ ਮੋਢੀ ਬਹੁਤੇ ਮੁਸਲਮਾਨ ਸਨ, ਜਿਨ੍ਹਾਂ ਵਿਚੋਂ

ਨਾਦਰ ਖ਼ਾਨ ਖਟਕ ਨੇ ਮਸ਼ਹੂਰ ਕੀਤਾ ਕਿ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਪੁਤ੍ਰ ਕੌਰ ਪਿਸ਼ੌਰਾ ਸਿੰਘ ਅਟਕ ਦੇ ਕਿਲੇ ਵਿਚ ਮਾਰਿਆ ਨਹੀਂ ਗਿਆ, ਬਲਕਿ ਬਚ ਗਿਆ ਸੀ। ਸੋ ਉਹੋ ਕੌਰ ਹੁਣ ਪੰਜਾਬ ਦੀ ਵਾਗ-ਡੋਰ ਸਾਂਭਣ ਲਈ ਪ੍ਰਗਟ ਹੋਇਆ ਹੈ। ਸਰਕਾਰ ਅੰਗਰੇਜ਼ੀ ਨੇ ਇਸ ਬਗ਼ਾਵਤ ਨੂੰ, ਜਦ ਕਿ ਲੋਕ ਅਜੇ ਤਿਆਰ ਹੋ ਹੀ ਰਹੇ ਸਨ, ਬੜੀ ਤੇਜ਼ੀ ਨਾਲ ਦਬਾ ਦਿੱਤਾ। ਨਾਦਰ ਖ਼ਾਨ ਖਟਕ ਨੂੰ, ਜੋ ਇਸ ਬਗ਼ਾਵਤ ਦਾ ਮੋਢੀ ਸੀ, ਫੜ ਕੇ ਰਾਵਲਪਿੰਡੀ ਵਿਚ ਫਾਂਸੀ ਦਿੱਤੀ ਗਈ*। ਸਰਕਾਰ ਦੀ ਨਜ਼ਰ ਇਸ ਸਮੇਂ ਬੜੀ ਤੇਜ਼ੀ ਨਾਲ ਵਧ ਰਹੇ ਨਿਰੰਕਾਰੀਆਂ ਉਤੇ ਵੀ ਪਈ†, ਪਰ ਅਗੋਂ ਇਹ ਸਾਧੂਆਂ ਦੀ ਸੰਪ੍ਰਦਾਇ ਸੀ, ਜੋ ਏਨੇ ਸ਼ਾਂਤ-ਮਈ ਸਨ ਕਿ ਬੱਸ ਭਜਨ-ਬੰਦਗੀ ਤੋਂ ਸਿਵਾਇ ਹੋਰ ਕੁਝ ਕਹਿਣ-ਸੁਣਨ ਦੀ ਲੋੜ ਹੀ ਨਹੀਂ ਸੀ। ਸੋ ਜੇ ਸਰਕਾਰ ਇਨ੍ਹਾਂ ਬਾਰੇ ਕੁਝ ਕਰਦੀ ਤਾਂ ਕੀ ਕਰਦੀ। ਅੰਤ ਸਰਕਾਰ ਨੇ ਇਸ ਪਾਸਿਓਂ ਚੁਪ ਰਹਿਣਾ ਹੀ ਜੋਗ ਸਮਝਿਆ।

**ਰਾਵਲਪਿੰਡੀ ਦਾ ਗ਼ਦਰ**

ਇਸ ਘਟਨਾ ਤੋਂ ਪਿੱਛੋਂ ਬਾਬਾ ਦਿਆਲ ਜੀ ਮਸਾਂ ਦੋ ਕੁ ਸਾਲ ਹੀ ਜੀਵੇ। ਉਹ ਇਸ ਸਮੇਂ ਕਾਫ਼ੀ ਬ੍ਰਿਧ ਹੋ ਚੁਕੇ ਸਨ, ਪਰ ਉਨ੍ਹਾਂ ਦਾ ਚਲਾਇਆ ਹੋਇਆ ਗੁਰਮਤਿ ਦਾ ਪ੍ਰਚਾਰ ਇਸ ਸਮੇਂ ਏਨਾ ਜ਼ੋਰ ਫੜ ਗਿਆ ਸੀ ਕਿ ਨਾ ਕੇਵਲ ਪੰਜਾਬ ਵਿਚ ਹੀ, ਸਗੋਂ ਪੰਜਾਬ ਤੋਂ ਬਾਹਰ ਦਿੱਲੀ, ਆਗਰੇ ਆਦਿ ਥਾਵੀਂ ਵੀ ਫੈਲਿਆ ਤੇ ਕਈ ਮਸ਼ਹੂਰ ਮਸ਼ਹੂਰ ਆਦਮੀ ਸਿੱਖੀ ਦੇ ਦਾਇਰੇ ਵਿਚ ਆ ਗਏ। ਗਿਆਨੀ ਖ਼ਜ਼ਾਨ ਸਿੰਘ ਦੇ ਕਥਨ ਅਨੁਸਾਰ ਬਾਬਾ ਅਜਾਪਾਲ ਸਿੰਘ ਜੀ ਨਾਭਾ, ਬਾਬਾ ਬਾਲਕ ਸਿੰਘ ਜੀ ਹਜਰੋ, ਜੋ ਨਾਮਧਾਰੀਆਂ ਦੇ ਗੁਰੂ ਹੋਏ ਹਨ, ਅਤੇ ਸ੍ਰੀ ਰਾਧਾ ਸੁਆਮੀ ਜੀ ਆਗਰਾ ਇਸ ਸਮੇਂ ਨਿਰੰਕਾਰੀ ਦਰਬਾਰ ਦੇ ਸੂਬੇਦਾਰ ਬਣ ਗਏ‡, ਭਾਵੇਂ ਉਨ੍ਹਾਂ ਦੇ ਇਸ ਕਥਨ ਬਾਰੇ ਕਾਫ਼ੀ ਸ਼ੱਕ ਹੈ, ਕਿਉਂਕਿ ਬਾਬਾ ਅਜਾਪਾਲ ਸਿੰਘ ਦੇ ਲਿਖਤੀ ਜੀਵਨ ਵਿਚੋਂ, ਜੋ ਭਾਈ ਭਗਵੰਤ ਸਿੰਘ ਜੀ ਨਾਭਾ ਦੇ ਘਰ ਕਈ ਹੋਰ ਹੱਥ-ਲਿਖਤਾਂ ਸਮੇਤ ਸੁਰੱਖਿਅਤ ਹੈ, ਇਸ ਗੱਲ ਦੀ ਪੁਸ਼ਟੀ ਨਹੀਂ ਹੁੰਦੀ।

**ਰਾਧਾ ਸੁਆਮੀ ਤੇ ਨਾਮਧਾਰੀ ਆਗੂ**

ਬਾਬਾ ਦਿਆਲ ਜੀ ਦਾ ਦੇਹਾਂਤ ੩੦ ਜਨਵਰੀ ਸੰਨ ੧੮੫੫ ਈ: ਨੂੰ, ਜਦ ਉਹ ੭੨ ਵਰ੍ਹੇ ੭ ਮਹੀਨੇ ਤੇ ੧੩ ਦਿਨਾਂ ਦੀ ਆਯੂ ਵਿਚ ਸਨ, ਰਾਵਲ ਪਿੰਡੀ ਹੋਇਆ। ਉਨ੍ਹਾਂ ਦੀ ਥਾਵੇਂ ਉਨ੍ਹਾਂ ਦੇ ਵੱਡੇ ਪੁਤ੍ਰ ਬਾਬਾ ਦਰਬਾਰਾ ਸਿੰਘ ਜੀ ਗੱਦੀ-ਨਸ਼ੀਨ ਹੋਏ÷।

**ਦੇਹਾਂਤ**

*ਰਾਵਲਪਿੰਡੀ ਗਜ਼ਟੀਅਰ, ਸੰਨ ੧੮੮੩-੮੪, ਸਫ਼ਾ ੩੮।


†ਪੰਜਾਬ ਰੀਪੋਰਟਸ, ਸੰਨ ੧੮੫੩ ਈ:।

‡ਗਿਆਨੀ ਖ਼ਜ਼ਾਨ ਸਿੰਘ; ਨਿਰਮਲ ਨਿਰੰਕਾਰੀ ਇਤਿਹਾਸ, ਸਫ਼ੇ ੧੪੪-੪੬।

÷ਬਾਬਾ ਸੁਰਿੰਦ੍ਰ ਸਿੰਘ, ਨਿਰੰਕਾਰੀ ਗੁਰਮਤਿ ਪ੍ਰਾਰੰਭਤਾ, ਸਫ਼ਾ ੪੦।


Sri Satguru Jagjit Singh Ji eLibrary NamdhariElibrary@gmail.com

# ਨਿਰੰਕਾਰੀ ਲਹਿਰ ਦੇ ਮੂਲ ਪ੍ਰਵਰਤਕ



ਸਤਕਾਰ ਜੋਗ ਬਾਬਾ ਦਿਆਲ ਜੀ
(੧੭੮੩—੧੮੫੫ ਈ:)

ਨਿਰੰਕਾਰੀ ਲਹਿਰ ਦੇ ਮੋਢੀ



ਬਾਬਾ ਦਰਬਾਰਾ ਸਿੰਘ ਜੀ
(੧੮੧੪—੧੮੭੦ ਈ:)
ਇਕ ਆਨੰਦ-ਵਿਆਹ ਦੀ ਰਸਮ ਅਦਾ ਕਰਦੇ ਹੋਏ ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ੩.
# ਬਾਬਾ ਦਰਬਾਰਾ ਸਿੰਘ ਜੀ

(੧੮੫੫–੧੮੭੦)

ਨਿਰੰਕਾਰੀ ਲਹਿਰ ਦੇ ਦੂਜੇ ਮੋਢੀ ਬਾਬਾ ਦਰਬਾਰਾ ਸਿੰਘ ਜੀ ਸਨ। ਇਨ੍ਹਾਂ ਦਾ ਜਨਮ ੧੩ ਅਪਰੈਲ ਸੰਨ ੧੮੧੪ ਈ: ਨੂੰ ਬਾਬਾ ਦਿਆਲ ਜੀ ਦੇ ਘਰ ਮਾਤਾ ਮੂਲ ਦੇਵੀ ਦੀ ਕੁੱਖੋਂ ਰਾਵਲਪਿੰਡੀ ਵਿਚ ਹੋਇਆ ਸੀ। ਪਿਤਾ ਦੀ ਥਾਂ ਸੰਭਾਲਣ ਤੇ ਇਨ੍ਹਾਂ ਨੇ ਨਿਰੰਕਾਰੀ ਲਹਿਰ ਦੇ ਵਾਧੇ ਲਈ ਬੜੇ ਠੋਸ ਜਤਨ ਕੀਤੇ ਤੇ ਆਪਣੇ ਆਪ ਨੂੰ ਗੁਰਮਤਿ ਦੇ ਧੜੱਲੇਦਾਰ ਪ੍ਰਚਾਰਕ ਸਾਬਤ ਕੀਤਾ।

**ਮੁੱਢਲੀ ਅਵਸਥਾ**

ਬਾਬਾ ਦਿਆਲ ਜੀ ਦੇ ਚਲਾਣੇ ਬਾਰੇ ਰੱਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਤੋਂ ਫ਼ਾਰਿਗ਼ ਹੋ ਕੇ ਬਾਬਾ ਦਰਬਾਰਾ ਸਿੰਘ ਜੀ ਨੇ ਨਿਰੰਕਾਰੀ ਸਿੱਖਾਂ ਦਾ ਇਕ ਇਕੱਠ ੧੨ ਮਾਰਚ ਸੰਨ ੧੮੫੫ ਈ: ਨੂੰ ਬੁਲਾਇਆ। ਸਾਰੇ ਪੰਜਾਬ ਵਿਚੋਂ ਚੋਣਵੇਂ ਸਿੱਖ ਇਸ ਵਿਚ ਸ਼ਾਮਲ ਹੋਏ। ਇਸ ਇਕੱਠ ਵਿਚ ਬਾਬਾ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਕ਼ਲੀਦ ਉਤੇ ਸਿੱਖਾਂ ਪਾਸੋਂ ਇਕ ਲੜਕੀ ਅਤੇ ਲੜਕੇ ਦਾ ਸਿਰ ਮੰਗਿਆ। ਦੋ ਸਿੱਖ ਇਸ ਪਰੀਖਿਆ ਵਿਚ ਨਿੱਤਰੇ। ਭਾਈ ਨਿਹਾਲ ਸਿੰਘ ਨੇ ਆਪਣੇ ਲੜਕੇ ਭੋਲਾ ਸਿੰਘ ਅਤੇ ਭਾਈ ਵਾਹਗੁਰੂ ਸਿੰਘ ਨੇ ਸੁਪੁਤ੍ਰੀ ਨਿਹਾਲ ਕੌਰ ਨੂੰ ਸਾਮ੍ਹਣੇ ਲਿਆ ਖਲ੍ਹਾਰਿਆ। ਬਾਬਾ ਜੀ ਦੇ ਹੁਕਮ ਨਾਲ ਉਸੇ ਵੇਲੇ ਚਿੱਟੇ ਬਸਤ੍ਰ ਪਹਿਨਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਸ ਜੋੜੇ ਦਾ ਆਨੰਦ-ਕਾਰਜ ਪੂਰਣ ਗੁਰ-ਰੀਤੀ ਅਨੁਸਾਰ ਕੀਤਾ ਗਿਆ। ਰਾਵਲਪਿੰਡੀ ਤੇ ਹੋਰ ਨੇੜੇ ਤੇੜੇ ਦੇ ਸਿੱਖਾਂ ਵਿਚ ਅਨੰਦ-ਵਿਆਹ ਦੀ ਇਹ ਪਹਿਲੀ ਰਸਮ ਸੀ, ਜੋ ਬਿਨਾਂ ਕਿਸੇ ਦੁਨਿਆਵੀ ਵਿਖਾਵੇ ਤੇ ਪਰਦਾ-ਪੋਸ਼ੀ ਦੇ ਕੀਤੀ ਗਈ।

**ਅਨੰਦ-ਕਾਰਜ ਦੀ ਪਹਿਲ**

ਕਿਹਾ ਜਾਂਦਾ ਹੈ ਕਿ ਇਹ ਪ੍ਰੇਮੀ ਜੋੜਾ, ਜਿਸ ਦਾ ਸਿਰ-ਧੜ ਦਾ ਪ੍ਰਣ ਕਰਵਾ ਕੇ ਅਨੰਦ-ਕਾਰਜ ਕੀਤਾ ਗਿਆ ਸੀ, ਅਸਲ ਅਰਥਾਂ ਵਿਚ ਸਿਰ ਦੇਣ ਲਈ ਹੀ ਜੁੜਿਆ ਸੀ, ਜਿਸ ਕਰਕੇ ਇਕ ਸਾਲ ਪਿੱਛੋਂ ਹੀ ਅਚਾਣਕ ਦੋਹਾਂ ਦਾ ਦੇਹਾਂਤ ਹੋ ਗਿਆ। ਇਸ ਤੋਂ ਪਿੱਛੋਂ ਅਨੰਦ-ਕਾਰਜ ਦੀ ਦੂਜੀ ਰਸਮ ਖਾਟੜੇ ਦੇ ਇਲਾਕੇ ਪਿੰਡ ਫ਼ਤਿਹ ਜੰਗ ਵਿਚ ਅਦਾ ਕਰਵਾਈ ਗਈ। ਏਥੇ ਭਾਈ ਗੌਹਰਾ ਨਾਮੀ ਸਿੱਖ ਨੇ ਆਪਣੀ ਲੜਕੀ ਦਾ ਵਿਆਹ ਪੂਰਣ ਗੁਰ-ਮਰਯਾਦਾ ਨਾਲ ਕੀਤਾ। ਬਾਬਾ ਦਰਬਾਰਾ ਸਿੰਘ ਜੀ ਇਸ ਅਨੰਦ-ਕਾਰਜ ਵਿਚ ਖ਼ੁਦ

**ਦੂਜੀ ਗੁਰਮਤਿ**

Sri Satguru Jagjit Singh Ji eLibrary NamdhariElibrary@gmail.com

ਸ਼ਾਮਲ ਹੋਏ ਸਨ।

ਇਨ੍ਹਾਂ ਦੋ ਅਨੰਦ-ਕਾਰਜਾਂ ਨਾਲ ਸਿੱਖਾਂ ਦਾ ਉਤਸਾਹ ਵਧਿਆ। ਅਨੰਦ-ਕਾਰਜ ਦੀ ਰਸਮ, ਜੋ ਰਹਿਤ ਨਾਮਿਆਂ ਵਿਚ ਤਾਂ ਦਰਜ ਸੀ, ਪਰ ਮਨਮਤਿ ਦਾ ਜ਼ੋਰ ਹੋਣ ਕਰਕੇ ਕੁਝ ਸਮੇਂ ਤੋਂ ਬੰਦ ਸੀ, ਇਸ ਸਮੇਂ ਬਾਬਾ ਦਰਬਾਰਾ ਸਿੰਘ ਜੀ ਦੇ ਉੱਦਮ ਨਾਲ ਮੁੜ ਪ੍ਰਚਲਿਤ ਹੋਈ। ਕੁਝ ਪਿਛਾਂਹ-ਖਿੱਚੂ ਸਿੱਖ, ਜੋ ਮਨਮਤਿ ਦੀ ਛਤ ਛਾਇਆ ਹੇਠ ਪਲਦੇ ਰਹੇ ਸਨ, ਇਸ ਰੀਤੀ ਨੂੰ 'ਨਵਾਂ ਪੁਆੜਾ' ਆਖ ਕੇ ਨਿੰਦਣ ਲਗੇ। ਉਨ੍ਹਾਂ ਨੇ ਇਸ ਮਰਯਾਦਾ ਦੇ ਪ੍ਰਚਲਿਤ ਹੋਣ ਵਿਚ ਕਈ ਅੜਿੱਕੇ ਵੀ ਡਾਹੇ, ਪਰ ਉਹ ਆਪਣੇ ਆਪ ਛੇਤੀ ਹੀ ਝੜ ਪਏ। ਕਾਰਣ ਇਸ ਦਾ ਇਹੋ ਸੀ ਕਿ ਸਿੱਖ ਬ੍ਰਾਹਮਣਾਂ ਦੇ ਵਾਧੂ ਜਿਹੇ ਕਰਮ ਕਾਂਡ ਤੇ ਲੋਕ-ਦਿਖਾਵੇ ਦੇ ਦਾਨ-ਪੁੰਨ ਤੋਂ ਪਹਿਲਾਂ ਹੀ ਅੱਕੇ ਹੋਏ ਸਨ, ਨਾਲੇ ਬੇ-ਥੌਹੇ ਦਾਜ-ਦਹੇਜ ਦੇ ਭਾਰ ਵੀ ਝੱਲੇ ਨਹੀਂ ਸਨ ਜਾਂਦੇ, ਇਸ ਲਈ ਗੁਰ-ਮਰਯਾਦਾ ਦਾ ਸਿੱਧਾ ਪੱਧਰਾ ਰਾਹ; ਜਿਸ ਵਿਚ ਸੁਭਾਵਿਕ ਲਾਭ ਦੇ ਮੁਕਾਬਲੇ ਤੇ ਨੁਕਸਾਨ ਕੋਈ ਨਹੀਂ ਸੀ, ਉਨ੍ਹਾਂ ਨੇ ਛੇਤੀ ਹੀ ਅਪਣਾ ਲਿਆ।

### ਗੁਰਮਤਿ ਦਾ ਪ੍ਰਚਾਰ

ਅਨੰਦ-ਵਿਆਹ ਦੀ ਮਰਯਾਦਾ ਤੋਰਨ ਤੋਂ ਬਿਨਾਂ ਦੂਜਾ ਕੰਮ ਸਿੱਖਾਂ ਵਿਚੋਂ ਸੂਤਕ-ਪਾਤਕ ਦੇ ਵਹਿਮ ਦੂਰ ਕਰਨਾ ਸੀ। ਸਿੱਖ ਇਨ੍ਹਾਂ ਭਰਮਾਂ ਵਿਚ ਵੀ ਕੁਝ ਸਮੇਂ ਤੋਂ ਬੁਰੀ ਤਰ੍ਹਾਂ ਫਸੇ ਹੋਏ ਸਨ। ਜੇ ਕਿਸੇ ਪਰਿਵਾਰ ਵਿਚੋਂ ਕੋਈ ਜੀਅ ਸਬੱਬ ਨਾਲ ਮੰਜੇ ਉਤੇ ਹੀ ਮਰ ਜਾਂਦਾ ਤਾਂ ਲੋਕ ਸਮਝਣ ਲੱਗ ਪੈਂਦੇ ਸਨ ਕਿ ਉਹ ਬੇ-ਗਤਾ ਮਰ ਗਿਆ। ਇਸ ਲਈ ਉਹ ਉਸ ਦੀ ਗਤਿ ਕਰਵਾਉਣ ਵਾਸਤੇ ਗੰਗਾ, ਗਯਾ ਆਦਿ ਤੀਰਥਾਂ ਵਲ ਦੌੜਦੇ ਸਨ। ਜਦ ਤਕ ਉਸ ਦੀ ਗਤਿ ਨਾ ਹੋ ਜਾਂਦੀ, ਤਦ ਤਕ ਕੋਈ ਆਦਮੀ ਉਸ ਦੇ ਘਰ ਦਾ ਅੰਨ-ਜਲ ਨਹੀਂ ਸੀ ਛਕਦਾ। ਇਹ ਪਾਤਕ ਜਾਂ ਮਰਨ ਦੀ ਭਿੱਟ ਸੀ, ਤੇ ਇਸੇ ਤਰ੍ਹਾਂ ਦੂਜੀ ਭਿੱਟ ਸੂਤਕ, ਅਰਥਾਤ—ਕਿਸੇ ਜੀਅ ਦੇ ਪੈਦਾ ਹੋਣ ਦੀ ਸੀ। ਇਸ ਦੀ ਛੂਤ-ਛਾਤ ਵੀ ਕਿਸੇ ਗੱਲੋਂ ਘਟ ਨਹੀਂ ਸੀ ਮੰਨੀ ਜਾਂਦੀ। ਬਾਬਾ ਦਰਬਾਰਾ ਸਿੰਘ ਜੀ ਨੇ ਇਨ੍ਹਾਂ ਦੋਹਾਂ ਭਿੱਟਾਂ ਦੇ ਵਹਿਮ ਗੁਰਸਿੱਖਾਂ ਵਿਚੋਂ ਕੱਢਣ ਲਈ ਤਕੜੀ ਮੁਹਿੰਮ ਚਲਾਈ।

### ਸੂਤਕ ਪਾਤਕ

ਸਿੱਖ ਆਗੂ ਉਸ ਸਮੇਂ ਸੂਤਕ-ਪਾਤਕ ਦੀ ਭਿੱਟ ਮੰਨਣ ਵਿਚ ਕਿੱਥੋਂ ਤਕ ਵਧੇ ਹੋਏ ਸਨ, ਇਸ ਬਾਰੇ ਇਕ ਬੜੀ ਦਿਲਚਸਪ ਸਾਖੀ ਮਿਲਦੀ ਹੈ, ਜਿਸ ਵਿਚ ਇਹ ਲਿਖਿਆ ਹੈ ਕਿ ਅਪਰੈਲ ਸੰਨ ੧੮੬੧ ਈ: ਵਿਚ ਬਾਬਾ ਦਰਬਾਰਾ ਸਿੰਘ ਜੀ ਗੁਰਮਤ ਦਾ ਪ੍ਰਚਾਰ ਕਰਦੇ ਹੋਏ ਅੰਮ੍ਰਿਤਸਰ ਪਹੁੰਚੇ। ਇਸ ਸਮੇਂ ਅਚਾਣਕ ਹਰਿਮੰਦਰ ਸਾਹਿਬ ਦਾ ਗ੍ਰੰਥੀ ਭਾਈ ਜੱਸਾ ਸਿੰਘ ਢਿੱਡ ਪੀੜ ਦੇ ਕਾਰਣ ਮੰਜੇ ਉਤੇ ਹੀ ਚਲਾਣਾ ਕਰ ਗਿਆ ਸੀ।ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀ, ਜੋ ਪੁਰਾਤਨ ਖਿਆਲਾਂ ਦੇ ਹੋਣ ਕਰਕੇ ਬੜੇ ਵਹਿਮੀ ਸਨ, ਇਸ ਮੌਤ ਨੂੰ ਬੇ-ਗਤੀ ਕਰਾਰ ਦੇਣ ਲਗੇ। ਇਹ ਦੇਖ

### ਬੇਦੀ ਬਿਕ੍ਰਮ ਸਿੰਘ ਨਾਲ ਝੜਪ

Sri Satguru Jagjit Singh Ji eLibrary NamdhariElibrary@gmail.com

ਕੇ ਬਾਬਾ ਦਰਬਾਰਾ ਸਿੰਘ ਜੀ ਬੇਦੀ ਬਿਕ੍ਰਮ ਸਿੰਘ ਜੀ ਊਨੇ ਵਾਲਿਆਂ ਕੋਲ ਗਏ। ਬੇਦੀ ਸਾਹਿਬ ਇਸ ਸਮੇਂ ਅਕਾਲ ਤਖ਼ਤ ਦੇ ਜੱਥੇਦਾਰ ਸਨ। ਬਾਬਾ ਜੀ ਨੇ ਸ੍ਰੱਧਾ ਨਾਲ ਪੰਜ ਰੁਪਏ ਤੇ ਪਤਾਸਿਆਂ ਦਾ ਥਾਲ ਅੱਗੇ ਰੱਖਿਆ ਤੇ ਭਾਈ ਜੱਸਾ ਸਿੰਘ ਗ੍ਰੰਥੀ ਦਾ ਪ੍ਰਸੰਗ ਛੇੜ ਕੇ ਸਤਿਕਾਰ ਸਹਿਤ ਬੋਲੇ—'ਬੇਦੀ ਸਾਹਿਬ ਜੀ ! ਤੁਸੀਂ ਸਤਿਗੁਰਾਂ ਦੀ ਅੰਸ਼ ਹੋ, ਇਸ ਲਈ ਕ੍ਰਿਪਾ ਪੂਰਬਕ ਸੋਚ ਵਿਚਾਰ ਕੇ ਗੁਰਮਤਿ ਦੇ ਆਸ਼ੇ ਅਨੁਸਾਰ ਉਤਰ ਦਿਓ ਕਿ ਕੀ ਗੁਰੂ ਜੀ ਦਾ ਇਹ ਬਚਨ ਸੱਚਾ ਨਹੀਂ ?

ਰਾਮਦਾਸ ਸਰੋਵਰਿ ਨਾਤੇ ॥ ਸਭ ਉਤਰੇ ਪਾਪ ਕਮਾਤੇ ॥

ਜੇ ਇਹ ਕਥਨ ਸਹੀ ਹੈ ਤੇ ਸ੍ਰੀ ਅੰਮ੍ਰਿਤਸਰ ਇਸ਼ਨਾਨ ਕਰਕੇ ਪ੍ਰਾਣੀ ਦੇ ਸਾਰੇ ਪਾਪ ਲਹਿ ਜਾਂਦੇ ਹਨ ਤਾਂ ਭਾਈ ਜੱਸਾ ਸਿੰਘ ਮੁਕਤ ਕਿਉਂ ਨਾ ਹੋਇਆ ? ਕੀ ਉਹ ਸੁਧਾ ਸਰੋਵਰ ਵਿਚ ਇਸ਼ਨਾਨ ਨਹੀਂ ਸੀ ਕਰਦਾ ? ਜੇ ਇਸ ਤਰ੍ਹਾਂ ਸਤਿਗੁਰੂ ਸਚੇ ਪਾਤਸ਼ਾਹ ਦੀ ਸ਼ਰਣ ਆ ਕੇ ਵੀ ਗਤਿ ਨਹੀਂ ਹੁੰਦੀ ਤਾਂ ਸ੍ਰੀ ਅੰਮ੍ਰਿਤਸਰ ਦੀ ਹੋਰ ਕਿਹੜੀ ਮਹਾਨਤਾ ਬਾਕੀ ਰਹਿ ਗਈ ? ਕੀ ਜਮਨਾ ਲੰਘ ਕੇ ਕੋਈ ਹੋਰ ਰੱਬ ਹੈ ਜੋ ਇਸ ਪੰਜਾਂ ਦਰਿਆਵਾਂ ਦੀ ਧਰਤੀ ਵਿਚ ਪੈਰ ਨਹੀਂ ਰਖਦਾ ? ਜੇ ਨਹੀਂ ਤਾਂ ਫੇਰ ਇਹ ਪਖੰਡ ਤੇ ਵਿੰਗ-ਟੇਢ ਕਿਉਂ ?'

ਬੇਦੀ ਬਿਕ੍ਰਮ ਸਿੰਘ ਜੀ ਬਾਬਾ ਦਰਬਾਰਾ ਸਿੰਘ ਦੀ ਇਸ ਖਰੀ ਖਰੀ ਆਲੋਚਨਾ ਦਾ ਕੋਈ ਉੱਤਰ ਨਾ ਦੇ ਸਕੇ ਤੇ ਛੇਕੜ ਇਹ ਕਹਿ ਕੇ,ਖਹਿੜਾ ਛੁਡਾ ਗਏ,'ਕਿ ਬਾਬਾ ਜੀ ! ਤੁਸੀਂ ਕਹਿੰਦੇ ਤਾਂ ਠੀਕ ਹੋ, ਪਰ ਅਸੀਂ ਸੰਸਾਰੀ ਜੀਵ ਜੂ ਹੋਏ, ਇਸ ਲਈ ਸਾਨੂੰ ਦੁਨੀਆਦਾਰਾਂ ਦੇ ਪਿੱਛੇ ਲੱਗਣਾ ਹੀ ਪੈਂਦਾ ਹੈ।' ਬੇਦੀ ਸਾਹਿਬ ਉਸ ਸਮੇਂ ਚੂੰਕਿ ਸਿੱਖਾਂ ਦੇ ਪ੍ਰਧਾਨ ਆਗੂ ਦੀ ਹੈਸੀਅਤ ਵਿਚ ਸਨ, ਇਸ ਲਈ ਬਾਬਾ ਦਰਬਾਰਾ ਸਿੰਘ ਜੀ ਨੇ ਉਨ੍ਹਾਂ ਅੱਗੋਂ ਆਪਣਾ ਪਤਾਸਿਆਂ ਦਾ ਥਾਲ ਚੁੱਕ ਲਿਆ ਤੇ ਬੜਾ ਢੁੱਕਵਾਂ ਉੱਤਰ ਦਿੱਤਾ— 'ਬੇਦੀ ਸਾਹਿਬ ! ਜੇ ਤੁਸੀਂ ਇਸੇ ਤਰ੍ਹਾਂ ਦੁਨੀਆਂਦਾਰਾਂ ਦੇ ਪਿੱਛੇ ਲੱਗ ਕੇ ਚੱਲਣਾ ਹੈ ਤਾਂ ਗੁਰੂ ਬਣ ਕੇ ਗ਼ਰੀਬ ਸਿੱਖਾਂ ਨੂੰ ਕਿਉਂ ਕੁਰਸਤੇ ਪਾ ਰਹੇ ਹੋ ?' ਤੇ ਉਹ ਥਾਲ ਉਸੇ ਵੇਲੇ ਬਾਹਰ ਪਰਿਕ੍ਰਮਾ ਵਿਚ ਲਿਜਾ ਕੇ ਸੰਗਤ ਨੂੰ ਵਰਤਾ ਦਿੱਤਾ ਤੇ ਪੰਜ ਰੁਪਏ ਗੁਰੂ ਕੀ ਗੋਲਕ ਵਿਚ ਪਾ ਦਿੱਤੇ।

ਬਾਬਾ ਦਰਬਾਰਾ ਸਿੰਘ ਜੀ ਦੇ ਇਹ ਨਿਡਰ ਤੇ ਅਡੋਲ ਬਚਨ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਉਹ ਕਿਹੋ ਜਿਹੀ ਬੇ-ਲਾਗ ਤੇ ਉੱਚੀ ਸ਼ਖ਼ਸੀਅਤ ਦੇ ਮਾਲਿਕ ਸਨ। ਇਸੇ ਕਾਰਣ ਹੀ ਉਹ ਕਿਸੇ ਨਿੱਕੀ-ਮੋਟੀ ਤਾਕਤ ਅੱਗੇ ਉਮਰ ਭਰ ਨਹੀਂ ਝੁਕੇ ਤੇ ਨਾ ਹੀ ਉਨ੍ਹਾਂ ਨੇ ਗੁਰਮਤ ਪ੍ਰਚਾਰ ਬਾਰੇ ਕਦੀ ਕੋਈ ਮੂੰਹ-ਮੁਲਾਹਜ਼ਾ ਹੀ ਵਰਤਿਆ। ਉਨ੍ਹਾਂ ਦੇ ਜੀਵਨ ਦੀ ਇਕ ਸਾਖੀ ਹੈ ਜਦ 'ਧੰਨ ਨਿਰੰਕਾਰ' ਦੀ ਗੂੰਜ ਦੇ ਨਾਲ ਇਕ ਸੁਰ ਹੋ ਕੇ ਸਾਰਾ ਪੋਠੋਹਾਰ ਗੂੰਜ ਉਠਿਆ ਤਾਂ ਇਕ ਦਿਨ ਰਾਵਲਪਿੰਡੀ ਵਿਚ ਚੋਣਵੇਂ ਸਿੱਖ ਸਰਦਾਰਾਂ ਨੇ ਇਕੱਠ ਕੀਤਾ। ਸਰਦਾਰ ਨਿਹਾਲ ਸਿੰਘ ਛਾਛੀ ਦੀ ਪਿੱਠ ਉਤੇ ਬਾਬਾ ਖੇਮ ਸਿੰਘ ਬੇਦੀ ਇਸ ਇਕੱਠ ਦੇ ਪ੍ਰਧਾਨ ਸਨ। ਬਾਬਾ ਦਰਬਾਰਾ ਸਿੰਘ ਜੀ ਇਸ ਇਕੱਠ ਵਿਚ ਬੁਲਾਏ ਗਏ ਤੇ ਕਿਹਾ ਗਿਆ ਕਿ 'ਤੁਹਾਡੇ ਪ੍ਰਚਾਰ ਦੇ ਕਾਰਣ ਗਊ-ਬ੍ਰਾਹਮਣ ਬੇ-ਰੁਜ਼ਗਾਰ ਹ ਕੇ ਭੁੱਖੇ

ਮਰ ਰਹੇ ਹਨ, ਇਸ ਲਈ ਪਹਿਲਾਂ ਪੰਜ ਰੁਪਏ ਪ੍ਰਤੀ ਘਰ ਇਨ੍ਹਾਂ ਵਾਸਤੇ ਬੰਧਾਨ ਬੰਨ੍ਹ ਦਿਓ ਤੇ ਫੇਰ ਜਿਵੇਂ ਮਰਜ਼ੀ ਹੋਵੇ, ਗੁਰਮਤਿ ਦਾ ਪ੍ਰਚਾਰ ਕਰੀ ਚਲੋ।' ਬਾਬਾ ਦਰਬਾਰਾ ਸਿੰਘ ਜੀ ਬੜੇ ਦੂਰ-ਅੰਦੇਸ਼ ਤੇ ਸਿਆਣੇ ਸਨ। ਉਨ੍ਹਾਂ ਨੇ ਝੱਟ ਭਾਈ ਜੱਸਾ ਸਿੰਘ ਨਾਮੀ ਇਕ ਸਿੱਖ ਪਾਸੋਂ ਹਰਾ ਹਰਾ ਘਾਹ ਉਨ੍ਹਾਂ ਅਗੇ ਸੁਟਵਾ ਦਿੱਤਾ ਤੇ ਦਲੇਰੀ ਨਾਲ ਉੱਤਰ ਦਿੱਤਾ—'ਇਨ੍ਹਾਂ ਗਊਆਂ ਵਾਸਤੇ ਇਹ ਘਾਹ ਹਾਜ਼ਰ ਹੈ। ਅੱਗੇ ਲਈ ਜੋ ਇਨ੍ਹਾਂ ਬ੍ਰਾਹਮਣਾਂ ਨੂੰ ਆਪਣੇ ਘਰ ਬੁਲਾਵੇ, ਪੰਜ ਰੁਪਏ ਦੇਵੇ। ਅਸੀਂ ਨਾ ਇਨ੍ਹਾਂ ਬ੍ਰਾਹਮਣਾਂ ਨੂੰ ਘਰ ਸੱਦੀਏ ਤੇ ਨਾ ਕੁਝ ਦੇਈਏ*।' ਇਹ ਕੋਰੇ ਕਰਾਰੇ ਬਚਨ ਸੁਣ ਕੇ ਸਭ ਸਰਦਾਰ ਹੱਕੇ ਬੱਕੇ ਰਹਿ ਗਏ।

**ਬੇਦੀ ਖੇਮ ਸਿੰਘ ਨਾਲ ਖਰੀਆਂ ਖਰੀਆਂ**

ਨਿਰੰਕਾਰੀ ਲਹਿਰ ਇਸ ਤਰ੍ਹਾਂ ਜਿਸ ਸੋਹਣੇ ਤੇ ਸੁਚੱਜੇ ਢੰਗ ਨਾਲ ਬਾਬਾ ਦਰਬਾਰਾ ਸਿੰਘ ਜੀ ਨੇ ਚਲਾਈ, ਉਸ ਦੀ ਦੂਜੀ ਮਿਸਾਲ ਕਿਸੇ ਪਾਸੇ ਘੱਟ ਹੀ ਮਿਲਦੀ ਹੈ। ਗੁਰਮਤਿ ਦੇ ਪ੍ਰਚਾਰ ਨੂੰ ਹੋਰ ਪੱਕੇ ਪੈਰਾਂ ਤੇ ਕਰਨ ਲਈ ਬਾਬਾ ਜੀ ਨੇ ਧਾਰਮਿਕ ਇਨਕਲਾਬ ਦਾ ਲਾਲ ਝੰਡਾ ਖੜਾ ਕਰਕੇ ਥਾਂ ਪਰ ਥਾਂ ਪਿੰਡਾਂ ਵਿਚ ਸਿੱਖ ਸੰਗਤਾਂ ਕਾਇਮ ਕੀਤੀਆਂ ਤੇ ਉਨ੍ਹਾਂ ਦੀ ਜੱਥੇਦਾਰੀ ਦਾ ਕੰਮ ਕੁਝ ਨਵੇਂ ਬੀੜੇਦਾਰਾਂ ਦੇ ਸਪੁਰਦ ਕੀਤਾ, ਜਿਨ੍ਹਾਂ ਨੂੰ ਪਹਿਲਾਂ ਸਬੇ ਅਥਵਾ ਸੂਬੇਦਾਰ ਕਿਹਾ ਜਾਂਦਾ ਸੀ, ਤੇ ਹਰੇਕ ਸੰਗਤ ਵਲ ਗੁਰਮਤਿ ਦੀਆਂ ਰਹੁ-ਰੀਤਾਂ ਦੱਸਣ ਲਈ ਜੁਦੇ ਜੁਦੇ ਪ੍ਰਵਾਨੇ (ਹੁਕਮਨਾਮੇ) ਜਾਰੀ ਕੀਤੇ। ਸਿੱਖਾਂ ਨੂੰ ਮਨਮਤਿ ਦੇ ਭਾਰ ਹੇਠੋਂ ਕੱਢਣ ਲਈ ਫੋਕਟ ਕਰਮ ਕਾਂਡ, ਬੁਤ-ਪੂਜਾ, ਪਿੰਡ, ਪੱਤਲ, ਤੀਰਥ ਯਾਤ੍ਰਾ, ਕ੍ਰਿਆ ਕਰਮ ਆਦਿ ਕੰਮਾਂ ਤੋਂ ਵਰਜਿਆ ਅਤੇ ਇਕ ਅਜਿਹਾ ਨਿਰੰਕਾਰੀ-ਸਮਾਜ ਕਾਇਮ ਕਰ ਦਿੱਤਾ ਜੋ ਗੁਰਮਤਿ ਵਿਚੋਂ ਅਨਮਤਿ ਜਾਂ ਮਨਮਤਿ ਦੇ ਦਾਖ਼ਲੇ ਦੀ ਰੋਕ-ਥੰਮ ਲਈ ਮਜ਼ਬੂਤ ਕਿਲ੍ਹੇ ਬੰਦੀ ਸੀ।

**ਜੱਥੇਬੰਦੀ ਤੇ ਪ੍ਰਚਾਰ ਦਾ ਪ੍ਰਬੰਧ**

੧੩ ਫਰਵਰੀ ਸੰਨ ੧੮੭੦ ਈ: ਨੂੰ ੫੫ ਵਰ੍ਹੇ ੧੦ ਮਹੀਨੇ ਦੀ ਉਮਰ ਵਿਚ ਗੁਰਮਤਿ ਦੇ ਇਸ ਅਦੁੱਤੀ ਪ੍ਰਚਾਰਕ ਬਾਬਾ ਦਰਬਾਰਾ ਸਿੰਘ ਜੀ ਦਾ ਦੇਹਾਂਤ ਹੋਇਆ। ਇਨ੍ਹਾਂ ਤੋਂ ਪਿੱਛੋਂ ਬਾਬਾ ਰਤਨ ਚੰਦ ਉਰਫ਼ ਰੱਤਾ ਜੀ, ਜੋ ਇਨ੍ਹਾਂ ਦੇ ਛੋਟੇ ਭਰਾ ਸਨ, ਨਿਰੰਕਾਰੀ ਦਰਬਾਰ ਦੇ ਪ੍ਰਮੁਖ ਅਧਿਕਾਰੀ ਨਿਯੁਕਤ ਹੋਏ।

**ਅਕਾਲ ਚਲਾਣਾ**

---

*ਬਾਬਾ ਸੁਰਿੰਦ੍ਰ ਸਿੰਘ, ਨਿਰੰਕਾਰੀ ਗੁਰਮਤਿ ਪਾਰੰਭਤਾ, ਸਫ਼ਾ ੭੦।

Sri Satguru Jagjit Singh Ji eLibrary NamdhariElibrary@gmail.com

# ੪.

# ਨਿਰੰਕਾਰੀ ਲਹਿਰ ਤੇ ਹੋਰ ਆਗੂ

ਬਾਬਾ ਦਰਬਾਰਾ ਸਿੰਘ ਤੋਂ ਪਿੱਛੋਂ; ਜਿਵੇਂ ਕਿ ਪਿਛਲੇ ਕਾਂਡ ਵਿਚ ਦੱਸਿਆ ਗਿਆ ਹੈ, ਬਾਬਾ ਰਤਨ ਚੰਦ ਉਰਫ਼ ਰੱਤਾ ਜੀ ਨਿਰੰਕਾਰੀ ਲਹਿਰ ਦੇ ਮੋਢੀ ਬਣੇ। ਇਨ੍ਹਾਂ ਦਾ ਜਨਮ ੨੫ ਮਾਰਚ ਸੰਨ ੧੮੩੦ ਈ: ਨੂੰ ਬਾਬਾ ਦਿਆਲ ਜੀ ਦੇ ਘਰ ਰਾਵਲ ਪਿੰਡੀ ਹੋਇਆ ਸੀ। ਆਪ ਇਸ ਸਮੇਂ ੨੫ ਸਾਲਾਂ ਦੀ ਉਮਰ ਦੇ ਨੌਜਵਾਨ ਸਨ। ਗੁਰਮਤ ਦੀ ਖੋਜ ਤੇ ਕਥਾ-ਕੀਰਤਨ ਦਾ ਆਪ ਨੂੰ ਮੁੱਢ ਤੋਂ ਹੀ ਚੰਗਾ ਅਭਿਆਸ ਸੀ।

**ਬਾਬਾ ਰੱਤਾ ਜੀ**

ਬਾਬਾ ਰੱਤਾ ਜੀ ਨੇ ਨਿਰੰਕਾਰੀ ਲਹਿਰ ਦੇ ਵਾਧੇ ਲਈ ਬੜੇ ਨਿੱਗਰ ਜਤਨ ਕੀਤੇ। ਧੰਨੀ, ਪੋਠੋਹਾਰ ਦੇ ਪਿੰਡਾਂ ਤੇ ਕਸਬਿਆਂ ਵਿਚ,ਜਿੱਥੇਂ ਨਿਰੰਕਾਰੀ ਲਹਿਰ ਦੇ ਕੇਂਦ੍ਰ ਨਹੀਂ ਸਨ, ਕੁਝ ਹੋਰ ਨਵੇਂ ਕੇਂਦ੍ਰ ਥਾਪੇ ਤੇ ਬੀੜੇਦਾਰ ਕਾਇਮ ਕੀਤੇ। ਇਸ ਤੋਂ ਇਲਾਵਾ ਆਪ ਨੇ ਇਹ ਨਿਯਮ ਬਣਾਇਆ ਕਿ ਸਾਲ ਭਰ ਵਿਚ ਹਰੇਕ ਕੇਂਦ੍ਰ ਤੇ ਖ਼ੁਦ ਜਾਂਦੇ ਸਨ ਤੇ ਉਥੋਂ ਦੇ ਗੁਰਮਤ ਪ੍ਰਚਾਰ ਦੀ ਹਾਲਤ ਨੂੰ ਚੰਗੀ ਤਰ੍ਹਾਂ ਦੇਖਦੇ ਸਨ। ਇਸ ਕੰਮ ਵਿਚ ਸਹਾਇਤਾ ਦੇਣ ਲਈ ਭਾਈ ਮੰਨਾ ਸਿੰਘ ਜੀ ਗਿਆਨੀ, ਜੋ ਸਿੰਘ ਸਭਾ ਲਹਿਰ ਦੇ ਸਮੇਂ ਵਿਚ ਗੁਰਮਤ ਦੇ ਇਕ ਪ੍ਰਸਿੱਧ ਪ੍ਰਚਾਰਕ ਹੋਏ ਹਨ, ਇਕੋ ਹੀ ਬਾਬੇ ਰੱਤੇ ਹੋਰਾਂ ਦੇ ਦੀਵਾਨ, ਅਰਥਾਤ-ਪ੍ਰਧਾਨ ਮੰਤ੍ਰੀ ਸਨ।

**ਨਵੇਂ ਕੇਂਦ੍ਰ ਤੇ ਪ੍ਰਚਾਰ ਦੀ ਪਕਿਆਈ**

ਇਸ ਤੋਂ ਇਲਾਵਾ ਬਾਬਾ ਰੱਤਾ ਜੀ ਨੇ ਗੁਰਮਤ ਦੇ ਪ੍ਰਚਾਰ ਲਈ ਕੁਝ ਲਿਖਤੀ ਸੇਵਾ ਵੀ ਕੀਤੀ। ਉਹ ਸੇਵਾ ਕਈ ਪਾਸੇ ਸੰਗਤਾਂ ਵਿਚ ਬਹੁਤ ਸਾਰੇ ਪ੍ਰਵਾਨੇ ਅਥਵਾ ਹੁਕਮ ਨਾਮੇ ਲਿਖ ਭੇਜਣ ਦੀ ਸੀ। ਇਹ ਹੁਕਮ ਨਾਮੇ ਉਨ੍ਹਾਂ ਦੇ ਨਾਂ ਤੇ ਹੁਣ ਤਕ ਪ੍ਰਸਿੱਧ ਹਨ। ਇਸ ਤੋਂ ਬਿਨਾ ਆਪ ਨੇ ਹੋਰ ਵਾਧਾ ਇਹ ਕੀਤਾ ਕਿ ਰਾਵਲ ਪਿੰਡੀ ਵਿਚ ਨਿਰੰਕਾਰੀ ਦਰਬਾਰ ਨਾਲ ਸੰਬੰਧਿਤ ਇਕ ਅੱਤਿ ਸੋਹਣਾ ਸੰਗਿ ਮਰਮਰ ਦਾ ਹਰਿ-ਮੰਦਿਰ ਬਣਵਾਇਆ ਤੇ ਉਸ ਦੇ ਨਾਲ ਹੀ ਇਕ ਖੂਹ ਵੀ ਲਗਵਾਇਆ। ਇਕ ਪਾਸੇ ਇਹ ਤਾਮੀਰੀ ਕੰਮ ਕੀਤਾ ਤੇ ਦੂਜੇ ਪਾਸੇ ਆਪ ਨੇ ਸੰਗਤ ਦੀ ਹੱਥੀਂ ਸੇਵਾ ਕਰਨੀ, ਰੋਜ਼ ਦਰਬਾਰ ਵਿਚ ਝਾੜੂ ਦੇਣਾ ਤੇ ਸਿੱਖਾਂ ਦੇ ਜੋੜੇ ਝਾੜਨੇ ਆਦਿ ਅਜਿਹੇ ਸ਼ੁਭ ਗੁਣ ਅਪਣਾਏ ਜੋ ਹੁਣ ਤਕ ਉਥੋਂ ਦੇ ਸਿੱਖਾਂ ਵਿਚ ਪ੍ਰਸਿੱਧ ਹਨ ਅਤੇ ਆਪ ਦੇ ਸੱਚੇ ਗੁਰਸਿੱਖ ਹੋਣ ਦੀ ਯਾਦ ਦਿਲਾਉਂਦੇ ਹਨ।

**ਵਿਸ਼ੇਸ਼ ਕੰਮ ਅਤੇ ਗੁਣ**

ਬਾਬਾ ਰੱਤਾ ਜੀ ਇਸ ਸੇਵਾ—ਭਾਵ ਵਿਚ ਕਿਤਨੇ ਉੱਚੇ ਸੁੱਚੇ ਗੁਰਮੁਖ ਸਨ, ਇਸ ਦਾ ਸਬੂਤ ਇਸ ਗੱਲੋਂ ਵੀ ਮਿਲਦਾ ਹੈ ਕਿ ਇਕ ਵੇਰ ਆਪ ਬੜੇ ਪ੍ਰੇਮ ਤੇ ਮਾਣ ਨਾਲ ਸੰਗਤ ਦੇ ਜੋੜੇ ਝਾੜ ਰਹੇ ਸਨ ਤਾਂ ਅਚਾਣਕ ਇਕ ਸਿੱਖ ਨੇ ਆ ਕੇ ਕਿਹਾ : 'ਮਹਾਰਾਜ ! ਆਪ ਇਤਨੀ ਖੇਚਲ ਕਿਉਂ ਝੱਲਦੇ ਹੋ ? ਤੁਸੀਂ ਸਾਡੇ ਮਾਨ ਜੋਗ ਬਜ਼ੁਰਗ ਹੋ। ਇਹ ਸੇਵਾ ਅਸੀਂ ਆਪੇ ਕਰ ਲਵਾਂਗੇ।' ਇਸ ਦੇ ਉੱਤਰ ਵਿਚ ਬਾਬਾ ਜੀ ਬੋਲੇ : 'ਭਾਈ ਸਾਹਿਬ ਜੀ ! ਇੰਜ ਨਾ ਕਹੋ। ਇਹ ਸੇਵਾ ਬੜੀ ਪਵਿੱਤ੍ਰ ਹੈ ਤੇ ਸਤਿਗੁਰੂ ਜੀ ਨੇ ਇਹ ਸੇਵਾ ਕਰਨ ਦਾ ਮਾਣ ਦਾਸ ਨੂੰ ਬਖ਼ਸ਼ਿਆ ਹੈ।' ਇਹ ਹੈ ਆਪ ਦੀ ਨਿਮ੍ਰਤਾ ਤੇ ਗੁਰ ਸਿੱਖਾਂ ਵਾਲੀ 'ਗ਼ਰੀਬੀ ਗਦਾ ਹਮਾਰੀ' ਦਾ ਇਕ ਉਦਾਹਰਣ।

**ਸੇਵਾ—ਭਾਵ**

ਬਾਬਾ ਰੱਤਾ ਜੀ ਨੇ ਇਸ ਤਰ੍ਹਾਂ ਗੁਰ-ਸੰਗਤ ਦੀ ਸੇਵਾ ਤੇ ਗੁਰਮਤ—ਪ੍ਰਚਾਰ ਕਰਦਿਆਂ ਆਪਣੀ ਉਮਰ ਦੇ ੩੯ ਵਰ੍ਹੇ ਗੁਜ਼ਾਰੇ। ਇਸ ਤੋਂ ਉਪਰੰਤ ੩ ਜਨਵਰੀ ਸੰਨ ੧੯੦੯ ਈ: ਨੂੰ ਉਨ੍ਹਾਂ ਦਾ ਸੁਰਗਵਾਸ ਹੋ ਗਿਆ।

**ਦੇਹਾਂਤ**

ਇਸ ਤੋਂ ਪਿੱਛੋਂ ਬਾਬਾ ਗੁਰਦਿੱਤ ਸਿੰਘ ਜੀ, ਜੋ ਬਾਬਾ ਰੱਤਾ ਜੀ ਦੇ ਛੋਟੇ ਸੁਪੁਤ੍ਰ ਸਨ, ਨਿਰੰਕਾਰੀ ਦਰਬਾਰ ਦੇ ਪ੍ਰਧਾਨ ਬਣੇ। ਇਨ੍ਹਾਂ ਦਾ ਸਮਾਂ ਸੰਨ ੧੯੦੯ ਤੋਂ ੧੯੪੭ ਈ: ਤਕ ਹੈ। ਬਾਬਾ ਗੁਰਦਿੱਤ ਸਿੰਘ ਜੀ ਦਾ ਅਕਾਲ ਚਲਾਣਾ ਹੋਣ ਤੇ ਉਨ੍ਹਾਂ ਦੀ ਗੱਦੀ ਬਾਬਾ ਹਰਾ ਸਿੰਘ ਜੀ ਨੂੰ ਮਿਲੀ। ਇਨ੍ਹਾਂ ਦਾ ਜਨਮ ੨੦ ਸਤੰਬਰ ਸੰਨ ੧੮੮੭ ਈ: ਨੂੰ ਬਾਬਾ ਗੁਰਦਿੱਤ ਸਿੰਘ ਜੀ ਦੇ ਘਰ ਰਾਵਲ ਪਿੰਡੀ ਹੋਇਆ ਸੀ। ਆਪ ਸੰਨ ੧੯੪੭ ਤੋਂ ੧੯੭੦ ਤਕ ਲਗਭਗ ੨੩ ਸਾਲ ਨਿਰੰਕਾਰੀ ਦਰਬਾਰ ਦੇ ਆਗੂ ਰਹੇ। ਆਪ ਗੁਰਮਤ—ਪ੍ਰਚਾਰ ਵਿਚ ਚੰਗੀ ਦਿਲਚਸਪੀ ਰਖਦੇ ਸਨ। ਸੰਨ ੧੯੪੭ ਵਿਚ ਜਦ ਅਜੇ ਆਪ ਰਾਵਲ ਪਿੰਡੀ ਹੀ ਸਨ ਤਾਂ ਦੇਸ ਦੀ ਵੰਡ ਹੋਣ ਸਮੇਂ ਨਿਰੰਕਾਰੀਆਂ ਦਾ ਹੱਦੋਂ ਵੱਧ ਜਾਨੀ ਤੇ ਮਾਲੀ ਨੁਕਸਾਨ ਹੋਇਆ। ਸਿੱਖਾਂ ਤੇ ਹਿੰਦੂਆਂ ਨੂੰ ਰਾਵਲ ਪਿੰਡੀ ਤੇ ਰਾਵੀਓਂ ਪਾਰ ਦੇ ਹੋਰ ਇਲਾਕੇ ਉਸ ਸਮੇਂ ਚੂੰਕਿ ਛਡਣੇ ਪਏ, ਇਸ ਲਈ ਨਿਰੰਕਾਰੀ ਸੱਜਨ ਉਥੋਂ ਨਿਕਲ ਕੇ ਅਮ੍ਰਿਤਸਰ, ਜਲੰਧਰ, ਲੁਧਿਆਣਾ, ਅੰਬਾਲਾ, ਪਟਿਆਲਾ, ਦਿੱਲੀ, ਚੰਡੀਗੜ੍ਹ ਆਦਿ ਸ਼ਹਿਰਾਂ ਵਿਚ ਵਸ ਗਏ। ਸੋ ਹੁਣ ਇਹੋ ਸ਼ਹਿਰ ਨਿਰੰਕਾਰੀ ਪ੍ਰਚਾਰ ਦੇ ਕੇਂਦ੍ਰ ਹਨ। ੧੫ ਜਨਵਰੀ ਸੰਨ ੧੯੭੧ ਈ: ਨੂੰ ਅਮ੍ਰਿਤਸਰ ਵਿਖੇ ਬਾਬਾ ਹਰਾ ਸਿੰਘ ਜੀ ਦਾ ਸੁਰਗਵਾਸ ਹੋਣ ਤੇ ਉਨ੍ਹਾਂ ਦੀ ਥਾਵੇਂ ਉਨ੍ਹਾਂ ਦੇ ਵੱਡੇ ਸੁਪੁਤ੍ਰ ਬਾਬਾ ਗੁਰਬਖ਼ਸ਼ ਸਿੰਘ ਜੀ ਗੱਦੀ ਨਸ਼ੀਨ ਹੋਏ, ਜੋ ਬੜੇ ਅਗਾਂਹ ਵਧੂ ਤੇ ਵਿਦਿਅਕ ਰੁਚੀਆਂ ਦੇ ਮਾਲਿਕ ਹਨ।

**ਵਰਤਮਾਨ ਕਾਲ ਤੇ ਨਵੇਂ ਆਗੂ**


ਨਿਰੰਕਾਰੀ ਲਹਿਰ ਦਾ ਚੜ੍ਹਾਉ ਤੇ ਉਤਰਾਉ ਜਾਣਨ ਲਈ ਏਥੇ ਇਹ ਗੱਲ ਵੀ ਦੱਸਣੀ ਜੋਗ ਹੈ ਕਿ ਬਾਬਾ ਦਰਬਾਰਾ ਸਿੰਘ ਅਤੇ ਬਾਬਾ ਰੱਤਾ ਜੀ ਦੇ ਸਮੇਂ ਸਿੱਖ-ਪੰਥ ਵਿਚ ਦੋ ਹੋਰ ਸੁਧਾਰਕ ਲਹਿਰਾਂ ਚੱਲੀਆਂ। ਇਹ ਲਹਿਰਾਂ ਸਨ ਨਾਮਧਾਰੀ ਲਹਿਰ ਤੇ

Sri Satguru Jagjit Singh Ji eLibrary NamdhariElibrary@gmail.com

# ਨਿਰੰਕਾਰੀ ਲਹਿਰ ਦੇ ਆਗੂ



ਬਾਬਾ ਰੱਤਾ (ਰਤਨ ਚੰਦ) ਜੀ
(੧੮੩੦—੧੯੦੯ ਈ:)



ਬਾਬਾ ਹਰਾ ਸਿੰਘ ਜੀ
(੧੮੮੭—੧੯੭੧ ਈ:)

Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ ਸਿੰਘ ਸਭਾ ਲਹਿਰ। ਬਹੁਤ ਸਾਰੇ ਸਿੱਖਾਂ ਦੀ ਰੁਚੀ ਇਨ੍ਹਾਂ ਲਹਿਰਾਂ ਵਲ ਹੋਣ ਕਰਕੇ ਨਿਰੰਕਾਰੀ ਲਹਿਰ ਬਾਰੇ ਦੱਸਿਆ ਜਾਂਦਾ ਹੈ ਕਿ ਉਹ ਸੰਨ ੧੮੬੨ ਤੋਂ ਪਿੱਛੋਂ ਕੁਝ ਘਟਣ ਲੱਗ ਪਈ ਤੇ ਸਿੰਘ ਸਭਾ ਲਹਿਰ ਦੇ ਸਮੇਂ ਤੱਕ ਉਸ ਦਾ ਇਤਨਾ ਜ਼ੋਰ ਨਾ ਰਿਹਾ, ਜੋ ਨਾਮਧਾਰੀ ਲਹਿਰ ਤੋਂ ਪਹਿਲਾਂ ਜਾਂ ਉਸ ਦੇ ਆਪਣੇ ਹੀ ਸਮੇਂ ਵਿਚ ਸੰਨ ੧੮੭੦ ਈ: ਤੱਕ ਸੀ। ਪਿੱਛੋਂ ਨਿਰੰਕਾਰੀ ਲਹਿਰ ਵਿਚ ਕੁਝ ਪਰਿਵਰਤਨ ਵੀ ਹੋ ਗਿਆ ਤੇ ਲੋਕੀ ਇਸ ਨੂੰ ਇਕ ਵੱਖਰੀ ਸੰਪ੍ਰਦਾਇ ਦਾ ਰੂਪ ਦੇਣ ਲੱਗ ਪਏ।

**ਪਰਿਵਰਤਨ**

ਇਹ ਕਹਿਣਾ ਕਿ ਨਿਰੰਕਾਰੀ ਲਹਿਰ ਵੀ ਇਕ ਫ਼ਿਰਕਾਦਾਰਾਨਾ ਲਹਿਰ ਸੀ, ਠੀਕ ਉਸੇ ਤਰ੍ਹਾਂ ਗਲਤ ਹੈ, ਜਿਸ ਤਰ੍ਹਾਂ ਸਹੇ ਦੇ ਸਿਰ ਤੇ ਸਿੰਗ। ਗੁਰੂ ਨਾਨਕ ਦੀ ਨਿਗਾਹ ਵਿਚ ਜਿਵੇਂ ਹਿੰਦੂ ਤੇ ਮੁਸਲਮਾਨ ਇਕ ਸਨ ਤਿਵੇਂ ਨਿਰੰਕਾਰੀਆਂ ਵਿਚ, ਜੇ ਇਨ੍ਹਾਂ ਦੇ ਮੁੱਢਲੇ ਇਤਿਹਾਸ ਨੂੰ ਤਕਿਆ ਜਾਵੇ ਤਾਂ ਹਿਦੂ-ਸਿੱਖ ਸ਼ਰਧਾਲੂਆਂ ਵਾਂਗੂ ਹੀ ਮੁਸਲਮਾਨ ਵੀ ਸ਼ਾਮਲ ਸਨ। ਮੁਸਲਮਾਨਾਂ ਵਿਚੋਂ ਮੀਆਂ ਅਲਫ਼ਖ਼ਾਨ ਜਿਹਲਮੀ, ਮਹਮੂਦ ਮਾਸ਼ਕੀ, ਹਾਫ਼ਿਜ਼ ਇਮਾਮੁੱਦੀਨ ਗੁਜਰਾਤੀ ਆਦਿ ਅਕੀਦਤਮੰਦਾਂ ਦੇ ਨਾਂ ਅਜੇ ਤਕ ਮਸ਼ਹੂਰ ਹਨ।

**ਜਾਤੀ ਭਾਵ ਤੇ ਸਾਂਝੀ ਕੌਮੀਅਤ**

ਸੰਨ ੧੮੯੧ ਦੀ ਮਰਦੁਮ ਸ਼ੁਮਾਰੀ ਦੇ ਅਨੁਸਾਰ ਨਿਰੰਕਾਰੀਆਂ ਦੀ ਕੁੱਲ ਗਿਣਤੀ ੫੦,੭੨੪ ਸੀ, ਜਿਸ ਵਿਚ ੩੮,੯੦੭ ਸਿੱਖ (ਕੇਸਾ ਧਾਰੀ) ਤੇ ੧੧,੮੧੭ ਹਿੰਦੂ, ਅਰਥਾਤ-ਸਹਿਜ ਧਾਰੀ ਸਿੱਖ ਸਨ*। ਨਿਰੰਕਾਰੀ ਮਰਦੁਮ ਸ਼ੁਮਾਰੀ ਦੀ ਖੋਜ ਤੋਂ ਪਤਾ ਲਗਦਾ ਹੈ ਕਿ ਪਿੱਛੋਂ ਇਹ ਗਿਣਤੀ ਹੋਰ ਵੀ ਵਧੀ। ਸੰਨ ੧੯੪੭ ਵਿਚ ਦੇਸ ਦੀ ਵੰਡ ਤੋਂ ਪਹਿਲਾਂ ਨਿਰੰਕਾਰੀਆਂ ਦੀ ਕੁੱਲ ਗਿਣਤੀ ੭੦-੮੦ ਹਜ਼ਾਰ ਦੇ ਨੇੜੇ ਤੇੜੇ ਦਸੀ ਜਾਂਦੀ ਹੈ।

**ਕੁੱਲ ਗਿਣਤੀ**

*Cenrus of India, 1892, p. 156; ਨਿਰੰਕਾਰੀ ਗੁਰਮਤਿ ਪ੍ਰਾਰੰਭਤਾ, ੧੮੬—੮੭।

Sri Satguru Jagjit Singh Ji eLibrary NamdhariElibrary@gmail.com

# ੫.
# ਨਿਰੰਕਾਰੀ ਅਰਦਾਸਾ

ਪਾਠਕਾਂ ਦੀ ਵਿਸ਼ੇਸ਼ ਜਾਣਕਾਰੀ ਲਈ ਏਥੇ 'ਨਿਰੰਕਾਰੀ ਅਰਦਾਸੇ' ਦਾ ਅਸਲ ਪਾਠ, ਜੋ ਕਿ ਖ਼ਾਲਸਾ ਪੰਥ ਦੇ ਪ੍ਰਚਲਿਤ ਅਰਦਾਸੇ ਨਾਲੋਂ ਕਈ ਥਾਵੀਂ ਪਾਠ-ਭੇਦ ਰਖਦਾ ਹੈ ਇਸ ਸੰਬੰਧੀ ਕੁਝ ਹੋਰ ਵੇਰਵੇ ਸਹਿਤ, ਇਸ ਪ੍ਰਕਾਰ ਹੈ :—

"ਸਾਧੂ ਸੰਗਤ ਜੀ ! ਜਪੋ ਨਿਰੰਕਾਰ । ਪ੍ਰਿਥਮੇਂ ਸਤਿ ਨਿਰੰਕਾਰ ਜੀ ਦਾ ਧਿਆਨ ਧਰ ਕੇ ਗੁਰ ਨਾਨਕ* ਲਈ ਧਿਆਇ । ਫਿਰ ਅੰਗਦ ਗੁਰ ਤੇ ਅਮਰ ਦਾਸ ਗੁਰ ਰਾਮ ਦਾਸੇ ਹੋਈ ਸਹਾਇ । ਗੁਰ ਅਰਜਨ ਹਰਿ ਗੋਬਿਦ ਨੂੰ, ਫਿਰ ਸਿਮਰੋ ਸ੍ਰੀ ਹਰਿ ਰਾਇ । ਗੁਰ ਹਰਿ ਕ੍ਰਿਸ਼ਨ ਧਿਆਈਏ, ਜਿਨ੍ਹਾਂ ਡਿਠਿਆਂ ਸਭ ਦੁਖ ਜਾਇ । ਗੁਰ ਤੇਗ ਬਹਾਦਰ ਸਿਮਰੀਏ, ਘਰ ਨਉ ਨਿਧਿ ਆਵੈ ਧਾਇ ।

ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਭ ਥਾਈਂ ਹੋਇ ਸਹਾਇ ।

ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਆਪ ਦੀ ਮਹਿਮਾ ਕਹੀ ਨ ਜਾਇ । ਸਤਿਗੁਰੂ ਦਿਆਲ ਜੀ ਸਿਮਰੀਐ† ਜਿਨ ਜਮ ਤੋਂ ਲਿਆ ਛੁਡਾਇ । ਸੁਆਮੀ ਸਤਿਗੁਰੂ ਸਾਹਿਬ ਰੱਤਾ, ਜੋ ਅੰਗ ਸੰਗ ਹੋਇ ਸਹਾਇ । ਸਾਹਿਬ ਗੁਰਦਿੱਤ ਸਿੰਘ ਜੀ ਮਹਾਰਾਜ ਜੋ ਕਲਿਜੁਗ ਨਾਮ ਜਪਾਇ ।

ਸਭਨਾਂ ਸਤਿਗੁਰੂਆਂ ਜੀ ਕਾ ਚਰਨ ਕਮਲ ਕਾ ਧਿਆਨ ਧਰ ਕੇ ਸਾਧੂ ਸੰਗਤ ਜੀ,ਜਪੋ ਨਿਰੰਕਾਰ ।

ਸਭਨਾਂ ਸਾਹਿਬਜ਼ਾਦਿਆਂ, ਪਿਆਰਿਆਂ, ਸ਼ਹੀਦਾਂ ਸਚਿਆਰਿਆਂ, ਸਿੰਘਾਂ ਹਠੀਆਂ ਜਤੀਆਂ ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਖ ਕੇ ਅਣਡਿੱਠ ਕੀਤਾ, ਦੇਗ ਚਲਾਈ-ਤੇਗ ਮਾਰੀ, ਬੰਦ ਬੰਦ ਕਟਾਏ, ਚਰਖੀਆਂ ਤੇ ਚੜ੍ਹੇ, ਪੁੱਠੀਆਂ ਖੱਲਾਂ ਲੁਹਾਈਆਂ, ਸੀ ਤਕ ਉਚਾਰਨ ਨਹੀਂ ਕੀਤੀ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨ੍ਹਾਂ ਮਹਾਂ ਪੁਰਖਾਂ ਦੀ ਕਰਨੀ ਕਮਾਈ ਵੱਲ ਧਿਆਨ ਧਰਕੇ ਸਾਧੂ ਸੰਗਤ ਜੀ ਜਪੋ ਨਿਰੰਕਾਰੁ । ਪ੍ਰਿਥਮੇ ਸ੍ਰੀ ਨਿਰੰਕਾਰ ਤਖ਼ਤ, ਸ੍ਰੀ ਅਕਾਲ ਤਖ਼ਤ, ਤਖ਼ਤ ਸ੍ਰੀ ਪਟਣਾ

---

*ਇਸ ਦੀ ਥਾਵੇਂ 'ਆਦਿ ਸਤਿ ਨਿਰੰਕਾਰ ਕੋ' ਸਿਮਰ ਕੋ' ਪਾਠ ਵੀ ਹੈ ।

† ਏਥੇ ਭਾਈ ਸੰਤ ਸਿੰਘ, ਸੰਗਤ ਸਿੰਘ ਤੇ ਬਾਬਾ ਬਾਲਕ ਸਿੰਘ ਮਹੀਦ ਪੁਰੇ ਵਾਲੇ, ਜਿਨ੍ਹਾਂ ਨੂੰ ਨਿਰੰਕਾਰੀ ਸੱਜਨ ਸ੍ਰੀ ਦਸ਼ਮੇਸ਼ ਜੀ ਤੋਂ ਬਾਦ ਗੁਰੂ ਹੋਏ ਮੰਨਦੇ ਹਨ, ਮੂਲ ਪਾਠ ਵਿਚ ਦਰਜ ਨਹੀਂ ਹਨ । (ਅਸਲ ਗੁਰ ਪ੍ਰਣਾਲੀ ਲਈ ਦੇਖੋ, ਨਿਰਮਲ ਨਿਰੰਕਾਰੀ ਇਤਿਹਾਸ, ਸਫ਼ਾ ੭) ।

Sri Satguru Jagjit Singh Ji eLibrary NamdhariElibrary@gmail.com

ਸਾਹਿਬ, ਤਖਤ ਸੀ ਕੇਸ ਗੜ੍ਹ ਸਾਹਿਬ, ਤਖਤ ਸ੍ਰੀ ਹਜ਼ੂਰ ਸਾਹਿਬ, ਪੰਜਾਂ ਤਖਤਾਂ ਜੀ ਕਾ ਧਿਆਨ ਧਰ ਕੇ ਸਾਧ ਸੰਗਤ ਜੀ,ਜਪੋ ਨਿਰੰਕਾਰ । ਜਹਿ ਜਹਿ ਖ਼ਾਲਸਾ ਤਹਿ ਤਹਿ ਰੱਛਿਆ ਰਿਆਇਤ ਕਰਨੀ, ਚੌਕੀਆਂ ਝੰਡੇ ਬੁੰਗੇ ਜੁਗੋ ਜੁਗ ਅਟਲ ਧਰਮ ਕਾ ਜੈਕਾਰ, ਸਤਿਗੁਰੂ ਜੀ ਦੇ ਸਿੱਖਾਂ ਦਾ ਮਨ ਨੀਵਾਂ ਮਤਿ ਉਚੀ, ਮਤਿ ਪਤਿ ਕਾ ਰਾਖਾ ਆਪ ਸਤਿ ਨਿਰੰਕਾਰ, ਸਾਧੂ ਸੰਗਤ ਜੀ ਜਪੋ ਨਿਰੰਕਾਰ । ਨਿਮਾਣਿਆਂ ਦਾ ਮਾਣ ਨਿਤਾਣਿਆਂ ਦਾ ਤਾਣ ਨਿਰੰਕਾਰ, ਨਿਓਟਿਆਂ ਦੀ ਓਟ ਨਿਰੰਕਾਰ, ਨਿਧਿਰਿਆਂ ਦੀ ਧਿਰ ਨਿਰੰਕਾਰ, ਨਿਆਸਰਿਆਂ ਦਾ ਆਸਰੇ ਨਿਰੰਕਾਰ, ਨਿਲੱਜਿਆਂ ਦੀ ਲੱਜ ਨਿਰੰਕਾਰ, ਨਿਪੱਤਿਆਂ ਦੀ ਪੱਤ ਨਿਰੰਕਾਰ, ਅਸਾਂ ਜੇਹਿਆਂ ਪਾਪੀਆਂ ਦਾ ਉਧਾਰ ਕਰਨ ਵਾਲਾ ਸਤਿ ਨਿਰੰਕਾਰ, ਸਾਧੂ ਸੰਗਤਿ ਜੀ, ਜਪੋ ਨਿਰੰਕਾਰ । ਚਾਰ ਪਹਿਰ ਰੈਨ ਸੁਖ ਦੀ ਬਿਤਾਈ ਅਤੇ ਚਾਰ ਪਹਿਰ ਦਿਨ ਸੁਖ ਦਾ ਬਤੀਤ ਕਰਨਾ, ਅੱਠ ਪਹਿਰ ਸੁਖਾਲੇ ਸੁਆਸੀ ਨਿਰੰਕਾਰ ਚਿਤ ਆਵੇ,ਚਿਤ ਆਵਨ ਕਾ ਸਦਕਾ, ਸਦਾ ਸੁਖ ਹੋਵੇ,ਸਾਧੂ ਸੰਗਤਿ ਜੀ; ਜਪੋ ਨਿਰੰਕਾਰ । ਅੰਤਰਜਾਮੀ ਨਿਰੰਕਾਰ ਜੀਓ; ਅੰਮ੍ਰਿਤ ਵੇਲੇ ਦੀ ਅਰਦਾਸ, ਸ਼ਬਦ–ਬਾਣੀ ਅਜਪਾ ਜਾਪ ਨਿਤ ਨੇਮ ਜੀ ਕੀ ਅਰਦਾਸ. ਅੱਖਰ ਲਗ ਕੰਨਾ ਭੁਲ ਚੁਕ ਮਾਫ, ਸਚਖੰਡ ਮੇਂ ਪ੍ਰਵਾਨ ਕਰਨਾ; ਦਰਗਾਹ ਵਿਚ ਲੇਖੇ ਲਾਵਣਾ, ਗੁਰਮੁਖ ਦਾ ਮੇਲ, ਸਾਧ ਕਾ ਸੰਗੁ, ਨਾਮ ਕਾ ਰੰਗ, ਭਜਨ ਕਾ ਪ੍ਰਤਾਪ, ਕਲੇਸ਼ ਦੁਖ ਕਾ ਨਾਸੁ । ਆਧਾਂ ਵਿਆਧਾਂ ਦੁੱਖਾਂ ਕਲੇਸ਼ਾਂ ਤੋਂ ਰੱਖ ਲੈਣਾ, ਹਰਿ ਤਰਫ ਰੱਖਿਆ ਕਰਨੀ, ਅੰਗ ਸੰਗ ਸਦਾ ਸਹਾਇ, ਬਖਸ਼ੋ ਗੁਨਾਹਿ. ਮੇਹਰ ਦੀ ਨਿਗਾਹਿ, ਸ੍ਰੀ ਗੁਰੂ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ ।"

ਸਿੱਖਾਂ ਦੇ ਆਮ ਪ੍ਰਚਲਿਤ ਅਰਦਾਸੇ ਵਾਂਗੂ ਇਸ ਅਰਦਾਸੇ ਵਿਚ 'ਪ੍ਰਿਥਮ ਭਗਉਤੀ' ਸਿਮਰਨ ਕਿਉਂ ਨਹੀਂ ਕੀਤਾ? ਇਸ ਦਾ ਉੱਤਰ ਨਿਰੰਕਾਰੀ ਵਿਦਵਾਨ ਇਉਂ ਦਿੰਦੇ ਹਨ :–

(੧) ਇਕ ਅਨਮਤੀਏ ਵਾਰ ਮਨਾਈ ।
ਦੇਵੀ ਕੀ ਉਸਤਤਿ ਤਿਨ ਗਾਈ ।
ਪ੍ਰਿਥਮ ਭਗੌਤੀ ਸਿਮਰ ਮਨਾਈ ।.........੬੨ ॥

(ਨਿਰਮਲ ਨਿਰੰਕਾਰੀ ਇਤਿਹਾਸ, ਸਫ਼ਾ ਪ੩)

(੨) 'ਸ੍ਰੀ ਭਗਉਤੀ ਜੀ ਸਹਾਇ' ਦਾ ਅਰਥ ਹੈ ਜੋ ਦੇਵੀ ਜੀ ਸਹਾਈ ਹੋਵੇ, ਇਸ ਲਈ 'ਪ੍ਰਿਥਮ ਭਗੌਤੀ ਸਿਮਰ ਕੈ' ਅਰਦਾਸ ਕਰਨੀ ਗੁਰ ਆਸ਼ੇ ਦੇ ਵਿਰੁੱਧ ਹੈ ।

(ਨਿਰੰਕਾਰੀ ਗੁਰਮਤਿ ਪ੍ਰਾਰੰਭਤਾ, ਸਫ਼ਾ ੧੭੬)

Sri Satguru Jagjit Singh Ji eLibrary NamdhariElibrary@gmail.com

# ਸੰਨ ੧੮੫੭ ਦਾ ਗ਼ਦਰ ਤੇ ਸਿੱਖ

## ੧.

**ਮੁੱਖ ਸ਼ਬਦ**

ਨਿਰੰਕਾਰੀ ਲਹਿਰ ਦੇ ਦਿਨਾਂ ਵਿਚ ਤੇ ਨਾਮਧਾਰੀ ਲਹਿਰ ਤੋਂ ਪੰਜ ਕੁ ਵਰ੍ਹੇ ਪਹਿਲਾਂ ਸੰਨ ੧੮੫੭ ਈ: ਵਿਚ ਹਿੰਦੁਸਤਾਨੀ ਸਿਪਾਹੀਆਂ ਨੇ, ਜਿਨ੍ਹਾਂ ਨੂੰ ਪੂਰਬੀਏ ਵੀ ਕਿਹਾ ਜਾਂਦਾ ਹੈ,ਸਰਕਾਰ ਅਗਰੇਜ਼ੀ ਤੋਂ ਵਿਰੁੱਧ ਗ਼ਦਰ ਸ਼ੁਰੂ ਕੀਤਾ। ਸਿੱਖ ਇਸ ਗ਼ਦਰ ਵਿਚ ਦੋਹਾਂ ਧਿਰਾਂ ਵਲੋਂ ਸ਼ਾਮਲ ਹੋਏ—ਦੋਸਤ ਵਲੋਂ ਵੀ ਤੇ ਦੁਸ਼ਮਨ ਵਲੋਂ ਵੀ, ਇਸ ਲਈ ਸਿੱਖ-ਇਤਿਹਾਸ ਨਾਲ ਸੰਬੰਧਿਤ ਹੋਣ ਕਰਕੇ ਇਸ ਗ਼ਦਰ ਦਾ ਏਥੇ ਵੇਰਵੇ ਸਹਿਤ ਸੰਖੇਪ ਹਾਲ ਦਿੱਤਾ ਜਾਂਦਾ ਹੈ।

**ਸਿੱਖਾਂ ਦਾ ਰੋਸ**

ਸੰਨ ੧੮੪੯ ਈ: ਤੋਂ, ਜਦ ਸਰਕਾਰ ਅੰਗਰੇਜ਼ੀ ਨੇ ਪੰਜਾਬ ਉਤੇ ਕਬਜ਼ਾ ਕੀਤਾ, ਸਿੱਖ ਅੰਗਰੇਜ਼ਾਂ ਦੀ ਨਿਗਾਹ ਵਿਚ ਹਾਰੇ ਹੋਏ ਦੁਸ਼ਮਨ ਸਨ, ਜਿਨ੍ਹਾਂ ਨੂੰ ਉਹ ਮੁੜ ਉੱਠਣ ਦੇਣਾ ਨਹੀਂ ਚਾਹੁੰਦੇ ਸਨ। ਸਿੱਖ ਭਾਵੇਂ ਇਸ ਸਮੇਂ ਆਜ਼ਾਦੀ ਗਵਾ ਚੁਕੇ ਸਨ, ਪਰ ਇਸ ਗੱਲ ਦਾ ਦਿਲੀ ਅਹਿਸਾਸ ਜ਼ਰੂਰ ਰਖਦੇ ਸਨ ਕਿ ਉਹ ੫੯ ਵਰ੍ਹੇ ਰਾਜ ਕਰਦੇ ਰਹੇ ਹਨ, ਇਸ ਲਈ ਚਾਹੇ ਉਹ ਇਸ ਸਮੇਂ ਦਬਾਏ ਹੋਏ ਵੀ ਸਨ, ਪਰ ਫੇਰ ਵੀ ਦੁਸ਼ਮਨ ਅੱਗੇ ਛੇਤੀ ਛੇਤੀ ਝੁਕਣ ਲਈ ਤਿਆਰ ਨਹੀਂ ਸਨ। ਇਸੇ ਲਈ ਸੰਨ ੧੮੪੯ ਤੋਂ ਪਿੱਛੋਂ ਬਹੁਤੇ ਸਿੱਖ ਸਰਕਾਰ ਅੰਗਰੇਜ਼ੀ ਦੇ ਅਧੀਨ ਹੁੰਦੇ ਹੋਏ ਵੀ ਕੋਈ ਨੌਕਰੀ ਕਰਨੀ ਗੁਨਾਹ ਸਮਝਦੇ ਸਨ* ।

**ਅੰਗਰੇਜ਼ੀ ਹਕੂਮਤ ਦੀ ਨਰਮੀ**

ਵੈਦਕ ਦਾ ਅਸੂਲ ਹੈ ਕਿ ਸੱਤ ਵਰ੍ਹਿਆਂ ਪਿੱਛੋਂ ਆਦਮੀ ਦੀ ਕਾਇਆਂ ਪਲਟ ਜਾਂਦੀ ਹੈ ਤੇ ਸਰੀਰ ਦੇ ਸਾਰੇ ਹੀ ਅਣੂ-ਪ੍ਰਮਾਣੂ ਕਿਸੇ ਨ ਕਿਸੇ ਰੂਪ ਵਿਚ ਬਦਲ ਜਾਂਦੇ ਹਨ। ਇਹੋ ਹਾਲ ਕੁਝ ਸਮਾਂ ਲੰਘਣ ਤੇ ਅੰਗਰੇਜ਼ਾਂ ਦੇ ਇਸ ਵਿਰੋਧ ਭਾਵ ਦਾ ਵੀ ਹੋਇਆ। ਸੰਨ ੧੮੫੪ ਵਿਚ ਜਦ ਸਰਕਾਰ ਅੰਗਰੇਜ਼ੀ ਵਲੋਂ ਕਾਫ਼ੀ ਨਰਮੀ ਵਰਤੀ ਜਾਣ ਲੱਗ ਪਈ ਤਾਂ ਸਿੱਖ, ਜੋ ਪਹਿਲਾਂ ਅੰਗਰੇਜ਼ੀ ਹਕੂਮਤ ਨੂੰ ਆਪਣੀ ਦੁਸ਼ਮਨ ਸਮਝਦੇ ਸਨ,ਧੀਰੇ ਧੀਰੇ ਇਸ ਵਲ ਝੁਕਣ ਲੱਗ ਪਏ ਤੇ ਇਹ ਝੁਕਾਉ ਬੜੀ ਛੇਤੀ ਅਪਣਤ ਦੀ ਸ਼ਕਲ ਧਾਰਣ ਕਰਨ ਲੱਗ ਪਿਆ। ਕਈ ਸਿੱਖ ਸਰਦਾਰ,ਜੋ ਸਿੱਖਾਂ ਤੇ ਅੰਗਰੇਜ਼ਾਂ ਦੀ ਦੂਜੀ ਲੜਾਈ ਤੋਂ ਪਿੱਛੋਂ ਸੰਨ ੧੮੪੯ ਵਿਚ ਜੰਗੀ ਕੈਦੀ ਬਣਾ ਕੇ ਕਲਕੱਤੇ, ਬਨਾਰਸ ਆਦਿ ਥਾਵੀਂ ਭੇਜੇ ਗਏ ਸਨ, ਸੰਨ

*ਪੰਜਾਬ ਰੀਕਾਰਡਜ਼, ਸੰਨ ੧੮੫੨-੫੩।

Sri Satguru Jagjit Singh Ji eLibrary NamdhariElibrary@gmail.com

੧੮੫੪-੫੫ ਈ: ਵਿਚ ਹੀ ਛੱਡੇ ਗਏ ਤੇ ਕਈ ਹੋਰ ਪਾਬੰਦੀਆਂ ਵੀ ਉਨ੍ਹਾਂ ਉਤੇਂ ਕਾਫ਼ੀ ਹੱਦ ਤਕ ਨਰਮ ਕੀਤੀਆਂ ਗਈਆਂ। ਇਸ ਸਮੇਂ ਲਾਹੌਰ ਵਿਚ ਇਕ ਨਵੀਂ ਸਿੱਖ ਰਜਮੈਂਟ, ਜਿਸ ਦਾ ਨਾਉਂ ਕਰਨ ਰੈਟਰੇ ਦੀ ੪੫ਵੀਂ ਸਿੱਖ ਬਟਾਲੀਅਨ ਸੀ, ਦੇਸ਼ ਦੀ ਲੋੜ ਨੂੰ ਮੁਖ ਰਖਕੇ ਖੜ੍ਹੀ ਕੀਤੀ ਗਈ*।

## ਗ਼ਦਰ ਅਤੇ ਸਿੱਖ

ਇਸ ਤੋਂ ਪਿੱਛੋਂ ਆਇਆ ਸੰਨ ੧੮੫੭ ਈ: ਦੇ ਗ਼ਦਰ ਦਾ ਸਮਾਂ। ਇਹ ਗ਼ਦਰ ਭਾਰਤ ਵਰਸ਼ ਦੇ ਇਤਿਹਾਸ ਦੀ ਇਕ ਪ੍ਰਸਿੱਧ ਰੱਤ-ਰੰਗੀ ਘਟਨਾ ਹੈ। ਸਿੱਖਾਂ ਦਾ ਇਸ ਸਮੇਂ ਨਵੇਂ ਸਿਰਿਓਂ ਫ਼ੌਜੀ ਜੀਵਨ ਸ਼ੁਰੂ ਹੋਇਆ। ਇਹ ਗ਼ਦਰ ਕਿਵੇਂ ਤੇ ਕਿੱਥੋਂ ਸ਼ੁਰੂ ਹੋਇਆ, ਬਹੁਤੇ ਸਿੱਖ ਇਸ ਸਮੇਂ ਫ਼ੌਜ ਵਿਚ ਕਿਉਂ ਗਏ ਅਤੇ ਹਿੰਦੁਸਤਾਨੀ ਸਿਪਾਹੀ ਇਸ ਗ਼ਦਰ ਵਿਚ ਕਿਉਂ ਨਾ-ਕਾਮਯਾਬ ਹੋਏ, ਆਦਿ ਅਜਿਹੇ ਸਵਾਲ ਹਨ ਜਿਨ੍ਹਾਂ ਦਾ ਉੱਤਰ ਏਥੇ ਦਿੱਤਾ ਜਾਣਾ ਜ਼ਰੂਰੀ ਹੈ। ਸੋ ਇਸ ਬਾਰੇ ਜੇ ਕੁਝ ਲੋੜੀਂਦਾ ਖ਼ੁਲਾਸਾ ਦਿੱਤਾ ਜਾਵੇ ਤਾਂ ਅਜੋਗ ਨਹੀਂ ਹੋਵੇਗਾ।

## ਲਾਰਡ ਡਲਹੌਜ਼ੀ ਦੀ ਘਾਊ-ਘੱਪ ਨੀਤੀ

ਸੰਨ ੧੮੫੭ ਦੇ ਗ਼ਦਰ ਦਾ ਮੁੱਖ ਕਾਰਣ ਸਰਕਾਰ ਅਗਰੇਜ਼ੀ ਦੀ ਓਹ ਅਗਾਂਹ ਵਧੂ ਨੀਤੀ ਸੀ ਜੋ ਉਸ ਨੇ ਹਿੰਦੋਸਤਾਨ ਨੂੰ ਸਮੁੱਚੇ ਤੌਰ ਤੇ ਕਬਜ਼ੇ ਵਿਚ ਕਰਨ ਲਈ ਕੁਝ ਸਮੇਂ ਤੋਂ ਅਪਣਾ ਰੱਖੀ ਸੀ। ਲਾਰਡ ਡਲਹੌਜ਼ੀ ਨੇ ਪਹਿਲਾਂ ਇਹ ਨੀਤੀ ਪੰਜਾਬ ਉਤੇ ਵਰਤੀ ਤੇ ਪਿੱਛੋਂ ਪੇਗੂ (ਬਰਮਾ), ਸਤਾਰਾ, ਜ਼ੈਤ ਪੁਰ, ਕਰਨਾਟਕ, ਝਾਂਸੀ, ਨਾਗਪੁਰ, ਤੰਜੌਰ ਤੇ ਸੰਬਲਪੁਰ ਦੀਆਂ ਰਿਆਸਤਾਂ ਇਸੇ ਨੀਤੀ ਨਾਲ ਖ਼ਤਮ ਕਰ ਦਿੱਤੀਆਂ। ਇਨ੍ਹਾਂ ਰਿਆਸਤਾਂ ਨੂੰ ਕਾਬੂ ਕਰਨ ਲਈ ਹਰੇਕ ਤਰ੍ਹਾਂ ਦੇ ਜੋਗ ਤੇ ਅਜੋਗ ਢੰਗ ਵਰਤੇ ਗਏ ਜਿਸ ਕਰ ਕੇ ਰਾਜਾ ਤੇ ਪ੍ਰਜਾ ਦਾ ਪਰਸਪਰ ਵਖੇਵਾਂ ਇਸ ਗ਼ਦਰ ਦਾ ਸਭ ਤੋਂ ਪਹਿਲਾ ਕਾਰਣ ਸੀ।

## ਅਹਿਦਨਾਮੇ ਤੇ ਵਾਰਿਸੀ ਦੇ ਹੱਕ

ਸਰਕਾਰ ਅੰਗਰੇਜ਼ੀ ਨਾਲ ਪਹਿਲਾਂ ਇਨ੍ਹਾਂ ਰਿਆਸਤਾਂ ਦੇ ਦੋਸਤਾਨਾ ਅਹਿਦ-ਨਾਮੇ ਸਨ। ਕੁਝ ਚਿਰ ਉਨ੍ਹਾਂ ਅਹਿਦਨਾਮਿਆਂ ਉਤੇ ਅਮਲ ਵੀ ਹੁੰਦਾ ਰਿਹਾ ਪਰ ਤਦ ਤਕ ਹੀ ਜਦ ਅਜੇ ਅੰਗਰੇਜ਼ਾਂ ਦੇ ਪੈਰ ਏਥੇ ਜਮੇਂ ਨਹੀਂ ਸਨ। ਜਦ ਅੰਗ-ਰੇਜ਼ੀ ਸਰਕਾਰ ਦੀ ਤਾਕਤ ਮਜ਼ਬੂਤ ਹੋ ਗਈ ਤਾਂ ਉਹੋ ਅਹਿਦ-ਨਾਮੇ ਕਈ ਤਰੀਕਿਆਂ ਨਾਲ ਬਦਲੇ ਜਾਣ ਲੱਗ ਪਏ। ਕੌਲ-ਕਰਾਰਾਂ ਦੀ ਇਸ ਉਧੇੜ-ਬੁਣ ਵਿਚ ਹੀ ਦੇਸ਼ੀ ਰਿਆਸਤਾਂ ਉਤੇ ਇਕ ਅਜਿਹੀ ਸ਼ਰਤ ਲਾਈ ਗਈ ਜਿਸ ਦੇ ਅਨੁਸਾਰ ਜੇ ਕੋਈ ਰਾਜਾ ਜਾਂ ਸਰਦਾਰ ਲਾਵਾਰਿਸ ਮਰ ਜਾਂਦਾ ਤਾਂ ਸਰਕਾਰ ਅੰਗਰੇਜ਼ੀ ਉਸ ਦਾ ਰਾਜ ਜ਼ਬਤ ਕਰ ਸਕਦੀ ਸੀ। ਇਸ ਹਾਲਤ

*Indian Army List, II, 1946; P. 1546, R. H. Anderson History of the 1st. B. 45th Rattray's Sikhs, 1925, P.9.

Sri Satguru Jagjit Singh Ji eLibrary NamdhariElibrary@gmail.com

ਵਿਚ ਕਿਸੇ ਰਈਸ ਅਥਵਾ ਰਾਜੇ ਨੂੰ ਆਪਣਾ ਪਾਲਕ ਪੁਤ੍ਰ ਬਣਾਣ ਦਾ ਅਧਿਕਾਰ ਨਹੀਂ ਸੀ। ਕਈ ਵੇਰ ਰਈਸਾਂ ਦੇ ਔਰਸ ਪੁਤ੍ਰ ਵੀ ਇਹ ਅੜਿੱਕਾ ਡਾਹ ਕੇ ਕਿ ਉਹ ਵਿਆਹੁਤਾ ਰਾਣੀ ਜਾਂ ਬੇਗਮ ਦੇ ਪੇਟੋਂ ਨਹੀਂ ਹਨ, ਲਾ ਵਾਰਿਸ ਕਰਾਰ ਦਿੱਤੇ ਜਾਂਦੇ ਸਨ।

**ਲਾਰਡ ਕੈਨਿੰਗ**

ਇਸ ਨੀਤੀ ਦਾ ਪ੍ਰਸਿੱਧ ਸੰਚਾਲਕ ਲਾਰਡ ਡਲਹੌਜ਼ੀ ਸੰਨ ੧੮੫੬ ਵਿਚ ਬਦਲਿਆ ਤੇ ਉਸ ਦੀ ਥਾਵੇਂ ਲਾਰਡ ਕੈਨਿੰਗ ਹਿੰਦੁਸਤਾਨ ਦਾ ਗਵਰਨਰ ਜਨਰਲ ਹੋ ਕੇ ਆਇਆ। ਡਲਹੌਜ਼ੀ ਚੂੰਕਿ ਵਿਰੋਧ ਦੀ ਚੰਗਿਆੜੀ ਸੁੱਟ ਗਿਆ ਸੀ ਤੇ ਪਿੱਛੋਂ ਉਸ ਨੂੰ ਬੁਝਾਉਣ ਦਾ ਕੋਈ ਜਤਨ ਨਹੀਂ ਸੀ ਹੋਇਆ ਇਸ ਲਈ ਉਹੋ ਅੱਗ ਅੱਗੇ ਚੱਲ ਕੇ ਗ਼ਦਰ ਦਾ ਭਾਬੜ ਬਣ ਕੇ ਮੱਚਣ ਲੱਗ ਪਈ।

**ਅੰਗਰੇਜ਼ਾਂ ਦਾ ਮਜ਼ਹਬੀ ਪੱਖਪਾਤ**

ਗ਼ਦਰ ਦਾ ਦੂਜਾ ਪ੍ਰਧਾਨ ਕਾਰਣ ਸਰਕਾਰ ਅੰਗਰੇਜ਼ੀ ਦਾ ਧਾਰਮਿਕ ਪੱਖਪਾਤ ਸੀ। ਇਹ ਝਗੜਾ ਕੁਝ ਇਥੋਂ ਵੀ ਤੁਰਿਆ ਕਿ ਸਰਕਾਰੀ ਕਾਗਜ਼ਾਂ ਵਿਚ ਹਿੰਦੁਸਤਾਨੀਆਂ ਨੂੰ Heathens' ਅਰਥਾਤ—'ਕਾਫ਼ਰ' ਲਿਖਿਆ ਜਾਂਦਾ ਸੀ। ਸਕੂਲਾਂ ਵਿਚ ਬਾਈਬਲ ਪੜ੍ਹਾਈ ਜਾਂਦੀ ਸੀ। ਉਸ ਦੇ ਮੁਕਾਬਲੇ ਤੇ ਹੋਰ ਕਿਸੇ ਮਜ਼ਹਬ ਦੀ ਕਿਤਾਬ ਨੂੰ ਥਾਂ ਨਹੀਂ ਸੀ। ਈਸਾਈ ਪ੍ਰਚਾਰਕਾਂ ਵਲੋਂ ਹੋਰ ਮਜ਼ਹਬਾਂ ਨੂੰ ਐਲਾਨੀਆ ਨਿੰਦਿਆ ਜਾਂਦਾ ਸੀ। ਕਈ ਥਾਵੀਂ ਲੋਕਾਂ ਨੂੰ ਪ੍ਰੇਰ ਕੇ ਜਾਂ ਕੋਈ ਡਰ ਅਥਵਾ ਲਾਲਚ ਦੇ ਕੇ ਈਸਾਈ ਵੀ ਬਣਾਇਆ ਜਾਂਦਾ ਸੀ। ਚੁਨਾਂਚਿ ਮਹਾਰਾਜਾ ਦਲੀਪ ਸਿੰਘ ਇਸੇ ਤਰ੍ਹਾਂ ਪ੍ਰੇਰ ਕੇ ਈਸਾਈ ਬਣਾਇਆ ਗਿਆ ਸੀ। ਇਹ 'ਧਾਰਮਿਕ' ਪੱਖਪਾਤ ਸਿਵਲ ਦੇ ਮਹਿਕਮਿਆਂ ਤੱਕ ਹੀ ਮਹਿਦੂਦ ਨਾ ਰਿਹਾ, ਬਲਕਿ ਪਿੱਛੋਂ ਇਸ ਨੂੰ ਫ਼ੌਜ ਵਿਚ ਵੀ ਦਾਖ਼ਲ ਕੀਤਾ ਗਿਆ। ਫ਼ੌਜ ਦਾ ਇਸ ਸਮੇਂ ਇਹ ਹਾਲ ਸੀ ਕਿ ਜੋ ਸਿਪਾਹੀ ਇਕ ਵੇਰ ਈਸਾਈ ਬਣ ਜਾਂਦਾ ਉਸ ਨੂੰ ਝਟ ਪਟ ਤਰੱਕੀ ਮਿਲ ਜਾਂਦੀ ਸੀ, ਨਹੀਂ ਤਾਂ ਕੋਈ ਕਿਸੇ ਦੀ ਪ੍ਰਵਾਹ ਘੱਟ ਹੀ ਕਰਦਾ ਸੀ। ਸਰਕਾਰ ਅੰਗਰੇਜ਼ੀ ਦੀ ਇਸ ਅਨਿਆਂ ਪੂਰਣ ਨੀਤੀ ਨੇ ਹਿੰਦੁਸਤਾਨੀਆਂ ਨੂੰ ਉਸ ਤੋਂ ਵਿਰੁੱਧ ਉੱਠਣ ਲਈ ਕਾਫ਼ੀ ਹੱਦ ਤੱਕ ਟੁੰਬਿਆ।

**ਅਵਧ ਤੇ ਬਰਾਰ ਦੀ ਜ਼ਬਤੀ**

ਰਾਜਸੀ ਮੈਦਾਨ ਵਿਚ ਸਰਕਾਰ ਦੀ ਇਹ ਨੀਤੀ ਕੁਝ ਚਿਰ ਪਿੱਛੋਂ ਰਤਾ ਹੋਰ ਵੀ ਅਗੇਰੇ ਵਧੀ। ੮ ਫ਼ਰਵਰੀ, ਸੰਨ ੧੮੫੬ ਈ: ਨੂੰ ਲਖਨਊ ਦੀ ਮੁਸਲਮਾਨੀ ਰਿਆਸਤ ਅਵਧ ਜ਼ਬਤ ਕੀਤੀ ਗਈ*। ਇਸੇ ਤਰ੍ਹਾਂ ਨਜ਼ਾਮ ਹੈਦਰਾਬਾਦ (ਦੱਖਣ) ਤੋਂ ਬਰਾਰ ਦਾ ਇਲਾਕਾ, ਜੋ ਪਹਿਲਾਂ ਰਿਆਸਤ ਨਾਗਪੁਰ ਨਾਲੋਂ ਤੋੜ ਕੇ ਉਸ ਨੂੰ ਦਿੱਤਾ ਗਿਆ ਸੀ, ਸਰਕਾਰ ਅੰਗਰੇਜ਼ੀ ਨੇ ਵਾਪਸ ਲੈ ਲਿਆ।

ਮੁਗ਼ਲ ਬਾਦਸ਼ਾਹ ਬਹਾਦੁਰ ਸ਼ਾਹ ਦਿੱਲੀ ਇਸ ਸਮੇਂ ਸਰਕਾਰ ਅੰਗਰੇਜ਼ੀ ਦਾ ਪੈਨਸ਼ਨ ਖ਼੍ਵਾਰ ਸੀ। ਉਸ ਦੇ ਹੱਕ, ਜੋ ਕੁਝ ਤਾਂ ਪਹਿਲਾਂ ਹੀ ਘੱਟ ਸਨ, ਹੁਣ ਹੋਰ ਵੀ ਘਟਾ

*Charles Ball, History of the Indian Mutiny, I, P. 146.

Sri Satguru Jagjit Singh Ji eLibrary NamdhariElibrary@gmail.com

ਦਿੱਤੇ ਗਏ। ਗਵਰਨਰ ਜਨਰਲ ਅਤੇ ਪ੍ਰਧਾਨ ਸੈਨਾਪਤੀ (Commander-in-Chief) ਬਾਦਸ਼ਾਹ ਨੂੰ ਜੋ ਨਜ਼ਰ ਦਿੰਦੇ ਸਨ, ਉਹ ਇਸ ਸਮੇਂ ਹਟਾ ਦਿੱਤੀ ਗਈ। ਹੁਣ ਰੁਪਏ ਉਤੇ ਮੁਗਲ ਬਾਦਸ਼ਾਹ ਦੇ ਨਾਮ ਦਾ ਠੱਪਾ ਨਹੀਂ ਸੀ ਲਗਦਾ। ਸਰਕਾਰੀ ਕਾਗ਼ਜ਼ਾਂ ਉਤੇ ਲੱਗਣ ਵਾਲੀਆਂ ਮੁਹਰਾਂ ਵਿਚੋਂ ਬਾਦਸ਼ਾਹ ਬਾਰੇ ਅਧੀਨਤਾ ਸੂਚਕ ਸ਼ਬਦ ਕੱਢ ਦਿੱਤੇ ਗਏ*। ਇਕ ਅਜਿਹਾ ਨੇਮ ਲਾਗੂ ਕੀਤਾ ਗਿਆ ਜਿਸ ਦੇ ਅਨੁਸਾਰ ਬਾਦਸ਼ਾਹ ਨੂੰ ਆਪਣਾ ਵਲੀ ਅਹਿਦ (ਯੁਵਰਾਜ) ਚੁਣਨ ਦਾ ਹੱਕ ਨਹੀਂ ਸੀ। ਇਸ ਤੋਂ ਇਲਾਵਾ ਹਿੰਦੁਸਤਾਨ ਦੇ ਸਾਰੇ ਰਾਜੇ, ਮਹਾਰਾਜੇ ਤੇ ਰਈਸਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਅੱਗੇ ਤੋਂ ਆਪਣੇ ਆਪ ਨੂੰ ਬਾਦਸ਼ਾਹ ਦਿੱਲੀ ਦੇ ਮਾਤਹਿਤ ਨਾ ਸਮਝਣ।

**ਸ਼ਾਹ ਦਿੱਲੀ ਦੇ ਹੱਕਾਂ ਤੇ ਛਾਪਾ**

ਰਿਆਸਤ ਅਵਧ ਦੀ ਜ਼ਬਤੀ ਅਤੇ ਸ਼ਾਹ ਦਿੱਲੀ ਦੇ ਹੱਕਾਂ ਤੇ ਛਾਪਾ ਇਹ ਦੋ ਅਜਿਹੀਆਂ ਗੱਲਾਂ ਸਨ ਜਿਨ੍ਹਾਂ ਦੇ ਕਾਰਣ ਮੁਸਲਮਾਨਾਂ ਵਿਚ ਜੋਸ਼ ਫੈਲਿਆ। ਸਰਕਾਰ ਕੰਪਨੀ ਦੀ ਅਗਾਂਹ ਵਧੂ ਨੀਤੀ ਤੋਂ ਵਿਰੁੱਧ ਇਹ ਜੋਸ਼ ਕੇਵਲ ਦਿੱਲੀ ਜਾਂ ਲਖਨਊ ਤਕ ਹੀ ਸੀਮਿਤ ਨਾ ਰਿਹਾ, ਸਗੋਂ ਸੰਯੁਕਤ ਪ੍ਰਾਂਤ (ਯੂ. ਪੀ.) ਤੇ ਮੱਧ ਪ੍ਰਾਂਤ (ਸੀ. ਪੀ.) ਦੇ ਬਹੁਤ ਸਾਰੇ ਰਜਵਾੜੇ ਅਥਵਾ ਨਿੱਕੇ ਮੋਟੇ ਰਈਸ, ਜਿਨ੍ਹਾਂ ਦੇ ਰਾਜ-ਅਧਿਕਾਰ ਸਰਕਾਰ ਨੇ ਖੋਹੇ ਸਨ ਜਾਂ ਜਿਨ੍ਹਾਂ ਦੀਆਂ ਪੈਨਸ਼ਨਾਂ ਜ਼ਬਤ ਕੀਤੀਆਂ ਸਨ ਅਥਵਾ ਜੋ ਆਪਣੇ ਵਲੀ ਅਹਿਦ ਚੁਣਨ ਦੇ ਅਧਿਕਾਰ ਤੋਂ ਵਾਂਜੇ ਕੀਤੇ ਗਏ ਸਨ, ਇਸ ਸਮੇਂ ਮੁਸਲਮਾਨਾਂ ਦੇ ਨਾਲ ਮਿਲ ਗਏ। ਅਜਿਹੇ ਰਈਸਾਂ ਵਿਚੋਂ ਨਾਨਾ ਸਾਹਿਬ ਧੂਦੂ ਪੰਤ (ਕਾਨ੍ਹਪੁਰ), ਰਾਣੀ ਝਾਂਸੀ, ਤਾਂਤੀਆ ਟੋਪੇ, ਕੂੰਵਰ ਸਿੰਘ ਜਗਦੀਸ਼ ਪੁਰ (ਵਿਹਾਰ), ਰਾਜਾ ਨਾਹਰ ਸਿੰਘ ਬੱਲਬ ਗੜ੍ਹ, ਨਵਾਬ ਝੱਜਰ, ਰਈਸ ਰਾਣੀਆਂ ਤੇ ਦਾਦਰੀ ਆਦਿ ਦੇ ਨਾਮ ਪ੍ਰਸਿੱਧ ਹਨ। ਇਹ ਜੋਸ਼ ਇਤਨੀ ਛੇਤੀ ਗ਼ਦਰ ਦੀ ਸ਼ਕਲ ਵਿਚ ਨਾ ਪਲਟਦਾ ਜੇ ਉਨ੍ਹਾਂ ਦੇ ਨਾਲ ਮਜ਼ਹਬੀ ਜੋਸ਼ ਵਿਚ ਮਤਵਾਲੇ ਹੋ ਕੇ ਹਿੰਦੁਸਤਾਨੀ (ਪੂਰਬੀਏ) ਸਿਪਾਹੀ ਸ਼ਾਮਲ ਨਾ ਹੁੰਦੇ।

**ਗ਼ਦਰ ਦਾ ਮੁੱਢ**

## ੨.

ਹਿੰਦੁਸਤਾਨੀ ਸਿਪਾਹੀ, ਜ ਇਸ ਗ਼ਦਰ ਵਿਚ ਸ਼ਾਮਲ ਹੋਏ, ਖ਼ਾਸ ਕਰਕੇ ਸੰਯੁਕਤ ਪ੍ਰਾਂਤ (ਯੂ. ਪੀ.) ਤੇ ਮੱਧ ਪ੍ਰਾਂਤ (ਸੀ.ਪੀ.) ਆਦਿ ਇਲਾਕਿਆਂ ਵਿਚੋਂ ਅੰਗਰੇਜ਼ੀ ਫ਼ੌਜਾਂ ਵਿਚ ਭਰਤੀ ਕੀਤੇ ਹੋਏ ਸਨ। ਬਹੁਤੇ ਸਿਪਾਹੀ ਉਨ੍ਹਾਂ ਵਿਚੋਂ ਉੱਚੀਆਂ ਜਾਤਾਂ ਦੇ ਬ੍ਰਾਹਮਣ, ਛਤ੍ਰੀ ਆਦਿ ਲੋਕ ਸਨ। ਕੁਝ ਮੁਸਲਮਾਨ ਵੀ ਸਨ, ਪਰ ਬਹੁਤੇ ਅਜਿਹੇ ਸਿਪਾਹੀ ਜਾਂ ਸਰਦਾਰ ਸਨ ਜਿਨ੍ਹਾਂ ਨੇ ਪੁਸ਼ਤਾਂ ਤੋਂ ਮੁਗ਼ਲ ਦਰਬਾਰ, ਨਵਾਬ ਅਵਧ ਅਤੇ ਜ਼ਬਤ ਹੋਈਆਂ ਹਿੰਦੂ

*The Punjab and Delhi in 1857, I, PP. 362—63.

Sri Satguru Jagjit Singh Ji eLibrary NamdhariElibrary@gmail.com

ਰਿਆਸਤਾਂ ਦੀ ਛਤ੍ਰ ਛਾਇਆ ਹੇਠ ਮੌਜਾਂ ਮਾਣੀਆਂ ਸਨ। ਧਾਰਮਿਕ ਖ਼ਿਆਲਾਂ ਵਿਚ ਪ੍ਰਪੱਕ ਹੋਣ ਤੋਂ ਇਲਾਵਾ ਪਰਬੀਏ ਹਿੰਦੂ ਛੂਤ-ਛਾਤ ਦਾ ਵਹਿਮ ਵੀ ਲੋੜ ਨਾਲੋਂ ਕੁਝ ਵੱਧ ਹੀ ਰਖਦੇ ਹਨ, ਇਸੇ ਲਈ ਉਨ੍ਹਾਂ ਬਾਰੇ ਇਕ ਅਖਾਣ ਵੀ ਹੈ—'ਅੱਠ ਪੂਰਬੀਏ ਤੇ ਨੌਂ ਚੁਲ੍ਹੇ।' ਸੋ ਉਹ ਸਿਪਾਹੀ ਸਰਕਾਰ ਅੰਗਰੇਜ਼ੀ ਦੀ ਉਸ ਧਾਰਮਿਕ ਨੀਤੀ ਤੋਂ, ਜੋ ਹਿੰਦੁਸਤਾਨੀ ਸਿਪਾਹੀਆਂ ਨੂੰ ਈਸਾਈਅਤ ਵਲ ਖਿੱਚਣ ਲਈ ਵਰਤੀ ਜਾ ਰਹੀ ਸੀ, ਪਹਿਲਾਂ ਹੀ ਬੇਜ਼ਾਰ ਸਨ, ਇਸ ਲਈ ਬਗ਼ਾਵਤ ਵਲ ਝੁਕਣਾ ਉਨ੍ਹਾਂ ਵਾਸਤੇ ਕੋਈ ਅਨਹੋਣੀ ਗੱਲ ਨਹੀਂ ਸੀ।

**ਪੂਰਬੀਏ ਸਿਪਾਹੀ**

ਅਚਾਣਕ ਇਸ ਸਮੇਂ ਹਿੰਦੁਸਤਾਨ ਵਿਚ ਨਵੇਂ ਕਾਰਤੂਸ ਆਏ, ਜਿਨ੍ਹਾਂ ਨੇ ਹਿੰਦੂ—ਮੁਸਲਮਾਨਾਂ ਦੇ ਇਸ ਧਾਰਮਿਕ ਜੋਸ਼ ਨੂੰ ਬਗ਼ਾਵਤ ਦੀ ਸ਼ਕਲ ਦੇ ਦਿੱਤੀ। ਇਹ ਕਾਰਤੂਸ, ਜੋ ਫ਼ੌਜਾਂ ਵਿਚ ਭੇਜੇ ਗਏ, ਉਪਰੋਂ ਚਿਕਨੇ ਹੋਣ ਕਰਕੇ ਦੰਦਾਂ ਨਾਲ ਫ਼ੀਤਾ ਕੱਟ ਕੇ ਬੰਦੂਕਾਂ ਵਿਚ ਭਰਨੇ ਪੈਂਦੇ ਸਨ। ਹਿੰਦੁਸਤਾਨੀ ਸਿਪਾਹੀਆਂ ਨੂੰ ਸ਼ੱਕ ਗੁਜ਼ਰਿਆ ਕਿ ਸਰਕਾਰ ਅੰਗਰੇਜ਼ੀ ਨੇ ਇਹ ਕਾਰਤੂਸ ਗਊ ਤੇ ਸੂਰ ਦੀ ਚਰਬੀ ਲਗਵਾਕੇ ਉਨ੍ਹਾਂ ਦਾ ਧਰਮ ਵਿਗਾੜਨ ਲਈ ਮੰਗਵਾਏ ਹਨ। ਮੁੱਖ ਅੰਗ੍ਰੇਜ਼ ਅਫ਼ਸਰਾਂ ਨੇ ਉਨ੍ਹਾਂ ਦਾ ਸ਼ੱਕ ਰਫ਼ਾ ਕਰਨ ਦੀ ਕੋਸ਼ਿਸ਼ ਵੀ ਕੀਤੀ ਕਿ ਇਨ੍ਹਾਂ ਵਿਚ ਕਿਸੇ ਅਜਿਹੇ ਜਾਨਵਰ ਦੀ ਚਰਬੀ ਨਹੀਂ ਹੈ, ਪਰ ਇਸ ਗੱਲ ਤੇ ਕਿਸੇ ਨੂੰ ਯਕੀਨ ਨਾ ਆਇਆ*।

**ਚਰਬੀ ਮਿਲੇ ਕਾਰਤੂਸ**

ਕਾਰਤੂਸਾਂ ਬਾਰੇ ਇਹ ਝਗੜਾ ਪਹਿਲੇ ਪਹਿਲ ਜਨਵਰੀ ਸੰਨ ੧੮੫੭ ਵਿਚ ਦਮ ਦਮ ਨਾਮੀ ਸਥਾਨ ਤੇ ਕਲਕੱਤਿਓਂ ਸ਼ੁਰੂ ਹੋਇਆ। ਗੱਲ ਇਉਂ ਹੋਈ ਕਿ ਇਕ ਖ਼ਲਾਸੀ ਨੇ, ਜੋ ਜਾਤਿ ਦਾ ਸ਼ੂਦ੍ਰ ਸੀ ਤੇ ਉਸੇ ਮੇਗਜ਼ੀਨ ਵਿਚ ਕੰਮ ਕਰਦਾ ਸੀ, ਕਿਸੇ ਬ੍ਰਾਹਮਣ ਸਿਪਾਹੀ ਤੋਂ ਪਾਣੀ ਪੀਣ ਵਾਸਤੇ ਲੋਟਾ ਮੰਗਿਆ। ਅੱਗੋਂ ਉਸ ਸਿਪਾਹੀ ਨੇ ਇਹ ਕਹਿਕੇ 'ਨਾਂਹ' ਕਰ ਦਿੱਤੀ ਕਿ ਮੇਰਾ ਲੋਟਾ ਭਿੱਟਿਆ ਜਾਵੇਗਾ। ਇਸ ਦੇ ਉੱਤਰ ਵਿਚ ਉਹ ਖ਼ਲਾਸੀ ਬੜਾ ਛਿੱਥਾ ਪਿਆ ਤੇ ਆਖਣ ਲੱਗਾ—'ਤੁਹਾਡਾ ਇਹ ਜਾਤੀ ਅਭਿਮਾਨ ਥੋੜੇ ਦਿਨਾਂ ਵਿਚ ਹੀ ਨੀਵਾਂ ਹੋ ਜਾਵੇਗਾ। ਦੇਖੋ ਹੁਣ ਗਊ ਤੇ ਸੂਰ ਦੀ ਚਰਬੀ ਮਿਲੇ ਅਜਿਹੇ ਕਾਰਤੂਸ ਆਏ ਹਨ ਜੋ ਤੁਹਾਨੂੰ ਦੰਦਾਂ ਨਾਲ ਫੀਤਾ ਕੱਟ ਕੇ ਬੰਦੂਕਾਂ ਵਿਚ ਭਰਨੇ ਪਿਆ ਕਰਨਗੇ।' ਬ੍ਰਾਹਮਣ ਸਿਪਾਹੀ ਨੇ ਉਸ ਦੇ ਇਹ ਲਫ਼ਜ਼ ਆਪਣੇ ਸਾਥੀਆਂ ਨੂੰ ਜਾ ਸੁਣਾਏ ਜਿਸ ਤੋਂ ਫ਼ੌਜੀ ਡੀਪੂ ਵਿਚ ਬੜੀ ਹਲ ਚਲ ਪੈਦਾ ਹੋ ਗਈ। ਪਤਾ ਲੱਗਣ ਤੇ ਅੰਗਰੇਜ਼ੀ ਅਫ਼ਸਰਾਂ ਨੇ ਕੁਝ ਨਰਮਾਈ ਵਰਤੀ ਤੇ ਉਨ੍ਹਾਂ ਨੂੰ ਸ਼ਾਂਤ ਕਰ ਦਿੱਤਾ**।

**ਕਲਕੱਤੇ ਦੀ ਸ਼ੋਰਸ਼**

ਇਸ ਸਮੇਂ ਝਗੜਾ ਤਾਂ ਰੁਕ ਗਿਆ, ਪਰ ਕੁਝ ਅਫ਼ਸਰਾਂ ਦੀ ਬੇ-ਪ੍ਰਵਾਹੀ ਦੇ

---

*ਵਕ੍ਹਾਏ ਸ੍ਰੀ ਰਾਮ ਦਿਹਲਵੀ (ਉਰਦੂ), ਸਫ਼ਾ ੨੬।

**Charles Ball, History of the Indian Mutiny, I, P. 37.

Sri Satguru Jagjit Singh Ji eLibrary NamdhariElibrary@gmail.com

ਕਾਰਣ ਕਵੀ ਅਜਿਹਾ ਪੱਕਾ ਫ਼ੈਸਲਾ, ਜੋ ਦੋਹਾਂ ਧਿਰਾਂ ਵਾਸਤੇ ਲਾਭਦਾਇਕ ਹੁੰਦਾ, ਨਾ ਕੀਤਾ ਗਿਆ, ਵੈਸੇ ਸਿਪਾਹੀਆਂ ਦਾ ਮਨ ਰੱਖਣ ਲਈ ਕੁਝ ਕਾਗਜ਼ੀ ਕਾਰਰਵਾਈ ਜ਼ਰੂਰ ਹੁੰਦੀ ਰਹੀ। ਇਸ ਤੋਂ ਪਿੱਛੋਂ ੨੪ ਫ਼ਰਵਰੀ ਨੂੰ ਪਹਿਲਾਂ ਬਹਿਰਾਮ ਪੁਰੋਂ ਤੇ ਫੇਰ ਕੁਝ ਦਿਨਾਂ ਬਾਦ ਬੈਰਕ ਪੁਰ ਦੀ ਛਾਉਣੀ ਵਿਚੋਂ ਇਹੋ ਦੁੰਦ ਮੁੜ ਉਠ ਖੜਾ ਹੋਇਆ। ਕਾਰਣ ਇਸ ਦਾ ਉਹੋ ਚਰਬੀ ਮਿਲੇ ਕਾਰਤੂਸ ਲੈਣ ਤੋਂ ਰਜਮਟ ਨੰ: ੧੯ ਤੇ ੩੪ ਦੇ ਦੇਸੀ ਸਿਪਾਹੀਆਂ ਦਾ ਇਨਕਾਰੀ ਹੋਣਾ ਸੀ। ਧਾਰਮਿਕ ਜੋਸ਼ ਵਿਚ ਆ ਕੇ ਇਨ੍ਹਾਂ ਰਜਮਟਾਂ ਦੇ ਸਿਪਾਹੀਆਂ ਨੇ ਕਈ ਅੰਗਰੇਜ਼ਾਂ ਦੇ ਬੰਗਲੇ ਫੂਕ ਸੁੱਟੇ ਤੇ ੩੪ਵੀਂ ਪਲਟਨ ਦਾ ਇਕ ਅੰਗਰੇਜ਼ ਸਾਰਜੰਟ ਮੇਜਰ ਮਾਰਿਆ ਵੀ ਗਿਆ। ਸਰਕਾਰ ਅੰਗਰੇਜ਼ੀ ਨੇ ਹੁਕਮ ਅਦੂਲੀ ਦੇ ਦੋਸ਼ ਵਿਚ ਇਹ ਦੋਵੇਂ ਪਲਟਨਾਂ ਤੋੜ ਦਿੱਤੀਆਂ ਤੇ ਇਸ ਸ਼ੋਰਸ਼ ਦੇ ਮੋਢੀ ਜਮਾਦਾਰ ਈਸ਼ੂਰ ਪਾਂਡੇ ਤੇ ਮੰਗਲ ਪਾਂਡੇ ਨੂੰ ਫਾਂਸੀ ਦੀ ਸਜ਼ਾ ਦੇ ਦਿੱਤੀ।

**ਬੈਰਕ ਪੁਰ ਦੀ ਬਗ਼ਾਵਤ**

ਬੈਰਕ ਪੁਰ ਦੀ ਇਸ ਨਿੱਕੀ ਜਿਹੀ ਬਗ਼ਾਵਤ ਦੇ ਵਾ–ਵਰੋਲੇ ਵਿਚ ਇਕ ਤੂਫ਼ਾਨ ਲੁਕਿਆ ਹੋਇਆ ਸੀ ਜੋ ਅਗੇ ਚੱਲ ਕੇ ਬੇ–ਗੁਨਾਹ ਲੋਕਾਂ ਉਤੇ ਕਹਿਰਾਂ ਦਾ ਝੱਖੜ ਬਣ ਕੇ ਝੁੱਲਿਆ ਤੇ ਇਕ ਵਾਰਿਓਂ ਉਨ੍ਹਾਂ ਦੀ ਸਫ਼ਾਈ ਕਰਦਾ ਹੀ ਚਲਿਆ ਗਿਆ। ਬੈਰਕ ਪੁਰ ਦੇ ਸਿਪਾਹੀ, ਜੋ ਨੌਕਰੀਆਂ ਤੋਂ ਹਟਾਏ ਗਏ, ਬਹੁਤੇ ਲਖਨਊ ਦੇ ਨੇੜ ਤੇੜ ਤੋਂ ਉੱਚੀਆਂ ਜ਼ਾਤਾਂ ਦੇ. ਬ੍ਰਾਹਮਣ, ਛਤ੍ਰੀ ਆਦਿ ਸਨ। ਸੋ ਜਦ ਉਹ ਆਪੋ ਆਪਣੇ ਪਿੰਡਾਂ ਵਿਚ ਗਏ ਤਾਂ ਗ਼ਦਰ ਦੇ ਸੁਨੇਹੇ ਉਨ੍ਹਾਂ ਦੇ ਹੱਥਾਂ ਵਿਚ ਸਨ ਤੇ ਸਾਰੇ ਪੇਂਡੂ ਲੋਕਾਂ ਦੀ ਹਮਦਰਦੀ ਉਨ੍ਹਾਂ ਦੇ ਨਾਲ ਸੀ। ਉਹ ਸਿਪਾਹੀ ਘਰ ਜਾ ਕੇ ਵਿਹਲੇ ਨਹੀਂ ਬੈਠੇ, ਸਗੋਂ ਹੋਰ ਸਿਪਾਹੀਆਂ ਨਾਲ ਮਿਲਕੇ, ਜੋ ਇਸ ਸਮੇਂ ਸਰਕਾਰੀ ਨੌਕਰੀ ਵਿਚ ਸਨ, ਦੇਸ ਵਿਆਪੀ ਗ਼ਦਰ ਫੈਲਾਉਣ ਲਈ ਗੰਢ–ਤਪ ਕਰਨ ਲਗੇ ਤੇ ਸਭ ਨੂੰ ਇਕ ਲੜੀ ਵਿਚ ਪਰੋਣ ਲੱਗੇ।

**ਸਿਪਾਹੀਆਂ ਦੇ ਜਤਨ**

ਦੇਸ਼ ਵਿਚ ਗ਼ਦਰ ਫੈਲਾਉਣ ਦਾ ਇਕ ਜ਼ਰੀਆ ਇਸ ਸਮੇਂ ਚਪਾਤੀਆਂ ਅਥਵਾ ਰੋਟੀਆਂ ਦੀ ਤਕਸੀਮ ਸੀ, ਜੋ ਇਕ ਥਾਂ ਤੋਂ ਦੂਜੀ ਥਾਂ ਭੇਜੀਆਂ ਜਾਂਦੀਆਂ ਸਨ। ਇਹ ਸਿਲਸਲਾ ਵੀ ਗ਼ਦਰ ਦੇ ਮੁਢਲੇ ਦਿਨਾਂ ਵਿਚ ਹੀ ਚਲਾਇਆ ਗਿਆ। ਅਸਲ ਭਾਵ ਇਨ੍ਹਾਂ ਚਪਾਤੀਆਂ ਤੋਂ ਇਹ ਸੀ ਕਿ ਹੁਣ ਹਿੰਦੁਸਤਾਨੀਆਂ ਦੀ ਰੋਟੀ ਖ਼ਤਰੇ ਵਿਚ ਹੈ,ਇਸ ਲਈ ਇਸ ਦੇ ਬਚਾਉ ਲਈ ਮਿਲਵਾਂ ਯਤਨ ਕਰੋ। ਪਿੰਡਾਂ ਦੀ ਜਨਤਾ ਨੂੰ ਇਕ ਲੜੀ ਵਿਚ ਪਰੋਣ ਲਈ ਇਹ ਇਕ ਅਜੀਬ ਜਿਹਾ ਢੰਗ ਸੀ। ਕਾਨ੍ਹ ਪੁਰ ਦੇ ਪਿੰਡਾਂ* ਵਿਚ ਜਿਥੇ ਇਹ ਸਿਲਸਿਲਾ ਆਰੰਭ ਹੋਇਆ, ਭਰੋਸੇ–ਯੋਗ ਚੌਕੀਦਾਰਾਂ ਜਾਂ ਸਿਪਾਹੀਆਂ ਦੇ ਹੱਥੀਂ ਕੁਝ ਰੋਟੀਆਂ ਬਣਾ ਕੇ ਦੂਜੇ ਪਿੰਡ ਭੇਜ ਦਿੱਤੀਆਂ ਜਾਂਦੀਆਂ ਸਨ। ਫੇਰ ਉਥੋਂ ਉਨ੍ਹਾਂ ਦੀ ਥਾਵੇਂ ਦੁਗਣੀਆਂ–

**ਰੋਟੀਆਂ ਦੀ ਤਕਸੀਮ**

---

*Charles Ball, History of the Indian Mutiny, I,P. 39.

Sri Satguru Jagjit Singh Ji eLibrary NamdhariElibrary@gmail.com

ਚੌਗੁਣੀਆਂ ਹੋਰ ਰੋਟੀਆਂ ਬਣ ਕੇ ਵਖੋ ਵੱਖ ਪਿੰਡਾਂ ਵਿਚ ਪਹੁੰਚ ਜਾਂਦੀਆਂ ਸਨ। ਪਿੰਡਾਂ ਦੇ ਲੋਕ ਇਨ੍ਹਾਂ ਰੋਟੀਆਂ ਦਾ ਬੜਾ ਸਤਕਾਰ ਕਰਦੇ ਸਨ ਤੇ ਇਸ ਵਿਚ ਭਰੱਪਣ ਦੀ ਨਿਸ਼ਾਨੀ ਸਮਝ ਕੇ ਹਰੇਕ ਹੁਕਮ ਅੱਗੇ, ਜੋ ਬਾਗ਼ੀ ਸਿਪਾਹੀਆਂ ਵਲੋਂ ਹੁੰਦਾ ਸੀ, ਬੜੀ ਗਰਮ ਜੋਸ਼ੀ ਨਾਲ ਆਪਣੇ ਸਿਰ ਝੁਕਾ ਦਿੰਦੇ ਸਨ। ਚਪਾਤੀਆਂ ਅਥਵਾ ਰੋਟੀਆਂ ਦੀ ਤਕਸੀਮ ਦੇ ਇਸ ਗੁਝੇ ਭੇਦ ਨੂੰ ਸਰਕਾਰ ਅੰਗਰੇਜ਼ੀ ਚੋਖੇ ਦਿਨਾਂ ਤਕ ਸਮਝਣ ਵਿਚ ਸਮਰੱਥ ਨਾ ਹੋ ਸਕੀ।

ਰੋਟੀਆਂ ਦੀ ਤਕਸੀਮ ਦੇ ਦਿਨਾਂ ਵਿਚ ਹੀ ਲਖਨਊ ਦੇ ਕੁਝ ਮੁਸਲਮਾਨਾਂ ਨੇ ਬਗ਼ਾਵਤ ਲਈ ਸਿਰ ਚੁੱਕਿਆ। ਇਸ ਸ਼ੋਰਸ਼ ਵਿਚ ਉਨ੍ਹਾਂ ਦਾ ਮੋਢੀ ਮੌਲਾਨਾ ਸਿਕੰਦਰ ਸ਼ਾਹ ਸੀ। ਇਸ ਸ਼ੋਰਸ਼ ਦਾ ਭਾਵ,ਜੋ ਖ਼ਾਸ ਐਲਾਨ ਰਾਹੀਂ ਜ਼ਾਹਰ ਕੀਤਾ ਗਿਆ,ਕਾਫ਼ਰਾਂ ਤੋਂ ਵਿਰੁੱਧ 'ਜਹਾਦ ਦਾ ਝੰਡਾ ਖੜਾ ਕਰਨਾ ਸੀ'* ! ਕਾਫ਼ਰਾਂ ਤੋਂ ਭਾਵ ਇਸ ਸਮੇਂ ਅੰਗਰੇਜ਼ੀ ਰਾਜ ਸੀ ਜਿਸ ਨੇ ਲਖਨਊ ਦੀ ਇਸਲਾਮੀ ਰਿਆਸਤ ਨੂੰ ਇਸ ਤੋਂ ਥੋੜ੍ਹਾ ਹੀ ਚਿਰ ਪਹਿਲਾਂ ਖ਼ਤਮ ਕਰ ਦਿੱਤਾ ਸੀ। ਮੁਸਲਮਾਨ ਹੁਣ ਇਸ ਦੇ ਬਦਲੇ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚੋਂ ਕੱਢਣਾ ਚਾਹੁੰਦੇ ਸਨ। ਇਨ੍ਹਾਂ ਹੀ ਦਿਨਾਂ ਵਿਚ ਸ਼ਾਇਦ ਕਿਸੇ ਹੋਰ ਮੌਲਵੀ ਵਲੋਂ ਇਸੇ ਭਾਵ ਦੇ ਦੋ ਐਲਾਨ ਅਲਾਹਾਬਾਦੋਂ ਵੀ ਪ੍ਰਕਾਸ਼ਿਤ ਹੋਏ, ਜਿਨ੍ਹਾਂ ਵਿਚੋਂ ਇਕ ਦੀਆਂ ਤੁਕਾਂ ਇਹ ਹਨ :—

**ਮੁਸਲਮਾਨਾਂ ਵਲੋਂ ਜਹਾਦ ਦਾ ਝੰਡਾ**

ਬਾਅਦ ਤੁਮਹੀਦ ਖ਼ੁਦਾ ਨਾਅਤ ਰਸੂਲ ਅਕਰਮ।  
ਯਹ ਰਸਾਲਾ ਹੈ ਜਹਾਦ, ਯਹ ਲਿਖਤਾ ਹੈ ਕਲਮ।  
ਦੀਨਿ ਇਸਲਾਮ ਬਹੁਤ ਸੁਸਤ ਹੁਆ ਜਾਤਾ ਹੈ।  
ਗ਼ਲਬਾਇ ਕੁਫ਼ਰ ਸੇ ਇਸਲਾਮ ਮਿਟਾ ਜਾਤਾ ਹੈ।  
ਫ਼ਰਜ਼ ਹੈ ਤੁਮ ਪੈ ਮੁਸਲਮਾਨੋ ! ਜਹਾਦਿ ਕੁਫ਼ਾਰ।  
ਇਸ ਕਾ ਸਾਮਾਨ ਕਰੋ ਅਗਰ ਹੋ ਦੀਨਦਾਰ।  
ਜੋ ਰਹਿ ਹੱਕ ਮੇਂ ਹੁਏ ਟੁਕੜੇ ਨਹੀ ਮਰਤੇ ਹੈਂ।  
ਬਲਕਿ ਵੁਹ ਜੀਤੇ ਹੈਂ, ਜੱਨਤ ਮੇਂ ਖ਼ੁਸ਼ੀ ਕਰਤੇ ਹੈਂ।  
ਪੇਸ਼ਵਾ ਲੋਗ ਇਸਤਰਹ ਨਾਂ ਕਰਤੇ ਜੋ ਜਹਾਦ।  
ਹਿੰਦ ਫਿਰ ਕਿਸਤਰਹ ਇਸਲਾਮ ਸੇ ਹੋਤਾ ਆਬਾਦ।  
ਬਾਤ ਹਮ ਕਾਮ ਕੀ ਕਹਿਤੇ ਹੈਂ ਸੁਨੋ ਯਾਰੋ।  
ਵਕਤ ਆਯਾ ਹੈ ਕਿ ਤਲਵਾਰ ਕੋ ਬੜ੍ਹ ਬੜ੍ਹ ਕੇ ਮਾਰੋ†।

ਇਨ੍ਹਾਂ ਜਹਾਦੀ ਐਲਾਨਾਂ ਦੇ ਅਨੁਸਾਰ ਮੁਸਲਮਾਨਾਂ ਨੇ ਅੰਗਰੇਜ਼ਾਂ ਦੇ ਮੁਕਾਬਲੇ ਤੇ ਹਥਿਆਰ ਚੁੱਕੇ, ਪਰ ਉਨ੍ਹਾਂ ਦੀ ਇਹ ਜੱਦੋ ਜਹਿਦ ਲਖਨਊ ਦੀਆਂ ਹੱਦਾਂ ਤਕ ਹੀ

---

*Charles Ball, History of the Indian Mutiny, I, P. 40.

†ਕਨ੍ਹੈਯਾ ਲਾਲ, ਤਾਰੀਖ਼ਿ ਬਗ਼ਾਵਤਿ ਹਿੰਦ (ਉਰਦੂ), ਸਫ਼ਾ ੧੯੯।

Sri Satguru Jagjit Singh Ji eLibrary NamdhariElibrary@gmail.com

ਸੀਮਿਤ ਰਹੀ, ਜਿਸ ਕਰ ਕੇ ਥੋੜੇ ਜਿਹੇ ਮੁਕਾਬਲੇ ਤੋਂ ਬਾਦ ਉਹ ਸ਼ਿਕਸਤ ਖਾ ਗਏ।

ਹੁਣ ਲਖਨਊ ਤੋਂ ਪਿੱਛੋਂ ਵਾਰੀ ਆਈ ਦਿੱਲੀ ਦੀ। ਏਥੇ ਇਸਲਾਮੀ ਰਾਜਧਾਨੀ ਹੋਣ ਕਰ ਕੇ ਮੁਸਲਮਾਨਾਂ ਦਾ ਬੜਾ ਜ਼ੋਰ ਸੀ। ਮੌਲਵੀ ਸਿਕੰਦਰ ਸ਼ਾਹ ਤੇ ਉਸ ਦੇ ਸਾਥੀਆਂ ਦੀ ਜੱਦੋ ਜਹਿਦ ਤੋਂ ਇਥੋਂ ਦੇ ਮੁਸਲਮਾਨ ਬੇ-ਖ਼ਬਰ ਨਹੀਂ ਸਨ। ਇਸ ਤੋਂ ਬਿਨਾ ਏਥੇ ਦੇ ਬਾ-ਰਸੂਖ਼ ਫ਼ਕੀਰ ਸ਼ਾਹ ਨਿਅਮਤੁੱਲਾ ਤੇ ਸ਼ਾਹ ਹਸਨ ਅਸਕਰੀ ਅਜਿਹੇ ਸਨ, ਜਿਨ੍ਹਾਂ ਦੀਆਂ ਪੇਸ਼ਗੋਈਆਂ (ਭਵਿੱਖ ਵਚਨ) ਇਸ ਬਗ਼ਾਵਤ ਨੂੰ ਉੱਤੇਜਨਾ ਦੇਣ ਵਿਚ ਕਿਸੇ ਗੱਲੋਂ ਘੱਟ ਨਹੀਂ ਸਨ। ਸ਼ਾਹ ਹਸਨ ਅਸਕਰੀ ਦਾ ਸ਼ਾਹੀ ਮਹਿਲਾਂ ਵਿਚ ਖੁਲ੍ਹਾ ਡੁਲ੍ਹਾ ਜਾਣ-ਆਉਣ ਸੀ ਤੇ ਉਹ ਸ਼ਾਹ ਬਹਾਦੁਰ ਸ਼ਾਹ ਨੂੰ ਉਨ੍ਹਾਂ ਰਾਜ-ਅਧਿਕਾਰਾਂ ਬਾਰੇ, ਜੋ ਸਰਕਾਰ ਅੰਗਰੇਜ਼ੀ ਨੇ ਉਸ ਤੋਂ ਖ਼ੋਹ ਲਏ ਸਨ, ਜੋਸ਼ ਦਿੰਦਾ ਰਹਿੰਦਾ ਸੀ ਤੇ ਕਿਹਾ ਕਰਦਾ ਸੀ 'ਕਿ ਜੇ ਥੋੜੀ ਜਿਹੀ ਹਿੰਮਤ ਵੀ ਕੀਤੀ ਜਾਵੇ ਤਾਂ ਅੰਗਰੇਜ਼ਾਂ ਦੇ ਨਿਕਲਣ ਵਿਚ ਦੇਰ ਨਹੀਂ ਲੱਗੇਗੀ ਤੇ ਸਾਰੇ ਹਿੰਦੁਸਤਾਨ ਉਤੇ ਪਹਿਲੇ ਵਾਂਗ ਹੀ ਮੁਗ਼ਲਈ ਅਧਿਕਾਰ ਕਾਇਮ ਹੋ ਜਾਵੇਗਾ।' ਬਹਾਦੁਰ ਸ਼ਾਹ ਤੇ ਹੋਰ ਸ਼ਾਹੀ ਪਰਿਵਾਰ ਉਤੇ ਉਸ ਦੇ ਇਨ੍ਹਾਂ ਖ਼ਿਆਲਾਂ ਦਾ ਬੜਾ ਗਹਿਰਾ ਅਸਰ ਪਿਆ। ਇਧਰੋਂ ਹਿੰਦੁਸਤਾਨੀ ਸਿਪਾਹੀਆਂ ਦੀ ਬਗ਼ਾਵਤ ਦੀਆਂ ਖ਼ਬਰਾਂ ਸੁਣਕੇ ਬਾਦਸ਼ਾਹ ਨੇ ਵੇਖਿਆ ਕਿ ਸਾਰਾ ਹਿੰਦੁਸਤਾਨ ਇਸ ਪਾਸੇ ਝੁਕ ਰਿਹਾ ਹੈ ਇਸ ਲਈ ਉਸ ਦੇ ਝੁਕਣ ਵਿਚ ਵੀ ਬਹੁਤੀ ਦੇਰ ਨਾ ਲੱਗੀ।

**ਸ਼ਾਹ ਦਿੱਲੀ ਦਾ ਝੁਕਾਉ**

ਸ਼ਾਹੀ ਪਰਿਵਾਰ ਸਮੇਤ ਸ਼ਾਹ ਦਿੱਲੀ ਦੀ ਹਮਦਰਦੀ ਹੁਣ ਬਾਗੀਆਂ ਦੇ ਨਾਲ ਸੀ। ਮੁਸਲਮਾਨ ਇਹ ਗੱਲ ਪਹਿਲਾਂ ਹੀ ਚਾਹੁੰਦੇ ਸਨ ਕਿ ਉਨ੍ਹਾਂ ਦਾ ਬਾਦਸ਼ਾਹ ਦੀਨ ਦੀ ਪਨਾਹ ਬਣਕੇ ਮੁੜ ਉਸੇ ਤਰ੍ਹਾਂ ਦਿੱਲੀ ਦੇ ਤਖ਼ਤ ਉਤੇ ਸੁਭਾਇਮਾਨ ਹੋਵੇ। ਬਾਗ਼ੀ ਸਿਪਾਹੀਆਂ ਦਾ ਹੌਸਲਾ ਹੁਣ ਹੋਰ ਵੀ ਵਧਿਆ : ਉਨ੍ਹਾਂ ਨੇ ਹਿੰਦੁਸਤਾਨੀ ਫ਼ੌਜਾਂ ਦੇ ਸਾਰੇ ਸਿਪਾਹੀਆਂ ਨਾਲ ਪਹਿਲਾਂ ਹੀ ਤਾਲਮੇਲ ਕੀਤਾ ਹੋਇਆ ਸੀ। ਪ੍ਰਜਾ ਦੇ ਲੋਕ ਵੀ ਉਨਾਂ ਦੇ ਨਾਲ ਸਨ। ਸੋ ਹਿੰਦੁਸਤਾਨ ਵਿਚੋਂ ਅੰਗਰੇਜ਼ੀ ਰਾਜ ਦਾ ਤਖ਼ਤਾ ਉਲਟਾਉਣ ਲਈ ੩੧ ਮਈ ਸੰਨ ੧੮੫੭ ਦਾ ਦਿਨ ਟਿੱਕਿਆ ਗਿਆ ਤੇ ਕਰਾਰ ਪਾਇਆ ਕਿ ਸਾਰੇ ਹਿੰਦੁਸਤਾਨ ਵਿਚ ਇਸ ਦਿਨ ਅੰਗਰੇਜ਼ਾਂ ਤੋਂ ਵਿਰੁੱਧ ਬਗ਼ਾਵਤ ਕਰ ਦਿੱਤੀ ਜਾਵੇ। ਗ਼ਦਰ ਦੇ ਮੋਢੀਆਂ ਵਲੋਂ ਹਰੇਕ ਛਾਉਣੀ, ਹਰੇਕ ਸ਼ਹਿਰ ਤੇ ਹਰੇਕ ਪਿੰਡ ਜਾਂ ਕਸਬੇ ਵਿਚ, ਜੋ ਇਸ ਗ਼ਦਰ ਨਾਲ ਗਹਿਰਾ ਸੰਬੰਧ ਰਖਦੇ ਸਨ, ਇਸ ਫ਼ੈਸਲੇ ਦੀ ਇਤਲਾਹ ਦਿੱਤੀ ਗਈ ਤਾਕਿ ਸਭ ਲੋਕ ਨਿਯਤ ਸਮੇਂ ਤੇ ਸਨੱਧ ਬੱਧ ਹੋ ਕੇ ਮੁਕਾਬਲੇ ਲਈ ਤਿਆਰ ਰਹਿਣ।

**ਗ਼ਦਰ ਦਾ ਦਿਨ**

# ੩.

ਕਲਕੱਤਾ ਇਸ ਸਮੇਂ ਸਰਕਾਰ ਅਗਰੇਜ਼ੀ ਦੀ ਰਾਜਧਾਨੀ ਸੀ,ਪਰ ਇਸ ਰਾਜਧਾਨੀ ਦਾ ਇਹ ਹਾਲ ਸੀ ਕਿ ਏਥੇ ਕੇਵਲ ਗਵਰਨਰ ਜਨਰਲ ਅਥਵਾ ਵੱਡਾ ਲਾਟ ਹੀ ਰਹਿੰਦਾ ਸੀ ਤੇ ਹੋਰ ਸਾਰੀ ਫ਼ੌਜੀ ਤਾਕਤ ਉੱਤਰ-ਪੱਛਮੀ ਹਿੰਦੁਸਤਾਨ —ਖ਼ਾਸ ਕਰਕੇ ਪੰਜਾਬ ਵਿਚ ਖਿੰਡੀ ਹੋਈ ਸੀ। ਅੰਗਰੇਜ਼ੀ ਫ਼ੌਜਾਂ ਦੇ ਕਮਾਂਡਰ-ਇਨ-ਚੀਫ਼ (ਸਿਪਹ ਸਾਲਾਰ) ਜਨਰਲ ਜਾਰਜ ਐਨਸਨ ਦਾ ਦਫ਼ਤਰ ਵੀ ਸ਼ਿਮਲੇ ਹੀ ਸੀ। ਬੈਰਕ ਪੁਰ ਦਾ ਫ਼ਸਾਦ ਭਾਵੇਂ ਇਸ ਸਮੇਂ ਦਬਾ ਤਾਂ ਦਿੱਤਾ ਗਿਆ, ਪਰ ਇਸ ਅੱਗ ਦੇ ਤੇਜ਼ ਹਵਾ ਨਾਲ ਚੰਗਿਆੜੇ ਉਡਣ ਕਰਕੇ ਦੂਰ ਦੂਰ ਤਕ ਭਾਹੀਂ ਭੜਕਣ ਲੱਗ ਪਈਆਂ,ਇਸ ਲਈ ਮੁੱਠੀ ਭਰ ਅੰਗਰੇਜ਼ ਹਿੰਦੁਸਤਾਨ ਦੀ ਇਸ ਬਦਲ ਰਹੀ ਹਾਲਤ ਉਤੇ ਕਿਵੇਂ ਕਾਬੂ ਪਾ ਸਕਦੇ ਸਨ।

**ਸੂਬਾ ਬਿਹਾਰ ਵਿਚ ਗੜ ਬੜ**

ਸੋ ਇਸ ਸਮੇਂ ਸੂਬਾ ਬੰਗਾਲ ਤੇ ਬਿਹਾਰ ਦੇ ਇਲਾਕਿਆਂ ਵਿਚ ਇਹ ਵਿਰੋਧਤਾ ਹੋਰ ਵੀ ਵਧੀ। ਬਹੁਤ ਸਾਰੇ ਰਾਜਪੂਤ ਤੇ ਮੁਸਲਮਾਨ ਬਾਗ਼ੀਆਂ ਦੀ ਅਗਵਾਈ ਕਰਨ ਲੱਗ ਪਏ। ਪਟਨੇ ਤੇ ਉਸ ਦੇ ਲਾਗੇ ਚਾਗੇ ਦਾਨਾਪੁਰ ਅਤੇ ਆਰਾ ਵਿਚ ਇਸ ਬਗ਼ਾਵਤ ਦੇ ਕਾਰਣ ਅੰਗਰੇਜ਼ਾਂ ਦਾ ਕਾਫ਼ੀਆ ਕਾਫ਼ੀ ਹੱਦ ਤਕ ਤ਼ੰਗ ਹੋ ਗਿਆ। ਕਰਨਲ ਰੈਟਰੇ ਦੀ ੪੫ਵੀਂ ਸਿੱਖ ਰਜਮੈਂਟ,ਜੋ ਸੰਨ ੧੮੫੫ 'ਚ ਖੜੀ ਕੀਤੀ ਗਈ ਸੀ ਇਸ ਸਮੇਂ ਸਥਾਲ ਦੇ ਇਲਾਕੇ ਵਿਚੋਂ ਵਾਪਸ ਆਉਣ ਕਰਕੇ ਬੰਗਾਲ ਵਿਚ ਠਹਿਰੀ ਹੋਈ ਸੀ, ਜਿਸ ਕਰ ਕੇ ਸਰਕਾਰ ਅੰਗਰੇਜ਼ੀ ਦੇ ਕੰਮ ਆਈ। ਉਸ ਦੇ ਸਿਪਾਹੀਆਂ ਨੇ ਕਲਕੱਤੇ ਤੋਂ ਲੈ ਕੇ ਬਨਾਰਸ ਤਕ ਅਮਨ ਬਹਾਲ ਰੱਖਣ ਲਈ ਹਕੂਮਤ ਨੂੰ ਸਹਾਇਤਾ ਦਿੱਤੀ*।

**ਰੈਟਰੇ ਦੇ ਸਿੱਖ ਸਿਪਾਹੀ**

ਇਹ ਬਗ਼ਾਵਤ ਅਜੇ ਅਸਲ ਅਰਥਾਂ ਵਿਚ ਬਗ਼ਾਵਤ ਨਹੀਂ ਸੀ। ਜੇ ਈਸਟ ਇਡੀਆ ਕੰਪਨੀ ਦੇ ਮੋਢੀ ਇਸ ਸਮੇਂ ਸਿਆਣਪ ਵਰਤਦੇ ਤਾਂ ਇਸ ਨੂੰ ਆਸਾਨੀ ਨਾਲ ਰੋਕਿਆ ਜਾ ਸਕਦਾ ਸੀ, ਪਰ ਅੰਗਰੇਜ਼ ਅਫ਼ਸਰਾਂ ਦਾ ਖ਼ਿਆਲ ਸੀ ਕਿ ਇਹ ਝਗੜਾ ਉਵੇਂ ਹੀ ਦਬ ਜਾਵੇਗਾ ਜਿਵੇਂ ਸੰਨ ੧੮੦੬ ਵਿਚ ਮਦਰਾਸੀ ਫ਼ੌਜ, ਸੰਨ ੧੮੨੪ ਵਿਚ ੪੭ਵੀਂ ਬੰਗਾਲੀ ਪਲਟਨ ਤੇ ਸਨ ੧੮੪੪ ਵਿਚ ਬੰਗਾਲੀ ਬਟਾਲੀਅਨ ਦੀਆਂ ਨਿੱਕੀਆਂ ਨਿੱਕੀਆਂ ਬਗ਼ਾਵਤਾਂ ਰੁਕ ਗਈਆਂ ਸਨ। ਪਰ ਇਸ ਸਮੇਂ ਇਹ ਗੱਲ ਨਹੀਂ ਸੀ। ਇਹ ਫ਼ਸਾਦ ਬੰਗਾਲ ਤੋਂ ਬੜੀ ਤੇਜ਼ੀ ਨਾਲ ਸੰਯੁਕਤ ਪ੍ਰਾਂਤ (ਯੂ.

**ਬੰਗਾਲ ਤੋਂ ਪੰਜਾਬ ਵਲ**

*ਮੌਲਵੀ ਸੱਯਦ ਅਲੀ ਮੁਹੰਮਦ, ਤਾਰੀਖ਼ਿ ਸੂਬਾ ਬਿਹਾਰ (ਉਰਦੂ),ਸਫ਼ੇ ੧੨੨—੩੦;
R.H. Anderson, History of the 45th Rattray's Sikhs, 1925, P.10.

Sri Satguru Jagjit Singh Ji eLibrary NamdhariElibrary@gmail.com

ਪੀ.) ਤੇ ਮਧ ਪ੍ਰਾਂਤ (ਸੀ. ਪੀ.) ਦੇ ਵਟਾਂ-ਬੰਨੇ ਭੰਨ ਕੇ ਪੰਜਾਬ ਦੀਆਂ ਹੱਦਾਂ ਤਕ ਪਹੁੰਚ ਗਿਆ।

ਮੇਰਠ ਦੀ ਬਗ਼ਾਵਤ ਇਸੇ ਪ੍ਰਭਾਵ ਹੇਠ ੧੦ ਮਈ ਸੰਨ ੧੮੫੭ ਈ: ਨੂੰ ਸ਼ੁਰੂ ਹੋਈ। ਇਹ ਗ਼ਦਰ ਲਈ ਨਿਯਤ ਕੀਤੀ ੩੧ ਮਈ ਦੀ ਤਾਰੀਖ਼ ਤੋਂ ਠੀਕ ੨੧ ਦਿਨ ਪਹਿਲਾਂ ਹੋਈ ਅਚਣਚੇਤੀ ਘਟਨਾ ਸੀ। ਕਾਰਣ ਇਹ ਸੀ ਕਿ ੯ ਮਈ ਨੂੰ ਇਸ ਛਾਉਣੀ ਦਾ ਕਮਾਨ ਅਫ਼ਸਰ ਮੇਜਰ ਜਨਰਲ ਹੈਵਿਟ, ਜੋ ਇਸ ਸਮੇਂ ਛੁੱਟੀ ਕੱਟ ਕੇ ਆਇਆ ਸੀ, ਹਿੰਦੁਸਤਾਨੀ ਸਿਪਾਹੀਆਂ ਨੂੰ ਹੁਕਮ ਮਨਾਉਣ ਤੇ ਤੁਲ ਗਿਆ ਤੇ ਓਹੋ ਚਰਬੀ ਮਿਲੇ ਕਾਰਤੂਸ ਲਿਆਂਦੇ ਗਏ। ਰਸਾਲਾ ਨੰ: ੩ ਦੇ ਸਿਪਾਹੀਆਂ ਨੇ, ਜੋ ਸਾਰੇ ਦੇ ਸਾਰੇ ਹਿੰਦੁਸਤਾਨੀ ਸਨ, ਇਹ ਕਾਰਤੂਸ ਲੈਣ ਤੋਂ ਇਨਕਾਰ ਕਰ ਦਿੱਤਾ*, ਜਿਸ ਕਰਕੇ ਉਹ ਸਿਪਾਹੀ ਜੇਲ੍ਹ ਭੇਜੇ ਗਏ। ਇਸ ਤੇ ਮੇਰਠ ਛਾਉਣੀ ਦੇ ਸਾਰੇ ਹਿੰਦੁਸਤਾਨੀ ਸਿਪਾਹੀ ਜੋਸ਼ ਨਾਲ ਭਰ ਗਏ ਤੇ ਹਥਿਆਰ ਲੈ ਕੇ ਅੰਗਰੇਜ਼ ਅਫ਼ਸਰਾਂ ਉਤੇ ਟੁੱਟ ਪਏ। ਕਰਨਲ ਫਿਨਿਸ, ਕਪਤਾਨ ਟੇਲਰ ਆਦਿ, ਜੋ ਯੋਰਪੀਅਨ ਅਫ਼ਸਰ ਉਨ੍ਹਾਂ ਦੇ ਹੱਥ ਆਏ, ਕਤਲ ਕਰ ਦਿੱਤੇ ਗਏ। ਅੰਗਰੇਜ਼ਾਂ ਦੇ ਬੰਗਲੇ ਫੂਕੇ ਗਏ। ਕਈ ਜ਼ਨਾਨੀਆਂ ਤੇ ਬੱਚੇ ਵੀ ਉਨ੍ਹਾਂ ਦੇ ਇਸ ਕ੍ਰੋਧ ਦਾ ਸ਼ਿਕਾਰ ਹੋਏ। ਇਸ ਹੱਲੇ ਵਿਚ ਉਹੋ ਅੰਗਰੇਜ਼ ਬਚੇ ਜੋ ਦੂਜੇ ਵੰਨੇ ਗੋਰੇ ਸਿਪਾਹੀਆਂ ਦੀਆਂ ਬੈਰਕਾਂ ਵਲ ਦੌੜ ਗਏ ਸਨ, ਬਾਕੀ ਸਭ ਮਾਰੇ ਗਏ। ਬਾਗੀ ਸਿਪਾਹੀਆਂ ਨੇ ਬੜੀ ਫੁਰਤੀ ਨਾਲ ਸਾਰੇ ਕੈਦੀ ਸਿਪਾਹੀ ਜੇਲ੍ਹ ਤੋੜ ਕੇ ਛੁਡਾ ਲਏ ਅਤੇ ਛਾਉਣੀ ਵਿਚੋਂ ਬਹੁਤ ਸਾਰਾ ਜੰਗੀ ਸਾਮਾਨ ਲੈ ਕੇ ਦਿੱਲੀ ਵਲ ਚਾਲੇ ਪਾ ਦਿੱਤੇ।

**ਮਰਠ ਦੀ ਬਗ਼ਾਵਤ**

੧੦ ਮਈ ਨੂੰ ਮੇਰਠ ਦੀ ਇਹ ਘਟਨਾ ਹੋਈ ਤੇ ਦੂਜੇ ਦਿਨ ੧੨ ਮਈ ਨੂੰ ਉਹੋ ਸਿਪਾਹੀ ਦਲਾਂ ਦੀ ਸ਼ਕਲ ਵਿਚ ਹੋ ਕੇ ਦਿੱਲੀ ਪਹੁੰਚਣ ਲੱਗ ਪਏ। ਮੁਨਸ਼ੀ ਸ੍ਰੀ ਰਾਮ ਦਿਹਲਵੀ ਦੇ ਕਥਨ ਅਨੁਸਾਰ ਉਨ੍ਹਾਂ ਵਿਚੋਂ ਪਹਿਲੇ ਪੰਜ ਸਵਾਰ, ਜਿਨ੍ਹਾਂ ਦੇ ਹੱਥਾਂ ਵਿਚ ਲਹੂ-ਲਿਬੜੀਆਂ ਤਲਵਾਰਾਂ ਸਨ, ਜਮਨਾ ਦਾ ਪੁਲ ਲੰਘ ਕੇ ਕਲਕੱਤੇ ਵਾਲੇ ਦਰਵਾਜ਼ੇ ਥਾਣੀ ਸ਼ਹਿਰ ਦਿੱਲੀ ਵਿਚ ਦਾਖ਼ਲ ਹੋਏ। ਉਨ੍ਹਾਂ ਨੇ ਜਾਂਦਿਆਂ ਹੀ ਕਲਕਟਰ, ਮਜਿਸਟਰੇਟ ਜ਼ਿਲਾ ਕਮਿਸ਼ਨਰ ਸਾਹਿਬ, ਰੇਜ਼ੀਡੈਂਟ ਦਿੱਲੀ ਅਤੇ ਸ਼ਹਿਰ ਦੇ ਕਿਲੇਦਾਰ ਨੂੰ, ਜੋ ਜ਼ਰੂਰੀ ਪ੍ਰਬੰਧ ਕਰਨ ਵਾਸਤੇ ਦਰਵਾਜ਼ੇ ਵਲ ਜਾ ਰਹੇ ਸਨ, ਕਤਲ ਕਰ ਦਿੱਤਾ। ਇਸ ਤੋਂ ਸਾਰੇ ਸ਼ਹਿਰ ਵਿਚ ਖਲਬਲੀ ਮਚ ਗਈ ਤੇ ਦੁਕਾਨਾਂ ਬੰਦ ਹੋਣ ਲੱਗ ਪਈਆਂ†। ਇਸ ਤੋਂ ਪਿੱਛੋਂ ਹੋਰ

---

*ਇਸ ਸਮੇਂ ਦਾ ਸਿੱਖ ਕਵੀ ਭਾਈ ਸਾਹਿਬ ਸਿੰਘ ਸੰਗਰੂਰ ਵਾਲਾ ਲਿਖਦਾ ਹੈ ਕਿ ਇਸ ਵਿਚ ਮੇਰਠ ਛਾਉਣੀ ਦੇ ਜਰਨੈਲ ਦੀ ਜ਼ਿਆਦਤੀ ਸੀ। 'ਜਰਨੈਲ ਫੌਜ ਮੇਰਠੀ ਕੀ ਜ਼ਿਆਦਤੀ ਜ਼ਰੂਰ ਹੈ।' (ਫੂਲ ਬੰਸ ਪ੍ਰਕਾਸ਼, ਪੰਚਮ ਅਧਿਕਾਰ, ਛੰਦ-ਅਕ ੨)

†ਦੇਖੋ, ਵਕ਼ਾਏ ਸ੍ਰੀ ਰਾਮ ਦਿਹਲਵੀ (ਉਰਦੂ), ਸਫ਼ਾ ੨੭।

Sri Satguru Jagjit Singh Ji eLibrary NamdhariElibrary@gmail.com

**ਬਾਗ਼ੀਆਂ ਦਾ ਦਿੱਲੀ ਉਤੇ ਕਬਜ਼ਾ**

ਬਾਗ਼ੀ ਵੀ ਸ਼ਹਿਰ ਵਿਚ ਅੱਪੜ ਗਏ । ਕਰਨਲ ਰਿਪਲੇ ਨੇ ਪਲਟਨ ਨੰ: ੫੪ ਲੈ ਕੇ ਉਨ੍ਹਾਂ ਦਾ ਮੁਕਾਬਲਾ ਕਰਨਾ ਚਾਹਿਆ, ਪਰ ਉਲਟੇ ਉਹ ਸਿਪਾਹੀ ਹੀ ਬਾਗ਼ੀਆਂ ਨਾਲ ਜਾ ਰਲੇ ਤੇ ਕਰਨਲ ਵਿਚਾਰਾ ਐਂਵੇਂ ਭੱਜ-ਦੌੜ ਵਿਚ ਹੀ ਮਾਰਿਆ ਗਿਆ । ਦਿੱਲੀ ਵਿਚ ਇਸ ਸਮੇਂ ਚੋਖੇ ਅੰਗਰੇਜ਼ ਰਹਿੰਦੇ ਸਨ । ਉਹਨਾਂ ਵਿਚੋਂ ਕੁਝ ਤਾਂ ਕਿਸੇ ਤਰ੍ਹਾਂ ਬਚ ਕੇ ਮੇਰਠ ਵਲ ਦੌੜ ਗਏ ਤੇ ਬਾਕੀ ਸਭ ਲਾਲ ਕਿਲੇ ਦੇ ਪਨਾਹਗੀਰਾਂ ਸਮੇਤ, ਜਿਨ੍ਹਾਂ ਨੇ ਬਾਦਸ਼ਾਹ ਦੀ ਓਟ ਲਈ ਸੀ, ਬਾਗੀਆਂ ਦੇ ਹੱਥੋਂ ਮਾਰੇ ਗਏ । ੧੧ ਤੋਂ ੧੬ ਮਈ ਤਕ ਪੂਰੇ ੬ ਦਿਨ ਅੰਗਰੇਜ਼ਾਂ ਦੀ ਕਤਲਾਮ ਹੁੰਦੀ ਰਹੀ । ਮੁਗਲ ਸ਼ਾਹਜ਼ਾਦਿਆਂ ਨੇ ਇਸ ਕਤਲਾਮ ਵਿਚ ਪੂਰਾ ਪੂਰਾ ਹਿੱਸਾ ਲਿਆ ।

**ਬਾਦਸ਼ਾਹ ਨੂੰ ੨੧ ਤੋਪਾਂ ਦੀ ਸਲਾਮੀ**

ਦਿੱਲੀ ਉਤੇ ਕਬਜ਼ਾ ਕਰਨ ਸਾਰ ਬਾਗ਼ੀਆਂ ਨੇ ਬਾਦਸ਼ਾਹ ਬਹਾਦੁਰ ਸ਼ਾਹ ਨੂੰ, ਜੋ ਇਸ ਸਮੇਂ ਅੰਗਰੇਜ਼ਾਂ ਦਾ ਪੈਨਸ਼ਨ ਖ਼੍ਵਾਰ ਸੀ, ਤਖ਼ਤ ਤੇ ਬਿਠਾਇਆ ਤੇ ਇਸ ਖੁਸ਼ੀ ਵਿਚ ੨੧ ਤੋਪਾਂ ਦੀ ਸਲਾਮੀ ਦਿੱਤੀ । ਭਾਵ ਇਸ ਸਲਾਮੀ ਦਾ ਇਹ ਸੀ ਕਿ ਹੁਣ ਬਾਦਸ਼ਾਹ ਖ਼ੁਦ-ਮੁਖ਼ਤਾਰ ਹੈ ਤੇ ਉਹ ਸਭ ਉਸ ਦੇ ਅਧੀਨ ਹਨ ।

**ਬਾਗ਼ੀਆਂ ਦੀ ਹਾਈ ਕਮਾਂਡ**

ਇਸ ਪਾਸਿਓਂ ਨਿਪਟ ਕੇ ਬਾਗੀ ਸਿਪਾਹੀਆਂ ਦੀ ਰੁਚੀ ਅੰਗਰੇਜ਼ੀ ਹਕੂਮਤ ਦੇ ਮੁਕਾਬਲੇ ਲਈ ਫ਼ੌਜੀ ਤਿਆਰੀ ਕਰਨ ਵਲ ਹੋਈ । ਸ਼ਾਹੀ ਖ਼ਾਨਦਾਨ ਵਿਚੋਂ ਮਿਰਜ਼ਾ ਜਵਾਨ ਬਖ਼ਤ, ਮਿਰਜ਼ਾ ਮੁਗਲ, ਮਿਰਜ਼ਾ ਖ਼ਿਜ਼ਰ ਸੁਲਤਾਨ, ਮਿਰਜ਼ਾ ਸੁਰਬ ਹਿੰਦੀ, ਮਿਰਜ਼ਾ ਸਿੱਦੂ ਬੇਗ, ਬੱਖ਼ਤੌਰ ਸ਼ਾਹ ਤੇ ਮਿਰਜ਼ਾ ਅਬਦੁੱਲਾ ਉਨ੍ਹਾਂ ਨੇ ਕਰਨੈਲ ਅਥਵਾ ਕਮਾਨ ਅਫ਼ਸਰ ਨਿਯੁਕਤ ਕੀਤੇ ਅਤੇ ਸ਼ਾਹਜ਼ਾਦਾ ਅਬੂ ਬਕਰ ਨੂੰ ਆਪਣਾ ਸਿਪਹ ਸਾਲਾਰ ਅਥਵਾ Commander-in-Chief ਥਾਪਿਆ* ।

**ਹੋਰ ਇਲਾਕੇ ਤੇ ਰਾਜ-ਪ੍ਰਬੰਧ**

ਇਹ ਗ਼ਦਰ ਦੀ ਖ਼ਬਰ ਚੂੰਕਿ ਦਿਨਾਂ ਵਿਚ ਹੀ ਦੂਰ ਦੂਰ ਤਕ ਫੈਲ ਗਈ ਸੀ ਇਸ ਲਈ ਦਿੱਲੀ ਵਾਂਗੂ ਹੀ ਅਲੀਗੜ੍ਹ, ਇਟਾਵਾ, ਮੈਨਪੁਰੀ, ਬਰੇਲੀ, ਸ਼ਾਹਜਹਾਂ ਪੁਰ, ਮੁਰਾਦਾਬਾਦ, ਅਲਾਹਾਬਾਦ, ਨਸੀਰਾਬਾਦ, ਆਜ਼ਮਗੜ੍ਹ; ਗੋਰਖ-ਪੁਰ ਆਦਿ ਇਲਾਕੇ ਸਰਕਾਰ ਅੰਗਰੇਜ਼ੀ ਦੇ ਹੱਥੋਂ ਨਿਕਲ ਗਏ । ਇਨ੍ਹਾਂ ਇਲਾਕਿਆਂ ਦੇ ਰਾਜ ਪ੍ਰਬੰਧ ਲਈ ਬਾਗ਼ੀਆਂ ਦੀ ਪ੍ਰੇਰਨਾ ਨਾਲ ਬਾਦਸ਼ਾਹ ਵਲੋਂ ਨਵੇਂ ਹਾਕਮ ਨਿਯੁਕਤ ਕੀਤੇ ਗਏ, ਜਿਨ੍ਹਾਂ ਵਿਚੋਂ ਕੁਝ ਨਾਮ ਉਸ ਸਮੇਂ ਦੇ ਰੋਜ਼ਨਾਮਚਿਆਂ ਵਿਚੋਂ ਮਿਲਦੇ ਹਨ ।

---

*C.T.Metcalfe, The Mutiny in Delhi, 1898, PP.58,61,96.

# ੪.

ਇਹ ਹੈ ਜਮਨਾ ਤੋਂ ਪਾਰ ਹਿੰਦੁਸਤਾਨ ਦੇ ਗ਼ਦਰ ਦਾ ਹਾਲ, ਹੁਣ ਅੱਗੇ ਲਓ ਇਸ ਬਾਰੇ ਪੰਜਾਬ ਦੇ ਕੁਝ ਸਮਾਚਾਰ। ਮੇਰਠ ਦੇ ਗ਼ਦਰ ਦੀ ਖ਼ਬਰ, ਸਰਹੱਦ ਨੇੜੇ ਹੋਣ ਦੇ ਕਾਰਣ ਪਹਿਲਾਂ ਅੰਬਾਲੇ, ਫੇਰ ਸ਼ਿਮਲੇ ਅਤੇ ਇਸ ਤੋਂ ਪਿੱਛੋਂ ੧੨ ਮਈ ਨੂੰ ਲਾਹੌਰ ਪਹੁੰਚੀ। ਅੰਬਾਲੇ ਤੇ ਸ਼ਿਮਲੇ ਇਸ ਸਮੇਂ ਕੁਝ ਅੰਗਰੇਜ਼ੀ ਫ਼ੌਜ ਮੌਜੂਦ ਸੀ। ਇਸ ਖ਼ਬਰ ਦੇ ਪਹੁੰਚਦਿਆਂ ਹੀ ਜਨਰਲ ਜਾਰਜ ਐਨਸਨ ਨੇ, ਜੋ ਇਸ ਸਮੇਂ ਅੰਗਰੇਜ਼ੀ ਫ਼ੌਜ ਦਾ ਕਮਾਂਡਰ-ਇਨ-ਚੀਫ਼ ਸੀ, ਦਿੱਲੀ ਵਲ ਕੂਚ ਦਾ ਹੁਕਮ ਦੇ ਦਿੱਤਾ। ਰਸਤੇ ਵਿਚੋਂ ਕੁਝ ਅੰਬਾਲੇ ਦੀ ਫ਼ੌਜ ਉਸ ਦੇ ਨਾਲ ਮਿਲ ਗਈ। ੨੩ ਮਈ ਨੂੰ ਉਹ ਕਰਨਾਲ ਜਾ ਪੁੱਜਾ। ਇਥੇ ਮੌਸਮ ਦੀ ਖ਼ਰਾਬੀ ਦੇ ਕਾਰਨ ਅਚਾਨਕ ਹੈਜ਼ਾ ਹੋਣ ਕਰਕੇ ਉਸ ਦੀ ਮੌਤ ਹੋ ਗਈ। ਉਸ ਤੋਂ ਪਿਛੋਂ ਜਨਰਲ ਬਰਨਾਰਡ, ਫੇਰ ਜਨਰਲ ਰੀਡ ਤੇ ਅੰਤ ਵਿਚ ਜਨਰਲ ਵਿਲਸਨ ਨੇ ਇਸ ਅਹੁਦੇ ਨੂੰ ਸੰਭਾਲਿਆ।

**ਅੰਗਰੇਜ਼ੀ ਫ਼ੌਜ ਦੀ ਚੜ੍ਹਾਈ**

ਇਸ ਅੰਗਰੇਜ਼ੀ ਫ਼ੌਜ ਦੀ ਕੁਲ ਨਫ਼ਰੀ, ਜਿਸ ਨੇ ਦਿੱਲੀ ਪਹੁੰਚ ਕੇ ੮ ਜੂਨ ਨੂੰ ਮੋਰਚਾ ਲਾਇਆ, ੩੭੦੦ ਸੀ। ਇਸ ਵਿਚ ਵੀ ੧੫੦੦ ਦੇਸੀ ਜੁਆਨ ਸਨ। ਇਸ ਫ਼ੌਜ ਦੇ ਮੁਕਾਬਲੇ ਤੇ ਬਾਗ਼ੀ ਸਿਪਾਹੀਆਂ ਦਾ ਬੇ-ਗਿਣਤ ਟਿੱਡੀ ਦਲ ਸੀ। ਥੋੜੇ ਦਿਨਾਂ ਦੀ ਠਾਹ ਠੂਹ ਤੋਂ ਬਾਦ ਜਦ ਅੱਗੇ ਕੁਝ ਖੁਸਦਾ ਨਜ਼ਰ ਨਾ ਆਇਆ ਤਾਂ ਜਨਰਲ ਵਿਲਸਨ ਨੇ ਸਹਾਇਤਾ ਵਾਸਤੇ ਪੰਜਾਬ ਸਰਕਾਰ ਨੂੰ ਖ਼ਤ ਲਿਖਿਆ। ਇਸ ਖ਼ਤ ਦਾ ਉੱਤਰ ਉਸ ਨੂੰ ਬੜਾ ਆਸ ਭਰਪੂਰ ਮਿਲਿਆ। ਕਾਰਣ ਇਹ ਸੀ ਕਿ ਇਸ ਸਮੇਂ ਪੰਜਾਬ ਵਿਚ ਅੰਗਰੇਜ਼ੀ ਰਾਜ ਦੇ ਪੈਰ ਚੰਗੀ ਤਰ੍ਹਾਂ ਜਮੇ ਹੋਏ ਸਨ।

**ਪੰਜਾਬ ਤੋਂ ਸਹਾਇਤਾ ਦੀ ਮੰਗ**

ਮੇਰਠ ਦੇ ਗ਼ਦਰ ਦੀ ਖ਼ਬਰ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ੧੨ ਮਈ ਨੂੰ ਲਾਹੌਰ ਪਹੁੰਚੀ। ਗ਼ਦਰ ਦੀ ਰੋਕ-ਥੰਮ ਲਈ ਇਸ ਸਮੇਂ ਤੁਰਤ ਫੁਰਤ ਕੋਈ ਕਾਰਰਵਾਈ ਕਰਨੀ ਜ਼ਰੂਰੀ ਸੀ, ਇਸ ਲਈ ਅਗਲੇ ਦਿਨ ਗੋਰੇ ਸਿਪਾਹੀਆਂ ਦੀ ਮਦਦ ਨਾਲ ਮੀਆਂ ਮੀਰ ਦੀ ਛਾਉਣੀ ਵਿਚ ਹਿੰਦੁਸਤਾਨੀ ਰਜਮਟ ਨੰ: ੧੬, ੨੬, ੪੯ ਅਤੇ ਰਸਾਲਾ ਨੰ: ੮ ਦੇ ਹਥਿਆਰ ਖੋਹੇ ਗਏ*। ਇਸ ਤੋਂ ਪਿੱਛੋਂ ਇਹੋ ਵਰਤੋਂ ਕਰਨ ਲਈ ਪੰਜਾਬ ਦੇ ਹੋਰ ਜ਼ਿਲਿਆਂ ਵਿਚ ਵੀ, ਜਿੱਥੇ ਕਿ ਹਿੰਦੁਸਤਾਨੀ ਪਲਟਨਾਂ ਜਾਂ ਰਸਾਲੇ ਸਨ, ਹਿਦਾਇਤ ਕੀਤੀ ਗਈ। ਇਨ੍ਹਾਂ ਪੇਸ਼ ਬੰਦੀਆਂ ਦੇ ਬਾਵਜੂਦ ਵੀ ਫੀਰੋਜ਼ਪੁਰ, ਜਲੰਧਰ, ਫਿਲੌਰ, ਲੁਦਿਹਾਣੇ, ਅੰਬਾਲੇ, ਥਨੇਸਰ, ਜਿਹਲਮ, ਸਿਆਲਕੋਟ, ਮੀਆਂ ਵਾਲੀ, ਪਿਸ਼ੌਰ ਅਤੇ ਹੋਤੀ ਮਰਦਾਨ ਥੋੜੀ

**ਗ਼ਦਰ ਰੋਕੂ ਪੇਸ਼ ਬੰਦੀਆਂ**

*The Punjab Mutiny Report, PP. 1-2.

Sri Satguru Jagjit Singh Ji eLibrary NamdhariElibrary@gmail.com

ਬਾਹਲੀ ਬਗ਼ਾਵਤ ਹੋ ਹੀ ਗਈ ਤੇ ਕਈ ਥਾਵੀਂ ਬਾਗ਼ੀਆਂ ਦੇ ਹੱਥੋਂ ਕੁਝ ਅੰਗਰੇਜ਼ ਅਫ਼ਸਰ ਮਾਰੇ ਵੀ ਗਏ* ।

ਇਸ ਸਮੇਂ ਪੰਜਾਬ ਦਾ ਗ਼ਦਰ ਦਬਾਉਣ ਤੋਂ ਇਲਾਵਾ ਸਰਕਾਰ ਦੇ ਸਾਹਮਣੇ ਦਿੱਲੀ ਦੇ ਜੰਗ ਵਿਚ ਫ਼ੌਜ ਭੇਜਣ ਦਾ ਸਵਾਲ ਸਭ ਤੋਂ ਪਹਿਲਾਂ ਸੀ, ਇਸ ਲਈ ਪਹਿਲਾਂ ਨਜ਼ਰ ਸਿੱਖਾਂ ਉਤੇ ਪਈ। ਸਿੱਖਾਂ ਵਿਚ ਇਸ ਵੇਲੇ ਨਰਮ ਤੇ ਗਰਮ ਦੋ ਧੜੇ ਸਨ, ਪਰ ਪੂਰਬੀਏ ਸਿਪਾਹੀਆਂ ਨਾਲ ਇਨ੍ਹਾਂ ਦੋਹਾਂ ਦੀ ਚਿਰੋਕਣੀ ਅਣਬਣ ਸੀ । ਕਾਰਣ ਇਹ ਸੀ ਕਿ ਪੂਰਬੀਏ ਸਿਪਾਹੀ ਆਪਣੇ ਆਪ ਨੂੰ ਉੱਚੇ ਤੇ ਸਿੱਖਾਂ ਨੂੰ ਨੀਵੀਂ ਜਾਤਿ ਦੇ ਸਮਝ ਕੇ ਇਨ੍ਹਾਂ ਤੋਂ ਕੁਝ ਨਫ਼ਰਤ ਕਰਦੇ ਸਨ । ਨਾਲੇ ਪੂਰਬੀਆਂ ਨੂੰ ਪਹਿਲੇ ਪਹਿਲ ਵੱਡੇ ਸਾਹਿਬਾਂ ਦੇ ਨੌਕਰ ਹੋਣ ਦਾ ਮਾਣ ਵੀ ਸੀ । ਇਸੇ ਕਰ ਕੇ ਉਹ ਸੰਨ ੧੮੪੫-੪੬ ਤੇ ੧੮੪੮-੪੯ ਦੀਆਂ ਪੰਜਾਬ ਥੀਆਂ ਲੜਾਈਆਂ ਵਿਚ ਅੰਗਰੇਜ਼ਾਂ ਵਲੋਂ ਹੋ ਕੇ ਸਿੱਖਾਂ ਨਾਲ ਲੜੇ ਸਨ। ਬਾਦਸ਼ਾਹ ਦਿੱਲੀ ਦੇ ਮਹਿਲਾਂ ਵਿਚ ਲਾਹੌਰ ਦੀ ਲੁੱਟ ਦਾ ਮਾਲ ਪਹੁੰਚਦਾ ਰਿਹਾ ਸੀ ਤੇ ਨਵਾਬ ਝੱਜਰ ਨੇ ਨੀਲਾਮੀ ਵਿਚ ਰਾਜਾ ਅਜੀਤ ਸਿੰਘ ਲਾਡੂਏ ਵਾਲੇ ਦੇ ਜ਼ਬਤ ਹੋਏ ਚਿਤ੍ਰ ਖ਼ਰੀਦੇ ਸਨ । ਲਾਹੌਰ ਫ਼ਤਿਹ ਕਰਨ ਲਈ ਅੰਗਰੇਜ਼ਾਂ ਨੂੰ ਸ਼ਾਹ ਦਿੱਲੀ ਅਤੇ ਨਵਾਬ ਝੱਜਰ ਵਲੋਂ ਸਹਾਇਤਾ ਵੀ ਮਿਲਦੀ ਰਹੀ ਸੀ । ਇਨ੍ਹਾਂ ਸਾਰੀਆਂ ਗਲਾਂ ਨਾਲੋਂ ਵੱਡਾ ਨੁਕਸ ਇਹ ਸੀ ਕਿ ਤੈਮੂਰ ਦਾ ਖ਼ਾਨਦਾਨ ਜੋ ਹੁਣ ਇਸ ਗ਼ਦਰ ਦਾ ਮੋਢੀ ਸੀ, ਸਿੱਖਾਂ ਨਾਲ ਮੁੱਢ ਕਦੀਮ ਤੋਂ ਦੁਸ਼ਮਨੀ ਰਖਦਾ ਰਿਹਾ ਸੀ । ਪੰਜਵੇਂ ਅਤੇ ਨੌਵੇਂ ਸਿੱਖ ਗੁਰੂ ਉਸ ਦੇ ਹੁਕਮ ਨਾਲ ਸ਼ਹੀਦ ਕੀਤੇ ਗਏ ਸਨ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿੱਕੇ ਨਿੱਕੇ ਬੱਚੇ ਸਰਹੰਦ ਦੀਆਂ ਨੀਹਾਂ ਵਿਚ ਚਿਣੇ ਜਾਣ ਦਾ ਪਾਪ ਵੀ ਉਸ ਦੇ ਜ਼ਿੰਮੇਂ ਸੀ । ਇਸ ਤੋਂ ਬਿਨਾਂ ਉਸ ਵਲੋਂ ਸਿੱਖਾਂ ਨਾਲ ਹੋਰ ਵੀ ਕਿਤਨੀਆਂ ਹੀ ਵਧੀਕੀਆਂ ਹੋਈਆਂ ਸਨ ਭਾਵੇਂ ਅੰਗਰੇਜ਼ ਵੀ ਸਿੱਖਾਂ ਦੇ ਮਿਤ੍ਰ ਨਹੀਂ ਸਨ; ਪਰ ਉਨ੍ਹਾਂ ਨੇ ਅਜਿਹਾ ਕੋਈ ਬੁਨਿਆਦੀ ਵੈਰ ਇਨ੍ਹਾਂ ਨਾਲ ਨਹੀਂ ਸੀ ਵਿਹਾਝਿਆ।

**ਸਿੱਖਾਂ ਦੀ ਉਲਝਣ**

ਇਨ੍ਹਾਂ ਸਾਰੀਆਂ ਗਲਾਂ ਨਾਲੋਂ ਇਕ ਹੋਰ ਕਾਰਣ ਸੀ । ਉਹ ਇਹ ਕਿ ਇਸ ਸਮੇਂ ਦੇਸ ਵਿਚ ਅਜੇ ਤਕ ਕੌਮੀ (National) ਜਾਗ੍ਰਿਤੀ ਨਹੀਂ ਸੀ ਆਈ। ਕੌਮ (Nation) ਕਿਸ ਚੀਜ਼ ਦਾ ਨਾਉਂ ਹੈ, ਇਸ ਗਲ ਦਾ ਹਿੰਦੁਸਤਾਨੀਆਂ ਨੂੰ ਬੜਾ ਘੱਟ ਪਤਾ ਸੀ । ਇਸ ਕਰਕੇ ਇਹ ਗ਼ਦਰ ਕੌਮੀ ਨਹੀਂ, ਬਲਕਿ ਨਿਰੋਲ ਮਜ਼ਹਬ ਦੀ ਬਿਨਾ ਉਤੇ ਖੜਾ ਹੋਇਆ ਸੀ । ਜੇ ਇਹ ਕਾਮਿਆਬ ਹੋ ਜਾਂਦਾ ਤਾਂ ਇਸ ਦਾ ਸਭ ਤੋਂ ਵੱਡਾ ਲਾਭ ਮੁਗ਼ਲ ਖ਼ਾਨਦਾਨ ਨੂੰ ਹੋਣਾ ਸੀ ਤੇ ਸਿੱਖਾਂ ਦੀ ਕਿਸੇ ਨੇ ਗੱਲ ਨਹੀਂ ਸੀ ਪੁੱਛਣੀ । ਇਸ ਲਈ ਸਿੱਖ ਨਹੀਂ ਚਾਹੁੰਦੇ ਸਨ ਕਿ ਮੁੜ ਉਹੋ ਘੱਲੂ ਘਾਰੇ ਹੋਣ ਤੇ ਅਜਿਹੀਆਂ ਮੁਸੀਬਤਾਂ ਸਿਰ ਤੇ

**ਅੰਗਰੇਜ਼ਾਂ ਨਾਲ ਮਿਲਵਰਤਣ**

*ਸਿਆਲ ਕੋਟ ਵਿਚ ਕੁਝ ਅੰਗਰੇਜ਼ ਮਾਰੇ ਗਏ ਸਨ । ਸਬੂਤ ਲਈ ਦੇਖੋ, Charles Ball's History of the Indian Mutiny, I, PP. 568-71.

Sri Satguru Jagjit Singh Ji eLibrary NamdhariElibrary@gmail.com

ਝੱਲੀਆਂ ਜਾਣ। ਸਿੱਖ ਲਗਭਗ ਡੇਢ ਸੌ ਸਾਲ ਤੋਂ ਜੰਗ ਦੇ ਸਤਾਏ ਹੋਣ ਕਰਕੇ ਹੁਣ ਅਮਨ ਚਾਹੁੰਦੇ ਸਨ, ਇਸ ਲਈ ਨਰਮ ਧੜੇ ਦੇ ਸਿੱਖਾਂ ਨੇ ਸਰਕਾਰ ਅਗਰੇਜ਼ੀ ਦੀ ਉਸ ਨਰਮਾਈ ਅੱਗੇ, ਜੋ ਪਹਿਲਾਂ ਹੀ ਤਿੰਨਾਂ ਚਹੁੰਆਂ ਸਾਲਾਂ ਤੋਂ ਵਰਤੀ ਜਾ ਰਹੀ ਸੀ, ਆਪਣੇ ਸਿਰ ਝੁਕਾ ਦਿੱਤੇ ਤੇ ਖ਼ੁਸ਼ੀ ਖ਼ੁਸ਼ੀ ਫ਼ੌਜ ਵਿਚ ਭਰਤੀ ਹੋਣਾ ਮੰਨ ਲਿਆ।

**ਗਰਮ ਧੜੇ ਦੀ ਵਿਰੋਧਤਾ**

ਹੁਣ ਬਾਕੀ ਰਹੇ ਗਰਮ ਧੜੇ ਦੇ ਸਿੱਖ। ਉਹ ਗਿਣਤੀ ਵਿਚ ਬੜੇ ਥੋੜੇ ਸਨ। ਉਨ੍ਹਾਂ ਵਿਚ ਉਹੋ ਸਭਰਾਉਂ ਤੇ ਗੁਜਰਾਤ ਦੀਆਂ ਲੜਾਈਆਂ ਵਾਲਾ ਗੁੱਸਾ ਮੌਜੂਦ ਸੀ, ਜਿਸ ਕਰਕੇ ਉਹ ਨਹੀਂ ਚਾਹੁੰਦੇ ਸਨ ਕਿ ਅੰਗਰੇਜ਼ਾਂ ਨੂੰ ਕੋਈ ਮਦਦ ਦਿੱਤੀ ਜਾਵੇ। ਗ਼ਦਰ ਸਿੱਖਾਂ ਲਈ ਚੰਗਾ ਸੀ ਜਾਂ ਮਾੜਾ, ਪਰ ਉਹ ਅੰਗਰੇਜ਼ ਨੂੰ ਚੰਗਾ ਨਹੀਂ ਸਨ ਗਿਣਦੇ। ਉਹ ਬਗ਼ਾਵਤ ਚਾਹੁੰਦੇ ਸਨ ਇਸ ਲਈ ਬਾਗ਼ੀਆਂ ਨਾਲ ਹੀ ਜਾ ਰਲੇ। ਗ਼ਦਰ ਬਾਰੇ ਲਿਖੀਆਂ ਕੁਝ ਡਾਇਰੀਆਂ ਵਿਚੋਂ ਉਨ੍ਹਾਂ ਦੇ ਦਿੱਲੀ ਜਾ ਕੇ ਬਾਗ਼ੀਆਂ ਨਾਲ ਮਿਲਣ ਦਾ ਪਤਾ ਲਗਦਾ ਹੈ।

**ਭਾਈ ਮਹਾਰਾਜ ਸਿੰਘ ਜੀ**

ਇਸ ਗਰਮ ਧੜੇ ਦੇ ਆਗੂਆਂ ਵਿਚੋਂ ਭਾਈ ਮਹਾਰਾਜ ਸਿੰਘ ਜੀ ਇਕ ਸਨ। ਇਹ ਉਹੋ ਭਾਈ ਮਹਾਰਾਜ ਸਿੰਘ ਸਨ, ਜੋ ਭਾਈ ਵੀਰ ਸਿਘ ਨੌਰੰਗਾਬਾਦੀਏ ਦੇ ਗੱਦੀ-ਨਸ਼ੀਨ ਸਨ ਤੇ ਸੰਨ ੧੮੪੯ ਵਿਚ, ਪੰਜਾਬ ਦੇ ਜਬਤ ਕੀਤੇ ਜਾਣ ਸਮੇਂ, ਬਗ਼ਾਵਤ ਦੇ ਦੋਸ਼ ਵਿਚ, ਜਲੰਧਰ ਦੇ ਲਾਗੇ ਆਦਮ ਪੁਰੋਂ ਫੜ ਕੇ, ਜਿਲਾਵਤਨ ਕੀਤੇ ਗਏ ਸਨ*। ਮਾਲੂਮ ਹੁੰਦਾ ਹੈ, ਸੰਨ ੧੮੫੪—੫੫ ਵਿਚ ਜਦ ਹੋਰ ਜੰਗੀ ਕੈਦੀ ਛੱਡੇ ਗਏ ਤਾਂ ਇਹ ਵੀ ਰਿਹਾ ਹੋਣ ਤੇ ਪੰਜਾਬ ਮੁੜ ਆਏ ਸਨ। ਮਾਝੇ ਦੇ ਇਲਾਕੇ ਵਿਚ ਇਨ੍ਹਾਂ ਦੀ ਬੜੀ ਮੰਨਤਾ ਸੀ ਜਿਸ ਕਰਕੇ ਇਹ ਬਹੁਤਾ ਅਮ੍ਰਿਤਸਰ ਹੀ ਰਹਿੰਦੇ ਸਨ। ਹੁਣ ਜਦ ਬਗ਼ਾਵਤ ਦਾ ਸਮਾਂ ਆਇਆ ਤਾਂ ੧੪ ਮਈ ਵਾਲੇ ਦਿਨ ਦੇਸ ਦੇ ਲੋਕਾਂ ਨੂੰ ਅਗਰੇਜ਼ਾਂ ਤੋਂ ਵਿਰੁੱਧ ਉਭਾਰਨ ਲਈ ਇਨ੍ਹਾਂ ਨੇ ਵੀ ਸਿਰ ਚੁੱਕਿਆ, ਪਰ ਛੇਤੀ ਹੀ ਫੜੇ ਗਏ। ਸਰਦਾਰ ਕਾਨ੍ਹ ਸਿੰਘ ਅਟਾਰੀ ਵਾਲੇ ਦੇ ਦੀਵਾਨ ਨਾਰਾਇਣ ਸਿੰਘ ਨੇ ਬਗ਼ਾਵਤ ਦੇ ਕੰਮ ਵਿਚ ਇਨ੍ਹਾਂ ਦੀ ਵਿਰੋਧਤਾ ਕੀਤੀ ਸੀ। ਭਾਈ ਮਹਾਰਾਜ ਸਿੰਘ ਦਾ ਇਸ ਤੋਂ ਪਿੱਛੋਂ ਕੀ ਬਣਿਆ, ਇਸ ਬਾਰੇ ਕੁਝ ਪਤਾ ਨਹੀਂ ਲਗਦਾ। ਪੂਰਬੀਏ ਸਿਪਾਹੀ (ਸ਼ਾਇਦ ਸਿੱਖਾਂ ਵਲੋਂ ਦਮ ਦਿਲਾਸਾ ਦੇਣ ਤੇ) ਚਾਹੁੰਦੇ ਸਨ ਕਿ ਕਿਲ੍ਹਾ ਲਾਹੌਰ ਅਤੇ ਫ਼ੀਰੋਜ਼ਪੁਰ ਉਤੇ ਕਬਜ਼ਾ ਕੀਤਾ ਜਾਵੇ, ਪਰ ਅਚਾਣਕ ਉਨ੍ਹਾਂ ਦੇ ਹਥਿਆਰ ਖੋਹੇ ਜਾਣ ਤੇ ਆਗੂਆਂ ਦੀ ਫੜੋ ਫੜੀ ਦੇ ਕਾਰਣ ਇਹ ਸਲਾਹ ਸਿਰੇ ਨਾ ਚੜ੍ਹ ਸਕੀ।

ਸਿੱਖਾਂ ਨੇ ਸਰਕਾਰ ਅੰਗਰੇਜ਼ੀ ਦੀ ਇਸ ਸਮੇਂ ਕਿਤਨੀ ਸਹਾਇਤਾ ਕੀਤੀ, ਇਹ ਇਸ ਗੱਲ ਤੋਂ ਹੀ ਪਤਾ ਲਗਦਾ ਹੈ ਕਿ ਪੰਜਾਬ ਵਿਚ ਇਸ ਮੌਕੇ ਤੇ ਗੋਰੇ ਸਿਪਾਹੀਆਂ ਦੀ ਗਿਣਤੀ ਦਸ ਹਜ਼ਾਰ ਤੋਂ ਕੁਝ ਹੀ ਉੱਪਰ ਸੀ। ਗੋਰਿਆਂ ਤੋਂ ਲਗ ਭਗ ਦੁੱਗਣੇ ਪੰਜਾਬੀ

*ਦੇਖੋ, ਮੇਰਾ ਲਿਖਿਆ ਹੋਇਆ 'ਸਿੱਖ ਰਾਜ ਦਾ ਅੰਤ', ੧੯੫੧, ਸਫ਼ੇ ੧੩੯—੪੦।

Sri Satguru Jagjit Singh Ji eLibrary NamdhariElibrary@gmail.com

ਸਿਪਾਹੀ ਤੇ ਚਾਰ ਗੁਣੇ ਹਿੰਦੁਸਤਾਨੀ ਸਨ। ਕੁਝ ਪੰਜਾਬੀ ਸਿਪਾਹੀ ਹੋਰ ਹਿੰਦੁਸਤਾਨੀ ਪਲਟਨਾਂ ਵਿਚ ਵੀ ਖਿੰਡੇ ਹੋਏ ਸਨ। ਸਰਕਾਰ ਅਗਰੇਜ਼ੀ ਕੋਲ ਇਸ ਸਮੇਂ ਤਿੰਨ ਸਿੱਖ ਰਜਮਟਾਂ ਸਨ: (੧) ਪਲਟਨ ਨੰ: ੧੪ (ਫ਼ੀਰੋਜ਼ਪੁਰ ਸਿਖਸ), (੨) ਪਲਟਨ ਨੰ: ੧੫ (ਲੁਧਿਆਣਾ ਸਿਖਸ)* ਅਤੇ (੩) ਪਲਟਨ ਨੰ: ੪੫ (ਕਰਨਲ ਰੈਟਰੇ ਦੀ ਸਿੱਖ ਰਜਮਟ)। ਪਹਿਲੀਆਂ ਦੋਵੇਂ ਪਲਟਨਾਂ ਇਸ ਸਮੇਂ ਮੁਜ਼ੱਫ਼ਰ ਗੜ੍ਹ (ਯੂ. ਪੀ.) ਦੀ ਹਿਫ਼ਾਜ਼ਤ ਵਾਸਤੇ ਭੇਜੀਆਂ ਗਈਆਂ ਅਤੇ ਰੈਟਰੇ ਦੀ ਸਿੱਖ ਰਜਮਟ ਸੂਬਾ ਬਿਹਾਰ ਵਿਚ ਅਮਨ ਬਹਾਲ ਕਰਨ ਲਈ ਪਹਿਲਾਂ ਹੀ ਜੁਟੀ ਹੋਈ ਸੀ।

**ਸਿੱਖ ਰਜਮਟਾਂ**

ਇਹ ਤਿੰਨੇ ਰਜਮਟਾਂ ਇਸ ਸਮੇਂ ਮੌਕੇ ਦੀ ਸੰਭਾਲ ਲਈ ਕਾਫ਼ੀ ਨਹੀਂ ਸਨ, ਇਸ ਲਈ ਸਰਕਾਰ ਨੇ ਸਿੱਖਾਂ ਦੀ ਹੋਰ ਫ਼ੌਜੀ ਭਰਤੀ ਸ਼ੁਰੂ ਕਰ ਦਿੱਤੀ। ਸਿੱਖ ਪਹਿਲਾਂ ਅੰਗਰੇਜ਼ੀ ਫ਼ੌਜ ਵਿਚ ਕੇਵਲ ੧੯੦੦ ਹੀ ਸਨ, ਪਰ ਭਰਤੀ ਹੋਣ ਤੇ ਇਹ ਗਿਣਤੀ ੪੬੦੦੦ ਤਕ ਅੱਪੜ ਗਈ। ੮ ਜੂਨ ੧੮੫੭ ਈ: ਨੂੰ ਲਾਹੌਰ ਛਾਉਣੀ ਵਿਚ ੧/੧੫ ਪੰਜਾਬ ਰਜਮਟ ਗ਼ਦਰ ਦੇ ਮੁਕਾਬਲੇ ਲਈ ਖੜੀ ਕੀਤੀ ਗਈ। ਇਸ ਤੋਂ ਇਲਾਵਾ ਜਨਰਲ ਕੋਰਤਲਾਂ ਨੇ ੫੦੦ ਸਿੱਖ ਫ਼ੀਰੋਜ਼ਪੁਰ ਵਿਚ ਹੋਰ ਭਰਤੀ ਕੀਤੇ। ਇਕ ਸਿੱਖ ਰਜਮਟ ਦੀ ਭਰਤੀ ਲੁਧਿਆਣੇ ਵੀ ਹੋਈ। ੫੦੦—੬੦੦ ਸਿੱਖਾਂ ਦੀ ਇਕ ਸਫ਼ਰਮੈਨਾਂ, ਜਿਸ ਵਿਚ ਮਜ਼ਹਬੀ ਸਿੱਖ ਵੀ ਸ਼ਾਮਲ ਸਨ, ਬਣਾਈ ਗਈ ਤੇ ਮੇਜਰ ਹੁਡਸਨ ਦੇ ਘੋੜ ਚੜ੍ਹਿਆਂ ਦੀ ਭਰਤੀ ਇਸ ਤੋਂ ਅਲੱਗ ਹੋਈ। ਇਹ ਭਰਤੀ ਚੂੰਕਿ ਜੰਗ ਦੀ ਲੋੜ ਨੂੰ ਮੁਖ ਰੱਖ ਕੇ ਸੀ, ਇਸ ਲਈ ਉਮਰ ਦਾ ਕੋਈ ਲਿਹਾਜ਼ ਨਹੀਂ ਸੀ। ਇਸੇ ਕਰਕੇ ੬੦—੬੦ ਵਰ੍ਹਿਆਂ ਦੇ ਬੁੱਢੇ ਸਿੱਖ ਸਿਪਾਹੀ ਵੀ, ਜੋ ਸਭਰਾਉਂ ਦੇ ਜੰਗ ਵਿਚ ਤੋਪਾਂ ਡਾਹ ਕੇ ਅੰਗਰੇਜ਼ਾਂ ਨਾਲ ਲੜੇ ਸਨ, ਇਸ ਸਮੇਂ ਮਾਝੇ ਦੇ ਪਿੰਡਾਂ ਵਿਚੋਂ ਲੱਭ ਲੱਭ ਕੇ ਭਰਤੀ ਕੀਤੇ ਗਏ†।

**ਹੋਰ ਫ਼ੌਜੀ ਭਰਤੀ**

ਪੰਜਾਬ ਦੇ ਅੰਗਰੇਜ਼ੀ ਇਲਾਕੇ ਤੋਂ ਇਲਾਵਾ ਇਹ ਫ਼ੌਜੀ ਭਰਤੀ ਹਿਠਾੜ ਸਤਲੁਜ ਦੀਆਂ ਰਿਆਸਤਾਂ ਵਿਚ ਵੀ ਹੋਈ। ਇਸ ਤਰ੍ਹਾਂ ਜੋ ਫ਼ੌਜ ਤਿਆਰ ਹੋਈ, ਉਹ ਗ਼ਦਰ ਦੇ ਮੁਕਾਬਲੇ ਲਈ ਦਿੱਲੀ ਤੇ ਹੋਰ ਥਾਵੀਂ ਭੇਜੀ ਗਈ। ਮਹਾਰਾਜਾ ਨਰਿੰਦ੍ਰ ਸਿੰਘ ਪਟਿਆਲਾ ਦੀ ਫ਼ੌਜ, ਜਿਸ ਵਿਚ ੮ ਤੋਪਾਂ, ੨੧੫੬ ਘੋੜ ਚੜ੍ਹੇ, ੨੮੪੦

**ਸਿੱਖ ਰਿਆਸਤਾਂ ਵਲੋਂ ਮਦਦ**

*ਪਲਟਨ ਨੰ: ੧੪, ੧੫ ਸੰਨ ੧੮੪੬ ਵਿਚ ਖੜੀਆਂ ਕੀਤੀਆਂ ਗਈਆਂ ਸਨ। (ਦੇਖੋ, Indian Army List, II, 1946, P. 1546)

†ਕਵੀ ਖ਼ਜ਼ਾਨ ਸਿੰਘ, ਜੰਗਨਾਮਾ ਦਿੱਲੀ, ਬੈਂਤਾਂ ੫੭, ੫੮. ੫੯; Punjab Mutiny Report, PP. 12, 15; J. E. Shearer, History of the 1st. B. 15th, Punjab Regiment, 1937, P. 2.

ਪੈਦਲ ਤੇ ੧੫੯ ਹੁੱਦੇਦਾਰ ਸਨ, ਕੌਰ ਦੀਪ ਸਿੰਘ ਦੇ ਮਾਤਹਿਤ ਬਾਗੀਆਂ ਨੂੰ ਦਿੱਲੀ ਵਲ ਵਧਣ ਤੋਂ ਰੋਕਣ ਲਈ ਅੰਬਾਲੇ ਅਤੇ ਥਨੇਸਰ ਨਿਯਤ ਹੋਈ। ਰਾਜਾ ਸਾਹਿਬ ਨਾਭਾ ਤੇ ਨਵਾਬ ਮਲੇਰ ਕੋਟਲਾ ਨੇ ਲੁਧਿਆਣੇ, ਰਾਜਾ ਸਾਹਿਬ ਕਪੂਰਥਲਾ ਨੇ ਜਲੰਧਰ ਅਤੇ ਰਾਜਾ ਫ਼ਰੀਦ ਕੋਟ ਨੇ ਫ਼ੀਰੋਜ਼ਪੁਰ ਦਾ ਪ੍ਰਬੰਧ ਸੰਭਾਲਿਆ। ਬਾਕੀ ਰਿਹਾ ਰਾਜਾ ਸਰੂਪ ਸਿੰਘ ਜੀਂਦ ਵਾਲਾ, ਉਸ ਦੀ ਫ਼ੌਜ ਸਰਕਾਰ ਅੰਗਰੇਜ਼ੀ ਦੀ ਫ਼ੌਜ ਦੇ ਨਾਲ ਪਹਿਲਾਂ ਮੇਰਠ, ਫੇਰ ਕਰਨਾਲ ਤੇ ਪਿੱਛੋਂ ਦਿੱਲੀ ਦੇ ਮੋਰਚੇ ਤੇ ਗਈ‡।

ਨਾਕਾਬੰਦੀ ਦੀਆਂ ਇਹ ਖ਼ਬਰਾਂ ਦਿੱਲੀ ਪਹੁੰਚੀਆਂ ਤੇ ਇਹ ਵੀ ਪਤਾ ਲੱਗਾ ਕਿ ਮਹਾਰਾਜਾ ਪਟਿਆਲਾ ਤੇ ਹੋਰ ਸਿੱਖ ਰਿਆਸਤਾਂ ਨੇ ਸਰਕਾਰ ਅੰਗਰੇਜ਼ੀ ਨਾਲ ਮਿਲਵਰਤਣ ਕੀਤੀ ਹੈ। ਸ਼ਾਇਦ ਇਸੇ ਲਈ ਬਾਦਸ਼ਾਹ ਦਿੱਲੀ ਵਲੋਂ ਇਸ ਸਮੇਂ ਇਕ ਐਲਾਨ ਨਿਕਲਿਆ ਕਿ ਜੋ ਸਿਪਾਹੀ ਕਿਸੇ ਸਿੱਖ, ਗੋਰਖੇ ਜਾਂ ਅੰਗਰੇਜ਼ ਨੂੰ ਫੜ ਕੇ ਲਿਆਵੇਗਾ ਉਸ ਨੂੰ ਬੜਾ ਇਨਾਮ ਦਿਤਾ ਜਾਵੇਗਾ। ਸਰਕਾਰ ਅੰਗਰੇਜ਼ੀ ਨੂੰ ਇਹ ਐਲਾਨ ਸਿੱਖਾਂ ਦੀ ਫ਼ੌਜੀ ਭਰਤੀ ਲਈ ਇਕ ਪ੍ਰਕਾਰ ਦਾ ਹਥਿਆਰ ਮਿਲ ਗਿਆ। ਉਸ ਨੇ ਪੰਜਾਬੀਆਂ ਤੇ ਨੇਪਾਲੀਆਂ ਨੂੰ ਹਿੰਦੁਸਤਾਨੀਆਂ ਤੋਂ ਵਿਰੁੱਧ ਉਭਾਰਨ ਲਈ ਇਸ ਤੋਂ ਪੂਰਾ ਪੂਰਾ ਲਾਭ ਉਠਾਇਆ*।

**ਸਿੱਖਾਂ ਤੇ ਗੋਰਖਿਆਂ ਬਾਰੇ ਐਲਾਨ**

ਦਰਮਿਆਨੇ ਤਬਕੇ ਦੇ ਸਿੱਖਾਂ ਤੋਂ ਇਲਾਵਾ ਪੰਜਾਬ ਵਿਚੋਂ ਇਸ ਸਮੇਂ, ਜਿੱਥੋਂ ਤਕ ਖੋਜ ਦਾ ਸੰਬੰਧ ਹੈ, ਹੋਰ ਤਾਂ ਕੋਈ ਰਈਸ ਬਾਗੀਆ ਨਾਲ ਸ਼ਾਮਲ ਨਾ ਹੋਇਆ, ਪਰ ਇਕ ਕੌਰ ਅਜੀਤ ਸਿੰਘ ਪਟਿਆਲੇ ਵਾਲਾ, ਜੋ ਮਹਾਰਾਜਾ ਸਾਹਿਬ ਸਿੰਘ ਦਾ ਪੁਤ੍ਰ ਤੇ ਮਹਾਰਾਜਾ ਨਰਿੰਦ੍ਰ ਸਿੰਘ ਦਾ ਚਾਚਾ ਸੀ, ਚਿਰ ਤੋਂ ਦਿੱਲੀ ਰਹਿੰਦਾ ਹੋਣ ਕਰ ਕੇ ਅਚਾਣਕ ਕਾਬੂ ਆ ਗਿਆ। ਮਹਾਰਾਜਾ ਪਟਿਆਲਾ ਨਾਲ ਉਸ ਦੀ ਅਣਬਣ ਸੀ†। ਬਾਗੀ ਉਸ ਨੂੰ ਇਸ ਖ਼ਿਆਲ ਨਾਲ ਕਿ ਉਹ ਮਹਾਰਾਜਾ ਪਟਿਆਲਾ ਦਾ ਭਾਈ ਹੈ, ਫੜ ਕੇ ਬਾਦਸ਼ਾਹ ਦੇ ਪਾਸ ਲੈ ਗਏ, ਪਰ ਬਾਦਸ਼ਾਹ ਇਸ ਗੱਲੋਂ ਪਹਿਲਾਂ ਹੀ ਜਾਣੂ ਸੀ ਇਸ ਲਈ ਅੱਗੋਂ ਬੜੀ ਇਜ਼ਤ ਨਾਲ ਪੇਸ਼ ਆਇਆ ਤੇ

**ਕੌਰ ਅਜੀਤ ਸਿੰਘ ਪਟਿਆਲੇ ਵਾਲਾ**

---

‡ਕਵੀ ਸਾਹਿਬ ਸਿੰਘ ਫੂਲ ਬੰਸ ਪ੍ਰਕਾਸ਼, ਪੰਚਮ ਅਧਿਕਾਰ; The Punjab Mutiny Report, PP. 8-9; Key's Sepoy War in India, II, PP. 162—63; ਸਰ ਲੈਪਲ ਗ੍ਰਿਫ਼ਨ, ਰਾਜਗਾਨਿ ਪੰਜਾਬ (ਪਟਿਆਲਾ) ੨੯੦, (ਜੀਂਦ) ੭੬—੮੦, (ਨਾਭਾ) ੬੩, (ਕਪੂਰਥਲਾ) ੧੦੩; ਸੱਯਦ ਮੁਹੰਮਦ ਹਸਨ, ਤਾਰੀਖ਼ਿ ਪਟਿਆਲਾ, ਸਫ਼ਾ ੩੯੯।

*C.T. Metcalfe, The Mutiny in Delhi, 1898, P. 167.

†ਵੇਖੋ, ਰਾਜਗਾਨਿ ਪੰਜਾਬ (ਉਰਦੂ), ਸਫ਼ੇ ੨੦੪,੨੦੫, ੨੦੬, ੨੦੭ ਅਤੇ ੨੦੮।

Sri Satguru Jagjit Singh Ji eLibrary NamdhariElibrary@gmail.com

ਕੌਰ ਨੂੰ ਉਸ ਨੇ ਰਿਹਾ ਕਰਾ ਦਿੱਤਾ* । ਇਹ ਕੌਰ ਗ਼ਦਰ ਦੇ ਦਿਨਾਂ ਵਿਚ ਦਿੱਲੀ ਹੀ ਰਿਹਾ ਤੇ ਬਾਗ਼ੀਆਂ ਦੀ ਪੂਰੀ ਪੂਰੀ ਸਹਾਇਤਾ ਕਰਦਾ ਰਿਹਾ ।

## ੫.

ਦਿੱਲੀ ਵਿਚ ੧੨ ਮਈ (੧੮੫੭) ਵਾਲੇ ਦਿਨ ਬਾਗ਼ੀ ਫ਼ੌਜਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਸੀ :—

| | | |
|---|---|---|
| ਬਾਗ਼ੀ ਫ਼ੌਜ ਦੀ ਗਿਣਤੀ | ੫ ਰਜਮਟਾਂ ਦੇਸੀ ਪੈਦਲ | ੨,੦੦੦ |
| | ੧ ਰਜਮਟ ਘੋੜ ਚੜ੍ਹਿਆਂ ਦੀ | ੩੫੦ |
| | ੧ ਬੈਟਰੀ ਤੋਪਖ਼ਾਨਾ | ੧੮੦ |
| | | ਜੋੜ—੨,੫੩੦ |

ਇਨ੍ਹਾਂ ਵਿਚੋਂ ਦੋ ਰਜਮਟਾਂ ਪੈਦਲ ਸਿਪਾਹੀਆਂ ਦੀਆਂ ਤੇ ਇਕ ਰਸਾਲਾ ਮੇਰਠ ਤੋਂ ਆਏ ਸਨ ਤੇ ਬਾਕੀ ਤਿੰਨ ਪੈਦਲ ਰਜਮਟਾਂ ਤੇ ਇਕ ਤੋਪਖ਼ਾਨਾ ਦਿੱਲੀਓਂ ਸ਼ਾਮਲ ਹੋਇਆ ਸੀ† । ਇਸ ਫ਼ੌਜ ਨਾਲ ਪਿੱਛੋਂ ਬਹੁਤ ਸਾਰੇ ਹੋਰ ਬਾਗ਼ੀ ਸਿਪਾਹੀ ਸੈਂਕੜਿਆਂ ਦੀ ਗਿਣਤੀ ਵਿਚ ਆ ਆ ਕੇ ਰਲਦੇ ਰਹੇ ।

ਬਾਦਸ਼ਾਹ ਦਿੱਲੀ ਦੀ ਸਲਾਹ ਸੀ ਕਿ ਇਕ ਜ਼ੋਰ ਦਾ ਹੱਲਾ ਕਰਕੇ ਛਾਉਣੀ ਮੇਰਠ ਉਤੇ ਕਬਜ਼ਾ ਕਰ ਲਿਆ ਜਾਵੇ, ਪਰ ਅੱਗੋਂ ਇਸ ਬਾਰੇ ਢਿੱਲ-ਮੱਠ ਹੁੰਦੀ ਰਹੀ । ਛੇਕੜ ਜਦ ਬਾਦਸ਼ਾਹ ਵਲੋਂ ਬਹੁਤਾ ਜ਼ੋਰ ਦਿੱਤਾ ਜਾਣ ਲੱਗਾ ਤਾਂ ਦਿੱਲੀ ਦੇ ਲਾਗੇ ਹੀ ਅੰਗਰੇਜ਼ੀ ਫ਼ੌਜ ਤੇ ਇਕ ਜ਼ਬਰਦਸਤ ਹਮਲਾ ਕਰਨ ਦੀ ਤਿਆਰੀ ਹੋਈ । ਮਿਰਜ਼ਾ ਅਬੂ ਬਕਰ ਜੋ ਏਨਾ ਦਲੇਰ ਤੇ ਤਜਰਬੇਕਾਰ ਤਾਂ ਨਹੀਂ ਸੀ, ਪਰ ਸ਼ਾਹੀ ਖ਼ਾਨਦਾਨ ਵਿਚੋਂ ਹੋਣ ਕਰਕੇ ਬਾਗ਼ੀਆਂ ਦਾ ਸਿਪਹ ਸਾਲਾਰ ਥਾਪਿਆ ਗਿਆ ਸੀ, ਇਸ ਹਮਲੇ ਦਾ ਮੋਹਰੀ ਬਣਿਆ । ੨੫ ਮਈ ਨੂੰ ਹਿੰਡੂਨ ਦਾ ਪੁਲ ਲੰਘ ਕੇ ਹੱਲਾ ਕੀਤਾ ਗਿਆ ।

**ਪਹਿਲਾ ਹਮਲਾ ਤੇ ਹਾਰ**

ਸ਼ਾਹਜ਼ਾਦਾ ਸਮਝਦਾ ਸੀ ਕਿ ਉਸ ਦੇ ਰੋਬਦਾਬ ਨਾਲ ਹੀ ਵਿਜੈ ਦੇਵੀ ਪਾਣੀ ਪਾਣੀ ਹੋ ਕੇ ਉਸ ਦੇ ਪੈਰ ਚੁੰਮੇਗੀ ਪਰ ਬਿਨਾ ਪ੍ਰਾਕਰਮ ਤੋਂ ਅਜਿਹੀ ਗੱਲ ਅਸੰਭਵ ਸੀ । ਥੋੜ੍ਹੇ ਜਿਹੇ ਮੁਕਾਬਲੇ ਤੋਂ ਬਾਦ ਅਚਾਣਕ ਇਕ ਗੋਲਾ ਅੰਗ੍ਰੇਜ਼ੀ ਤੋਪ ਦਾ ਸ਼ਾਹਜ਼ਾਦੇ ਦੇ ਕੋਲ ਆ ਕੇ ਡਿੱਗਾ, ਜਿਸ ਦੇ ਕਾਰਣ ਉਹ ਮੈਦਾਨ ਛੱਡ ਕੇ ਨੱਸ ਗਿਆ । ਉਸ ਦੇ ਸਿਪਾਹੀ ਇਸ ਗੱਲੋਂ ਬੜੇ ਚੀਕੇ, ਪਰ ਕੌਣ ਸੁਣਦਾ ਸੀ । ਆਖ਼ਰ ਸਭ

---

*C.T, Metcalfe, The Mutiny in Delhi, 1898, P. 97.

†C.T, Metcalfe, The Mutiny in Delhi, 1898, P. 61,

Sri Satguru Jagjit Singh Ji eLibrary NamdhariElibrary@gmail.com

ਦੇ ਹੌਸਲੇ ਟੁਟ ਗਏ ਤੇ ਫ਼ਤਹਿ ਅੰਗ੍ਰੇਜ਼ੀ ਫ਼ੌਜ ਦੀ ਹੋਈ *।

ਇਸ ਤੋਂ ਪਿੱਛੋਂ ਬਾਗ਼ੀਆਂ ਨੇ ਫੇਰ ਕੋਈ ਹਮਲਾ ਨਾ ਕੀਤਾ। ਇਸ ਗੱਲੋਂ ਅੰਗ੍ਰੇਜ਼ੀ ਫੌਜ ਨੂੰ ਪੈਰ ਜਮਾਉਣ ਦਾ ਹੋਰ ਵੀ ਚੰਗਾ ਮੌਕਾ ਮਿਲ ਗਿਆ। ਜੁਲਾਈ ਦੇ ਪਹਿਲੇ ਹਫ਼ਤੇ ਅੰਬਾਲਿਓਂ ਕੁਝ ਹੋਰ ਫ਼ੌਜੀ ਸਹਾਇਤਾ ਆਉਣ ਕਰਕੇ ਅੰਗ੍ਰੇਜ਼ ਕੁਝ ਅੱਗੇ ਵਧੇ ਤੇ ਉਨ੍ਹਾਂ ਨੇ ਦਿੱਲੀ ਦੇ ਲਾਗੇ ਅਲੀ ਪੁਰ ਵਿਚ ਜਾ ਦਿਖਾਈ ਦਿੱਤੀ। ਇਸ ਸਮੇਂ ਅਲੀ ਪੁਰ ਉਤੇ ਬਾਗ਼ੀਆਂ ਦਾ ਕਬਜ਼ਾ ਸੀ। ਉਨ੍ਹਾਂ ਨੇ ਸਮਝਿਆ ਕਿ ਇਹ ਵੀ ਕੋਈ ਬਾਗ਼ੀ ਹੀ ਹਨ ਜੋ ਉਨ੍ਹਾਂ ਨੂੰ ਮਿਲਣ ਵਾਸਤੇ ਇਸਤਰਾਂ ਧੂੜ ਧੁਮਾਉਂਦੇ ਹੋਏ ਆ ਰਹੇ ਹਨ। ਪਰ ਜਦ ਕੋਲ ਆਉਣ ਤੇ ਵੇਖਿਆ ਕਿ ਇਹ ਤਾਂ ਅੰਗ੍ਰੇਜ਼ੀ ਫ਼ੌਜ ਹੈ ਤਾਂ ਉਨ੍ਹਾਂ ਦਾ ਸੁਪਨਾ ਭੰਗ ਹੋਇਆ। ਸਿਪਹ ਸਾਲਾਰ ਸ਼ਾਹਜ਼ਾਦਾ ਅਬੂ ਬਕਰ ਫੇਰ ਇਕ ਪਲ ਵੀ ਉਨ੍ਹਾਂ ਦੇ ਸਾਹਮਣੇ ਠਹਿਰ ਨਾ ਸਕਿਆ, ਤੇ ਪਹਿਲੇ ਵਾਂਗੂ ਹੀ ਭੱਜ ਨਿਕਲਿਆ। ਅੱਗੋਂ ਇਕ ਸਰਦਾਰ ਦੇ ਰੋਕ ਪਾਉਣ ਦੇ ਬਾਵਜੂਦ ਵੀ ਉਸ ਨੇ ਦਿੱਲੀ ਪਹੁੰਚ ਕੇ ਹੀ ਸਾਹ ਲਿਆ। ਅਗ੍ਰੇਜ਼ੀ ਫ਼ੌਜ ਦਾ ਇਸ ਤੋਂ ਹੋਰ ਵੀ ਹੌਸਲਾ ਵਧਿਆ ਤੇ ਉਸ ਨੇ ਰਾਜਪੁਰ ਦੀ ਛਾਉਣੀ ਕਾਬੂ ਕਰ ਕੇ ਸਬਜ਼ੀ ਮੰਡੀ ਦੇ ਲਾਗੇ ਮੋਰਚੇ ਜਾ ਲਾਏ।

ਮਿਰਜ਼ਾ ਅਬੂ ਬਕਰ ਦੀ ਇਸ ਕਮਜ਼ੋਰੀ ਦੇ ਕਾਰਣ ਬਾਗ਼ੀਆਂ ਨੂੰ ਹੋਰ ਵੀ ਫ਼ਿਕਰ ਪਿਆ। ਹੁਣ ਇਸ ਸ਼ਾਹਜ਼ਾਦੇ ਨੂੰ ਉਨ੍ਹਾਂ ਨੇ ਫ਼ੌਜੀ ਕੰਮਾਂ ਤੋਂ ਇਕ ਪਾਸੇ ਰੱਖਣਾ ਹੀ ਉਚਿਤ ਸਮਝਿਆ। ਇਸ ਲਈ ਹਾਈ ਕਮਾਂਡ ਵਿਚ ਅਦਲਾ ਬਦਲੀ ਕੀਤੀ ਗਈ। ਮਿਰਜ਼ਾ ਅਬੂ ਬਕਰ ਦੀ ਥਾਂਵੇਂ ਮੁਹੰਮਦ ਬਖ਼ਤ ਖ਼ਾਨ, ਜੋ ਬੜਾ ਦਲੇਰ ਤੇ ਹੰਢਿਆ ਹੋਇਆ ਸਿਪਾਹੀ ਸੀ, ਬਾਗ਼ੀ ਫ਼ੌਜਾਂ ਦਾ ਕਮਾਂਡਰ-ਇਨ-ਚੀਫ਼ ਥਾਪਿਆ ਗਿਆ†।

**ਨਵਾਂ ਕਮਾਂਡਰ-ਇਨ-ਚੀਫ਼**

ਪਰ ਇਹ ਅਦਲਾ ਬਦਲੀ ਵੀ ਏਨੀ ਲਾਭਦਾਇਕ ਸਾਬਤ ਨਾ ਹੋਈ, ਕਿਉਂਕਿ ਬਾਗ਼ੀ ਸਿਪਾਹੀਆਂ ਵਿਚ ਪਰਸਪਰ ਏਕਤਾ ਨਹੀਂ ਸੀ। ਹਿੰਦੂ ਤਾਂ ਮੁਸਲਮਾਨਾਂ ਨਾਲ ਮਿਲਣਾ ਚਾਹੁੰਦੇ ਸਨ ਤੇ ਉਨ੍ਹਾਂ ਨੇ ਬਹਾਦਰ ਸ਼ਾਹ ਨੂੰ ਬਾਦਸ਼ਾਹ ਵੀ ਮੰਨ ਲਿਆ ਸੀ, ਪਰ ਮੁਸਲਮਾਨ ਇਸ ਗੱਲੋਂ ਖ਼ੁਸ਼ ਨਹੀਂ ਸਨ। ਉਹ ਹਿੰਦੂਆਂ ਨਾਲ ਮੁੱਢ-ਕਦੀਮ ਤੋਂ ਨਫ਼ਰਤ ਰਖਦੇ ਸਨ। ਸੋ ਉਹੋ ਨਫ਼ਰਤ ਉਨ੍ਹਾਂ ਵਿਚ ਹੁਣ ਫੇਰ ਜਾਗ ਪਈ, ਜਿਸ ਕਰਕੇ ਬਾਗ਼ੀ ਸਿਪਾਹੀ ਦੋ ਧੜਿਆਂ ਵਿਚ ਵੰਡੇ ਗਏ। ਇਕ ਪਾਸੇ ਮੁਸਲਮਾਨ ਸਨ ਤੇ ਦੂਜੇ ਪਾਸੇ ਹਿੰਦੂ ਸਿਪਾਹੀ। ਮੁਸਲਮਾਨ ਚਾਹੁਣ ਲੱਗੇ ਕਿ ਬਕਰੀਦ ਦੇ ਮੌਕੇ ਤੇ ਕਾਫ਼ਰਾਂ ਤੋਂ ਵਿਰੁੱਧ ਜਹਾਦ ਦਾ ਝੰਡਾ ਖੜਾ ਕੀਤਾ ਜਾਵੇ, ਪਰ ਬਾਦਸ਼ਾਹ ਨੇ ਉਨ੍ਹਾਂ ਨੂੰ ਇਸ ਗੱਲੋਂ

**ਬਾਗ਼ੀਆਂ ਦੀ ਫੁਟ**

*C. T. Metcalfe, The Mutiny in Delhi, 1898, P. 62; Charles Ball, History of the Indian Mutiny, I, P. 193.

†C. T. Metcalfe, The Mutiny in Delhi, 1998, P. 134.

Sri Satguru Jagjit Singh Ji eLibrary NamdhariElibrary@gmail.com

ਹਟਕਿਆ ਤੇ ਕੁਝ ਸ਼ਾਂਤ ਕੀਤਾ*। ਪੰਜਾਬੀ ਕਵੀ ਸਾਹਿਬ ਸਿੰਘ ਬਾਗ਼ੀਆਂ ਦੀ ਇਸ ਫੁੱਟ ਬਾਰੇ ਇਉਂ ਲਿਖਦਾ ਹੈ :—

ਕਰੈਂ ਜੰਗ ਰੋਜੰ ਬਨੀ ਦ੍ਵੈ ਅਨੀਕੰ। ਰਹਜੋ ਮੇਲ ਗੇਲੰ ਭਏ ਦੋ ਫ਼ਰੀਕੰ†।

ਅੰਗਰੇਜ਼ੀ ਫ਼ੌਜ ਦੇ ਇਸ ਤਰ੍ਹਾਂ ਅੱਗੇ ਵਧਣ ਤੇ ਬਾਗ਼ੀਆਂ ਨੂੰ ਬੜੀ ਚਿੰਤਾ ਹੋਈ। ਉਨ੍ਹਾਂ ਨੇ ਸ਼ਾਹ ਦਿੱਲੀ ਨੂੰ ਜ਼ੋਰ ਪਾਇਆ ਤੇ ਦੁਸ਼ਮਨ ਉਤੇ ਇਕ ਵੱਡਾ ਹਮਲਾ ਕਰਨ ਦੀ ਤਜਵੀਜ਼ ਕੀਤੀ ਗਈ। ਸ਼ਹਿਰ ਦਿੱਲੀ ਵਿਚ ਇਸ ਬਾਰੇ ਢਡੋਰਾ ਦਿੱਤਾ ਗਿਆ। ਕੁਲ ਹਿੰਦੂਆਂ ਤੇ ਮੁਸਲਮਾਨਾਂ ਨੇ ਸੌਂਹਾਂ-ਸੁਗੰਧਾਂ ਖਾ ਕੇ ਇਸ ਹਮਲੇ ਵਿਚ ਬਾਦਸ਼ਾਹ ਦਾ ਸਾਥ ਦੇਣ ਬਾਰੇ ਭਰੋਸਾ ਦਿਵਾਇਆ, ਜਿਸ ਕਰਕੇ ਜ਼ੋਰਦਾਰ ਤਿਆਰੀਆਂ ਹੋਣ ਲੱਗ ਪਈਆਂ। ਪੰਜਾਬੀ ਦਾ ਪ੍ਰਸਿੱਧ ਕਵੀ ਖ਼ਜ਼ਾਨ ਸਿੰਘ, ਜੋ ਉਸ ਸਮੇਂ ਜ਼ਿੰਦਾ ਸੀ, ਇਸ ਹਮਲੇ ਦੀ ਤਿਆਰੀ ਬਾਬਤ ਇਸ ਤਰ੍ਹਾਂ ਲਿਖਦਾ ਹੈ :—

**ਵੱਡੇ ਹਮਲੇ ਦੀ ਤਿਆਰੀ**

ਮੁਸਲਮਾਨ ਦਿੱਲੀ ਵਿਚ ਕਰਨ ਗੱਲਾਂ,
ਬਾਦਸ਼ਾਹ ਦੀ ਫ਼ੌਜ ਦੀ ਧਾਵਣੀ ਹੈ;
ਜੁਮੇ ਰੋਜ਼ ਨੂੰ ਫ਼ੌਜ ਨੇ ਕੂਚ ਕਰਨਾ,
ਲੁਧਿਆਣੇ ਜਾ ਈਦ ਮਨਾਵਣੀ ਹੈ।
ਕਾਬਲ ਵਾਲਿਆਂ ਦੇ ਨਾਲ ਨੇਮ ਕਰਕੇ,
ਹੱਦ ਵਿਚ ਪਿਸ਼ੌਰ ਠਹਿਰਾਵਣੀ ਹੈ।
ਕਵੀ ਸਿੰਘ ਆਖੇ ਉਹ ਦੀ ਖ਼ਬਰ ਨਾਹੀਂ,
ਜਿਹੜੀ ਰੱਬ ਨੇ ਬਣਤ ਬਣਾਵਣੀ ਹੈ‡ ॥ ੪੩ ॥

ਮੁਨਸ਼ੀ ਜੀਵਨ ਲਾਲ ਦੇ ਰੋਜ਼ਨਾਮਚੇ ਦੇ ਅਨੁਸਾਰ ਕਸ਼ਮੀਰੀ ਦਰਵਾਜ਼ੇ ਇਸ ਸੰਬੰਧ ਵਿਚ ਦਸ ਹਜ਼ਾਰ ਤੋਂ ਉੱਪਰ ਮੁਸਲਮਾਨਾਂ ਦਾ ਇਕੱਠ ਹੋਇਆ ਤੇ ਬਾਦਸ਼ਾਹ ਦੇ ਆਉਣ ਦੀਆਂ ਉਡੀਕਾਂ ਹੋਣ ਲੱਗੀਆਂ, ਪਰ ਬਾਦਸ਼ਾਹ ਨਾ ਪੁੱਜਾ ਜਿਸ ਕਰ ਕੇ ਸਭ ਲੋਕ ਖਿੰਡ ਪੁੰਡ ਗਏ।

ਸ਼ਾਹ ਦਿਲੀ ਨੂੰ ਆਸ ਸੀ ਕਿ ਹਿੰਦੁਸਤਾਨ ਦੇ ਸਾਰੇ ਰਾਜੇ, ਮਹਾਰਾਜੇ ਇਸ ਗ਼ਦਰ ਵਿਚ ਉਸ ਦਾ ਸਾਥ ਦੇਣਗੇ, ਇਸ ਲਈ ਉਹ ਲਗਾਤਾਰ ਤਿੰਨ ਮਹੀਨਿਆਂ ਤੋਂ ਦੇਸੀ ਰਿਆਸਤਾਂ ਵਲ ਚਿੱਠੀਆਂ ਲਿਖ ਰਿਹਾ ਸੀ। ਹੁਣ ਸਿਰ ਤੇ ਅੰਗ੍ਰੇਜ਼ੀ ਲਾਉ-ਲਸ਼ਕਰ ਆਇਆ ਦੇਖ ਕੇ ਉਹ ਹੋਰ ਵੀ ਸਹਿਮਿਆ। ਉਸ ਨੇ ਮਹਾਰਾਜਾ ਜੈ ਪੁਰ, ਜੋਧ ਪੁਰ, ਬੀਕਾਨੇਰ ਤੇ ਅਲਵਰ ਨੂੰ ਆਪਣੇ ਹੱਥਾਂ ਨਾਲ ਖ਼ਤ ਲਿਖੇ ਤੇ ਸਹਾਇਤਾ ਲਈ ਇਸ ਮੌਕੇ

*C. T. Metcalfe, The Mutiny in Delhi, 1898. P. 92.

†ਕਵੀ ਸਾਹਿਬ ਸਿੰਘ, ਫੂਲ ਬੰਸ ਪ੍ਰਕਾਸ਼, ਪੰਚਮ ਅਧਿਕਾਰ, ੨੫।

‡ਕਵੀ ਖ਼ਜ਼ਾਨ ਸਿੰਘ, ਜੰਗ ਨਾਮਾ ਦਿੱਲੀ, ੧੮੫੮ ਈ:।

Sri Satguru Jagjit Singh Ji eLibrary NamdhariElibrary@gmail.com

ਤੇ ਸ਼ਾਮਲ ਹੋਣ ਦਾ ਸੱਦਾ ਦਿੱਤਾ* । ਇਕ ਅਜਿਹਾ ਹੀ ਖ਼ਤ ਉਸ ਨੇ ਮਹਾਰਾਜਾ ਗੁਆਲੀਅਰ ਤੇ ਪਟਿਆਲਾ ਨੂੰ ਵੀ ਲਿਖਿਆ † । ਬਾਦਸ਼ਾਹ ਦਿੱਲੀ ਪਾਸ ਇਸ ਸਮੇਂ ਚੰਗੇ ਰਾਜ—ਪ੍ਰਬੰਧਕਾਂ ਤੇ ਮੌਕੇ ਦੀ ਸੰਭਾਲ ਕਰਨ ਵਾਲੇ ਅਫ਼ਸਰਾਂ ਦੀ ਬੜੀ ਕਮੀ ਸੀ । ਉਹ ਚਾਹੁੰਦਾ ਸੀ ਕਿ ਜੇ ਇਹ ਹਿੰਦੁਸਤਾਨ ਦੇ ਰਾਜੇ ਕਿਸੇਤਰ੍ਹਾਂ ਉਸ ਦੇ ਨਾਲ ਸ਼ਾਮਲ ਹੋ ਜਾਣ ਤਾਂ ਉਹ ਇਕ 'ਨਰਿੰਦ੍ਰ ਮੰਡਲ' ਕਾਇਮ ਕਰ ਦੇਵੇ ਤੇ ਸਾਰੀ ਸ਼ਾਹੀ ਤਾਕਤ ਉਸ ਮੰਡਲ ਦੇ ਹੱਥਾਂ ਵਿਚ ਸੌਂਪ ਕੇ ਆਪ ਇਕ ਪਾਸੇ ਹੋ ਜਾਵੇ । ਇਹ ਉਸ ਦੀ ਮੌਕਾ ਟਪਾਊ ਚਾਲ ਸੀ ਜਾਂ ਇਸ ਵਿਚ ਕੁਝ ਅਸਲੀਅਤ ਵੀ ਸੀ, ਪਰ ਉਸ ਨੂੰ ਉੱਤਰ ਵਿਚ ਕਿਸੇ ਵੀ ਮਹਾਰਾਜੇ ਵਲੋਂ ਸਹਾਇਤਾ ਨਾ ਮਿਲੀ ।

**ਸ਼ਾਹ ਦਿੱਲੀ ਵਲੋਂ ਰਾਜਿਆਂ ਨੂੰ ਖ਼ਤ**

ਇਸ ਬਰਬਸੀ ਤੋਂ ਇਲਾਵਾ ਸ਼ਾਹ ਦਿੱਲੀ ਦੀ ਆਰਥਿਕ ਹਾਲਤ ਵੀ ਇਸ ਸਮੇਂ ਅੱਛੀ ਨਹੀਂ ਸੀ । ਬਗ਼ਾਵਤ ਦੇ ਦਿਨਾਂ ਵਿਚ ਲਗਭਗ ਤਿੰਨ ਮਹੀਨੇ ਸਿਪਾਹੀਆਂ ਦੀ ਤਲਬ ਤੇ ਖਾਣ-ਪੀਣ ਦੇ ਹੋਰ ਖ਼ਰਚ ਪੂਰੇ ਕਰਨ ਲਈ ਜਨਤਾ ਦੀ ਰੱਤ ਚੂਸੀ ਜਾਂਦੀ ਰਹੀ, ਪਰ ਫੇਰ ਵੀ ਪੂਰੀ ਨਾ ਪਈ । ਕਿਤਨੇ ਹੀ ਸਿਪਾਹੀ ਇਸੇ ਕਾਰਣ ਨੌਕਰੀ ਛੱਡ ਕੇ ਘਰਾਂ ਨੂੰ ਵਾਪਸ ਜਾਣ ਲੱਗ ਪਏ । ਕੁਝ ਸਿੱਖ ਸਿਪਾਹੀ, ਜੋ ਘਰ-ਬਾਰ ਤੇ ਪਰਿਵਾਰਾਂ ਦੇ ਮੋਹ ਛੱਡ ਕੇ ਸ਼ੁਰੂ ਵਿਚ ਹੀ ਬਾਗ਼ੀਆਂ ਨਾਲ ਜਾ ਰਲੇ ਸਨ, ਇਸ ਸਮੇਂ ਡਾਢੇ ਤੰਗ ਆਏ । ਉਹ ਮੈਦਾਨਿ ਜੰਗ ਵਿਚ ਅੱਗੇ ਵਧ ਵਧ ਕੇ ਅੰਗ੍ਰੇਜ਼ੀ ਫ਼ੌਜਾਂ ਨਾਲ ਲੋਹਾ ਲੈਂਦੇ ਸਨ, ਪਰ ਪੂਰਬੀਏ ਸਿਪਾਹੀ ਉਨ੍ਹਾਂ ਦਾ ਸਾਥ ਨਹੀਂ ਸਨ ਦਿੰਦੇ । ਇਸੇ ਲਈ ੫ ਅਗਸਤ (ਸੰਨ ੧੮੫੭) ਨੂੰ ਉਨ੍ਹਾਂ ਨੇ ਬਾਦਸ਼ਾਹ ਪਾਸ ਇਸ ਗੱਲ ਦੀ ਸ਼ਿਕਾਇਤ ਕੀਤੀ ਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਸਿੱਖਾਂ ਦੀ ਇਕ ਵੱਖਰੀ ਰਜਮਣ ਖੜੀ ਕੀਤੀ ਜਾਵੇ ਤੇ ਦੋ ਜੰਗੀ ਤੋਪਾਂ ਉਨ੍ਹਾਂ ਨੂੰ ਦਿੱਤੀਆਂ ਜਾਣ ਤਾਕਿ ਅੰਗ੍ਰੇਜ਼ਾਂ ਉਤੇ ਉਹ ਕਾਮਿਆਬੀ ਨਾਲ ਹੱਲਾ ਕਰ ਸਕਣ ।' ਪਰ ਇਸ ਦੇ ਉੱਤਰ ਵਿਚ ਸ਼ਾਹ ਦਿੱਲੀ ਨੇ ਸਿਵਾਇ ਬੁਲ੍ਹਾਂ ਦੀ ਹਮਦਰਦੀ ਜ਼ਾਹਰ ਕਰਨ ਦੇ ਹੋਰ ਕਝ ਨਾ ਕੀਤਾ ।

**ਸਿੱਖਾਂ ਨਾਲ ਅਜੇੜ**

ਅੰਗਰੇਜ਼ ਅਫ਼ਸਰ, ਬਾਗ਼ੀਆਂ ਦੀ ਇਸ ਕਮਜ਼ੋਰੀ ਨੂੰ ਚੰਗੀ ਤਰ੍ਹਾਂ ਸਮਝਦੇ ਸਨ । ਕਈ ਅੰਗਰੇਜ਼ੀ ਜਾਸੂਸ ਇਸ ਸਮੇਂ ਦਿੱਲੀ ਦੇ ਬਾਜ਼ਾਰਾਂ ਵਿਚ ਪਏ ਫਿਰਦੇ ਸਨ । ਕਪਤਾਨ ਹੁਡਸਨ ਨੇ, ਜੋ ਇਸ ਸਮੇਂ ਅੰਗਰੇਜ਼ੀ ਫ਼ੌਜ ਦੇ ਮੋਹਰੀ ਦਸਤੇ ਦਾ ਕਮਾਨ ਅਫ਼ਸਰ ਸੀ, ਉਨ੍ਹਾਂ ਜਾਸੂਸਾਂ ਰਾਹੀਂ ਕੁਝ ਕਰਮਚਾਰੀਆਂ ਨਾਲ ਸਾਜ਼-ਬਾਜ਼ ਕੀਤੀ ਤੇ ੧੦੦੦) ਰੁਪਏ ਇਨਾਮ ਦੇਣ ਦਾ ਵਾਦਾ ਕਰਕੇ ਦਿੱਲੀ ਦਾ ਵੱਡਾ ਬਾਰੂਦ ਖ਼ਾਨਾ, ਜਿੱਥੋਂ ਬਾਗ਼ੀ ਸਿਪਾਹੀਆਂ

**ਬਾਰੂਦਖ਼ਾਨੇ ਵਿਚ ਧਮਾਕਾ**

---

*C. T. Mefcalfe, The Mutiny in Delhi. 1898, P. 219.

†ਮਹਾਰਾਜਾ ਪਟਿਆਲਾ ਨੂੰ ਲਿਖਿਆ ਹੋਇਆ ਖ਼ਤ ਅੱਗੇ ਇਸ ਲੇਖ ਦੀ ਅੰਤਿਕਾ ਵਿਚ ਦਿੱਤਾ ਗਿਆ ਹੈ ।

Sri Satguru Jagjit Singh Ji eLibrary NamdhariElibrary@gmail.com

ਨੂੰ ਜੰਗ ਲਈ ਗੋਲੀ ਸਿੱਕਾ ਪਹੁੰਚਦਾ ਸੀ, ਉਡਾ ਦਿੱਤਾ। ਉਹ ਲਾਲਚੀ ਕਰਮਚਾਰੀ, ਜਿਨ੍ਹਾਂ ਨੇ ਇਹ ਪਾਪ-ਕਰਮ ਕੀਤਾ ਸੀ, ਬਾਰੂਦ ਖ਼ਾਨੇ ਦੇ ਨਾਲ ਹੀ ਉੱਡ ਗਏ, ਜਿਸ ਕਰਕੇ ਉਨ੍ਹਾਂ ਵਿਚੋਂ ਕੋਈ ਵੀ ਵਿਅਕਤੀ ਇਨਾਮ ਲੈਣ ਵਾਸਤੇ ਕਪਤਾਨ ਹੁਡਸਨ ਪਾਸ ਨਾ ਪੁੱਜਾ*। ਬਾਗ਼ੀਆਂ ਨੂੰ ਇਸ ਬਾਰੂਦਖਾਨੇ ਦੇ ਧਮਾਕੇ ਨਾਲ ਨਾ ਪੂਰਾ ਹੋਣ ਵਾਲਾ ਡਾਢਾ ਘਾਟਾ ਪਿਆ।

ਸਤੰਬਰ ਦੇ ਪਹਿਲੇ ਹਫ਼ਤੇ ਸਰਕਾਰ ਅੰਗਰੇਜ਼ੀ ਦਾ ਵੱਡਾ ਭਾਰੀ ਫ਼ੌਜੀ ਲਸ਼ਕਰ, ਜਿਸ ਵਿਚ ਪੰਜਾਬ, ਬੰਗਾਲ, ਅਤੇ ਬੰਬਈ ਦੀਆਂ ਫ਼ੌਜਾਂ ਸ਼ਾਮਲ ਸਨ, ਦਿੱਲੀ ਪਹੁੰਚਿਆ।

**ਅੰਗਰੇਜ਼ੀ ਫ਼ੌਜਾਂ ਦਾ ਇਕੱਠ**

ਅੱਗੇ ਬਾਗ਼ੀਆਂ ਦੀਆਂ ੨੭ ਪਲਟਨਾਂ ਪੈਦਲ, ੩ ਰਜਮਟਾਂ ਘੋੜ ਦੜ੍ਹੇ ਤੇ ੪੦੦ ਹੋਰ ਸਿਪਾਹੀ ਤੇ ਜਹਾਦੀ ਮੁਸਲਮਾਨ ਦਿੱਲੀ ਵਿਚ ਮੌਜੂਦ ਸਨ। ਬਾਗ਼ੀਆਂ ਦੀ ਕੁਲ ਨਫ਼ਰੀ ਦੀ ਗਿਣਤੀ ਕੋਈ ਚਾਲੀ ਕੁ ਹਜ਼ਾਰ ਹੋਵੇਗੀ। ਜੰਗ ਦੇ ਮਾਹਰ ਅੰਗ੍ਰੇਜ਼ ਅਫ਼ਸਰਾਂ ਨੇ ਜੰਗ ਦਾ ਖ਼ਾਕਾ ਉਲੀਕਿਆ ਤੇ ੬ ਸਤੰਬਰ ਨੂੰ ਲੜਾਈ ਛੇੜ ਦਿੱਤੀ।

ਦਿੱਲੀ ਉਤੇ ਅੰਗ੍ਰੇਜ਼ੀ ਫ਼ੌਜ ਨੇ ਚੁਪਾਸਿਓਂ ਹਮਲਾ ਕੀਤਾ। ਅੰਗ੍ਰੇਜ਼ੀ ਫ਼ੌਜਾਂ ਦੀ ਕਮਾਨ ਬ੍ਰਿਗੇਡੀਅਰ ਜਨਰਲ ਨਿਕਲਸਨ, ਬ੍ਰਿਗੇਡੀਅਰ ਜੋਨਜ਼, ਮੇਜਰ ਰੀਡ, ਬ੍ਰਿਗੇਡੀਅਰ ਲਾਂਗਫ਼ੀਲਡ ਅਤੇ ਕਰਨਲ ਕੈਂਪ ਬੈਲ ਦੇ ਹੱਥਾਂ ਵਿਚ ਸੀ। ਜਿਨ੍ਹਾਂ ਫ਼ੌਜਾਂ ਨੇ ਹਮਲਾ ਕੀਤਾ ਉਨ੍ਹਾਂ ਵਿਚ ਪੰਜਾਬ ਇਨਫ਼ੈਂਟਰੀ, ਚੌਥੀ ਸਿੱਖ ਰਜਮਟ, ਰਾਜਾ ਸਰੂਪ ਸਿੰਘ ਜੀਂਦ ਵਾਲੇ

**ਤੇ ਦਿੱਲੀ ਉਤੇ ਹਮਲਾ**

ਦੀ ਫ਼ੌਜ ਅਤੇ ਮਹਾਰਾਜਾ ਜੰਮੂ ਦੀਆਂ ਡੋਗਰਾ ਪਲਟਨਾਂ ਮੁੱਖ ਸਨ। ਪਹਿਲ ਇਸ ਹਮਲੇ ਵਿਚ ਜੰਮੂ ਦੇ ਡੋਗਰਿਆਂ ਨੇ ਕੀਤੀ, ਪਰ ਉਹ ਛੇਤੀ ਹੀ ਹਾਰ ਖਾ ਕੇ ਭੱਜ ਨਿਕਲੇ। ਫੇਰ ਸਿੱਖ ਅੱਗੇ ਵਧੇ। ੬ ਤੋਂ ੧੫ ਸਤੰਬਰ ਤਕ ਕਈ ਨਿੱਕੀਆਂ ਮੋਟੀਆਂ ਲੜਾਈਆਂ ਹੋਈਆਂ, ਜਿਨ੍ਹਾਂ ਵਿਚ ਸਿੱਖ ਕਾਮਿਆਬ ਰਹੇ।

ਸਿੱਖ ਦਿੱਲੀ ਜਿੱਤਣ ਲਈ ਬੜੀ ਦੇਰ ਤੋਂ ਉਤਾਵਲੇ ਸਨ। ਇਸ ਸਮੇਂ ਉਨ੍ਹਾਂ ਦੀ ਇਹ ਸੱਧਰ ਪੂਰੀ ਹੋਈ। ਦਸ ਦਿਨਾਂ ਤੋਂ ਲਗਾਤਾਰ ਕਾਮਿਆਬੀ ਦੇ ਕਾਰਣ ਉਨ੍ਹਾਂ ਦੇ ਹੌਸਲੇ ਇਸ ਸਮੇਂ ਚੂੰਕਿ ਵਧੇ ਹੋਏ ਸਨ ਇਸ ਲਈ ਜਨਰਲ ਨਿਕਲਸਨ ਦੀ ਪ੍ਰਧਾਨਗੀ ਹੇਠ ਉਨ੍ਹਾਂ ਨੇ ਤੋਪਾਂ ਰਤਾ ਅੱਗੇ ਵਧਾਈਆਂ ਤੇ ਕਸ਼ਮੀਰੀ ਦਰਵਾਜ਼ਿਓਂ ਅਜਿਹੀ ਗੋਲਾ ਬਾਰੀ ਕੀਤੀ ਕਿ ਲਾਲ ਕਿਲੇ ਦੀਆਂ ਕੰਧਾਂ ਤਕ ਹਿਲ ਗਈਆਂ। ਅੱਗੋਂ ਪੂਰਬੀਏ ਵੀ ਭਾਵੇਂ ਬੜਾ ਹੌਸਲਾ ਕਰ ਕੇ ਲੜੇ, ਪਰ ਆਪਣੀ ਬੁਨਿਆਦੀ ਕਮਜ਼ੋਰੀ ਦੇ ਕਾਰਣ, ਜਿਸ

**ਦਿੱਲੀ ਉਤੇ ਕਬਜ਼ਾ**

ਦਾ ਕਿ ਪਿੱਛੇ ਜ਼ਿਕਰ ਕੀਤਾ ਗਿਆ ਹੈ, ਬਹੁਤੀ ਦੇਰ ਤਕ ਠਹਿਰ ਨਾ ਸਕੇ। ਉਨ੍ਹਾਂ ਦੇ ਪਿੱਠ ਦੇਣ ਸਾਰ ਸਿੰਘ ਦਿੱਲੀ ਵਿਚ ਜਾ ਵੜੇ ਤੇ ਸਾਰੇ ਸ਼ਹਿਰ ਉਤੇ ਸਰਕਾਰ ਅੰਗ੍ਰੇਜ਼ੀ ਦਾ ਅਧਿਕਾਰ ਹੋ ਗਿਆ। ਇਸ ਲੜਾਈ ਵਿਚ ਮਸ਼ਹੂਰ ਜਨਰਲ

*C. T. Metcalfe, The Mutiny in Delhi, 1898, P. 68.

Sri Satguru Jagjit Singh Ji eLibrary NamdhariElibrary@gmail.com

ਨਿਕਲਸਨ ਮਾਰਿਆ ਗਿਆ।

੧੬ ਤੋਂ ੧੯ ਸਤੰਬਰ ਤਕ ਸਾਰਾ ਸ਼ਹਿਰ ਬਾਗ਼ੀਆਂ ਤੋਂ ਖ਼ਾਲੀ ਹੋ ਗਿਆ। ਸ਼ਾਹ ਦਿੱਲੀ ਨੇ ਲਾਲ ਕਿਲਾ ਛੱਡ ਕੇ ਹਮਾਯੂੰ ਦੇ ਮਕਬਰੇ ਵਿਚ ਪਨਾਹ ਲਈ। ਸ਼ਾਹਜ਼ਾਦੇ ਤੇ ਬੇਗਮ ਜ਼ੀਨਤ ਮਹਿਲ ਵੀ ਇਸ ਸਮੇਂ ਉਸ ਦੇ ਨਾਲ ਸਨ। ਪਤਾ ਲੱਗਣ ਤੇ ਕਪਤਾਨ ਹੁਡਸਨ ਨੇ ਪਿੱਛਾ ਕੀਤਾ ਤੇ ਮਿਰਜ਼ਾ ਇਲਾਹੀ ਬਖ਼ਸ਼ ਦੀ ਮਦਦ ਨਾਲ ਬਾਦਸ਼ਾਹ ਨੂੰ ਉਥੋਂ ਜਾ ਫੜਿਆ। ਮਿਰਜ਼ਾ ਮੁਗਲ, ਮਿਰਜ਼ਾ ਖਿਜ਼ਰ ਸੁਲਤਾਨ ਅਤੇ ਮਿਰਜ਼ਾ ਅਬੂ ਬਕਰ ਵੀ ਅਗਲੀ ਭਲਕ ਉਥੋਂ ਹੀ ਗ੍ਰਿਫ਼ਤਾਰ ਕੀਤੇ ਗਏ। ਇਹ ਸ਼ਾਹਜ਼ਾਦੇ ਤਾਂ ਕਪਤਾਨ ਹੁਡਸਨ ਨੇ ਰਸਤੇ ਵਿਚ ਹੀ ਗੋਲੀਆਂ ਮਾਰ ਕੇ ਖ਼ਤਮ ਕਰ ਦਿਤੇ ਅਤੇ ਬੇਗਮ ਜ਼ੀਨਤ ਮਹਿਲ ਸਮੇਤ ਬਾਦਸ਼ਾਹ ਨੂੰ ਕੈਦ ਕਰਕੇ ਲਾਲ ਕਿਲੇ ਵਿਚ ਰੱਖਿਆ ਗਿਆ। ਕੁਝ ਚਿਰ ਪਿੱਛੋਂ

**ਬਹਾਦਰ ਸ਼ਾਹ ਨੂੰ ਦੇਸ-ਨਿਕਾਲਾ**

ਬਾਦਸ਼ਾਹ ਤੇ ਰਾਜਦ੍ਰੋਹ ਦਾ ਮੁਕੱਦਮਾ ਚੱਲਿਆ, ਜਿਸ ਵਿਚ ਦੇਸ-ਨਿਕਾਲੇ ਦੀ ਸਜ਼ਾ ਹੋਣ ਤੇ ਉਸ ਨੂੰ ਰੰਗੂਨ (ਬਰਮਾ) ਭੇਜਿਆ ਗਿਆ। ਉਥੇ ਜਿਲਾਵਤਨੀ ਦੀ ਹਾਲਤ ਵਿਚ ਹੀ ਉਸ ਦਾ ਦੇਹਾਂਤ ਹੋ ਗਿਆ।

ਦਿੱਲੀ ਫ਼ਤਹਿ ਹੋਣ ਤੇ ਬਹੁਤ ਸਾਰੇ ਬਾਗੀ ਅੰਗ੍ਰੇਜ਼ੀ ਸਿਪਾਹ ਦੇ ਹੱਥੋਂ ਮਾਰੇ ਗਏ, ਪਰ ਕੌਰ ਅਜੀਤ ਸਿੰਘ ਪਟਿਆਲੇ ਵਾਲੇ ਦਾ ਕੀ ਬਣਿਆ ਤੇ ਉਹ ਸਿੱਖ, ਜੋ ਬਾਗ਼ੀ ਹੋ ਕੇ ਪੂਰਬੀਆਂ ਨਾਲ ਜਾ ਰਲੇ ਸਨ, ਕਿੱਥੇ ਗਏ ? ਕੀ ਉਹ ਮਾਰੇ ਗਏ ਜਾਂ ਕਿਸੇ ਤਰ੍ਹਾਂ ਬਚ ਗਏ, ਇਸ ਬਾਰੇ ਕੁਝ ਪਤਾ ਨਹੀਂ ਲਗਦਾ। ਸ਼ਾਹ ਦਿੱਲੀ ਦੇ ਅਮੀਰਾਂ ਵਿਚੋਂ ਨਵਾਬ ਝਜਰ, ਰਾਜਾ ਬੱਲਬ ਗੜ੍ਹ ਅਤੇ ਰਈਸ ਦਾਦਰੀ ਨੂੰ ਫ਼ਾਸੀ ਦਿੱਤੀ ਗਈ ਤੇ ਇਨ੍ਹਾਂ ਦੇ

**ਇਨਾਮਾਂ ਦੀ ਵੰਡ**

ਇਲਾਕੇ ਜ਼ਬਤ ਕੀਤੇ ਗਏ। ਇਨ੍ਹਾਂ ਇਲਾਕਿਆਂ ਵਿਚੋਂ ਨਾਰਨੌਲ ਦਾ ਇਲਾਕਾ ਮਹਾਰਾਜਾ ਪਟਿਆਲਾ ਨੂੰ, ਬਾਵਲ ਕਾਂਟੀ ਦਾ ਇਲਾਕਾ ਰਾਜਾ ਸਾਹਿਬ ਨਾਭਾ ਨੂੰ ਅਤੇ ਦਾਦਰੀ ਦਾ ਇਲਾਕਾ ਰਾਜਾ ਸਰੂਪ ਸਿੰਘ ਜੀਂਦ ਵਾਲੇ ਨੂੰ ਉਨਾਂ ਦੀਆਂ ਖ਼ਿਦਮਤਾਂ ਬਦਲੇ ਦਿੱਤਾ ਗਿਆ। ਇਸ ਤੋਂ ਇਲਾਵਾ ਦਰਮਿਆਨੇ ਤੇ ਛੋਟੇ ਤਬਕੇ ਦੇ ਸਿੱਖ ਵੀ, ਜਿਨ੍ਹਾਂ ਨੇ ਸਰਕਾਰ ਅਗ੍ਰੇਜ਼ੀ ਦੀ ਸਹਾਇਤਾ ਕੀਤੀ ਸੀ, ਇਨਾਮਾਂ ਨਾਲ ਪੂਰੀ ਤਰ੍ਹਾਂ ਖ਼ੁਸ਼ ਕੀਤੇ ਗਏ।

## ੬.

ਇਸ ਗ਼ਦਰ ਵਿਚ ਦਿੱਲੀ ਤੇ ਕਬਜ਼ਾ ਹੋਣਾ ਅੰਗ੍ਰੇਜ਼ਾਂ ਦੀ ਪਹਿਲੀ ਜਿੱਤ ਅਤੇ ਬਾਗ਼ੀਆਂ ਦੀ ਪਹਿਲੀ ਜ਼ਬਰਦਸਤ ਹਾਰ ਸੀ। ਇਸ ਤੋਂ ਪਿੱਛੋਂ ਬਾਗ਼ੀਆਂ ਦਾ ਦੂਜਾ ਗੜ੍ਹ ਲਖਨਊ ਸੀ, ਜਿੱਥੇ ਸਰ ਹੈਨਰੀ ਲਾਰੰਸ ਉਨ੍ਹਾਂ ਦੇ ਮੁਕਾਬਲੇ ਤੇ ਲੜ ਰਿਹਾ ਸੀ*। ਹੁਣ ਦਿੱਲੀਓਂ ਹਟ ਕੇ ਬਾਗ਼ੀ ਅਤੇ ਅੰਗਰੇਜ਼ ਦੋਵੇਂ ਧਿਰਾਂ ਲਖਨਊ ਵੱਲ ਹੀ ਉੱਲਰੀਆਂ।

---

*ਸਰ ਹੈਨਰੀ ਲਾਰੰਸ ਇਸ ਲੜਾਈ ਵਿਚ ਮਾਰਿਆ ਗਿਆ ਸੀ।

Sri Satguru Jagjit Singh Ji eLibrary NamdhariElibrary@gmail.com

**ਲਖਨਊ ਦੀ ਜਿੱਤ**

ਇਸ ਸਮੇਂ ਨਵਾਂ ਅੰਗਰੇਜ਼ ਸਿਪਹ ਸਾਲਾਰ (ਕਮਾਂਡਰ-ਇਨ ਚੀਫ਼) ਸਰ ਕਾਲਿਨ ਕੈਂਪ ਬੈਲ ਕਾਫ਼ੀ ਗੋਰਾ ਫ਼ੌਜ ਲੈ ਕੇ ਕਲਕੱਤਿਓਂ ਆਇਆ । ਦਸ ਹਜ਼ਾਰ ਗੋਰਖੇ ਰਾਣਾ ਜੰਗ ਬਹਾਦੁਰ ਨੇ ਨੇਪਾਲ ਤੋਂ ਉਸ ਦੀ ਸਹਾਇਤਾ ਵਾਸਤੇ ਭੇਜੇ । ਬੰਬਈ ਤੇ ਭੂਪਾਲ ਤੋਂ ਵੀ ਕੁਝ ਤਾਜ਼ਾ ਦਮ ਫ਼ੌਜ ਆਈ। ਲਖਨਊ ਪਹੁੰਚਣ ਤੇ ਇਸ ਸਿਪਾਹ ਸਾਲਾਰ ਦੀਆਂ ਪਹਿਲਾਂ ਛੋਟੀਆਂ ਮੋਟੀਆਂ ਕਈ ਲੜਾਈਆਂ ਹੋਈਆਂ ਤੇ ਫਰ ੧੯ ਨਵੰਬਰ (੧੮੫੭) ਤੋਂ ਵੱਡੇ ਜੁੱਧ ਦਾ ਮੋਰਚਾ ਗਰਮ ਹੋਇਆ । ਲਗਾਤਾਰ ਛੇ ਦਿਨਾਂ ਦੀ ਅੰਧਾ ਧੁੰਦ ਲੜਾਈ ਪਿੱਛੋਂ ਬਾਗ਼ੀ ਹਾਰੇ ਤੇ ਅੰਗਰੇਜ਼ ਜਿੱਤੇ ।

**ਨਵਾਬ ਫ਼ੱਰੁਖ਼ਾਬਾਦ ਨੂੰ ਫ਼ਾਂਸੀ**

ਲਖਨਊ ਤੋਂ ਹਟ ਕੇ ਅੰਗਰੇਜ਼ੀ ਫ਼ੌਜ ਸੰਯੁਕਤ ਪ੍ਰਾਂਤ (ਯੂ. ਪੀ.) ਦੇ ਹੋਰ ਇਲਾਕਿਆਂ ਨੂੰ ਸਰ ਕਰਦੀ ਹੋਈ ਜੁਲਾਈ ਸੰਨ ੧੮੫੮ ਵਿਚ ਕਾਨ੍ਹਪੁਰ ਤੇ ਫ਼ੱਰੁਖ਼ਾਬਾਦ ਵਲ ਵਧੀ । ਕਾਨ੍ਹਪੁਰ ਦੇ ਬਾਗ਼ੀਆਂ ਨੂੰ ਪੂਰੀ ਪੂਰੀ ਹਾਰ ਹੋਈ ਅਤੇ ਨਵਾਬ ਫ਼ੱਰੁਖ਼ਾਬਾਦ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਗਈ ।

**ਸੂਬਾ ਬਿਹਾਰ ਉੱਤੇ ਕਬਜ਼ਾ**

ਕਾਨ੍ਹਪੁਰ ਦੇ ਨਾਲ ਹੀ ਸਰਕਾਰ ਅੰਗਰੇਜ਼ੀ ਦਾ ਧਿਆਨ ਸੂਬਾ ਬਿਹਾਰ ਅਤੇ ਮੱਧ ਪ੍ਰਾਂਤ (ਸੀ. ਪੀ.) ਦੇ ਬਾਗ਼ੀਆਂ ਵਲ ਵੀ ਗਿਆ । ਸੂਬਾ ਬਿਹਾਰ ਵਿਚ ਕੁਝ ਰਾਜਪੂਤ ਤੇ ਮੁਸਲਮਾਨ ਬਾਗ਼ੀ ਸਨ,ਜਿਨ੍ਹਾਂ ਨੇ ਸਾਰਾ ਇਲਾਕਾ ਆਪਣੇ ਅਧੀਨ ਕਰ ਰੱਖਿਆ ਸੀ । ਆਰਾ ਦੇ ਮੁਕਾਮ ਤੇ ਕਰਨਲ ਰੈਟਰੇ ਦੀ ਸਿੱਖ ਰਜਮਟ ਨੇ, ਜੋ ਉਥੇ ਪਹਿਲਾਂ ਹੀ ਭੇਜੀ ਗਈ ਸੀ, ਕੁਝ ਅੰਗਰੇਜ਼ ਅਫ਼ਸਰਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਸਮੇਤ ਬੜੀ ਮੁਸ਼ਕਿਲ ਨਾਲ ਬਚਾ ਕੇ ਰੱਖਿਆ । ਪਿੱਛੋਂ ਜਦ ਇਧਰੋਂ ਨਵੀਂ ਫ਼ੌਜ ਸਹਾਇਤਾ ਵਾਸਤੇ ਪਹੁੰਚੀ ਤਾਂ ਉਹ ਆਜ਼ਾਦ ਹੋਏ । ਅੰਗਰੇਜ਼ੀ ਫ਼ੌਜ ਨੇ ਜਗਦੀਸ਼ ਪੁਰ ਆਦਿ ਥਾਵਾਂ ਤੇ, ਜੋ ਬਾਗ਼ੀਆਂ ਦੇ ਗੜ੍ਹ ਸਨ, ਚੋਖੀ ਜੱਦੋ-ਜਹਿਦ ਤੋਂ ਬਾਦ ਕਬਜ਼ਾ ਕੀਤਾ। ਇਸ ਹੱਲੇ ਵਿਚ ਬਹੁਤ ਸਾਰੇ ਬਾਗ਼ੀ ਮਾਰੇ ਗਏ ਤੇ ਸੂਬਾ ਬਿਹਾਰ ਉਤੇ ਨਵੇਂ ਸਿਰੇ ਸਰਕਾਰ ਅੰਗਰੇਜ਼ੀ ਦਾ ਅਧਿਕਾਰ ਹੋ ਗਿਆ ।

**ਗ਼ਦਰ ਦਾ ਅੰਤ**

ਦਿੱਲੀ, ਲਖਨਊ, ਕਾਨ੍ਹਪੁਰ ਅਤੇ ਬਿਹਾਰ ਤੋਂ ਹਟ ਕੇ ਮੱਧ ਪ੍ਰਾਂਤ (ਸੀ. ਪੀ.) ਦੇ ਕੁਝ ਇਲਾਕੇ ਬਾਗ਼ੀਆਂ ਦੇ ਆਖ਼ਰੀ ਗੜ੍ਹ ਸਨ ਤੇ ਪਿਛਲੇ ੧੧ ਮਹੀਨਿਆਂ ਤੋਂ ਇਨ੍ਹਾਂ ਇਲਾਕਿਆਂ ਉਤੇ ਬਾਗ਼ੀਆਂ ਦਾ ਆਪਣਾ ਰਾਜ ਸੀ। ਸਰਕਾਰ ਅੰਗਰੇਜ਼ੀ ਵਲੋਂ ਇਸ ਪਾਸੇ ਨੂੰ ਸਰ ਕਰਨ ਲਈ ਸਰ ਹਯੂ ਰੋਜ਼ ਨਿਯੁਕਤ ਹੋਇਆ । ਉਸ ਨੇ ਮਾਰਚ ਸੰਨ ੧੮੫੮ ਵਿਚ ਝਾਂਸੀ, ਇਸ ਤੋਂ ਦੋ ਕੁ ਮਹੀਨੇ ਪਿੱਛੋਂ ਕਾਲਪੀ ਤੇ ਗੁਆਲੀਅਰ ਦੇ ਇਲਾਕੇ ਫ਼ਤਿਹ ਕੀਤੇ । ਰਾਣੀ ਝਾਂਸੀ, ਨਾਨਾ ਫਰਨਵੀਸ ਅਤੇ ਤਾਂਤੀਆ ਟੋਪੀ, ਜੋ ਬਾਗ਼ੀਆਂ ਦੇ ਮੁੱਖ ਆਗੂ ਸਨ, ਇਸ ਹੱਲੇ ਵਿਚ ਮਾਰੇ ਗਏ ਤੇ ਬਾਕੀ ਕੁਝ ਆਗੂ ਦੇਸ

Sri Satguru Jagjit Singh Ji eLibrary NamdhariElibrary@gmail.com

ਛੱਡ ਗਏ । ਇਸ ਤਰ੍ਹਾਂ ਉਨ੍ਹਾਂ ਦੇ ਮਾਰੇ ਜਾਂ ਦਬਾਏ ਜਾਣ ਤੇ ਰਾਜ-ਵਿਦ੍ਰੋਹ ਦੀ ਉਹ ਮਹਾ-ਜੁਆਲਾ, ਜੋ ਇਸ ਦੇਸ ਨੂੰ ਦੋ ਸਾਲ ਤੋਂ ਲੂਹ ਰਹੀ ਸੀ, ਪੂਰੀ ਤਰ੍ਹਾਂ ਸ਼ਾਂਤ ਹੋ ਗਈ ।

ਇਹ ਗ਼ਦਰ ਸਫਲ ਕਿਉਂ ਨਾ ਹੋਇਆ, ਇਸ ਦੇ ਹੇਠ ਲਿਖੇ ਕਾਰਣ ਸਨ : (੧) ਇਹ ਗ਼ਦਰ ਕੋਈ ਕੌਮੀ ਤਹਿਰੀਕ ਨਹੀਂ ਸੀ ਅਤੇ ਕੌਮ ਵਾਦ (Nationalism) ਦਾ ਜਨਮ ਅਜੇ ਉਸ ਸਮੇਂ ਨਹੀਂ ਸੀ ਹੋਇਆ । (੨) ਇਹ ਗ਼ਦਰ ਮਜ਼ਹਬ ਤੇ ਨਾਂ ਤੇ

**ਅਸਫਲਤਾ ਦੇ ਕਾਰਣ**

ਖੜਾ ਕੀਤਾ ਗਿਆ ਸੀ ਤੇ ਮਜ਼ਹਬਾਂ ਦੀ ਪਰਸਪਰ ਏਕਤਾ ਨਹੀਂ ਸੀ । (੩) ਇਸ ਗ਼ਦਰ ਵਿਚ ਕੇਵਲ ਦਿੱਲੀ, ਯੂ. ਪੀ., ਸੀ. ਪੀ. ਤੇ ਬਿਹਾਰ ਦੇ ਕੁਝ ਸਰਦਾਰ, ਨਵਾਬ ਅਥਵਾ ਰਾਜੇ ਹੀ ਸ਼ਾਮਲ ਹੋਏ ਸਨ, ਜਿਨਾਂ ਤੋਂ ਲਾਰਡ ਡਲਹਜ਼ੀ ਨੇ ਜਾਗੀਰਾਂ ਅਥਵਾ ਸਰਦਾਰੀਆਂ ਜਾਂ ਰਿਆਸਤਾਂ ਖੋਹੀਆਂ ਸਨ, ਹੋਰ ਬਾਕੀ ਦਾ ਹਿੰਦੁਸਤਾਨ ਇਸ ਵਿਚ ਸ਼ਾਮਲ ਨਹੀਂ ਸੀ । (੪) ਬਾਗ਼ੀਆਂ ਵਿਚ ਬਾਕਾਇਦਗੀ ਦੀ ਅਣਹੋਂਦ ਸੀ । (੫) ਸ਼ਾਹ ਦਿੱਲੀ ਦੀ ਆਰਥਿਕ ਹਾਲਤ ਅੱਛੀ ਨਹੀਂ ਸੀ ਅਤੇ (੬) ਬਾਦ-ਸ਼ਾਹ ਤੇ ਉਸ ਦੇ ਸ਼ਾਹਜ਼ਾਦੇ ਅਗਾਂਹ ਵਧੂ ਅਤੇ ਦਲੇਰ ਨਹੀਂ ਸਨ ।

੧ ਨਵੰਬਰ ਸੰਨ ੧੮੫੮ ਨੂੰ, ਜਦ ਅਜੇ ਬਗ਼ਾਵਤ ਪੂਰੀ ਤਰ੍ਹਾਂ ਦੂਰ ਨਹੀਂ ਸੀ ਹੋਈ, ਸਰਕਾਰ ਅੰਗ੍ਰੇਜ਼ੀ ਨੇ ਆਪਣੀ ਗ਼ਲਤੀ ਤੇ ਗ਼ਦਰ ਦੇ ਅਸਲ ਕਾਰਣਾਂ ਨੂੰ ਸਮਝਿਆ ਅਤੇ ਮਲਕਾ ਵਿਕਟੋਰੀਆ ਵਲੋਂ ਇਕ ਐਲਾਨ ਨਿਕਲਿਆ, ਜਿਸ ਦੇ ਅਨੁਸਾਰ ਈਸਟ ਇੰਡੀਆ ਕੰਪਨੀ ਦਾ ਰਾਜ ਖ਼ਤਮ ਕੀਤਾ ਗਿਆ ਤੇ ਉਸ ਦੀ ਥਾਵੇਂ ਮਲਕਾ ਵਿਕਟੋਰੀਆ

**ਮਲਕਾ ਵਿਕਟੋਰੀਆ ਦਾ ਐਲਾਨ**

ਨੇ ਹਿੰਦੁਸਤਾਨ ਦੇ ਰਾਜ ਦੀ ਵਾਗ-ਡੋਰ ਆਪਣੇ ਹੱਥਾਂ ਵਿਚ ਲਈ । ਇਸ ਸ਼ਾਹੀ ਐਲਾਨ ਦੇ ਅਨੁਸਾਰ ਸਾਰੇ ਮਜ਼ਹਬਾਂ ਨੂੰ ਬਰਾਬਰੀ ਦੇ ਹੱਕ ਦਿੱਤੇ ਗਏ ਅਤੇ ਉਹ ਬਾਗ਼ੀ, ਜਿਨ੍ਹਾਂ ਨੇ ਕੋਈ ਹੱਤਿਆ ਨਹੀਂ ਸੀ ਕੀਤੀ, ਮੁਆਫ਼ ਕੀਤੇ ਗਏ ।

ਇਸ ਤੋਂ ਇਲਾਵਾ ਰਈਸ ਚਰਖਾਰੀ, ਮਹਾਰਾਜਾ ਰੀਵਾਂ, ਮਹਾਰਾਜਾ ਗੁਆਲੀਅਰ ਅਤੇ ਮਹਾਰਾਜਾ ਜੈ ਪੁਰ ਨੂੰ ਸਰਕਾਰ ਅੰਗ੍ਰੇਜ਼ੀ ਵਲੋਂ ਇਨ੍ਹਾਂ ਹੀ ਦਿਨਾਂ ਵਿਚ ਦਰਬਾਰ ਆਮ ਵਿਚ ਮੁਤਬੰਨਾ ਬਣਾਣ ਦਾ ਅਧਿਕਾਰ ਦਿੱਤਾ ਗਿਆ *।

ਹਿੰਦੁਸਤਾਨੀ ਰਾਜੇ, ਮਹਾਰਾਜੇ ਤੇ ਰਈਸਾਂ ਵਾਂਗੂ ਹੀ ਮੁਤਬੰਨਾ ਕਰਨ ਦਾ ਹੱਕ ਸਰਕਾਰ ਵਲੋਂ ਸਿੱਖ ਰਾਜੇ ਤੇ ਰਈਸਾਂ ਨੂੰ ਵੀ ਮਿਲਿਆ । ਆਮ ਸਿੱਖਾਂ ਨੂੰ ਇਸ ਗ਼ਦਰ ਤੋਂ ਜੋ ਵੱਡਾ ਲਾਭ ਹੋਇਆ ਉਹ ਇਹ ਸੀ ਕਿ ਸਿੱਖ ਖੁਲ੍ਹੇ ਡੁਲ੍ਹੇ ਫ਼ੌਜਾਂ ਵਿਚ ਭਰਤੀ ਹੋਣ ਲੱਗ ਪਏ । ਸਿੱਖਾਂ ਤੇ ਅੰਗ੍ਰੇਜ਼ਾਂ ਦੇ ਜੋ ਕੁਦਰਤੀ ਵਖੇਵੇਂ ਸਨ ਉਹ ਇਸ ਗ਼ਦਰ ਵਿਚ ਸਿੱਖਾਂ ਦੀ ਵਫ਼ਾਦਾਰੀ ਦੇ ਕਾਰਣ ਦੂਰ ਹੋ ਗਏ ਤੇ ਅੰਗ੍ਰੇਜ਼ੀ ਰਾਜ ਭਾਰਤ ਵਿਚ, ਆਉਣ ਵਾਲੇ ੯੦ ਸਾਲਾਂ ਲਈ, ਪਕੇਰਾ ਹੋ ਗਿਆ ।

---

*ਲੈਪਲ ਗ੍ਰਿਫਨ, ਰਾਜਗਾਨਿ ਪੰਜਾਬ (ਉਰਦੂ), ਸਫ਼ਾ ੩੦੯ ।

Sri Satguru Jagjit Singh Ji eLibrary NamdhariElibrary@gmail.com

ਅੰਤਿਕਾ

# ਸ਼ਾਹੀ ਫ਼ਰਮਾਨ

ਸ਼ਾਹ ਦਿੱਲੀ ਵਲੋਂ ਇਕ ਫ਼ਰਮਾਨ, ਜਿਸ ਦਾ ਪਿੱਛੇ ਸਫ਼ਾ ੪੯ ਤੇ ਜ਼ਿਕਰ ਕੀਤਾ ਗਿਆ ਹੈ, ਮਹਾਰਾਜਾ ਨਰਿੰਦ੍ਰ ਸਿੰਘ ਪਟਿਆਲਾ ਦੇ ਨਾਮ ਭੇਜਿਆ ਗਿਆ ਸੀ। ਗ਼ਦਰ ਦੀ ਅੱਗ ਚੁਫੇਰੇ ਭੜਕੀ ਹੋਣ ਕਰਕੇ ਉਸ ਸਮੇਂ ਇਹ ਫ਼ਰਮਾਨ ਕਿਸੇ ਸੂਹੀਏ ਦੀ ਮਾਰਫ਼ਤ ਸਿੱਧਾ ਜਾਂ ਪ੍ਰਗਟ ਨਹੀਂ, ਬਲਕਿ ਬੜੇ ਗੁਪਤੀ ਢੰਗ ਨਾਲ ਮੋਤੀ ਬਾਗ਼ ਮਹਿਲ ਦੇ ਦਰਵਾਜ਼ੇ ਅੱਗੇ ਲਮਕਦੀ ਚਿੱਠੀਆਂ ਦੀ ਸੰਦੂਕੜੀ ਵਿਚ ਪਾਇਆ 'ਗਿਆ। ਚਿੱਠੀਆਂ ਤੋਂ ਇਲਾਵਾ ਉਸ ਸੰਦੂਕੜੀ ਵਿਚ ਪ੍ਰਜਾ ਦੇ ਲਕਾਂ ਵਲੋਂ ਅਰਜ਼ੀਆਂ ਵੀ ਪਾਈਆਂ ਜ਼ਾਂਦੀਆਂ ਸਨ। ਉਹ ਸੰਦੂਕੜੀ, ਜਿਸ ਵਿਚ ਸ਼ਾਹੀ ਫ਼ਰਮਾਨ ਪਾਇਆ ਗਿਆ, ਰੋਜ਼ ਖੁਲ੍ਹਦੀ ਸੀ ਤੇ ਉਸ ਦੀਆਂ ਚਿੱਠੀਆਂ ਜਾਂ ਅਰਜ਼ੀਆਂ ਮਹਾਰਾਜੇ ਦੇ ਪੇਸ਼ ਹੁੰਦੀਆਂ ਸਨ। ਸੋ ਇਹ ਸ਼ਾਹੀ ਫ਼ਰਮਾਨ ਵੀ ਉਸੇ ਸੰਦੂਕੜੀ ਵਿਚੋਂ ਨਿਕਲਿਆ ਹੋਣ ਕਰ ਕੇ ਬਾਕਾਇਦਾ ਮਹਾਰਾਜੇ ਦੇ ਪੇਸ਼ ਹੋਇਆ। ਮਹਾਰਾਜੇ ਨੇ ਇਸ ਸਮੇਂ ਬੜੀ ਦੂਰੰਦੇਸ਼ੀ ਤੇ ਸਮਝਦਾਰੀ ਤੋਂ ਕੰਮ ਲਿਆ ਤੇ ਇਹ ਸ਼ਾਹੀ ਫ਼ਰਮਾਨ ਮਿਸਟਰ ਬਾਰਨਸ ਦੀ ਮਾਰਫ਼ਤ ਮਿਸਟਰ ਫੋਰਸੀਥ ਚੀਫ਼ ਕਮਿ-ਸ਼ਨਰ ਪਾਸ ਅੰਬਾਲੇ ਭੇਜ ਦਿੱਤਾ ਤਾਕਿ ਸਰਕਾਰ ਅੰਗ੍ਰੇਜ਼ੀ ਇਸ ਦੀ ਅਸਲੀਅਤ ਤੋਂ ਜਾਣੂ ਹੋਵੇ ਤੇ ਮਹਾਰਾਜੇ ਦੀ ਇਸ ਸੰਬੰਧ ਵਿਚ ਸਰਕਾਰ ਨਾਲ ਵਫ਼ਾਦਾਰੀ ਪ੍ਰਗਟ ਹੋਵੇ।

ਇਹ ਸ਼ਾਹੀ ਫ਼ਰਮਾਨ ਫ਼ਾਰਸੀ ਜ਼ਬਾਨ ਵਿਚ ਸੀ। ਪਾਠਕਾਂ ਦੀ ਜਾਣਕਾਰੀ ਲਈ ਇਸ ਫ਼ਰਮਾਨ ਦਾ ਪੰਜਾਬੀ ਅਨੁਵਾਦ ਅਸਲ ਦੇ ਮੁਤਾਬਿਕ ਇਸ ਪ੍ਰਕਾਰ ਹੈ:—

'ਉੱਤਮ ਪਦਵੀ ਅਤੇ ਬਾਹਾਨਾ ਗੌਰਵ ਦੇ ਮਾਲਕ, ਸਾਡੇ ਵਫ਼ਾਦਾਰ, ਸਾਡੇ ਵਿਸ਼ਵਾਸ ਅਤੇ ਅਨੁਗ੍ਰਹ ਦੇ ਪਾਤ੍ਰ, ਉਪਕਾਰ ਅਤੇ ਉਦਾਰਤਾ ਦੇ ਪ੍ਰਤੱਖ ਰੂਪ ਮਹਾਰਾਜਾ ਨਰਿੰਦ੍ਰ ਸਿੰਘ ਬਹਾਦੁਰ ਪਟਿਆਲਾ ਦੇ ਨਾਮ। ਮਿਤੀ ੨੧ਵੀਂ ਰਮਜ਼ਾਨ

'ਮੇਰੀ ਜਾਨ ਲਬਾਂ ਤੇ ਆ ਪਹੁੰਚੀ ਹੈ, ਆਓ ਤਾਂ ਜੋ ਮੈਂ ਬਚ ਸਕਾਂ। ਜੇ ਕਰ ਮੈਂ ਨਾ ਰਿਹਾ ਤਾਂ ਤੁਹਾਡਾ ਕੀ ਬਣੇਗਾ ?

ਵਰਤਮਾਨ ਸਰਕਾਰ ਦੇ ਢਹਿ ਜਾਣ ਅਤੇ ਵਧ ਰਹੇ ਇਨਕਲਾਬ ਸੰਬੰਧੀ, ਜੋ ਇਸ ਸਮੇਂ ਫੈਲਾਇਆ ਜਾ ਰਿਹਾ ਹੈ, ਤੁਸੀਂ ਅਖ਼ਬਾਰਾਂ ਵਿਚੋਂ ਪੜ੍ਹ ਹੀ ਲਿਆ ਹੋਵੇਗਾ। ਸਾਡੇ ਅਨੁਗ੍ਰਹਿ ਕਾਰੀ ਪਰਿਵਾਰ ਬਾਰੇ ਤੁਹਾਡੀ ਭਲੀ ਭਾਂਤ ਪ੍ਰਵਾਨਿਤ ਵਫ਼ਾਦਾਰੀ ਅਤੇ ਰਾਜ ਭਗਤੀ ਤੇ ਭਰੋਸਾ ਰਖਦੇ ਹੋਏ ਤੁਹਾਨੂੰ ਲਿਖਿਆ ਜਾਂਦਾ ਹੈ ਕਿ ਤੁਸੀਂ ਛੇਤੀ ਤੋਂ ਛੇਤੀ ਭਲੀ ਪ੍ਰਕਾਰ ਸੁਸੱਜਿਤ ਸੈਨਾ ਸਮੇਤ ਸਾਡੇ ਖ਼ੁਸਰਵੀ ਦਰਬਾਰ ਵਿਚ ਹਾਜ਼ਰ ਹੋਵੋ।

ਸਮੇਂ ਦੀ ਅਜਿਹੀ ਨਜ਼ਾਕਤ ਵਿਚ ਕੋਈ ਦੇਰੀ ਕਰਨੀ ਉਚਿਤ ਨਹੀਂ। ਹੁਣ ਨਾ ਤਾਂ ਕੋਈ ਲੜਾਈ ਦੀ ਵਿਉਂਤ ਹੈ ਅਤੇ ਨਾਹੀਂ ਕੋਈ ਬਚਾਉ ਦੀ ਸੂਰਤ, ਕਿਉਂਕਿ ਤੁਸੀਂ ਸਾਡੀ ਤਾਕਤ ਅਤੇ ਭਲਾਈ ਦੇ ਚਾਹਵਾਨ ਹੋ ਇਸ ਲਈ ਅਜਿਹੀ ਔਕੜ ਵਿਚ ਤੁਹਾਡੇ ਲਈ ਉਚਿਤ ਹੈ ਕਿ ਤੁਸੀਂ ਬਿਨਾ ਦੇਰੀ ਦੇ ਇਸ ਬੁਲਾਵੇ ਦੀ ਪਾਲਣਾ ਕਰੋ*।'

---

*ਪੰਜਾਬ ਰੀਕਾਰਡਜ਼, ੧੮੫੭ ਅਤੇ Cave Brown, Punjab & Delhi in 1857, I, PP. 224-25.

# ਨਾਮਧਾਰੀ ਲਹਿਰ

## ੧.

## ਬਾਬਾ ਬਾਲਕ ਸਿੰਘ ਜੀ

(੧੭੯੯—੧੮੬੨)

ਨਿਰੰਕਾਰੀ ਲਹਿਰ ਦੇ ਮੱਧ ਵਿਚ ਤੇ ਸੰਨ ੧੮੫੭ ਦੇ ਗ਼ਦਰ ਤੋਂ ਪਿੱਛੋਂ ਸਿੱਖਾਂ ਵਿਚ ਜੋ ਦੂਜੀ ਸੁਧਾਰਕ ਲਹਿਰ ਚਲ਼ੀ, ਉਹ ਨਾਮਧਾਰੀ ਲਹਿਰ ਸੀ। ਇਹ ਲਹਿਰ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਧਾਰਮਿਕ ਵੀ ਸੀ ਤੇ ਰਾਜਨੀਤਿਕ ਵੀ। ਧਾਰਮਿਕ ਇਸ ਕਰਕੇ ਸੀ ਕਿ ਇਸ ਦਾ ਪ੍ਰਾਰੰਭ ਸਿੱਖ-ਪੰਥ ਵਿਚੋਂ ਕੁਰੀਤੀਆਂ ਨੂੰ ਦੂਰ ਕਰਨ ਵਾਸਤੇ ਹੋਇਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੱਚੀ ਸੁੱਚੀ ਮਰਯਾਦਾ ਨੂੰ ਖ਼ਾਲਸੇ ਵਿਚ ਨਵੇਂ ਸਿਰੇ ਪ੍ਰਚਲਿਤ ਕਰਨਾ ਹੀ ਇਸ ਲਹਿਰ ਦਾ ਮੁੱਖ ਕਰਤੱਬ ਸੀ। ਰਾਜਨੀਤਿਕ ਇਹ ਲਹਿਰ ਇਸ ਕਰਕੇ ਸੀ ਕਿ ਇਸ ਵਿਚ ਸ਼ੁਰੂ ਤੋਂ ਹੀ ਦੇਸ਼-ਸੇਵਾ ਦੀ ਉਮੰਗ ਸੀ ਤੇ ਇਸ ਦੇ ਮੋਢੀ ਬਾਬਾ ਰਾਮ ਸਿਘ ਜੀ ਨੇ ਸਿੱਖ–ਰਾਜ ਨੂੰ ਅੰਗਰੇਜ਼ਾਂ ਦੇ ਹੱਥੋਂ ਖ਼ਤਮ ਹੁੰਦਿਆਂ ਦੇਖਿਆ ਸੀ। ਸਰਕਾਰ ਅੰਗਰੇਜ਼ੀ ਨੇ ਸਿੱਖਾਂ ਨਾਲ ਮਿਤ੍ਰ ਹੋਣ ਦੀ ਹੈਸੀਅਤ ਵਿਚ ਜੋ ਦ੍ਰੋਹ ਕਮਾਏ ਸਨ, ਉਹ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਸਨ। ਇਸ ਲਈ ਉਨ੍ਹਾਂ ਨੇ ਇਸ ਲਹਿਰ ਨੂੰ ਚਲਾਉਣ ਲੱਗਿਆਂ ਸਰਕਾਰ ਅੰਗਰੇਜ਼ੀ ਨਾਲ ਮੁੱਢ ਤੋਂ ਹੀ ਪੂਰੀ ਪੂਰੀ ਨਾ-ਮਿਲਵਰਤਣ ਰੱਖੀ। ਉਨ੍ਹਾਂ ਦੀ ਇਸ ਜੱਦੋ–ਜਹਿਦ ਦਾ ਨਤੀਜਾ ਪਿੱਛੋਂ ਜਾ ਕੇ ਚਾਹੇ ਕੁਝ ਵੀ ਨਿਕਲਿਆ, ਪਰ ਉਹ ਆਪਣੀ ਜ਼ਿੰਦਗੀ ਵਿਚ ਇਸ ਅਸੂਲ ਤੋਂ ਕਦੇ ਪਿੱਛੇ ਨਾ ਹਟੇ।

**ਪ੍ਰੱਕਥਨ**

'ਨਾਮਧਾਰੀਆਂ' ਨੂੰ ਦੂਜੇ ਸ਼ਬਦਾਂ ਵਿਚ 'ਕੂਕੇ' ਵੀ ਕਿਹਾ ਜਾਂਦਾ ਹੈ। 'ਕੂਕਾ' ਸ਼ਬਦ ਦਾ ਅਰਥ ਹੈ-' ਕੂਕ ਮਾਰਨਾ।' ਨਾਮਧਾਰੀਏ ਚੂੰਕਿ ਨਾਮ–ਬਾਣੀ ਦੇ ਦ੍ਰਿੜ੍ਹ ਅਭਿਆਸੀ ਹੋਣ ਕਰਕੇ ਸ਼ਬਦ ਪੜ੍ਹਦੇ ਹੋਏ ਸੂਫ਼ੀ ਫ਼ਕੀਰਾਂ ਵਾਂਗੂ ਨੱਚਣ ਲੱਗ ਪੈਂਦੇ ਹਨ ਤ ਨਾਲ ਹੀ ਪ੍ਰੇਮ ਦੇ ਲੋਰ ਵਿਚ ਆ ਕੇ ਕੂਕਾਂ ਵੀ ਮਾਰਦੇ ਹਨ, ਇਸ ਲਈ ਉਨ੍ਹਾਂ ਨੂੰ 'ਕੂਕੇ ਕਿਹਾ ਜਾਂਦਾ ਹੈ, ਪਰ ਇਹ ਅਸਲ ਨਾਮ ਨਹੀਂ–ਸਿਫ਼ਤੀ ਨਾਮ ਹੈ ਤੇ ਅਸਲ ਨਾਮ 'ਨਾਮਧਾਰੀਏ' ਹੀ ਹੈ।

**ਨਾਮਧਾਰੀ ਜਾਂ ਕੂਕੇ**

ਨਾਮਧਾਰੀ ਲਹਿਰ ਖ਼ਾਲਸਾ ਪੰਥ ਵਿਚ ਕਿਵੇਂ ਸ਼ੁਰੂ ਹੋਈ ਤੇ ਇਸ ਦਾ ਸਮੁਚੇ ਸਿੱਖੀ ਜੀਵਨ ਉਤੇ ਕੀ ਪ੍ਰਭਾਵ ਪਿਆ, ਇਹ ਦੱਸਣ ਤੋਂ ਪਹਿਲਾਂ ਏਥੇ ਇਸ ਦੇ ਮੁੱਢਲੇ ਨਾਮਧਾਰੀ ਆਗੂਆਂ ਦਾ ਹਾਲ ਵੇਰਵੇ ਸਹਿਤ ਦਿੱਤਾ ਜਾਂਦਾ ਹੈ ਤਾਂ ਜੋ ਪਾਠਕਾਂ ਨੂੰ ਇਸ ਬਾਰੇ

Sri Satguru Jagjit Singh Ji eLibrary NamdhariElibrary@gmail.com

ਰਤਾ ਹੋਰ ਵੀ ਗਹਿਰੀ ਵਾਕਫ਼ੀਅਤ ਹੋ ਜਾਵੇ । ਇਨ੍ਹਾਂ ਆਗੂਆਂ ਦੇ ਨਾਮ ਹਨ : (੧) ਬਾਬਾ ਬਾਲਕ ਸਿੰਘ ਅਤੇ (੨) ਬਾਬਾ ਰਾਮ ਸਿੰਘ ਜੀ ।

ਬਾਬਾ ਬਾਲਕ ਸਿੰਘ ਜੀ ਪਿੰਡ ਹਜਰੋ (ਮਰਦਾਨ) ਜ਼ਿਲਾ ਪਿਸ਼ੌਰ ਦੇ ਵਸਨੀਕ ਸਨ। ਆਪ ਦਾ ਜਨਮ ਸੰਮਤ ੧੮੫੬ ਬਿ: (ਮੁਤਾਬਿਕ ਸੰਨ ੧੭੯੯ ਈ:) ਵਿਚ ਪਿੰਡ ਸਰਵਾਲਾ (ਕਈ ਲੇਖਕਾਂ ਦੇ ਅਨੁਸਾਰ ਪਿੰਡ ਛੋਈ) ਜ਼ਿਲਾ ਅਟਕ ਵਿਖੇ ਭਾਈ ਦਿਆਲ ਸਿੰਘ ਦੇ ਘਰ ਹੋਇਆ ਸੀ* । ਆਪ ਜਾਤਿ ਦੇ ਅਰੋੜੇ ਖਤ੍ਰੀ ਸਨ। ਭਾਈ ਦਿਆਲ ਸਿੰਘ ਦੇ ਘਰ ਇਨ੍ਹਾਂ ਤੋਂ ਇਲਾਵਾ ਇਕ ਪੁਤ੍ਰ ਹੋਰ ਸੀ । ਉਹ ਉਮਰ ਵਿਚ ਵਡੇਰਾ ਸੀ ਤੇ ਉਸ ਦਾ ਨਾਮ ਮੰਨਾ ਸਿੰਘ ਸੀ।

**ਮੁੱਢਲੀ ਅਵਸਥਾ**

ਬਾਬਾ ਬਾਲਕ ਸਿੰਘ ਜੀ ਜਦ ਕੁਝ ਵੱਡੇ ਹੋਏ ਤਾਂ ਸੁਭਾਉ ਤੋਂ ਸਾਧੂ-ਬ੍ਰਿੱਤੀ ਜ਼ਾਹਿਰ ਹੋਣ ਲੱਗੀ। ਗੁਰਬਾਣੀ ਪੜ੍ਹਨੀ, ਨਾਮ ਜਪਣਾ ਤੇ ਸਤਿਸੰਗ ਵਿਚ ਹਮੇਸ਼ਾਂ ਲਗੇ ਰਹਿਣਾ ਇਹ ਉਨ੍ਹਾਂ ਦੀ ਨਿੱਤ ਕ੍ਰਿਯਾ ਸੀ ।

ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਬਾਬਾ ਬਾਲਕ ਸਿਘ ਜੀ ਦੇ ਵੱਡੇ ਭਰਾ ਮੰਨਾ ਸਿੰਘ ਨੇ ਸੰਮਤ ੧੮੮੮ (ਮੁਤਾਬਿਕ ਸੰਨ ੧੮੨੮ ਈ:) ਵਿਚ ਹਜਰੋ (ਮਰਦਾਨ) ਜਾ ਕੇ ਦੁਕਾਨ ਕਰ ਲਈ । ਉਨ੍ਹਾਂ ਦੇ ਸੰਗੇ ਨਾਲ ਉਸੇ ਸਮੇਂ ਤੋਂ ਬਾਬਾ ਬਾਲਕ ਸਿੰਘ ਜੀ ਵੀ ਪਿੰਡ ਦਾ ਨਿਵਾਸ ਛੱਡ ਕੇ ਹਜਰੋ ਹੀ ਰਹਿਣ ਲੱਗ ਪਏ । ਹਜਰੋ ਵਿਚ ਉਨੀਂ ਦਿਨੀਂ ਭਗਤ ਸਾਈਂ ਜਵਾਹਰ ਮੱਲ ਨਾਮੀ ਇਕ ਉੱਘੇ ਮਹਾਂਪੁਰਸ਼ ਰਹਿੰਦੇ ਸਨ । ਇਹ ਰਾਵਲ ਪਿੰਡੀ ਦੇ ਵਸਨੀਕ ਤੇ ਜਾਤਿ ਦੇ ਕਲਾਲ ਸਨ ਅਤੇ ਹਜਰੋ ਵਿਚ ਸ਼ਰਾਬ ਦੀ ਦੁਕਾਨ ਕਰਦੇ ਸਨ† । ਕਰਤੱਬ ਤਾਂ ਇਨ੍ਹਾਂ ਦਾ ਰੋਜ਼ ਸ਼ਰਾਬ ਵੇਚਣ ਦਾ ਸੀ,

**ਸਾਈਂ ਜਵਾਹਰ ਮੱਲ ਨਾਲ ਮਿਲਾਪ**

ਪਰ ਅੰਦਰੋਂ ਲਿਵ ਸਾਈਂ ਨਾਲ ਲੱਗੀ ਹੋਣ ਕਰ ਕੇ ਪਰਮੇਸ਼ਰ ਦੇ ਅਨੰਨ ਭਗਤ ਸਨ । ਹਜਰੋ ਪਹੁੰਚਣ ਤੇ ਬਾਬਾ ਬਾਲਕ ਸਿੰਘ ਜੀ ਦਾ ਮਿਲਾਪ ਇਨ੍ਹਾਂ ਨਾਲ ਹੋਇਆ। ਇਹ ਮੇਲ ਫੇਰ ਛੇਤੀ ਹੀ ਗੂੜ੍ਹੇ ਸਨੇਹ-ਭਾਵ ਵਿਚ ਬਦਲ ਗਿਆ ਤੇ ਬਾਬਾ ਬਾਲਕ ਸਿੰਘ ਜੀ ਕਈ ਵੇਰ ਸਾਈਂ ਸਾਹਿਬ ਦੇ ਦਰਸ਼ਨਾਂ ਵਾਸਤੇ ਉਨ੍ਹਾਂ ਦੀ

---

*ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਛੇਵੀਂ ਛਾਪ, ਸਫ਼ਾ ੧੦੭੩; ਭਾਈ ਕਾਲ੍ਹਾ ਸਿੰਘ, ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼ (੧੯੧੪), ਸਫ਼ਾ ੯; ਸੰਤ ਇੰਦ੍ਰ ਸਿੰਘ ਚਕ੍ਰਵਰਤੀ ਦੇ ਨਾਮਧਾਰੀ ਇਤਿਹਾਸ, ਸਫ਼ਾ ੧ ਦੇ ਅਨੁਸਾਰ ਬਾਬਾ ਬਾਲਕ ਸਿੰਘ ਜੀ ਦੀ ਜਨਮ ਤਿਥੀ ਫੱਗਣ ਸੁਦੀ ੧੫, ਸੰ: ੧੮੪੧ ਬਿ: (ਸੰਨ ੧੭੮੩ ਈ:) ਹੈ ।

†ਸੰਤ ਇੰਦ੍ਰ ਸਿੰਘ ਚਕ੍ਰਵਰਤੀ, ਨਾਮਧਾਰੀ ਇਤਿਹਾਸ, ਸਫ਼ਾ ੯; ਭਾਈ ਕਾਨ੍ਹ ਸਿੰਘ ਨਾਭਾ, ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼ (੧੯੬੦), ਨਵੇਂ ਵਾਧੇ, ਸਫ਼ਾ ੯੩, ਕਾਲਮ ੧ ਪਰ ਲਿਖਦੇ ਹਨ ਕਿ ਉਸ ਸਮੇਂ ਸਾਈਂ ਜਵਾਹਰ ਮੱਲ ਜੀ ਤੋਂ ਬਾਬਾ ਬਾਲਕ ਸਿੰਘ ਜੀ ਨੇ ਨਾਮ ਦਾ ਉਪਦੇਸ਼ ਲਿਆ ਸੀ, ਪਰ ਨਾਮਧਾਰੀ ਲੇਖਕ ਉਨ੍ਹਾਂ ਦੇ ਇਸ ਕਥਨ ਨਾਲ ਸਹਿਮਤ ਨਹੀਂ ਹਨ ।

Sri Satguru Jagjit Singh Ji eLibrary NamdhariElibrary@gmail.com

ਦੁਕਾਨ ਤੇ ਜਾਣ ਲਗ ਪਏ । ਇਸ ਸਤਿਸੰਗ ਤੋਂ ਦੁਪਾਸੀਂ ਬੜਾ ਲਾਭ ਪੁੱਜਾ ।

ਬਾਬਾ ਬਾਲਕ ਸਿੰਘ ਜੀ ਨੂੰ ਬਚਪਨ ਤੋਂ ਹੀ ਭਗਤੀ-ਭਾਵ ਦੀ ਲਿਵ ਲੱਗ ਗਈ ਸੀ, ਇਸ ਲਈ ਜਿਉਂ ਜਿਉਂ ਉਮਰ ਵਡੇਰੀ ਹੁੰਦੀ ਗਈ, ਤਿਉਂ ਤਿਉਂ ਇਹ ਲਿਵ ਹੋਰ ਵੀ ਪਕੇਰੀ ਹੋਈ; ਨਾਮ ਦਾ ਗੂੜ੍ਹਾ ਰੰਗ ਚੜ੍ਹਿਆ ਤੇ ਉਨ੍ਹਾਂ ਨੇ 'ਨਾਮ-ਅਭਿਆਸੀ ਜਿਗਿਆਸੀ ਸੰਪ੍ਰਦਾਇ' ਦਾ ਮੁੱਢ ਬੰਨ੍ਹਿਆ । ਦੁਕਾਨ ਦਾ ਕੰਮ, ਜੋ ਉਹ ਆਪਣੇ ਭਰਾ ਮੰਨਾ ਸਿੰਘ ਦੇ ਨਾਲ ਰਲ ਕੇ ਕਰਦੇ ਸਨ, ਉਨ੍ਹਾਂ ਤੋਂ ਰਹਿ ਗਿਆ । ਹਰ ਸਮੇਂ ਨਾਮ ਦੇ ਸਿਮਰਨ ਵਿਚ ਮਸਤ ਰਹਿਣ ਕਰ ਕੇ ਲੋਕ ਉਨ੍ਹਾਂ ਦੇ ਦਰਸ਼ਨਾਂ ਵਾਸਤੇ ਆਉਣ ਲੱਗੇ । ਅੱਗੋਂ ਸਾਰੇ ਲੋਕਾਂ ਨੂੰ ਉਨ੍ਹਾਂ ਦਾ ਇਹੋ ਉਪਦੇਸ਼ ਸੀ : 'ਝੂਠ ਨਹੀਂ ਬੋਲਣਾ, ਚੋਰੀ-ਜਾਰੀ ਨਹੀਂ ਕਰਨੀ, ਗੁਰਬਾਣੀ ਉਤੇ ਭਰੋਸਾ ਰੱਖਣਾ, ਕਿਸੇ ਦਾ ਦਿਲ ਨਹੀਂ ਦੁਖਾਉਣਾ, ਭੁੱਲ ਕੇ ਵੀ ਕੋਈ ਪਾਪ-ਕਰਮ ਨਹੀਂ ਕਰਨਾ; ਧਰਮ ਦੀ ਕਿਰਤ ਕਰਨੀ, ਦਸਾਂ ਨੌਹਾਂ ਦੀ ਕਮਾਈ ਵਿਚੋਂ ਦਸਵੰਧ ਗੁਰੂ ਦੇ ਲੇਖੇ ਲਾਉਣਾ ਤੇ ਇਕ ਅਕਾਲ ਪੁਰਖ ਤੋਂ ਛੁੱਟ ਹੋਰ ਕਿਸੇ ਦੇਵੀ-ਦੇਵਤੇ ਨੂੰ ਨਹੀਂ ਮੰਨਣਾ ।'

**ਸਤਿਸੰਗ ਤੇ ਉਪਦੇਸ਼**

ਇਸ ਉਪਦੇਸ਼ ਵਿਚ ਉਹੋ ਪੰਥਕ ਸੁਧਾਰ ਦੀ ਲਗਨ ਸੀ ਜੋ ਆਮ ਤੌਰ ਤੇ ਅਜਿਹੇ ਆਦਰਸ਼ਵਾਦੀ ਆਗੂਆਂ ਦੇ ਦਿਲ ਵਿਚ ਹੋਇਆ ਕਰਦੀ ਹੈ । ਕੁਝ ਚਿਰ ਪਿੱਛੋਂ ਸੰਗਤ ਦੇ ਕਹਿਣ ਤੇ ਬਾਬਾ ਜੀ ਹਜਰੋ ਦੀ ਵੱਡੀ ਧਰਮ ਸਾਲਾ ਵਿਚ ਕਥਾ ਕਰਨ ਲੱਗ ਪਏ ਤੇ ਸੰਗਤ ਬੜੇ ਉਤਸ਼ਾਹ ਨਾਲ ਆਉਣ ਲੱਗੀ । ਬਾਬਾ ਜੀ ਕਥਾ ਦਾ ਇਹ ਅੰਮ੍ਰਿਤ ਪਰਵਾਹ ਲਗਾਤਾਰ ਆਪਣੇ ਜੀਵਨ ਦੇ ਅੰਤਲੇ ਦਿਨਾਂ ਤਕ ਚਲਾਉਂਦੇ ਰਹੇ । ਬਾਬਾ ਜੀ ਦੇ ਪ੍ਰਚਾਰ ਦੇ ਪ੍ਰਭਾਵ ਵਿਚ ਆ ਕੇ ਬਹੁਤ ਸਾਰੇ ਲੋਕਾਂ ਨੇ ਬੁਤ-ਪੂਜਾ ਕਰਨੀ ਛਡ ਦਿੱਤੀ ਤੇ ਗੁਰਮਤਿ ਨੂੰ ਅਪਣਾ ਲਿਆ । ਅਜਿਹੇ ਲੋਕਾਂ ਵਿਚੋਂ ਪਿੰਡ ਜੋਦਾ ਨਿਵਾਸੀ ਭਾਈ ਧਨੋ ਰਾਮ ਤੇ ਹਜਰੋ ਨਿਵਾਸੀ ਭਾਈ ਗੁਮਾਨੀ ਦੇ ਨਾਮ ਵਿਸ਼ੇਸ਼ ਪ੍ਰਸਿੱਧ ਹਨ* ।

**ਸਿੱਖਾਂ ਦਾ ਸੁਧਾਰ**

ਸੰਨ ੧੮੩੮ ਵਿਚ ਬਾਬਾ ਬਾਲਕ ਸਿੰਘ ਜੀ ਦੇ ਮਿਸ਼ਨ ਨੇ ਨਵਾਂ ਰੁਖ ਪਲਟਿਆ ਤੇ ਉਹ ਕੁਝ ਪ੍ਰਗਟ ਹੋ ਕੇ ਪ੍ਰਚਾਰ ਦੇ ਮੈਦਾਨ ਵਿਚ ਆਏ । ਇਸ ਪ੍ਰਗਟਾਉ ਦਾ ਕਾਰਣ ਬਾਬਾ ਰਾਮ ਸਿੰਘ ਜੀ ਨਾਮੀ ਇਕ ਫ਼ੌਜੀ ਸਿੰਘ ਸਨ । ਇਹ ਬਾਬਾ ਰਾਮ ਸਿੰਘ ਜੀ ਪਿੰਡ ਭੈਣੀ ਅਰਾਈਆਂ ਜ਼ਿਲਾ ਲੁਦਿਹਾਣਾ ਦੇ ਵਸਨੀਕ ਸਨ । ਸੰਨ ੧੮੩੮ ਵਿਚ ਜਦ ਸਿੱਖ ਫ਼ੌਜਾਂ ਪਿਸ਼ੌਰ ਗਈਆਂ ਤਾਂ ਮਹਾਰਾਜਾ ਰਣਜੀਤ ਸਿੰਘ ਦਾ ਪੋਤ੍ਰਾ ਕੌਰ ਨੌ ਨਿਹਾਲ ਸਿੰਘ ਵੀ ਆਪਣੀ ਪਲਟਨ ਸਮੇਤ ਉਥੇ ਪਹੁੰਚਿਆ । ਕੌਰ ਸਾਹਿਬ ਦੀ ਇਸ ਪਲਟਨ ਵਿਚ

*ਸੰਤ ਇੰਦ੍ਰ ਸਿੰਘ ਜੀ ਚਕ੍ਰਵਰਤੀ, ਨਾਮਧਾਰੀ ਇਤਿਹਾਸ, ਹਿੱਸਾ ਪਹਿਲਾ, ਸਫ਼ੇ ੨੬, ੩੨ ਤੇ ੫੯ ।

Sri Satguru Jagjit Singh Ji eLibrary NamdhariElibrary@gmail.com

**ਬਾਬਾ ਰਾਮ ਸਿੰਘ ਦਾ ਮਿਲਾਪ**

ਬਾਬਾ ਰਾਮ ਸਿੰਘ ਜੀ ਸਿਪਾਹੀ ਸਨ। ਪਿਸ਼ੌਰ ਪਹੁੰਚਦਿਆਂ ਹੀ ਬਾਬਾ ਰਾਮ ਸਿੰਘ ਜੀ ਨੇ ਬਾਬਾ ਬਾਲਕ ਸਿੰਘ ਜੀ ਦੀ ਸ਼ੁਹਰਤ ਸੁਣੀ ਛੇ ਛੁੱਟੀ ਲੈ ਕੇ ਸਾਥੀਆਂ ਸਮੇਤ ਹਜਰੋ ਜਾ ਪਹੁੰਚੇ। ਬਾਬਾ ਬਾਲਕ ਸਿੰਘ ਜੀ ਇਨ੍ਹਾਂ ਨੂੰ ਬੜੇ ਖ਼ੁਸ਼ ਹੋ ਕੇ ਮਿਲੇ ਤੇ ਨਾਮ-ਬਾਣੀ ਦਾ ਉਪਦੇਸ਼ ਦਿੱਤਾ। ਕਹਿੰਦੇ ਹਨ ਕਿ ਬਾਬਾ ਰਾਮ ਸਿੰਘ ਜੀ ਨੇ ਸਾਥੀਆਂ ਸਮੇਤ ਉਥੇ ਹੀ ਉਨ੍ਹਾਂ ਪਾਸੋਂ ਅੰਮ੍ਰਿਤ ਛਕਿਆ ਤੇ ਨਾਮ-ਦਾਨ ਲੈ ਕੇ ਨਾਮਧਾਰੀਏ ਬਣ ਗਏ। ਇਹੋ ਬਾਬਾ ਰਾਮ ਸਿੰਘ ਜੀ ਅੱਗੇ ਜਾ ਕੇ ਨਾਮਧਾਰੀ ਲਹਿਰ ਦੇ ਮੋਢੀ ਹੋਏ।

ਬਾਬਾ ਰਾਮ ਸਿੰਘ ਜੀ ਹਜਰੋ ਤੋਂ ਆਪਣੇ ਸੀਨੇ ਵਿਚ ਗੁਰਮਤ-ਪ੍ਰਚਾਰ ਦੀ ਚਿਣਗ ਲੈ ਕੇ ਵਾਪਸ ਪਰਤੇ। ਪਿੱਛੋਂ ਹਜਰੋ ਵਿਚ ਨਾਮ-ਬਾਣੀ ਦਾ ਪਰਵਾਹ ਠੀਕ ਉਸੇ ਤਰ੍ਹਾਂ ਲਗ ਭਗ ੨੨ ਵਰ੍ਹੇ ਚਲਦਾ ਰਿਹਾ। ਬਾਬਾ ਰਾਮ ਸਿੰਘ ਜੀ ਇਕ ਵੇਰ ਫੇਰ ਗ਼ਾਲਬਨ ਸੰਨ ੧੮੫੫-੫੬ ਦੇ ਦਰਮਿਆਨੀ ਸਮੇਂ ਵਿਚ ਹਜਰੋ ਗਏ ਤੇ ਬਾਬਾ ਬਾਲਕ ਸਿੰਘ ਜੀ ਨੂੰ ਮਿਲੇ।

**ਸਮਕਾਲੀ ਘਟਨਾਵਾਂ**

ਇਸ ਸਮੇਂ ਤਕ, ਜਿਵੇਂ ਕਿ ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਹੈ, ਪੰਜਾਬ ਨੇ ਕਈ ਰੰਗ ਬਦਲੇ। ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਪਿੱਛੋਂ ਉਸ ਦੇ ਖ਼ਾਨਦਾਨ ਦੀ ਤਬਾਹੀ ਹੋਈ, ਸਿੱਖ ਰਾਜ ਦਾ ਅੰਤ ਹੋਣ ਤੇ ਪੰਜਾਬ ਉਤੇ ਸਰਕਾਰ ਅੰਗਰੇਜ਼ੀ ਦਾ ਕਬਜ਼ਾ ਹੋਇਆ, ਪਿੱਛੋਂ ੧੮੫੭ ਦਾ ਗ਼ਦਰ ਵੀ ਅੱਖਾਂ ਅੱਗੋਂ ਦੀ ਲੰਘਿਆ ਤੇ ਬਾਗ਼ੀ ਸਿਪਾਹੀ ਪਿਸ਼ੌਰ ਵਿਚ ਤੋਪਾਂ ਦੇ ਮੂੰਹਾਂ ਨਾਲ ਬੰਨ੍ਹ ਕੇ ਉਡਾਏ ਜਾਂਦੇ ਰਹੇ। ਇਹ ਸਭ ਸਮੇਂ ਤੇ ਕੁਦਰਤ ਦੀ ਖੇਡ ਸੀ ਜਿਸ ਨੂੰ ਬਾਬਾ ਬਾਲਕ ਸਿੰਘ ਜੀ ਨੇ ਦੇਖਿਆ-ਸੁਣਿਆ; ਪਰ ਅਣਡਿੱਠ ਜਿਹਾ ਕਰ ਛੱਡਿਆ ਤੇ ਆਪ ਸਦਾ ਨਾਮ-ਬਾਣੀ ਦੇ ਪ੍ਰਚਾਰ ਵਿਚ ਮਸਤ ਰਹੇ।

ਬਾਬਾ ਬਾਲਕ ਸਿੰਘ ਜੀ ਇਸ ਸਮੇਂ ਬ੍ਰਿਧ ਹੋ ਗਏ ਸਨ। ਉਨ੍ਹਾਂ ਦੇ ਉੱਤਰ-ਅਧਿਕਾਰੀ ਦੋ ਸਨ: ਖਾਨਦਾਨੀ ਲਿਹਾਜ ਨਾਲ ਵੱਡੇ ਭਰਾ ਮੰਨਾ ਸਿੰਘ ਦੇ ਪੁਤ੍ਰ ਭਾਈ ਕਾਨ੍ਹ ਸਿੰਘ ਜੀ ਅਤੇ ਪ੍ਰਚਾਰ ਦੇ ਲਿਹਾਜ਼ ਨਾਲ ਬਾਬਾ ਰਾਮ ਸਿੰਘ ਜੀ। ਭਾਈ ਕਾਨ੍ਹ ਸਿੰਘ ਜੀ ਹਜਰੋ ਵਿਚ ਹੀ ਰਹੇ ਅਤੇ ਬਾਬਾ ਰਾਮ ਸਿੰਘ ਜੀ ਨੇ ਆਪਣੇ ਪ੍ਰਚਾਰ ਦਾ ਕੇਂਦ੍ਰ ਪਿੰਡ ਭੈਣੀ ਅਰਾਈਆਂ ਜ਼ਿਲਾ ਲੁਦਿਹਾਣਾ ਵਿਚ ਥਾਪਿਆ।

**ਦੇਹਾਂਤ**

ਮਿਤੀ ਮੱਘਰ ਸੁਦੀ ੧੫ ਸੰਮਤ ੧੯੧੯ ਬਿਕ੍ਰਮੀ (ਮੁਤਾਬਿਕ ਸੰਨ ੧੮੬੧ ਈ:) ਨੂੰ ੬੩ ਵਰ੍ਹੇ ਦੀ ਉਮਰ ਵਿਚ ਬਾਬਾ ਬਾਲਕ ਸਿੰਘ ਜੀ ਦਾ ਦੇਹਾਂਤ ਹੋਇਆ।

ਬਾਬਾ ਬਾਲਕ ਸਿੰਘ ਜੀ ਆਪਣੀ ਜ਼ਿੰਦਗੀ ਵਿਚ 'ਨਾਮ-ਅਭਿਆਸੀ ਜਿਗਿਆਸੀ ਸੰਪ੍ਰਦਾਇ' ਦਾ ਪ੍ਰਚਾਰ ਬਹੁਤਾ ਗੁਪਤ ਰਹਿ ਕੇ ਹੀ ਕਰਦੇ ਰਹੇ। ਉਹ ਬੜੇ ਨਿਰਮਾਣ ਤੇ ਉੱਚੇ ਜੀਵਨ ਵਾਲੇ ਸਤਿਪੁਰਸ਼ ਸਨ ਇਸ ਲਈ 'ਗੁਰੂ', 'ਸਾਧ', 'ਸੰਤ' ਅਥਵਾ 'ਮਹਾਤਮਾ'

Sri Satguru Jagjit Singh Ji eLibrary NamdhariElibrary@gmail.com

**'ਭਾਈ' ਸ਼ਬਦ ਨਾਲ ਪਿਆਰ**

ਕਹਾਉਣ ਦੀ ਬਜਾਇ ਆਪਣੇ ਆਪ ਨੂੰ ਪੁਰਾਤਨ ਗੁਰਸਿਖਾਂ ਦੀ ਤਰ੍ਹਾਂ 'ਭਾਈ' ਕਹਾਉਣਾ ਹੀ ਵਧੇਰੇ ਪਸੰਦ ਕਰਦੇ ਸਨ। ਇਸ ਸੰਬੰਧੀ ਕੁਝਕੁ ਉਦਾਹਰਣ ਉਨ੍ਹਾਂ ਦੇ ਜੀਵਨ ਵਿਚੋਂ ਮਿਲਦੇ ਹਨ। ਇਕ ਤਾਂ ਉਨ੍ਹਾਂ ਦਾ ਪ੍ਰੇਮ-ਪਤ੍ਰ ਹੈ,ਜੋ ਅੰਤ ਸਮੇਂ ਤੋਂ ਕਈ ਦਿਨ ਪਹਿਲਾਂ ਉਨ੍ਹਾਂ ਨੇ ਆਪਣੇ ਪਰਮ ਸਨੇਹੀ ਭਗਤ ਸਾਈਂ ਜਵਾਹਰ ਮੱਲ ਜੀ ਨੂੰ ਲਿਖਿਆ ਜੀ। ਉਸ ਪਤ੍ਰ ਦੇ ਮੁੱਢਲੇ ਸ਼ਬਦ ਇਹ ਹਨ:

੧ ਓ ਸ੍ਰੀ ਸਤਿਗੁਰ ਪ੍ਰਸਾਦਿ ..... .........ਸ੍ਰੀ ਸਰਬ ਉਪਮਾ ਯੋਗ। ਸ੍ਰੀ ਸਗਲ ਗੁਣ ਨਿਧਾਨ ॥ ਪਰਉਪਕਾਰੀ ॥ ਉਜਲ ਦੀਦਾਰੀ ਸ੍ਰੀ ........... ਭਾਈ ਸਾਹਿਬ ਜੀ ਸਾਈਂ ਜੀ ਜਵੈਹਰ ਮਲ ਪਾਸੇ ਲਿਖਤੁਮ ਹਜਰੋ ਵਿਚੋਂ ਭਾਈ ਜੀ ਬਾਲਕ ਸਿੰਘ ਕੀ ਅਧੀਨਗੀ ਵਾਚਣੀ†।'.........

ਇਸ ਤੋਂ ਬਿਨਾ ਦੂਜਾ ਉਦਾਹਰਣ, ਜਿਵੇਂ ਕਿ ਸੰਤ ਇੰਦ੍ਰ ਸਿੰਘ ਜੀ ਚਕ੍ਰਵਰਤੀ ਲਿਖਦੇ ਹਨ, ਇਕ ਦੰਦ-ਕਥਾ ਹੈ। ਪਿੰਡ ਸਰਵਾਲੇ ਦੇ ਉਸ ਘਰ ਨੂੰ, ਜਿੱਥੇ ਬਾਬਾ ਬਾਲਕ ਸਿੰਘ ਜੀ ਰਹਿੰਦੇ ਰਹੇ ਸਨ, ਲੋਕੀ ਅਜ ਤੀਕ ਭਾਈ ਸਾਹਿਬ ਜੀ ਦੇ ਘਰ' ਨਾਉਂ ਤੋਂ ਪੁਕਾਰਦੇ ਹਨ*। ਇਸ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਉਹ 'ਭਾਈ ਸਾਹਿਬ' ਸਨ, ਆਪਣੇ ਆਪ ਨੂੰ 'ਗੁਰੂ' ਜਾਂ 'ਸੰਤ ਮਹਾਤਮਾ' ਨਹੀਂ ਅਖਵਾਉਂਦੇ ਸਨ।

**ਗੁਣ, ਕਰਮ ਤੇ ਸੁਭਾਉ**

ਬਾਬਾ ਬਾਲਕ ਸਿੰਘ ਜੀ ਦੇ ਰੋਜ਼ਾਨਾ ਜੀਵਨ ਬਾਰੇ ਇਕ ਪੁਰਾਤਨ ਸੀਹਰਫ਼ੀ ਪੱਥਰ ਦੇ ਛਾਪੇ ਵਿਚ ਸੰਨ ੧੮੬੯ ਈਸਵੀ ਦੀ ਛਪੀ ਹੋਈ ਸਰਦਾਰ ਪਿਆਰਾ ਸਿੰਘ 'ਪਦਮ' ਤੇ ਪ੍ਰਿਥੀਪਾਲ ਸਿੰਘ ਜੌੜਾ (ਜਾਲੰਧਰ) ਪਾਸੋਂ ਮਿਲੀ ਹੈ, ਜਿਸ ਦਾ ਨਾਮ 'ਪੋਥੀ ਸਰਧਾ ਪੂਰਨ' ਹੈ ਤੇ ਕਵੀ ਸ਼ੌਂਕਾ ਰਾਮ ਹਜਰੋ ਨਿਵਾਸੀ ਦੀ ਲਿਖੀ ਹੋਈ ਹੈ। ਕਵੀ ਚੂੰਕਿ ਬਾਬਾ ਜੀ ਦਾ ਸ਼ਰਧਾਲੂ ਤੇ ਸਮਕਾਲੀ ਸੀ, ਇਸ ਲਈ ਉਸ ਨੇ ਹਜਰੋ ਤੋਂ ਬਾਹਰ ਬਾਬਾ ਜੀ ਦੀ ਲਗਵਾਈ ਹੋਈ ਖੂਹੀ ਤੇ ਬਾਗੀਚੀ ਦਾ ਹਾਲ ਲਿਖਿਆ ਹੈ ਤੇ ਨਾਲ ਹੀ ਉਨ੍ਹਾਂ ਦੀ ਨਿੱਤ-ਕ੍ਰਿਆ ਉਤੇ ਵੀ ਰੌਸ਼ਨੀ ਪਾਈ ਹੈ। ਇਹ ਸੀਹਰਫ਼ੀ ਇਸ ਸੰਬੰਧ ਵਿਚ ਇਕ ਚੰਗੀ ਪ੍ਰਮਾਣਕ ਲਿਖਤ ਹੈ ਇਸ ਲਈ ਇਸ ਵਿਚੋਂ ਅੰਤਿਕਾ ਦੇ ਤੌਰ ਤੇ ਬਾਬਾ ਜੀ ਦੇ ਰੋਜ਼ਾਨਾ ਜੀਵਨ ਬਾਰੇ ਕੁਝ ਹਵਾਲੇ ਦਿਤੇ ਜਾਂਦੇ ਹਨ:

੧ ਓ ਸਤਿਗੁਰ ਪ੍ਰਸਾਦਿ ॥ ਸੀਹਰਫ਼ੀ ਭਾਈ ਬਾਲਕ ਸਿੰਘ ਜੀ ਕੀ ਲਿਖਤੇ ॥

ਰੱਬ ਮੇਹਰਬਾਨੀ ਨਾਲ ਤੋੜ ਚਾੜ੍ਹੇ,
ਬੈਂਤ ਜੋੜ ਸੁਣਾਵਾਂ ਸਿਤਾਬ ਲੋਕੋ।

---

†ਖ਼ਾਲਸਾ ਸਮਾਚਾਰ (ਅੰਮ੍ਰਿਤਸਰ), ੫ ਦਸੰਬਰ, ਸੰਨ ੧੯੪੦, ਸਫ਼ਾ ੩, ਕਾਲਮ ੨।
*ਸੰਤ ਇੰਦ੍ਰ ਸਿੰਘ ਚਕ੍ਰਵਰਤੀ, ਨਾਮਧਾਰੀ ਇਤਿਹਾਸ, ਹਿੱਸਾ ਪਹਿਲਾ, ਸਫ਼ਾ ੧।

Sri Satguru Jagjit Singh Ji eLibrary NamdhariElibrary@gmail.com

ਕਰਾਂ ਸਿਫ਼ਤ ਭਾਈ ਬਾਲਕ ਸਿੰਘ ਦੀ ਜੀ,
ਹਰਫ਼ ਕੋਈ ਨਾ ਹੋਵੇ ਖ਼ਰਾਬ ਲੋਕੋ।
ਹਰ ਵੇਲੇ ਉਹ ਰੱਬ ਦਾ ਨਾਉਂ ਲੈਂਦੇ,
ਸਿਫ਼ਤ ਜੋੜਨਾ ਕਰਾਂ ਸਵਾਬ ਲੋਕੋ।
'ਸ਼ੌਕਾ ਰਾਮ' ਭੌਰਾ ਜਾ ਕੇ ਮੱਥਾ ਟੇਕੇ,
ਨਜ਼ਰ ਆਂਵਦੇ ਫੁਲ ਗੁਲਾਬ ਲੋਕੋ ॥ ੧ ॥
ਜਾਂਦੇ ਰੋਜ਼ ਪ੍ਰਭਾਤ ਨੂੰ ਖੂਹੀ ਉਤੇ,
ਆਵਣ ਧਰਮ ਸਾਲਾ ਇਸ਼ਨਾਨ ਕਰ ਕੇ।
ਪੜ੍ਹਨ ਪੋਥੀਆਂ ਗ੍ਰੰਥ ਸੁਣਾਇ ਕੇ ਜੀ,
ਸਮਝਾਂਵਦੇ ਲੋਕਾਂ ਨੂੰ ਗਿਆਨ ਕਰ ਕੇ।
ਬਾਲਕ ਸਿੰਘ ਦਾ ਤਉਰ ਫ਼ਕੀਰੀ ਹੈ ਜੀ;
ਤੁਸੀਂ ਸੁਣੋ ਲੋਕੋ (ਜ਼ਰਾ) ਧਿਆਨ ਕਰ ਕੇ।
ਗਲ ਕਰਨ ਤਾਂ ਮੁੱਖ ਤੇ ਕਿਰਨ ਮੋਤੀ,
'ਸ਼ੌਕਾ ਰਾਮ' ਨਹੀਂ ਕਹਿੰਦਾ ਗੁਮਾਨ ਕਰ ਕੇ ॥੨॥

ਉਠ ਧਰਮ ਸਾਲੋਂ ਗ੍ਰੰਥ ਪੜ੍ਹ ਕੇ ਤੇ,
ਘਰ ਆਂਵਦੇ ਨੀ ਭੋਜਨ ਪਾਵਣੇ ਨੂੰ।
ਵੀਹ ਤ੍ਰੀਹ ਜਿਗਿਆਸੀ ਤਾਂ ਨਾਲ ਰਹਿੰਦੇ,
ਰਾਹੇ ਰਾਹ ਜੋ ਕਾਰ ਬੁਲਾਵਣੇ ਨੂੰ।
ਲੋਕੀ ਦੇਖ ਕੇ ਤੇ ਮੱਥਾ ਟੇਕਦੇ ਨੀ,
ਨਹੀਂ ਵਾਰ ਮਿਲਦੀ ਚਰਨ ਚਾਵਣੇ ਨੂੰ।
'ਸ਼ੌਕਾ ਰਾਮ' ਜਿਗਿਆਸੀ ਬੇਅੰਤ ਉਸ ਦੇ,
ਨਹੀਂ ਰਾਹ ਮਿਲਦਾ ਲੰਘ ਜਾਵਣੇ ਨੂੰ ॥੩॥...

ਜਾਹਗਾ ਦਰੁਸਤ ਕਰਵਾਇ ਕੇ ਭਾਈ ਸਾਹਿਬ,
ਬੈਠਕ ਬਾਗ ਦੇ ਵਿਚ ਬਣਾਉਂਦੇ ਨੀ।
ਦਿਨੇ ਰਾਤ ਜਿਗਿਆਸੀ ਜੋ ਨਾਲ ਰਹਿੰਦੇ,
ਖੁਸ਼ੀ ਹੋਇ ਕੇ ਕੀਰਤਨ ਕਰਾਉਂਦੇ ਨੀ।
ਕਿਸੇ ਆਦਮੀ ਨੂੰ ਤੁਕ ਭੁੱਲ ਜਾਵੇ,
ਉਸ ਨੂੰ ਗਿਆਨ ਦੇ ਨਾਲ ਸਮਝਾਉਂਦੇ ਨੀ।
'ਸ਼ੌਕਾ ਰਾਮ' ਆਖੇ ਭਾਈ ਸਾਹਿਬ ਕੋਲੋਂ;
ਜੋ ਮੁਰਾਦ ਮੰਗਣ ਸੋਈ ਪਾਉਂਦੇ ਨੀ ॥ ੬ ॥
ਹੁਕਮ ਭਾਈ ਦਾ ਸਭ ਮਨਜ਼ੂਰ ਕਰਦੇ,
ਸ਼ਹਿਰਦਾਰ ਤੇ ਬਾਹਰ ਦੇ ਹੋਰ ਲੋਕੋ।

Sri Satguru Jagjit Singh Ji eLibrary NamdhariElibrary@gmail.com

ਜੇੜ੍ਹੀ ਗਲ ਮੋਹਿ ਵਿਚੋਂ ਨਿਕਲ ਜਾਵੇ,
ਸੋਈ ਕਰ ਦੇਂਦੇ ਫ਼ਿਲਫਉਰ ਲੋਕੋ।
ਭਾਈ ਸਾਹਿਬ ਅੱਗੇ ਸਾਰੇ ਹਿਕਾ ਜਏ,
ਕਿਹਾ ਸੰਤ ਫ਼ਕੀਰ ਤੇ ਚੋਰ ਲੋਕੋ।
'ਸ਼ੌਕਾ ਰਾਮ' ਆਖੇ ਮੈਂ ਕੀ ਸਿਫ਼ਤ ਲਿੱਖਾਂ,
ਭਾਈ ਸਾਹਿਬ ਦਾ ਹੈ ਚੰਗਾ ਤਉਰ ਲੋਕੋ ॥ ੭ ॥
ਤਉਰ ਭਾਈ ਦਾ ਹੈ ਬਾਦਸ਼ਾਹੀ ਲੋਕੋ,
ਤੁਸੀਂ ਵੇਖ ਲਉ ਸੋਚ ਵਿਚਾਰ ਕਰਕੇ।
ਨਿਤ ਜਾਂਵਦੇ ਬਾਗ ਦਾ ਸੈਲ ਕਰਨੇ,
ਭਾਈ ਲੋਕਾਂ ਦੇ ਨਾਲ ਪਿਆਰ ਕਰ ਕੇ।
ਬਾਗਵਾਨ ਤੇ ਟਹਿਲੀਏ ਭਾਈ ਦੇ ਜੀ,
ਆਣਨ ਫੁੱਲਾਂ ਦੀ ਡਾਲ਼ੀ ਤਿਆਰ ਕਰ ਕੇ।
'ਸ਼ੌਕਾ ਰਾਮ' ਰਵੇਲ ਤੇ ਚੰਬਾ ਮਰੂਆ,
ਰੰਗ ਰੰਗ ਦੇ ਫੁੱਲ ਨਿਕਾਰ ਕਰ ਕੇ ॥੮॥...
ਵੇਲੇ ਸਾਂਝ ਦੇ ਭਾਈ ਜੀ ਘਰ ਆਏ,
ਭਾਈ ਸਾਹਿਬ ਦਾ ਪਲੰਘ ਵਿਛਾਉਂਦੇ ਨੀ।
ਪਲੰਘ ਉਤੇ ਤਲਾਈ ਵਿਛਾਇ ਕੇ ਜੀ,
ਭਾਈ ਸਾਹਿਬ ਨੂੰ ਉਤੇ ਬਹਾਉਂਦੇ ਨੀ।
ਮੱਥਾ ਟੇਕ ਕੇ ਤ ਨਾਲ ਖੁਸ਼ੀ ਦੇ ਜੀ,
ਭਾਈ ਸਾਹਿਬ ਨੂੰ ਸ਼ਬਦ ਸੁਣਾਉਂਦੇ ਨੀ।
'ਸ਼ੌਕਾ ਰਾਮ' ਸਾਰੰਗੀ ਤੇ ਕੈਂਸੀਆਂ ਜੀ,
ਜੋੜੀ ਪ੍ਰੇਮ ਦੇ ਨਾਲ ਵਜਾਉਂਦੇ ਨੀ ॥੧੧॥

**ਮੁਸਲਿਮ ਸੂਧਾਲੂ**

ਬਾਬਾ ਬਾਲਕ ਸਿੰਘ ਜੀ ਦੇ ਸਤਿਸੰਗੀਆਂ ਤੇ ਸੂਧਾਲੂਆਂ ਵਿਚ ਨਾ ਕੇਵਲ ਸਿੱਖ ਤੇ ਹਿੰਦੂ ਹੀ ਸਨ, ਸਗੋਂ ਬਹੁਤ ਸਾਰੇ ਮੁਸਲਮਾਨ ਵੀ ਸ਼ਾਮਲ ਸਨ। ਮਲਿਆਰ ਗੋਤ ਦੀ ਇਕ ਮੁਸਲਿਮ ਸੱਯਦਾਨੀ ਸੀ ਉਸ ਦੇ ਪਰਿਵਾਰ ਦੇ ਲੋਕ ਬਾਬਾ ਜੀ ਦੇ ਨਾਲ ਬੜੀ ਦਿਲੀ ਅਕੀਦਤ ਰਖਦੇ ਸਨ।

———

Sri Satguru Jagjit Singh Ji eLibrary NamdhariElibrary@gmail.com

# ੨.

# ਬਾਬਾ ਰਾਮ ਸਿੰਘ ਜੀ

(੧੮੧੫–੧੮੮੫)

ਬਾਬਾ ਬਾਲਕ ਸਿਘ ਜੀ ਤੋਂ ਪਿੱਛੋਂ ਨਾਮਧਾਰੀਆਂ ਦੇ ਦੂਜੇ ਆਗੂ ਬਾਬਾ ਰਾਮ ਸਿੰਘ ਜੀ ਸਨ। ਇਨ੍ਹਾਂ ਦਾ ਜਨਮ ਮਾਘ ਸੁਦੀ ਪੰਚਮੀ ਸੰਮਤ ੧੮੭੨ ਬਿ. (ਮੁਤਾਬਿਕ ਸੰਨ ੧੮੧੫ ਈ:) ਨੂੰ ਭਾਈ ਜੱਸਾ ਸਿੰਘ ਦੇ ਘਰ ਪਿੰਡ ਭੈਣੀ ਅਰਾਈਆਂ ਜ਼ਿਲਾ ਲੁਦਿ-ਹਾਣਾ ਵਿਚ ਹੋਇਆ। ਭਾਈ ਜੱਸਾ ਸਿੰਘ ਜਾਤਿ ਦੇ ਤ੍ਰਖਾਣ ਸਨ। ਇਨ੍ਹਾਂ ਤੋਂ ਬਿਨਾਂ ਉਨ੍ਹਾਂ ਦੇ ਘਰ ਇਕ ਪੁਤ੍ਰ ਹੋਰ ੧੮੧੯ ਵਿਚ ਪੈਦਾ ਹੋਇਆ, ਜਿਸ ਦਾ ਬਚਪਨ ਦਾ ਨਾਮ ਬੱਧ ਸਿੰਘ ਸੀ, ਪਰ ਪਿੱਛੋਂ ਗੱਦੀ ਮਿਲਣ ਤੇ ਹਰੀ ਸਿੰਘ ਨਾਮ ਪ੍ਰਸਿੱਧ ਹੋਇਆ।

**ਜਨਮ**

ਸੰਨ ੧੮੨੨ ਈ: ਵਿਚ ਜਦ ਅਜੇ ਬਾਬਾ ਰਾਮ ਸਿੰਘ ਜੀ ਮਸਾਂ ਸੱਤਾਂ ਕੁ ਵਰ੍ਹਿਆਂ ਦੇ ਹੀ ਸਨ ਤਾਂ ਉਨ੍ਹਾਂ ਦਾ ਵਿਆਹ ਹੋ ਗਿਆ। ਆਪ ਦੀ ਸੁਪਤਨੀ ਦਾ ਨਾਉਂ ਮਾਈ ਜੱਸਾਂ ਸੀ। ਬਚਪਨ ਵਿਚ ਹੀ ਆਪ ਗੁਰਮੁਖੀ ਪੜ੍ਹਨ ਲੱਗ ਪਏ ਤੇ ੨੦—੨੧ ਸਾਲ ਦੀ ਉਮਰ ਤਕ ਆਪ ਨੇ ਗੁਰਬਾਣੀ ਤੇ ਸਿੱਖ ਧਰਮ ਦੇ ਸੰਬੰਧ ਵਿਚ ਚੋਖਾ ਗਿਆਨ ਪ੍ਰਾਪਤ ਕਰ ਲਿਆ। ਆਪ ਦੀ ਕਲਮ ਤੋਂ, ਲਿਖੀਆਂ ਗਈਆਂ ਚਿੱਠੀਆਂ ਤੋਂ, ਜੋ ਕਿ ਨਾਮ-ਧਾਰੀਆਂ ਵਿਚ ਹੁਕਮ ਨਾਮਿਆਂ ਦੇ ਨਾਮ ਨਾਲ ਪ੍ਰਸਿੱਧ ਹਨ, ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਲਗਦਾ ਹੈ ਕਿ ਆਪ ਬੜੀ ਸ਼ੁੱਧ ਪੰਜਾਬੀ ਲਿਖ-ਪੜ੍ਹ ਸਕਦੇ ਸਨ ਤੇ ਅਜਿਹਾ ਕਲ਼ਮ ਟਿਕਾ ਕੇ ਲਿਖਣ ਦਾ ਤਜਰਬਾ ਬਚਪਨ ਵਿਚ ਹੀ ਹੋ ਸਕਦਾ ਹੈ।

**ਵਿਆਹ ਤੇ ਵਿੱਦਿਆ**

ਇਸ ਤੋਂ ਪਿੱਛੋਂ ੧੮੯੪ ਈ: ਵਿਚ ਬਾਬਾ ਰਾਮ ਸਿੰਘ ਜੀ ਲਾਹੌਰ ਗਏ ਤੇ ਕੌਰ ਨੌ ਨਿਹਾਲ ਸਿੰਘ ਦੀ ਪਲਟਨ ਵਿਚ ਭਰਤੀ ਹੋ ਗਏ। ਇਸ ਸਮੇਂ ਆਪ ਦੀ ਉਮਰ ੨੨ ਸਾਲਾਂ ਦੀ ਸੀ ਤੇ ਇਹ ਨੌਕਰੀ ਆਪ ਨੇ ਜਮਾਦਾਰ ਕਾਬਲ ਸਿੰਘ ਰਾਇਪੁਰੀਏ ਦੀ ਮਾਰਫ਼ਤ, ਜੋ ਕਿ ਆਪ ਦਾ ਰਿਸ਼ਤੇਦਾਰ ਸੀ, ਕੀਤੀ। ਲਾਹੌਰ ਰਹਿੰਦਿਆਂ ਹੀ ਆਪ ਦੀ ਮੁਲਾਕਾਤ ਬਾਬਾ ਜਮੀਅਤ ਸਿੰਘ ਨਾਮੀ ਇਕ ਪ੍ਰੇਮੀ ਸਿੰਘ ਨਾਲ ਹੋਈ, ਜੋ ਬੜਾ ਸ਼੍ਰਧਾਲੂ ਹੋਣ ਕਰ ਕੇ ਬੜੀ ਦੇਰ ਤਕ ਆਪ ਦਾ ਸਾਥ ਦਿੰਦਾ ਰਿਹਾ।

**ਲਾਹੌਰ ਫ਼ੌਜ ਵਿਚ**

ਸੰਮਤ ੧੮੯੫ ਬਿ: (ਮੁਤਾਬਿਕ ਸੰਨ ੧੮੩੮) ਵਿਚ ਕੌਰ ਨੌ ਨਿਹਾਲ ਸਿੰਘ ਨੂੰ ਪਿਸ਼ੌਰ ਜਾਣ ਦਾ ਹੁਕਮ ਹੋਇਆ। ਉਸ ਸਮੇਂ ਬਾਬਾ ਰਾਮ ਸਿੰਘ ਜੀ ਵੀ ਫ਼ੌਜ ਦੇ

Sri Satguru Jagjit Singh Ji eLibrary NamdhariElibrary@gmail.com

ਨਾਲ ਪਿਸ਼ੌਰ ਗਏ । ਹਜਰੋ ਵਿਚ ਇਨ੍ਹੀਂ ਦਿਨੀਂ ਬਾਬਾ ਬਾਲਕ ਸਿੰਘ ਜੀ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ; ਬੜੇ ਉੱਘੇ ਮਹਾਂਪੁਰਸ਼ ਸਨ । ਬਾਬਾ ਰਾਮ ਸਿੰਘ ਜੀ ਨੇ ਉਨ੍ਹਾਂ ਦੀ ਉਪਮਾ ਸੁਣੀ ਤੇ ਬਾਬਾ ਜਮੀਅਤ ਸਿੰਘ ਅਤੇ ਹੋਰ ਸਾਥੀਆਂ ਸਮੇਤ ਦਰਸ਼ਨਾਂ ਵਾਸਤੇ ਗਏ । ਏਥੇ ਹੀ ਇਨ੍ਹਾਂ ਨੇ ੨੫ ਸੱਜਣਾਂ ਸਮੇਤ ਬਾਬਾ ਬਾਲਕ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਤੇ ਗੁਰਮੰਤ੍ਰ ਲਿਆ ।

**ਬਾਬਾ ਬਾਲਕ ਸਿੰਘ ਨਾਲ ਮੇਲ**

ਹਜਰੋ ਤੋਂ ਮੁੜ ਕੇ ਪਿਸ਼ੌਰ ਪੁਜਣ ਸਾਰ ਇਉਂ ਜਾਪਿਆ ਜਾਣੋ ਬਾਬਾ ਰਾਮ ਸਿੰਘ ਜੀ ਵਿਚ ਚੋਖੀ ਤਬਦੀਲੀ ਆ ਗਈ ਸੀ । ਇਸ ਤੋਂ ਪਿੱਛੋਂ ਆਪ ਨੇ ਲਗਭਗ ਛੇ ਵਰ੍ਹੇ ਸਿੱਖ ਰਾਜ ਦੀ ਨੌਕਰੀ ਕੀਤੀ ਤੇ ਫੇਰ ਸੰਨ ੧੮੪੪ ਵਿਚ, ਜਦ ਸਿੱਖਾਂ ਨੇ ਰਾਜਾ ਗੁਲਾਬ ਸਿੰਘ ਤੋਂ ਰਾਜ-ਕਰ ਵਸੂਲਣ ਵਾਸਤੇ ਜੰਮੂ ਉਤੇ ਉਤੇ ਚੜ੍ਹਾਈ ਕੀਤੀ ਤਾਂ ਆਪ ਨੌਕਰੀ ਛੱਡ ਕੇ ਉਥੋਂ ਪਹਿਲਾਂ ਲਾਹੌਰ ਤੇ ਫੇਰ ਫ਼ੀਰੋਜ਼ਪੁਰ ਪਹੁੰਚ ਗਏ ਤੇ ਉਥੇ ਹੀ ਦਸਾਂ ਨੌਹਾਂ ਦੀ ਕਿਰਤ ਕਰ ਕੇ ਗੁਜ਼ਾਰਾ ਕਰਨ ਲਗੇ । ਸਰਕਾਰ ਲਾਹੌਰ ਦੀ ਨੌਕਰੀ ਆਪ ਨੇ ਕਿਉਂ ਛਡੀ, ਇਸ ਦੇ ਅਸਲ ਕਾਰਣਾਂ ਦਾ ਠੀਕ ਪਤਾ ਉਸ ਸਮੇਂ ਦੀ ਸਿੱਖਾਂ ਦੀ ਪਰਸਪਰ ਦੀ ਦੁਫੇੜ ਤੇ ਭਵਿਖ ਵਿਚ ਦੇਸ਼-ਕੌਮ ਦੀ ਤਬਾਹੀ ਤੋਂ ਲਗਦਾ ਹੈ ।

**ਨੌਕਰੀ ਤੋਂ ਅਲਹਿਦਗੀ**

ਸੰਨ ੧੮੪੭ ਈ: ਵਿਚ ਬਾਬਾ ਰਾਮ ਸਿੰਘ ਜੀ ਨੇ ਭੈਣੀ ਪਹੁੰਚ ਕੇ ਗੁਰਮਤ ਦਾ ਪ੍ਰਚਾਰ ਕਰਨਾ ਅਰੰਭਿਆ ਤੇ ਅਕਾਲ ਪੁਰਖ ਦੀ ਭਜਨ ਬੰਦਗੀ ਤੇ ਜ਼ੋਰ ਦਿਤਾ । ਇਸ ਤੋਂ ਪਿੱਛੋਂ ਗ਼ਾਲਬਾਨ ਸੰਨ ੧੮੫੫-੫੬ ਦੇ ਦਰਮਿਆਨੀ ਸਮੇਂ ਵਿਚ ਆਪ ਦੂਜੀ ਵੇਰ ਫੇਰ ਹਜਰੋ ਗਏ ਤੇ ਬਾਬਾ ਬਾਲਕ ਸਿੰਘ ਜੀ ਤੋਂ ਕਈ ਨਵੀਆਂ ਪ੍ਰੇਰਣਾਂ ਲੈ ਕੇ ਆਏ । ਇਸ ਯਾਤ੍ਰਾ ਦੇ ਸਮੇਂ ਵਿਚ ਆਪ ਰਾਵਲਪਿੰਡੀ ਜਾ ਕੇ ਨਿਰੰਕਾਰੀ ਲਹਿਰ ਦੇ ਦੂਜੇ ਆਗੂ ਬਾਬਾ ਦਰਬਾਰਾ ਸਿੰਘ ਜੀ ਨੂੰ ਵੀ ਮਿਲੇ ਸਨ । ਬਾਬਾ ਰਾਮ ਸਿੰਘ ਜੀ ਦੇ ਸਾਮ੍ਹਣੇ ਇਸ ਸਮੇਂ ਇਕ ਇਨਕਲਾਬੀ ਆਦਰਸ਼ ਸੀ । ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖਾਂ ਨੂੰ ਜੋ ਗੁਰਮਤ ਦੀ ਰਹਿਤ-ਬਹਿਤ ਤੋਂ ਡਿਗ ਚੁਕੇ ਸਨ ਤੇ ਮਨਮਤਾਂ ਵਿਚ ਫਸ ਕੇ ਕਈ ਤਰ੍ਹਾਂ ਦੀਆਂ ਕੁਰੀਤੀਆਂ ਕਰਨ ਲੱਗ ਪਏ ਸਨ, ਮੁੜ ਸੁਧਾਰਨਾ ਤੇ ਸੱਚੇ ਸਿੰਘ ਬਣਾਣਾ ਚਾਹੁੰਦੇ ਸਨ, ਇਸ ਲਈ ੧ ਵਿਸਾਖ ਸੰਮਤ ੧੯੧੪ ਬਿਕ੍ਰਮੀ (ਮੁਤਾਬਿਕ ਸੰਨ ੧੮੫੭) ਨੂੰ ਪਿੰਡ ਭੈਣੀ ਅਰਾਈਆਂ ਵਿਚ ਇਕ ਇਕੱਠ ਕੀਤਾ । ਇਸ ਇਕੱਠ ਵਿਚ ਬਾਬਾ ਲਾਭ ਸਿੰਘ, ਭਾਈ ਨੈਣਾ ਸਿਘ ਬਰਿਆਹ, ਬਾਬਾ ਕਾਨ੍ਹ ਸਿੰਘ ਚੱਕ ਅਤੇ ਸਰਦਾਰ ਸੁੰਦਰ ਸਿੰਘ ਅਬੋਹਰ ਵਾਲੇ ਨੇ ਆਪ ਤੋਂ ਅੰਮ੍ਰਿਤ ਛਕਿਆ । ਇਹ ਸਭ ਤੋਂ ਪਹਿਲੇ ਸਿੰਘ ਸਨ ਜੋ ਨਾਮਧਾਰੀ ਜੱਥੇਬੰਦੀ ਵਿਚ ਦਾਖ਼ਲ ਹੋਏ ।

**ਵਿਸਾਖੀ ਸੰਨ ੧੮੫੭ ਦਾ ਇਕੱਠ**

ਇਹ ਉਹ ਸਮਾਂ ਸੀ ਜਦ ਅੰਗ੍ਰੇਜ਼ਾਂ ਤੋਂ ਵਿਰੁੱਧ ਹਿੰਦੁਸਤਾਨੀ ਸਿਪਾਹੀਆਂ ਨੇ

Sri Satguru Jagjit Singh Ji eLibrary NamdhariElibrary@gmail.com

ਰਾਜ—ਵਿਦ੍ਰੋਹ ਦਾ ਝੰਡਾ ਖੜਾ ਕੀਤਾ ਸੀ। ਬਾਬਾ ਰਾਮ ਸਿੰਘ ਜੀ ਚੂੰਕਿ ਭਜਨ-ਬੰਦਗੀ ਵਿਚ ਮਸਤ ਰਹਿੰਦੇ ਸਨ, ਇਸ ਲਈ ਖ਼ੁਦ ਨਾਮ ਜਪਣਾ, ਹੋਰ ਲੋਕਾਂ ਨੂੰ ਨਾਮ ਜਪਣ ਦਾ ਉਪਦੇਸ਼ ਕਰਨਾ ਤੇ ਜੇ ਵਿਹਲ ਮਿਲੇ ਤਾਂ ਨਾਮ—ਬਾਣੀ ਦੇ ਪ੍ਰਚਾਰ ਵਾਸਤੇ ਦੂਰ-ਨੇੜੇ ਪਿੰਡਾਂ ਵਿਚ ਜਾਣਾ ਹੀ ਇਸ ਸਮੇਂ ਉਨ੍ਹਾਂ ਦਾ ਕਰਤੱਬ ਸੀ। ਇਸੇ ਪ੍ਰਚਾਰ ਦੀ ਧੁਨ ਵਿਚ ਉਹ ਸੰਨ ੧੮੬੧ ਈ: ਵਿਚ ਅਧਕੁੰਭੀ ਦੇ ਸਮੇਂ ਹਰਿਦ੍ਵਾਰ ਗਏ। ਇਸ ਤੋਂ ਅਗਲੇ ਸਾਲ ਸੰਨ ੧੮੬੨ ਵਿਚ ਉਨ੍ਹਾਂ ਨੇ ਵਿਸਾਖੀ* ਦਾ ਗੁਰਪੁਰਬ ਮਨਾਉਣ ਲਈ ਅੰਮ੍ਰਿਤਸਰ ਜਾਣ ਦਾ ਫ਼ੈਸਲਾ ਕੀਤਾ। ਗੁਰਮਤ ਦਾ ਪ੍ਰਚਾਰ, ਜੋ ਉਹ ਕਰਦੇ ਸਨ, ਨਿਰਾ ਕਹਿਣ ਮਾਤ੍ਰ ਹੀ ਨਹੀਂ ਸੀ, ਸਗੋਂ ਉਸ ਨੂੰ ਖ਼ੁਦ ਕਮਾਉਂਦੇ ਵੀ ਸਨ, ਇਸ ਲਈ ਸਿੱਖ ਜਨਤਾ ਉਤੇ ਬਾਬਾ ਜੀ ਦੇ ਇਸ ਪ੍ਰਚਾਰ ਦਾ ਹੋਰ ਵੀ ਗਹਿਰਾ ਅਸਰ ਪਿਆ। ਸੰਨ ੧੮੫੭ ਤੋਂ ੧੮੬੨ ਤਕ ਪੰਜ ਸਾਲਾਂ ਦੇ ਸਮੇਂ ਵਿਚ ਬੇਸ਼ੁਮਾਰ ਸਿੱਖ ਉਨ੍ਹਾਂ ਦੇ ਅਨੁਯਾਈ ਬਣੇ। ਸੰਨ ੧੮੬੨ ਈ: ਵਿਚ ਜਦ ਉਹ ਅੰਮ੍ਰਿਤਸਰ ਗਏ ਤਾਂ ਬੇਸ਼ੁਮਾਰ ਸੰਗਤਾਂ ਉਨ੍ਹਾਂ ਦੇ ਨਾਲ ਸਨ। ਅੰਗ੍ਰੇਜ਼ ਹਾਕਮ ਇਸ ਇਕੱਠ ਨੂੰ ਦੇਖ ਕੇ ਡਰੇ। ਉਹ ਇਸ ਤੋਂ ਪਹਿਲਾਂ ਸੰਨ ੧੮੫੭ ਵਿਚ ਅਜਿਹੇ ਧਾਰਮਿਕ ਜੋਸ਼ ਦਾ ਤਜਰਬਾ ਦੇਖ ਚੁਕੇ ਸਨ, ਇਸ ਲਈ ਡਿਪਟੀ ਕਮਿਸ਼ਨਰ ਅਮ੍ਰਿਤਸਰ ਨੇ ਇਸ ਖ਼ਿਆਲ ਨੂੰ ਮੁਖ ਰੱਖ ਕੇ ਕਿ ਕਿਤੇ ਇਸ ਤੋਂ ਹੋਰ ਕੋਈ ਫ਼ਿਸਾਦ ਹੀ ਨਾ ਉਠ ਖੜਾ ਹੋਵੇ, ਪਹਿਲਾਂ ਹੀ ਸਾਰੇ ਪ੍ਰਬੰਧ ਮੁਕੱਮਲ ਕਰ ਲਏ।

### ਅਮ੍ਰਿਤਸਰ ਦੀ ਵਿਸਾਖੀ, ਸੰਨ ੧੮੬੨

ਬਾਬਾ ਰਾਮ ਸਿੰਘ ਜੀ ਦੇ ਅੰਮ੍ਰਿਤਸਰ ਜਾਣ ਤੇ ਹੋਰ ਫ਼ਿਸਾਦ ਤਾਂ ਕੀ ਹੋਣਾ ਸੀ, ਪਰ ਜਦ ਉਹ ਪ੍ਰਸਾਦ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਅਰਦਾਸਾ ਸੁਧਾਉਣ ਵਾਸਤੇ ਗਏ ਤਾਂ ਪੁਜਾਰੀਆਂ ਵਲੋਂ ਵਿਰੋਧਤਾ ਜ਼ਰੂਰ ਹੋਈ। ਉਹ ਵੀ ਬਹੁਤੀ ਇਸ ਬਿਨਾ ਉਤੇ ਕਿ ਜਦ ਨਾਮਧਾਰੀਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸ਼ਬਦ ਪੜ੍ਹਦੇ ਹਨ ਤਾਂ ਉਨ੍ਹਾਂ ਦੀ ਦਸਤਾਰ ਸਿਰ ਤੋਂ ਲਹਿ ਜਾਂਦੀ ਹੈ ਤੇ ਕੇਸ ਖੁਲ੍ਹ ਜਾਂਦੇ ਹਨ। ਇਸ ਤੋਂ ਇਲਾਵਾ ਦੂਜੀ ਗੱਲ ਇਹ ਕਿ ਬਾਬਾ ਰਾਮ ਸਿੰਘ ਜੀ ਆਪਣੇ ਆਪ ਨੂੰ ਗੁਰੂ ਕਹਾਉਂਦੇ ਹਨ, ਮੁਸਲਮਾਨੀ ਕਲਾਮ ਪੜ੍ਹਦੇ ਹਨ, ਸਿੱਖਾਂ ਨੂੰ ਝਟਕਾ ਖਾਣੋਂ ਰੋਕਦੇ ਹਨ ਤੇ ਇਸਤ੍ਰੀਆਂ ਨੂੰ ਮਰਦਾਂ ਵਾਂਗੂ ਕੱਛਾਂ ਪਵਾਉਂਦੇ ਹਨ। ਅੱਗੋਂ ਬਾਬਾ ਰਾਮ ਸਿਘ ਜੀ ਨੇ ਪੁਜਾਰੀਆਂ ਨੂੰ ਇਨ੍ਹਾਂ ਗੱਲਾਂ ਦਾ ਉੱਤਰ ਬੜੇ ਠਰ੍ਹੰਮੇ ਨਾਲ ਇਸ ਤਰ੍ਹਾਂ ਦਿੱਤਾ:—

### ਅਕਾਲ ਤਖ਼ਤ ਤੋਂ ਅਰਦਾਸਾ ਬੰਦ

---

*ਸੰਤ ਨਿਧਾਨ ਸਿੰਘ 'ਆਲਿਮ' ਦੇ ਕਥਨ ਅਨੁਸਾਰ ਵਿਸਾਖੀ ਦੀ ਥਾਵੇਂ ਦੀਪਮਾਲਾ ਠੀਕ ਹੈ। (ਦੇਖੋ, ਜੁਗ ਪਲਟਾਊ ਸਤਿਗੁਰੂ, ਸਫ਼ਾ ੪੧), ਪਰ ਪ੍ਰੋਫ਼ੈਸਰ ਗੰਡਾ ਸਿੰਘ ਜੀ ਨੇ ਸਰਕਾਰੀ ਕਾਗ਼ਜ਼ਾਤ ਦੇ ਮੁਤਾਬਿਕ ਵਿਸਾਖੀ ਨੂੰ ਹੀ ਸਹੀ ਮੰਨਿਆ ਹੈ ਤੇ ਸਾਲ ੧੮੬੩ ਈ: ਲਿਖਿਆ ਹੈ। (ਦੇਖੋ, ਕੂਕਿਆਂ ਦੀ ਵਿਥਿਆ, ੧੯੪੬, ਸਫ਼ਾ ੪੭)

Sri Satguru Jagjit Singh Ji eLibrary NamdhariElibrary@gmail.com

'ਖ਼ਾਲਸਾ ਜੀ ! ਅਰਦਾਸ ਜ਼ਰੂਰ ਕਰੋ ! ਯਥਾ ਯੋਗ ਜੋ ਤਨਖਾਹ ਲਾਵੋ ਸਾਨੂੰ ਪ੍ਰਵਾਨ ਹੈ, ਪਰ ਪੰਥ ਵਿਚ ਫੁੱਟ ਨਾ ਪਾਓ। ਮੈਂ ਗੁਰੂ ਨਹੀਂ, ਮੈਂ ਤੇ ਗੁਰੂ ਦਾ ਦਾਸ ਹਾਂ। ਮੈਂ ਕੋਈ ਨਵੀਂ ਗੱਲ ਨਹੀਂ ਕੀਤੀ। ਸ੍ਰੀ ਗੁਰੂ ਦਸਮ ਪਾਤਸ਼ਾਹ ਦੀ ਮਰਯਾਦਾ ਮੁੜ ਕਾਇਮ ਕੀਤੀ ਹੈ। ਸਿੱਖਾਂ ਨੂੰ ਨਾਮ ਜਪਣ ਤੇ ਬਾਣੀ ਪੜ੍ਹਨ ਲਾਯਾ ਹੈ †।'

ਇਹ ਉੱਤਰ ਬੜਾ ਸਾਫ਼ ਸੀ, ਪਰ ਪੁਜਾਰੀ ਨਾ ਮੰਨੇ। ਛੇਕੜ ਬਾਬਾ ਰਾਮ ਸਿੰਘ ਜੀ ਨੇ ਖ਼ੁਦ ਹੀ ਅਕਾਲ ਤਖ਼ਤ ਅੱਗੇ ਅਰਦਾਸਾ ਸੋਧਿਆ ਅਤੇ ਕੜਾਹ ਪ੍ਰਸਾਦ, ਜੋ ਲੈ ਕੇ ਗਏ ਸਨ, ਸੰਗਤ ਵਿਚ ਵਰਤਾ ਦਿੱਤਾ ਤੇ ਆਪਣੇ ਡੇਰੇ ਵਾਪਸ ਚਲੇ ਆਏ।

ਵਿਸਾਖੀ ਦੇ ਗੁਰਪੁਰਬ ਤੋਂ ਫ਼ਾਰਿਗ਼ ਹੋ ਕੇ ਬਾਬਾ ਰਾਮ ਸਿੰਘ ਜੀ ਅੱਗੇ ਚਲੇ। ਇਨ੍ਹਾਂ ਹੀ ਦਿਨਾਂ ਵਿਚ ਉਨ੍ਹਾਂ ਨੂੰ ਅਚਾਣਕ ਬਾਬਾ ਬਾਲਕ ਸਿੰਘ ਜੀ ਦੇ ਸੁਰਗਵਾਸ ਹੋਣ ਦੀ ਖ਼ਬਰ ਪਹੁੰਚੀ, ਜਿਸ ਕਰਕੇ ਉਹ ਸ੍ਰੀ ਨਨਕਾਣਾ ਸਾਹਿਬ, ਚੂਹੜਕਾਣਾ, 'ਗੁਰਦਵਾਰਾ ਸੱਚਾ ਸੌਦਾ ਆਦਿ ਥਾਵੀਂ ਹੁੰਦੇ ਹਏ ਵਜ਼ੀਰਾਬਾਦ ਪਹੁੰਚੇ। ਇਸ ਤੋਂ ਅੱਗੇ ਉਨ੍ਹਾਂ ਦੀ

**ਵਜ਼ੀਰਾਬਾਦੋਂ ਵਾਪਸੀ**

ਸਲਾਹ ਹਜਰੋ ਜਾਣ ਦੀ ਸੀ, ਪਰ ਏਥੇ ਹੀ ਉਨ੍ਹਾਂ ਨੂੰ ਭਾਈ ਮੰਨਾ ਸਿੰਘ ਜੀ ਸੰਗਤਿ ਸਮੇਤ ਹਜਰੋ ਤੋਂ ਆਉਂਦੇ ਹੋਏ ਮਿਲੇ; ਜੋ ਬਾਬਾ ਬਾਲਕ ਸਿੰਘ ਜੀ ਦੇ ਫੁੱਲ (ਅਸਥੀਆਂ) ਹਰਿਦੁਆਰ ਲੈ ਜਾ ਰਹੇ ਸਨ*। ਬਾਬਾ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਮਿਲ ਕੇ ਵਜ਼ੀਰਾਬਾਦੋਂ ਪਿੱਛੇ ਵਲ ਵਾਗਾਂ ਮੋੜੀਆਂ ਤੇ ਹਰੀ ਕੇ ਪੱਤਣ ਵਲ ਦੀ ਹੁੰਦੇ ਹੋਏ ਭੈਣੀ ਪਹੁੰਚ ਗਏ।

---

†ਦੇਖੋ, ਸਤਿਜੁਗ ਦਾ ਬਸੰਤ-ਅੰਕ, ਸੰਮਤ ੧੯੯੬, ਸਫ਼ਾ ੪੩, ਕਾਲਮ ਪਹਿਲਾ।

*ਕਵੀ ਸ਼ੌਂਕਾ ਰਾਮ, ਸੀਹਰਫ਼ੀ ਭਾਈ ਬਾਲਕ ਸਿੰਘ ਜੀ ਕੀ, ਸੰਮਤ ੧੯੨੬, ਬੈਂਤਾਂ ੩੫ ਤੋਂ ੪੫ ਤਕ।

Sri Satguru Jagjit Singh Ji eLibrary NamdhariElibrary@gmail.com

# ੩.

# ਨਾਮਧਾਰੀ ਲਹਿਰ ਦਾ ਆਦਿ-ਅੰਤ

(੧੮੬੮—੧੮੭੨)

ਇਹ ਨਾਮਧਾਰੀ ਲਹਿਰ ਦਾ ਆਰੰਭ ਕਾਲ ਸੀ। ਹੁਣ ਅੱਗੋਂ ਬਾਬਾ ਰਾਮ ਸਿੰਘ ਜੀ ਤੇ ਨਾਮਧਾਰੀ ਲਹਿਰ ਦੋਵੇਂ ਇਕ ਮਿਕ ਹੋ ਕੇ ਚੱਲਣ ਲੱਗੇ ਤੇ ਗੁਰਮਤਿ ਦਾ ਪ੍ਰਚਾਰ ਹੋਰ ਵੀ ਜ਼ੋਰਾਂ ਤੇ ਹੋਇਆ। ਸੰਤ ਧਿਆਨ ਸਿੰਘ ਜੀ ਲਿਖਦੇ ਹਨ ਕਿ ਜਦ ਨਾਮਧਾਰੀ ਲਹਿਰ ਸ਼ੁਰੂ ਹੋਣ ਲੱਗੀ ਤਾਂ ਬਾਬਾ ਰਾਮ ਸਿੰਘ ਜੀ ਦੇ ਕੋਲ ਕੇਵਲ ੧੩ ਸਿੱਖ ਸਨ। ਉਨ੍ਹਾਂ ਵਿਚੋਂ ਇਕ ਪ੍ਰੇਮੀ ਦਾ ਨਾਮ ਭਾਈ ਰਾਇ ਸਿੰਘ ਸੀ। ਬਾਬਾ ਰਾਮ ਸਿੰਘ ਜੀ ਨੇ ਉਸ ਨੂੰ ਸ੍ਰੀ ਹਜ਼ੂਰ ਸਾਹਿਬ (ਨੰਦੇੜ-ਦੱਖਣ) ਭੇਜਿਆ ਤੇ ਉਥੋਂ ਗੁਰੂ ਘਰ ਦੀ ਸਹੀ ਸਹੀ ਰਹਿਤ ਮਰਯਾਦਾ ਲਿਖ ਲਿਆਉਣ ਦਾ ਹੁਕਮ ਦਿੱਤਾ†। ਕਾਰਣ ਇਸ ਹੁਕਮ ਦੇਣ ਦਾ ਇਹ ਸੀ ਕਿ ਸ੍ਰੀ ਅਕਾਲ ਤਖ਼ਤ (ਅਮ੍ਰਿਤਸਰ), ਤਖ਼ਤ ਸ੍ਰੀ ਕੇਸਗੜ੍ਹ (ਅਨੰਦਪੁਰ), ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ) ਤੇ ਹੋਰ ਗੁਰਦੁਆਰਿਆਂ ਦੀ ਰਹਿਤ ਮਰਯਾਦਾ ਮਨਮਤੀਏ ਸਿੱਖਾਂ ਨੇ ਖ਼ਾਲਸ ਨਹੀਂ ਸੀ ਰਹਿਣ ਦਿੱਤੀ। ਇਸ ਸਮੇਂ ਕੇਵਲ ਸ੍ਰੀ ਹਜ਼ੂਰ ਸਾਹਿਬ (ਦੱਖਣ) ਹੀ ਸਿੱਖਾਂ ਦਾ ਇਕ ਅਜਿਹਾ ਗੁਰਦੁਆਰਾ ਸੀ ਜਿੱਥੇ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਚਲੀ ਆ ਰਹੀ ਗੁਰਮੁਖੀ ਮਰਯਾਦਾ ਜਿਉਂ ਦੀ ਤਿਉਂ ਕਾਇਮ ਸੀ ਤੇ ਬ੍ਰਾਹਮਣੀ ਮੱਤ ਦੇ ਸੁਧਾਲੂ ਸਿੱਖਾਂ ਦਾ ਅਜੇ ਉਥੇ ਤਕ ਅਸਰ ਨਹੀਂ ਸੀ ਪਹੁੰਚਿਆ। ਭਾਵੇਂ ਕੁਝ ਚਿਰ ਪਹਿਲੋਂ ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ) ਦੀ ਮਰਯਾਦਾ ਵੀ ਉਸੇ ਤਰ੍ਹਾਂ ਅਛੋਹ ਸੀ, ਪਰ ਜਦ ਤੋਂ ਅਮ੍ਰਿਤਸਰ ਦੇ ਪੁਜਾਰੀ ਉਥੇ ਪਹੁੰਚੇ ਸਨ ਤਾਂ ਉਨ੍ਹਾਂ ਨੇ ਉਹ ਮਰਯਾਦਾ ਵਿਗਾੜ ਦਿੱਤੀ ਸੀ*। ਭਾਈ ਰਾਇ ਸਿੰਘ ਬਾਬਾ ਰਾਮ ਸਿੰਘ ਜੀ ਦਾ ਹੁਕਮ ਮੰਨ ਕੇ ਸ੍ਰੀ ਹਜ਼ੂਰ ਸਾਹਿਬ ਪੁੱਜਾ ਤੇ ਉਥੋਂ ਗੁਰੂ ਖ਼ਾਲਸੇ ਦੀ ਸਾਰੀ ਰਹਿਤ ਮਰਯਾਦਾ ਲਿਖ ਕੇ ਲਿਆਇਆ। ਫੇਰ ਉਹੋ ਰਹਿਤ ਮਰਯਾਦਾ ਬਾਬਾ ਜੀ ਦੇ ਹੁਕਮ ਨਾਲ ਨਾਮਧਾਰੀਆਂ ਵਿਚ ਪ੍ਰਚਾਰੀ ਗਈ।

**ਸ੍ਰੀ ਹਜ਼ੂਰ ਸਾਹਿਬ ਤੋਂ ਰਹੁ-ਰੀਤੀ**

ਖ਼ਾਲਸਾ ਪੰਥ ਦੇ ਸੁਧਾਰ ਲਈ ਬਾਬਾ ਰਾਮ ਸਿੰਘ ਜੀ ਨੇ ਜੋ ਨਿਯਮ ਕਾਇਮ ਕੀਤੇ; ਉਹ ਇਹ ਸਨ "ਸਰਬ ਸ਼ਕਤੀਵਾਨ ਅਕਾਲ ਪੁਰਖ ਤੋਂ ਛੁੱਟ ਹੋਰ ਕਿਸੇ ਮਨ ਘੜਿਤ

---

†ਕਹਿਓ 'ਜਾਹੁ ਸ੍ਰੀ ਅਬਿਚਲ ਨਗਰੀ। ਦਸਮੇਸ਼੍ਵਰ ਕੀ ਰੀਤੀ ਸਗਰੀ।
ਕੁਝਕੁ ਰੋਜ਼ ਰਹਿ ਕਰ ਤਹਿ ਭਾਈ। ਲਿਖ ਲਿਆਵੋ ਰੀਤੀ ਸਮੁਦਾਈ।
(ਸ੍ਰੀ ਸਤਿਗੁਰੂ ਬਿਲਾਸ, ਦੂਜੀ ਛਾਪ, ਸਫ਼ਾ ੨੯)

*Calcutta Rexiew, 1881, p. 163.

Sri Satguru Jagjit Singh Ji eLibrary NamdhariElibrary@gmail.com

ਰੱਬ ਦੀ ਪੂਜਾ ਨਹੀਂ ਕਰਨੀ, ਚੋਰੀ ਜਾਰੀ ਦੇ ਬਦ ਕਰਮਾਂ ਤੋਂ ਦੂਰ ਰਹਿਣਾ, ਝੂਠ ਨਹੀਂ ਬੋਲਣਾ; ਸ਼ਰਾਬ ਤੇ ਮਾਸ ਨਹੀਂ ਖਾਣਾ, ਲੜਕੀ ਨਹੀਂ ਮਾਰਨੀ, ਵੱਟੇ ਦਾ ਸਾਕ ਨਹੀਂ ਕਰਨਾ, ਧੀ ਦਾ ਪੈਸਾ ਨਹੀਂ ਲੈਣਾ, ਬਾਲ-ਵਿਆਹ ਤੋਂ ਪ੍ਰਹੇਜ਼ ਕਰਨਾ, ਦਾਜ-ਦਹੇਜ ਦੇਣਾ-ਲੈਣਾ ਨਹੀਂ; ਪੰਜ ਕਕਾਰ (ਕੰਘਾ, ਕੱਛ, ਕੜਾ; ਕ੍ਰਿਪਾਨ ਤੇ ਕੇਸ) ਦੀ ਰਹਿਤ ਮਰਯਾਦਾ ਰੱਖਣੀ, ਖੰਡੇ ਦਾ ਅੰਮ੍ਰਿਤ ਛਕਣਾ, ਗਊ-ਗਰੀਬ ਦੀ ਰੱਖਿਆ ਕਰਨੀ, ਉੱਨ ਦੀ ਮਾਲਾ ਪਹਿਰਨੀ, ਰੋਜ਼ ਸਕੇਸੀ ਇਸ਼ਨਾਨ ਕਰਨਾ, ਸਿੱਧੀ ਦਸਤਾਰ ਬੰਨ੍ਹਣੀ, ਸ੍ਵਦੇਸ਼ੀ ਖੱਦਰ ਪਹਿਰਨਾ, ਸਰਕਾਰ ਅੰਗਰੇਜ਼ੀ ਦੀ ਨੌਕਰੀ ਨਹੀਂ ਕਰਨੀ, ਸਰਕਾਰੀ ਅਦਾਲਤਾਂ ਵਿਚ ਕੋਈ ਅਰਜ਼ੀ ਦਾਵਾ ਲੈ ਕੇ ਨਹੀਂ ਜਾਣਾ, ਮੁਕੱਦਮੇ ਬਾਜ਼ੀ ਤੋਂ ਪ੍ਰਹੇਜ਼ ਕਰਨਾ; ਆਪਣੇ ਫ਼ੈਸਲੇ ਪੰਚਾਇਤ ਵਿਚ ਹੀ ਨਿਬੇੜਨੇ, ਗੁਰਬਾਣੀ ਪੜ੍ਹਨੀ ਤੇ ਸਦਾ ਪਵਿਤ੍ਰ ਰਹਿਣਾ, ਆਦਿ।' ਇਹ ਨਿਯਮ ਬਾਬਾ ਰਾਮ ਸਿੰਘ ਜੀ ਦੀਆਂ ਉਸ ਸਮੇਂ ਦੀਆਂ ਲਿਖਤਾਂ ਵਿਚੋਂ, ਜਿਨ੍ਹਾਂ ਨੂੰ ਹੁਕਮਨਾਮੇ ਕਿਹਾ ਜਾਂਦਾ ਹੈ, ਸਾਫ਼ ਪਏ ਝਲਕਦੇ ਹਨ।

**ਰਹਿਤ ਮਰਯਾਦਾ ਦੇ ਨਿਯਮ**

ਇਹ ਅੰਦਰਲੀ ਪਕਿਆਈ ਤੇ ਗੁਰਮਤ ਪ੍ਰਚਾਰ ਦੀ ਡੂੰਘੀ ਨੀਂਹ ਸੀ, ਜਿਸ ਦੇ ਉਤੇ ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਦਾ ਇਤਨਾ ਵੱਡਾ ਮਹਿਲ ਉਸਾਰਿਆ। ਬਾਬਾ ਜੀ ਪਹਿਲਾਂ ਇਨ੍ਹਾਂ ਅਸੂਲਾਂ ਉਤੇ ਖ਼ੁਦ ਚੱਲੇ ਤੇ ਪਿੱਛੋਂ ਉਨ੍ਹਾਂ ਨੇ ਸਾਰੇ ਨਾਮਧਾਰੀਆਂ ਨੂੰ ਚਲਾਇਆ। ਪੂਰਬੀ ਪੰਜਾਬ ਦੇ ਸਿੱਖਾਂ ਵਿਚ ਆਨੰਦ-ਵਿਆਹ ਦੀ ਰਸਮ ਉਨ੍ਹਾਂ ਨੇ ਤੋਰੀ, ਵਿਧਵਾ-ਵਿਆਹ ਦੀ ਬੰਦਸ਼ ਨੂੰ ਹਟਾਇਆ ਤੇ ਇਸਤ੍ਰੀਆਂ ਨੂੰ ਮਰਦਾਂ ਵਾਂਗ ਹੀ ਅੰਮ੍ਰਿਤ ਛਕਾਉਣਾ ਆਰੰਭ ਕੀਤਾ, ਜਿਸ ਕਰਕੇ ਬਹੁਤ ਸਾਰੇ ਮਨਮਤੀਏ ਸਿੱਖ, ਜੋ ਇਨ੍ਹਾਂ ਸੁਧਾਰਾਂ ਤੋਂ ਉਲਟ ਸਨ, ਉਨ੍ਹਾਂ ਨਾਲੋਂ ਟੁੱਟ ਗਏ। ਬਹੁਤੇ ਸਿੱਖ, ਜੋ ਬ੍ਰਾਹਮਣਾਂ ਤੋਂ ਪਹਿਲਾਂ ਹੀ ਬੇਜ਼ਾਰ ਸਨ ਤੇ ਕਰਮ ਕਾਂਡ ਦੀ ਛੱਟ ਲਾਹ ਦੇਣਾ ਚਾਹੁੰਦੇ ਸਨ, ਬੜੀ ਛੇਤੀ ਬਾਬਾ ਜੀ ਦੇ ਨਾਲ ਆ ਰਲੇ। ਕੇਵਲ ਸਿੱਖ ਹੀ ਨਹੀਂ, ਕਿਤਨੇ ਹੀ ਹਿੰਦੂ ਤੇ ਮੁਸਲਮਾਨ* ਵੀ ਅਜਿਹੇ ਨਿਕਲ ਆਏ ਜੋ ਇਸ ਪ੍ਰਚਾਰ ਦੇ ਅਸਰ ਹੇਠ ਆ ਕੇ ਨਾਮਧਾਰੀ ਬਣ ਗਏ। ਇਸ ਤਰ੍ਹਾਂ ਬਹੁਤ ਸਾਰੇ ਨਾਮਧਾਰੀਏ ਵਧਣ ਤੇ ਨਾਮਧਾਰੀ ਲਹਿਰ ਦੀ ਡਾਢੀ ਉੱਨਤੀ ਹੋਈ।

**ਸਮਾਜਿਕ ਸੁਧਾਰ**

ਅਮ੍ਰਿਤਸਰ ਤੋਂ ਪਿੱਛੋਂ ਬਾਬਾ ਰਾਮ ਸਿੰਘ ਜੀ ਨੇ ਪਹਿਲਾਂ ਮਾਲਵੇ ਤੇ ਫੇਰ ਸਿਆਲਕੋਟ ਦੇ ਇਲਾਕੇ ਦਾ ਦੌਰਾ ਕੀਤਾ। ਆਪ ਦੇ ਪ੍ਰਚਾਰ ਵਿਚ ਬੜੀ ਖਿੱਚ ਤੇ ਇਨਕਲਾਬੀ ਤਾਕਤ ਸੀ। ਆਪ ਸਰਕਾਰ ਅੰਗਰੇਜ਼ੀ ਨਾਲ ਮਿਲਵਰਤਣ ਰੱਖਣੀ ਜ਼ਰੂਰੀ ਨਹੀਂ ਸਮਝਦੇ ਸਨ, ਜਿਸ ਕਰਕੇ ਸਰਕਾਰੀ ਸਕੂਲਾਂ, ਅਦਾਲਤਾਂ ਤੇ ਨੌਕਰੀਆਂ ਦਾ ਬਾਈਕਾਟ ਕੀਤਾ। ਕਿਸੇ ਨਾਮਧਾਰੀਏ ਨੂੰ ਫ਼ਾਰਸੀ ਜਾਂ ਅੰਗਰੇਜ਼ੀ ਪੜ੍ਹਨ ਦਾ ਹੁਕਮ ਨਹੀਂ ਸੀ। ਨਾਮਧਾਰੀਆਂ ਦੀ ਆਪਣੀ ਹੀ ਅਦਾਲਤ ਕਾਇਮ ਕੀਤੀ ਗਈ, ਜਿਸ ਵਿਚ ਉਨ੍ਹਾਂ

*ਸੱਯਦ ਮੁਹੰਮਦ ਹਸਨ, ਤਾਰੀਖ਼ਿ ਪਟਿਆਲਾ (ਉਰਦੂ), ੧੮੭੮, ਸਫ਼ਾ ੬੪੫।

Sri Satguru Jagjit Singh Ji eLibrary NamdhariElibrary@gmail.com

ਸਰਕਾਰ ਅੰਗਰੇਜ਼ੀ ਨਾਲ ਨਾ-ਮਿਲਵਰਤਣ

ਦੇ ਸਾਰੇ ਝਗੜੇ ਨਿਬੇੜੇ ਜਾਣ ਲੱਗੇ, ਇਸ ਲਈ ਕਚਹਿਰੀਆਂ ਦੇ ਖ਼ਰਚ ਕੁਦਰਤੀ ਤੌਰ ਤੇ ਘੱਟ ਗਏ। ਇਹ ਨਾ-ਮਿਲਵਰਤਣ ਅੰਦਰੋ-ਅੰਦਰੀ ਏਥੋਂ ਤਕ ਵਧੀ ਕਿ ਨਾਮਧਾਰੀਏ ਰੇਲ ਗੱਡੀ ਵਿਚ, ਜੋ ਉਸ ਸਮੇਂ ਅਜੇ ਨਵੀਂ ਹੀ ਚੱਲੀ ਸੀ, ਸਫ਼ਰ ਕਰਨ ਤੋਂ ਰੋਕੇ ਗਏ। ਨਾਮਧਾਰੀ ਲਹਿਰ ਦੇ ਲਾਭ ਲਈ ਡਾਕ ਦਾ ਪ੍ਰਬੰਧ ਵੀ ਸੁਤੰਤ੍ਰ ਤੌਰ ਤੇ ਆਪਣਾ ਹੀ ਕੀਤਾ ਗਿਆ।

ਬਾਬਾ ਰਾਮ ਸਿੰਘ ਜੀ ਕਿਤਨੇ ਦਲੇਰ ਤੇ ਕੌਮ-ਉਸਾਰੂ ਸੁਭਾਉ ਦੇ ਵਿਅਕਤੀ ਸਨ, ਇਹ ਇਸ ਗੱਲ ਤੋਂ ਹੀ ਪਤਾ ਲਗਦਾ ਹੈ ਕਿ ਨਾਮਧਾਰੀ ਲਹਿਰ ਦੇ ਆਰੰਭ ਹੋਣ ਸਾਰ ਉਨ੍ਹਾਂ ਵਲੋਂ ਦੁਵੱਲੀ ਜਦੋ-ਜਹਿਦ ਸ਼ੁਰੂ ਹੋਈ। ਇਕ ਪਾਸੇ ਤਾਂ ਉਨ੍ਹਾਂ ਦੀ ਟੱਕਰ

ਦੁਪਾਸੀ ਜੱਦੋ-ਜਹਿਦ

ਅਨਮਤੀ ਦੇ ਮਨਮਤੀ ਲੋਕਾਂ ਨਾਲ ਸੀ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਤ ਮਰਯਾਦਾ ਨੂੰ ਢਾਹ ਲਾ ਕੇ ਸਮੁੱਚੇ ਖ਼ਾਲਸਾ ਪੰਥ ਦੀ ਹਸਤੀ ਨੂੰ ਲੁਪਤ ਕਰਨ ਤੇ ਤੁਲੇ ਹੋਏ ਸਨ ਤੇ ਦੂਜੇ ਪਾਸੇ ਉਨ੍ਹਾਂ ਦਾ ਮੁਕਾਬਲਾ ਸਰਕਾਰ ਅੰਗਰੇਜ਼ੀ ਦੇ ਨਾਲ ਸੀ।

ਮਨਮਤੀਆਂ ਜਾਂ ਅਨਮਤੀਆਂ ਦੇ ਪਾਏ ਹੋਏ ਵਹਿਮਾਂ ਦਾ ਡਰ ਸਿੱਖਾਂ ਦੇ ਦਿਲਾਂ ਵਿਚੋਂ ਕੱਢਣ ਲਈ ਬਾਬਾ ਰਾਮ ਸਿੰਘ ਜੀ ਨੇ ਹੁਕਮ ਦਿੱਤਾ : 'ਮੜ੍ਹੀ ਮਸਾਣੀ ਢਾਹਿ ਕੇ ਕਰ ਦਿਓ ਮਦਾਨਾ।' ਸੋ ਇਸ ਹੁਕਮ ਦੇ ਮੁਤਾਬਿਕ ਕਈ ਥਾਵੀਂ ਪੀਰਾਂ-ਫ਼ਕੀਰਾਂ ਦੀਆਂ ਕਬਰਾਂ ਤੇ ਸਮਾਧਾਂ ਢਾਹੀਆਂ ਗਈਆਂ; ਪੀਰ ਖ਼ਾਨਿਆਂ ਦੇ ਗੁੰਬਜ ਤੋੜੇ ਗਏ; ਸੀਤਲਾ ਦੇਵੀ

ਮੜ੍ਹੀਆਂ ਤੇ ਕਬਰਾਂ ਢਾਹੁਣੀਆਂ

(ਚੇਚਕ) ਦੇ ਥਾਨ ਮਿਸਮਾਰ ਕੀਤੇ ਗਏ; ਮੰਦਰਾਂ ਵਿਚੋਂ ਸ਼ਿਵ-ਲਿੰਗ ਤੇ ਨੰਦੀ ਬੈਲ ਦੇ ਬੁਤ ਭੰਨੇ ਗਏ। ਇਸ ਏਨੇ ਵੱਡੇ ਤਰੱਦਦ ਤੋਂ ਭਾਵ ਇਹ ਸੀ ਕਿ ਇਨ੍ਹਾਂ ਕਬਰਾਂ,ਮੜ੍ਹੀਆਂ-ਮਸਾਣੀਆਂ ਜਾਂ ਦੇਵ-ਮੰਦਰਾਂ ਵਿਚ ਕੋਈ ਸ਼ਕਤੀ ਨਹੀਂ, ਇਸ ਲਈ ਸਿੱਖ ਇਨ੍ਹਾਂ ਦਾ ਡਰ ਦਿਲਾਂ ਉਤੋਂ ਲਾਹ ਦੇਣ। ਨਾਮਧਾਰੀਆਂ ਨੂੰ ਮੜ੍ਹੀਆਂ-ਮਸਾਣੀਆਂ ਤੇ ਕਬਰਾਂ ਦੀ ਇਸ ਢਾਹ-ਭੰਨ ਬਦਲੇ ਉਸ ਸਮੇਂ ਸਰਕਾਰ ਵਲੋਂ ਕਈ ਸਜ਼ਾਵਾਂ ਦਿਤੀਆਂ ਤੇ ਜੁਰਮਾਨੇ ਵੀ ਕੀਤੇ ਗਏ*।

ਇਸ ਤੋਂ ਇਲਾਵਾ ਅੰਗ੍ਰੇਜ਼ੀ ਹਕੂਮਤ ਨਾਲ ਬਾਬਾ ਰਾਮ ਸਿੰਘ ਜੀ ਨੇ ਜੋ

ਕੌਮ-ਉਸਾਰੂ ਪ੍ਰੋਗਾਮ


ਟੱਕਰ ਲਈ ਉਹ ਤਿੰਨ ਤਰ੍ਹਾਂ ਦੀ ਸੀ : (੧) ਸਰਕਾਰ ਅੰਗ੍ਰੇਜ਼ੀ ਨਾਲ ਆਰਥਿਕ ਨਾ-ਮਿਲਵਰਤਨ, (੨) ਸਿੱਖਾਂ ਦਾ ਸਮਾਜਿਕ ਸੰਘਟਨ, ਅਤੇ (੩) ਫ਼ੌਜੀ ਪੁਨਰ ਜੀਵਨ ਦਾ

---

*ਸੱਯਦ ਮੁਹੰਮਦ ਹਸਨ, ਤਾਰੀਖਿ ਪਟਿਆਲਾ (ਉਰਦੂ) ੧੮੭੮, ਸਫ਼ੇ ੬੪੮-੪੯; ਸਤਿਜੁਗ ਦਾ ਬਸੰਤ-ਅੰਕ, ਸੰ: ੧੯੮੬, ਸਫ਼ੇ ੩੯,੪੦ ਅਤੇ ਪ੍ਰੋਫ਼ੈਸਰ ਗੰਡਾ ਸਿੰਘ ਕ੍ਰਿਤ ਕੂਕਿਆਂ ਦੀ ਵਿਥਿਆ, ਸੰਨ ੧੯੪੬, ਸਫ਼ੇ ੬੮-੬੯।

Sri Satguru Jagjit Singh Ji eLibrary NamdhariElibrary@gmail.com


ਨਾਮਧਾਰੀ ਲਹਿਰ ਦੇ ਮੂਲ ਪ੍ਰਵਰਤਕ ਤੇ ਚੀਨੀ ਦੇ ਸ਼ਾਹ ਸਵਾਰ



ਸਤਕਾਰ ਜੋਗ ਬਾਬਾ ਰਾਮ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

ਬਰਤਾਨੀਆਂ ਤੋਂ ਭਾਰਤ ਦੀ ਆਜ਼ਾਦੀ ਲਈ ਮੰਗ ਕਰਦਾ ਹੋਇਆ



ਬਾਬਾ ਰਾਮ ਸਿੰਘ ਜੀ ਦਾ ਜ਼ਾਰ ਰੂਸ ਵਲ ਇਕ ਖ਼ਤ
(ਰੂਸੀ ਦੂਤਾਵਾਸ, ਨਵੀਂ ਦਿੱਲੀ ਦੇ ਸਹਿਯੋਗ ਨਾਲ ਪ੍ਰਾਪਤ)


ਰੂਸ ਦੇ ਜ਼ਾਰ ਵਲ ਬਾਬਾ ਰਾਮ ਸਿੰਘ ਜੀ ਦਾ ਦੂਤ



ਸੂਬਾ ਗੁਰਚਰਨ ਸਿੰਘ—ਫ਼ਕੀਰੀ ਭੇਸ ਵਿਚ
(ਰੂਸੀ ਦੂਤਾਵਾਸ, ਨਵੀਂ ਦਿੱਲੀ ਦੇ ਸਹਿਯੋਗ ਨਾਲ ਪ੍ਰਾਪਤ)

Sri Satguru Jagjit Singh Ji eLibrary NamdhariElibrary@gmail.com

ਸੰਨ ੧੮੭੨ ਈ: ਵਿਚ ਕੂਕਿਆਂ ਦਾ ਮਾਲੇਰ ਕੋਟਲੇ ਤੋਪਾਂ ਨਾਲ ਉਡਾਏ ਜਾਣਾ



ਚਿਤ੍ਰ—ਰੂਸੀ ਚਿਤ੍ਰਕਾਰ ਵੀ. ਵਿਰੇਸਚਾਗਿਨ (ਰੂਸੀ ਦੂਤਾਵਾਸ, ਨਵੀਂ ਦਿੱਲੀ ਦੇ ਸਹਿਯੋਗ ਨਾਲ ਪ੍ਰਾਪਤ)

ਇਹ ਤਸਵੀਰ ਬਿਲਕੁਲ ਗਲਤ ਹੈ। ਸਾਰੇ ਸ਼ਹੀਦ ਕੂਕਿਆਂ ਦੀ ਉਮਰ ੪੦ ਸਾਲ ਤੋਂ ਹੇਠਾਂ ਸੀ, ਸਾਰੇ ਤੋਪਚੀ ਸਿਖ ਰਿਆਸਤਾਂ ਤੋਂ ਆਏ ਸਨ, ਕਿਸੇ ਵੀ ਕੂਕੇ ਨੂੰ ਬੰਨ ਕੇ ਸ਼ਹੀਦ ਨਹੀ ਸੀ ਕੀਤਾ ਅਤੇ ਅਖੀਂ ਡਿੱਠਾ ਹਾਲ ਵੀ ਇਸ ਤਸਵੀਰ ਨਾਲ ਮੇਲ ਨਹੀ ਰਖਦਾ। ਗਿਆਨੀ ਗਿਆਨ ਸਿੰਘ ਦਾ ਪਰਾਚੀਨ ਪੰਥ ਪਕਾਸ਼ ਇਸ ਗਲ ਦੀ ਗਵਾਹੀ ਹੈ।

Sri Satguru Jagjit Singh Ji eLibrary NamdhariElibrary@gmail.com

ਪ੍ਰਾਰੰਭ । ਆਰਥਿਕ ਨਾ-ਮਿਲਵਰਤਨ ਵਿਚ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਸਿੱਖਾਂ ਲਈ ਅੰਗ੍ਰੇਜ਼ੀ ਅਥਵਾ ਵਿਦੇਸ਼ੀ ਚੀਜ਼ਾਂ ਵਰਤਨ ਦੀ ਮਨਾਹੀ; ਸ੍ਵਦੇਸ਼ੀ ਮਾਲ ਦੀ ਕਦਰ, ਸਰਕਾਰੀ ਸਕੂਲਾਂ ਤੇ ਅਦਾਲਤਾਂ ਦਾ ਬਾਈਕਾਟ, ਰੇਲ ਗੱਡੀ ਚੜ੍ਹਨ ਦੀ ਰੋਕ ਆਦਿ ਗੱਲਾਂ ਸ਼ਾਮਲ ਸਨ।

ਸਮਾਜਿਕ ਸੰਘਟਨ ਤੋਂ ਬਾਬਾ ਰਾਮ ਸਿੰਘ ਜੀ ਦਾ ਦਿਲੀ ਭਾਵ ਸਿੱਖਾਂ ਨੂੰ ਇਕ ਲੜੀ ਵਿਚ ਪਰੋਣ ਦਾ ਸੀ ਤਾ ਕਿ ਜੇ ਲੋੜ ਪਵੇ ਤਾਂ ਉਹ ਝਟ ਪਟ ਕਿਸੇ ਕੰਮ ਲਈ ਇਕੱਠੇ ਹੋ ਕੇ ਜੁੜ ਸਕਣ। ਇਸ ਆਸ਼ੇ ਦੀ ਪੂਰਤੀ ਲਈ ਉਨ੍ਹਾਂ ਨੇ ਵੱਖੋ ਵੱਖ ਇਲਾਕਿਆਂ ਦੇ ਸਿੱਖਾਂ ਤੇ ਕਾਬੂ ਰੱਖਣ ਲਈ ਪਹਿਲਾਂ ੫ ਤੇ ਫੇਰ ਸਤਾਰਾਂ ਸੂਬੇ ਅਤੇ ਨਾਇਬ ਸੂਬੇ ਨਿਯਤ ਕੀਤੇ*। ਇਹ ਸੂਬੇ ਬਹੁਤੇ ਜ਼ਿਲਾ ਅਮ੍ਰਿਤਸਰ, ਸਿਆਲਕੋਟ, ਜਲੰਧਰ, ਫ਼ੀਰੋਜ਼ਪੁਰ, ਲੁਧਿਹਾਣਾ, ਅੰਬਾਲਾ, ਕਰਨਾਲ, ਰਿਆਸਤ ਮਾਲੇਰ ਕੋਟਲਾ, ਨਾਭਾ, ਪਟਿਆਲਾ ਅਤੇ ਸੰਗਰੂਰ ਵਿਚ ਸਨ। ਗ਼ਾਲਬਨ ਇਹੋ ਇਲਾਕੇ ਨਾਮਧਾਰੀ ਪ੍ਰਚਾਰ ਦੀਆਂ ਸਰਗਰਮੀਆਂ ਦੇ ਕੇਂਦ੍ਰ ਸਨ।

ਸੂਬਿਆਂ ਦੀ ਸਥਾਪਨਾ

ਹੁਣ ਬਾਕੀ ਰਿਹਾ ਸਿੱਖਾਂ ਦੇ ਫ਼ੌਜੀ ਪੁਨਰ ਜੀਵਨ ਦਾ ਸਵਾਲ, ਇਸ ਕੰਮ ਲਈ ਉਨ੍ਹਾਂ ਨੇ ਦੋ ਗੱਲਾਂ ਕੀਤੀਆਂ—ਇਕ ਤਾਂ ਕੂਕਾ ਡਾਕ ਸਰਵਿਸ, ਜੋ ਕੁਝ ਚਿਰ ਪਹਿਲਾਂ ਹੀ ਕਾਇਮ ਕੀਤੀ ਗਈ ਸੀ, ਹੁਣ ਪੱਕੇ ਪੈਰਾਂ ਤੇ ਕਰ ਦਿੱਤੀ ਗਈ ਤੇ ਉਸ ਦਾ ਪ੍ਰਬੰਧ ਭਾਈ ਸਾਹਿਬ ਸਿੰਘ ਸੂਬੇ ਦੇ ਸਿਪੁਰਦ ਕੀਤਾ। ਦੂਜੇ ਸਿੱਖ ਰਜਮਟਾਂ, ਜੋ ਸੰਨ ੧੮੪੬ ਤੇ ੧੮੫੭ ਤੋਂ ਕਾਇਮ ਸਨ, ਸਰਕਾਰ ਅੰਗ੍ਰੇਜ਼ੀ ਦੇ ਮਾਤਹਿਤ ਹੋਣ ਕਰ ਕੇ ਏਨਾ ਕੰਮ ਨਹੀਂ ਦੇ ਸਕਦੀਆਂ ਸਨ, ਇਸ ਲਈ ਉਨ੍ਹਾਂ ਨੇ ਨਾਮਧਾਰੀ ਨੌਜਵਾਨਾਂ ਵਿਚ ਫ਼ੌਜੀ ਰੂਹ ਭਰਨੀ ਸ਼ੁਰੂ ਕੀਤੀ ਤੇ ਉਨ੍ਹਾਂ ਨੂੰ ਲਾਠੀਆਂ ਦੇ ਕੇ ਕਵਾਇਦਾਂ ਸਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਭਾਵੇਂ ਇਸ ਸਮੇਂ ਸ਼ਸਤ੍ਰ—ਅਸਤ੍ਰ ਉਨ੍ਹਾਂ ਪਾਸ ਕੋਈ ਨਹੀਂ ਸੀ, ਪਰ ਜੇ ਨਿਕਟ ਭਵਿੱਖ ਵਿਚ, ਜਿਵੇਂ ਕਿ ਸੰਭਾਵਨਾ ਸੀ, ਇਹ ਲੋੜ ਵੀ ਪੂਰੀ ਹੋ ਜਾਂਦੀ ਤਾਂ ਮੌਕੇ ਦੀ ਸੰਭਾਲ ਲਈ ਪਹਿਲੋਂ ਜਿਸਮ ਤਾਂ ਫ਼ੁਰਤੀਲੇ ਹੋਣੇ ਚਾਹੀਦੇ ਸਨ। ਇਸ ਲਈ ਇਹ ਕਵਾਇਦ ਖ਼ੁਫ਼ੀਆਂ ਰਪੋਟਾਂ ਦੇ ਅਨੁਸਾਰ ਪਿੰਡ ਭੈਣੀ ਅਰਾਈਆਂ ਵਿਚ ਰਾਤ ਦੇ ਸਮੇਂ ਹੋਇਆ ਕਰਦੀ ਸੀ।

ਫ਼ੌਜੀ ਡਰਿੱਲ

ਇਹ ਸਨ ਬਾਬਾ ਰਾਮ ਸਿੰਘ ਜੀ ਦੀਆਂ ਕੌਮੀ ਉਸਾਰੀ ਲਈ ਤਿਆਰੀਆਂ ਜੋ ਉਨ੍ਹਾਂ ਨੇ ਨਾਮਧਾਰੀਆਂ ਨੂੰ ਇਨਕਲਾਬੀ ਰੰਗਣ ਦੇਣ ਹਿਤ ਕੀਤੀਆਂ। ਸਰਕਾਰ ਅੰਗ੍ਰੇਜ਼ੀ

---

*ਪੰਜਾਬ ਦੇ ਰਾਜ ਪ੍ਰਬੰਧ ਦੀ ਰਪੋਰਟ, ਸੰਨ ੧੮੭੧-੭੨, ਸਫ਼ਾ ੨੧੪; ਸੱਯਦ ਮੁਹੰਮਦ ਹਸਨ, ਤਾਰੀਖ਼ਿ ਪਟਿਆਲਾ (ਉਰਦੂ) ੧੮੭੮, ਸਫ਼ਾ ੬੪੮; ਸੰਤ ਨਿਧਾਨ ਸਿੰਘ ਆਲਿਮ, ਜੁਗ ਪਲਟਾਉ ਸਤਿਗੁਰੂ, ਸਫ਼ਾ ੭੯।

Sri Satguru Jagjit Singh Ji eLibrary NamdhariElibrary@gmail.com

**ਨਜ਼ਰ ਬੰਦੀ**

ਨੂੰ ਉਨ੍ਹਾਂ ਦੀਆਂ ਇਨ੍ਹਾਂ ਕੋਸ਼ਿਸ਼ਾਂ ਦਾ ਕੁਝ ਪਤਾ ਸੰਨ ੧੮੬੨ ਵਿਚ ਲੱਗ ਗਿਆ ਇਸ ਲਈ ਬਾਬਾ ਜੀ ਇਸੇ ਸਾਲ ਹੀ ਪਿੰਡ ਭੈਣੀ ਵਿਚ ਨਜ਼ਰ ਬੰਦ ਕੀਤੇ ਗਏ। ਖ਼ਾਨਾ ਤਲਾਸ਼ੀ ਵੀ ਹੋਈ, ਪਰ ਹਥਿਆਰ ਕੋਈ ਬਰਾਮਦ ਨਾ ਹੋਇਆ। ਇਸ ਨਜ਼ਰ ਬੰਦੀ ਦਾ ਕਾਰਣ ਇਹ ਦੱਸਿਆ ਗਿਆ ਕਿ ਬਾਬਾ ਜੀ ਰਾਜ ਪਲਟਾਉਣ ਲਈ ਸਿੱਖਾਂ ਨੂੰ ਕਵਾਇਦ ਸਿਖਾਉਂਦੇ ਤੇ ਸਰਕਾਰ ਤੋਂ ਵਿਰੁੱਧ ਭੜਕਾਉਂਦੇ ਹਨ।

ਇਹ ਨਜ਼ਰਬੰਦੀ ਲਗ ਭਗ ਚਾਰ ਸਾਲ ਲੱਗੀ ਰਹੀ। ਇਸ ਦੌਰਾਨ ਵਿਚ ਬਾਬਾ ਰਾਮ ਸਿੰਘ ਜੀ ਭੈਣੀ ਵਿਚ ਹੀ ਨਾਮ ਅਭਿਆਸ ਕਰਦੇ ਰਹੇ। ਹੋਰ ਕਿਸੇ ਪਾਸੇ ਪਿੰਡੋਂ ਬਾਹਰ ਜਾਣ ਦੀ ਉਨ੍ਹਾਂ ਨੂੰ ਗਵਰਨਮੈਂਟ ਵਲੋਂ ਇਜਾਜ਼ਤ ਨਹੀਂ ਸੀ। ਸੰਨ ੧੮੬੭ ਦੇ ਸ਼ੁਰੂ ਵਿਚ ਚਾਰ ਸਾਲ ਦੇ ਲਗਾਤਾਰ ਜਤਨਾਂ ਤੋਂ ਬਾਦ ਜਦ ਸਰਕਾਰ ਨੂੰ ਬਾਬਾ ਰਾਮ ਸਿੰਘ ਜੀ ਤੋਂ ਵਿਰੁੱਧ ਰਾਜਗਰਦੀ ਅਥਵਾ ਰਾਜਦ੍ਰੋਹ ਦਾ ਕੋਈ ਸਬੂਤ ਨਾ ਮਿਲਿਆ ਤਾਂ ਇਹ ਬੰਦਸ਼ ਹਟਾਈ ਗਈ *।

ਮਾਰਚ ਸੰਨ ੧੮੬੭ ਵਿਚ ਬਾਬਾ ਰਾਮ ਸਿੰਘ ਜੀ ਬੜੇ ਠਾਠ-ਬਾਠ ਨਾਲ ਹੋਲੇ ਮਹੱਲੇ ਤੇ ਆਨੰਦ ਪੁਰ ਗਏ। ਫੇਰ ਇਸ ਤੋਂ ਛੇ ਕੁ ਮਹੀਨੇ ਪਿੱਛੋਂ ਦਸਹਿਰੇ ਦੇ ਮੌਕੇ

**ਪ੍ਰਚਾਰ ਵਿਚ ਨਵੀਂ ਜਾਨ**

ਤੇ ਨਾਮਧਾਰੀਆਂ ਦਾ ਇਕ ਵੱਡਾ ਭਾਰੀ ਇਕੱਠ ਭੈਣੀ ਵਿਚ ਹੋਇਆ। ਇਸ ਪਾਸਿਓਂ ਨਿਪਟ ਕੇ ਫੇਰ ਆਪ ਦੀਪ ਮਾਲਾ ਦੇ ਸਮੇਂ ਅਮ੍ਰਿਤਸਰ ਗਏ। ਇਸ ਥੋੜੀ ਜਿਹੀ ਜੱਦੋ ਜਹਿਦ ਦੇ ਕਾਰਣ ਗੁਰਮਤ ਦੇ ਪ੍ਰਚਾਰ ਵਿਚ, ਜੋ ਕਿ ਚਾਰ ਸਾਲਾਂ ਤੋਂ ਅਟਕਿਆ ਪਿਆ ਸੀ, ਮੁੜ ਨਵੇਂ ਸਿਰਿਓਂ ਜਾਨ ਪੈ ਗਈ। ਬੇਗਿਣਤ ਨਵੇਂ ਨਾਮਧਾਰੀਏ ਇਸ ਜੱਥੇਬੰਦੀ ਵਿਚ ਸ਼ਾਮਲ ਹੋਏ ਤੇ ਪੁਰਾਣੇ ਨਾਮਧਾਰੀਆਂ ਵਿਚ ਫਿਰ ਉਹੋ ਜੋਸ਼ ਜਾਗਿਆ। ਇਸ ਤਰ੍ਹਾਂ ਇਸ ਲਹਿਰ ਦੇ ਹਨੇਰੀ ਵਾਂਗੂ ਉੱਠਣ ਕਰਕੇ ਮੁੜ ਉਹੋ ਰਾਜ-ਗਰਦੀ ਦੇ ਪ੍ਰੋਗਰਾਮ ਉਲੀਕੇ ਜਾਣ ਲੱਗ ਪਏ।

ਬਾਬਾ ਰਾਮ ਸਿੰਘ ਜੀ ਨੇ ਇਸ ਸਮੇਂ ਦੇਸ ਦੀ ਆਜ਼ਾਦੀ ਲਈ ਆਪਣੇ ਪ੍ਰਚਾਰ ਨੂੰ ਅਮਲੀ ਜਾਮਾ ਪਹਿਨਾਉਣ ਦਾ ਜਤਨ ਕੀਤਾ ਤੇ ਸਰਕਾਰ ਅੰਗਰੇਜੀ ਦੇ ਮੁਕਾਬਲੇ ਤੇ ਹੋਰ ਦੇਸੀ-ਵਿਦੇਸੀ ਤਾਕਤਾਂ ਨਾਲ ਦੋਸਤੀ ਗੰਢੀ। ਮਹਾਰਾਜਾ ਰਣਬੀਰ ਸਿੰਘ ਜੰਮੂ ਵ

**ਜੰਮੂ ਵਿਚ ਕੂਕਾ ਰਜਮਟ**

ਕਸ਼ਮੀਰ ਦੇ ਪਾਸ ਕੁਝ ਨਾਮਧਾਰੀ ਨੌਜਵਾਨ ਭੇਜੇ ਗਏ, ਜਿਸ ਕਰਕੇ ਉਥੇ ਇਕ ਕੂਕਾ ਰਜਮਟ ਦੀ ਸਥਾਪਨਾ ਹੋਈ, ਪਰ ਇਹ ਰਜਮਟ ਥੋੜਾ ਚਿਰ ਹੀ ਕਾਇਮ ਰਹਿ ਸਕੀ ਤੇ ਫੇਰ ਸਰਕਾਰ ਅੰਗਰੇਜ਼ੀ ਵਲੋਂ ਜ਼ੋਰ ਦੇਣ ਤੇ ਸੰਨ ੧੮੭੧ ਵਿਚ ਤੋੜ ਦਿਤੀ ਗਈ। ਇਸ ਰਜਮਟ ਵਿਚ ੧੫੦ ਕੂਕੇ ਸਨ ਤੇ ਸਰਦਾਰ ਹੀਰਾ ਸਿੰਘ ਇਸ

*ਦੇਖੋ, ਪੰਜਾਬ ਦੇ ਰਾਜ ਪ੍ਰਬੰਧ ਦੀ ਰਪੋਰਟ, ੧੮੬੬-੬੭, ਸਫ਼ਾ ੧੦੪; ਪ੍ਰੋ: ਗੰਡਾ ਸਿੰਘ, ਕੂਕਿਆਂ ਦੀ ਵਿਥਿਆ, ੧੯੪੬, ਸਫ਼ਾ ੮੪।

Sri Satguru Jagjit Singh Ji eLibrary NamdhariElibrary@gmail.com

ਦਾ ਕਮਾਨ ਅਫ਼ਸਰ ਸੀ* ।

ਇਸ ਤੋਂ ਇਲਾਵਾ ਬਾਬਾ ਰਾਮ ਸਿੰਘ ਜੀ ਵਲੋਂ ਇਕ ਨਾਮਧਾਰੀ ਮਿਸ਼ਨ ਨੇਪਾਲ ਦੇ ਰਾਣਾ ਜੰਗ ਬਹਾਦੁਰ ਪਾਸ ਭੇਜਿਆ ਗਿਆ । ਉਥੇ ਵੀ ਕੂਕਾ ਰਜਮਟ ਖੜੀ ਕਰਨ ਦੀ ਤਜਵੀਜ਼ ਸੀ, ਜਿਸ ਬਾਰੇ ਅੱਗੋਂ ਬੜਾ ਆਸ ਭਰਪੂਰ ਉੱਤਰ ਮਿਲਿਆ । ਇਸੇ ਤਰ੍ਹਾਂ ਅਮੀਰ ਕਾਬਲ ਤੇ ਜ਼ਾਰ ਰੂਸ ਨਾਲ ਵੀ ਕੁਝ ਗੰਢ-ਤ੍ਰੁਪ ਹੋਈ । ਕਾਬਲ ਦੇ ਦੋ ਸ਼ਹਿਜ਼ਾਦੇ ਇਸ ਸੰਬੰਧ ਵਿਚ ਬਾਬਾ ਜੀ ਦੇ ਕੋਲ ਭੈਣੀ ਆਏ । ਬਾਬਾ ਜੀ ਦੇ ਨਾਲ ਉਨ੍ਹਾਂ ਦੀ ਗੱਲ-ਬਾਤ ਹੋਈ । ਇਸ ਬਾਰੇ ਸਰਕਾਰੀ ਤੌਰ ਤੇ ਪੁੱਛ-ਪੜਤਾਲ ਕਰਨ ਦੇ ਬਾਵਜੂਦ ਵੀ ਕੋਈ ਪਤਾ ਨਾ ਲੱਗ ਸਕਿਆ, ਜਿਸ ਕਰਕੇ ਅਸਲ ਕਾਰਰਵਾਈ ਗੁਪਤ ਹੀ ਰਹੀ ।

**ਨੇਪਾਲ, ਕਾਬਲ ਤੇ ਰੂਸ ਦੇ ਕੂਕਾ-ਮਿਸ਼ਨ**

ਇਨ੍ਹਾਂ ਜਤਨਾਂ ਦੇ ਦੌਰਾਨ ਵਿਚ ਹੀ, ਜਦ ਕਿ ਦੇਸ ਵਿਚ ਇਨਕਲਾਬ ਲਿਆਉਣ ਦਾ ਵਿਚਾਰ ਸੀ, ਤਾਂ ਅਚਾਣਕ ਭਾਣਾ ਹੋਰ ਹੀ ਵਰਤਣ ਲੱਗ ਪਿਆ । ਇਹ ਸੀ ਕੁਝ ਨਾਮਧਾਰੀ ਸਿੰਘਾਂ ਦਾ ਗਊ-ਰੱਖਿਆ ਦੇ ਜੋਸ਼ ਵਿਚ ਆ ਕੇ ਬੁੱਚੜ-ਖ਼ਾਨਿਆਂ ਉਤੇ ਹਮਲੇ ਕਰਨਾ । ਕੇਵਲ ਨਾਮਧਾਰੀਏ ਹੀ ਨਹੀਂ, ਬਹੁਤੇ ਸਿੱਖ ਵੀ ਸ਼ੁਰੂ ਤੋਂ ਗਊ-ਰੱਖਿਆ ਦੇ ਹੱਕ ਵਿਚ ਰਹੇ ਹਨ । ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਸਭ ਤੋਂ ਵਡੇ ਗਊ-ਰੱਖਤ੍ਰਕ ਸਨ । ਉਨ੍ਹਾਂ ਦੇ ਰਾਜ ਵਿਚ ਧੁਰ ਦੱਰਾ ਖ਼ੈਬਰ ਤਕ ਕਿਸੇ ਨੂੰ ਗਊ-ਹੱਤਿਆ ਕਰਨ ਦੀ ਜੁਰਅਤ ਨਹੀਂ ਸੀ । ਮਹਾਰਾਜੇ ਦੀ ਦਿਲੀ ਮਨਸ਼ਾ ਸੀ ਕਿ ਹਿੰਦੁਸਤਾਨ ਤੋਂ ਇਲਾਵਾ ਅਫ਼ਗਾਨਿਸਤਾਨ ਵਿਚੋਂ ਵੀ ਗਊ-ਹੱਤਿਆ ਬੰਦ ਹੋ ਜਾਵੇ, ਇਸ ਲਈ ਕਈ ਵੇਰ ਅਮੀਰ ਕਾਬਲ ਉਤੇ ਇਸ ਬਾਰੇ ਜ਼ੋਰ ਦਿੱਤਾ ਜਾਂਦਾ ਸੀ । ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸ਼ਰਧਾਲੂ ਨਾਮਧਾਰੀਆਂ ਦੀਆਂ ਰਗਾਂ ਵਿਚ ਵੀ ਉਹੋ ਸਿੱਖੀ ਖ਼ੂਨ ਚਕ੍ਰ ਲਗਾ ਰਿਹਾ ਸੀ, ਇਸ ਲਈ ਜੇ ਉਹ ਗਊ-ਰੱਖਿਆ ਲਈ ਡਟ ਗਏ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਆਖੀ ਜਾ ਸਕਦੀ ।

**ਗਊ-ਰੱਖਿਆ ਅਤੇ ਸਿੱਖ**

ਬਾਬਾ ਰਾਮ ਸਿੰਘ ਜੀ ਦੀ ਨਿਗਾਹ ਵਿਚ ਗਊ-ਹੱਤਿਆ ਦੇ ਅਸਲ ਅਪਰਾਧੀ ਅੰਗਰੇਜ਼ ਸਨ । ਬਾਬਾ ਜੀ ਚਾਹੁੰਦੇ ਸਨ ਕਿ ਜੇ ਭਾਰਤ ਵਿਚੋਂ ਅੰਗਰੇਜ਼ੀ ਅਮਲਦਾਰੀ ਖ਼ਤਮ ਹੋ ਜਾਵੇ ਤਾਂ ਗਊ-ਹੱਤਿਆ ਆਪਣੇ ਆਪ ਹੀ ਬੰਦ ਹੋ ਜਾਵੇਗੀ । ਉਹ ਤਾਂ ਅੰਗਰੇਜ਼ੀ ਰਾਜ ਤੋਂ ਪਹਿਲਾਂ ਹੀ ਵਿਰੁੱਧ ਸਨ, ਪਰ ਕੁਝ ਸਿੰਘ ਅਜਿਹਾ ਇਨਕਲਾਬੀ ਸਮਾਂ ਆਉਣ ਤੋਂ ਅਗੇਤਰੇ ਹੀ ਧਾਰਮਿਕ ਜੋਸ਼ ਦੇ ਕਾਰਣ ਬਾਹੂ-ਬਲ ਦਿਖਾਉਣ ਲਈ ਕਾਹਲੇ ਪੈ ਗਏ । ਸੰਨ ੧੮੬੯ ਵਿਚ ਨਾਮਧਾਰੀਆਂ ਵਲੋਂ ਇਕ ਨਿੱਕੀ ਜੇਹੀ ਬਗ਼ਾਵਤ ਫ਼ੀਰੋਜ਼ਪੁਰ ਦੇ ਇਲਾਕੇ ਵਿਚ ਹੋਈ, ਜੋ ਛੇਤੀ ਹੀ ਦਬਾ ਦਿੱਤੀ ਗਈ । ਇਸ ਤੋਂ ਪਿੱਛੋਂ ਮਾਰਚ ਸੰਨ ੧੮੭੧

*ਪ੍ਰੋਫ਼ੈਸਰ ਗੰਡਾ ਸਿੰਘ, ਕੂਕਿਆਂ ਦੀ ਵਿਥਿਆ, ੧੯੪੬, ਸਫ਼ਾ ੧੧੨; ਸੰਤ ਨਿਧਾਨ ਸਿੰਘ ਆਲਿਮ, ਜੁਗ ਪਲਟਾਊ ਸਤਿਗੁਰੂ, ਸਫ਼ੇ ੧੧੫-੧੬ ।

Sri Satguru Jagjit Singh Ji eLibrary NamdhariElibrary@gmail.com

ਵਿਚ ਨਾਮਧਾਰੀਆਂ ਨੇ ਪਿੰਡ ਖੋਟੇ ਜ਼ਿਲਾ ਫ਼ੀਰੋਜ਼ਪੁਰ ਵਿਚ ਹੋਲਾ ਮਨਾਇਆ। ਬਾਬਾ ਰਾਮ ਸਿੰਘ ਜੀ ਇਸ ਇਕੱਠ ਵਿਚ ਖ਼ੁਦ ਮੌਜੂਦ ਸਨ। ਇਸ ਮੌਕੇ ਤੇ ਨਾਮਧਾਰੀ ਸਿੰਘਾਂ ਦਾ ਜੋਸ਼-ਖ਼ਰੋਸ਼ ਦੇਖਣ ਜੋਗ ਸੀ। ਮਾਲੂਮ ਹੁੰਦਾ ਹੈ, ਇਸ ਸਮੇਂ ਦੇਸ ਵਿਚ ਇਨਕਲਾਬ ਲਿਆਉਣ ਲਈ ਕੁਝ ਪ੍ਰੋਗਰਾਮ ਵੀ ਬਣਾਏ ਗਏ। ਬਾਬਾ ਰਾਮ ਸਿੰਘ ਜੀ ਚਾਹੁੰਦੇ ਸਨ ਕਿ ਹਾਲੇ ਸ਼ਾਂਤਮਈ ਤੋਂ ਕੰਮ ਲਿਆ ਜਾਵੇ, ਪਰ ਕੁਝ ਮਸਤਾਨੇ ਸਿੰਘ, ਜੋ ਆਪੋ ਆਪਣੇ ਆਰ-ਪਰਿਵਾਰ ਦਾ ਮੋਹ ਛੱਡ ਕੇ ਧਰਮ-ਯੁੱਧ ਦੇ ਖ਼ਿਆਲ ਨਾਲ ਪਹਿਲਾਂ ਹੀ ਉਤਾਵਲੇ ਸਨ, ਉਹ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਹੁਕਮ ਦੱਸ ਕੇ ਕੁਰਬਾਨੀਆਂ ਦੇਣ ਲਈ ਤਿਆਰ ਹੋਣ ਲੱਗ ਪਏ।

**ਸਿੰਘਾਂ ਦੀ ਤਿਆਰੀ**

ਜੋਸ਼ੀਲੇ ਨਾਮਧਾਰੀਆਂ ਦੀ ਪਹਿਲੀ ਨਜ਼ਰ ਅੰਮ੍ਰਿਤਸਰ ਦੇ ਬੁਚੜ ਖ਼ਾਨੇ ਉਤੇ ਪਈ। ਇਹ ਬੁੱਚੜ ਖ਼ਾਨਾ ਲਾਹੌਰੀ ਦਰਵਾਜ਼ਿਓਂ ਬਾਹਰ ਗਵਰਨਮੈਂਟ ਨੇ ਸੰਨ ੧੮੪੯ ਵਿਚ ਪੰਜਾਬ ਉਤੇ ਕਬਜ਼ਾ ਕਰਨ ਤੋਂ ਪਿੱਛੋਂ, ਸਿੱਖਾਂ ਤੇ ਹਿੰਦੂਆਂ ਦੇ ਧਾਰਮਿਕ ਖ਼ਿਆਲਾਂ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਖੋਲ੍ਹਿਆ ਸੀ। ਅੰਮ੍ਰਿਤਸਰ ਦੇ ਸਿੱਖ-ਹਿੰਦੂ ਉਸੇ ਸਮੇਂ ਤੋਂ ਸ਼ਹਿਰ ਵਿਚ ਗਊ-ਮਾਸ ਬੇਚਣ ਬਾਰੇ ਕਸਾਈਆਂ ਦੇ ਰਵਈਏ ਉਤੇ ਕੁਝ ਭੜਕੇ ਹੋਏ ਵੀ ਸਨ। ਗੁਰੂ ਕੀ ਨਗਰੀ ਵਿਚੋਂ ਹੁਣ ਗਊ-ਹੱਤਿਆ ਦੂਰ ਕਰਨ ਲਈ ਜ਼ਿਲਾ ਅਮ੍ਰਿਤਸਰ ਤੇ ਲਾਹੌਰ ਦੇ ਕੁਝ ਨਾਮਧਾਰੀਆਂ ਨੇ, ਜਿਨ੍ਹਾਂ ਵਿਚ ਭਾਈ ਲਹਿਣਾ ਸਿੰਘ, ਫ਼ਤਿਹ ਸਿੰਘ, ਬੀਹਲਾ ਸਿੰਘ ਨਾਰਲੀ, ਹਾਕਮ ਸਿੰਘ ਪਟਵਾਰੀ, ਮੇਹਰ ਸਿੰਘ ਲੋਪੋ ਕੇ ਤੇ ਭਾਈ ਝੰਡਾ ਸਿੰਘ ਠੱਟਾ ਆਦਿ ਮੋਢੀ ਸਨ; ਜੋਸ਼ ਖਾਧਾ ਤੇ ਇਸ ਬੁੱਚੜ ਖ਼ਾਨੇ ਉਤੇ ਹਮਲੇ ਦੀ ਵਿਉਂਤ ਬਣਾਈ। ੧੪-੧੫ ਜੂਨ ਸੰਨ ੧੮੭੧ ਈ: ਦੀ ਵਿਚਕਾਰਲੀ ਰਾਤ ਨੂੰ ਸਨੱਧ ਬੱਧ ਹੋ ਕੇ ਉਨ੍ਹਾਂ ਨੇ ਹੱਲਾ ਕਰ ਦਿੱਤਾ। ਇਸ ਹੱਲੇ ਵਿਚ ਬੁੱਚੜਾਂ ਦੇ ੪ ਬੰਦੇ ਮਰੇ, ੩ ਫੱਟੜ ਹੋਏ ਤੇ ਬਾਕੀ ਓਹੋ ਬਚੇ ਜੋ ਕਿਸੇ ਪਾਸੇ ਖਿਸਕ ਗਏ ਜਾਂ ਮੌਕੇ ਤੇ ਹਾਜ਼ਰ ਨਹੀਂ ਸਨ। ਅਸਲ ਅਪਰਾਧੀ, ਜਿਨ੍ਹਾਂ ਨੇ ਹਮਲਾ ਕੀਤਾ ਸੀ, ਮੌਕਾ ਬਚਾ ਕੇ ਦੌੜ ਗਏ ਤੇ ਉਨ੍ਹਾਂ ਦੀ ਥਾਵੇਂ ਕੁਝ ਨਿਹੰਗ ਸਿੰਘ ਹੀ ਫੜੇ ਗਏ।

**ਅਮ੍ਰਿਤਸਰ ਦੇ ਬੁੱਚੜ ਖ਼ਾਨੇ ਉਤੇ ਹਮਲਾ**

ਅੰਮ੍ਰਿਤਸਰ ਦੀ ਇਸ ਘਟਨਾ ਤੋਂ ਮਹੀਨਾ ਕੁ ਪਿੱਛੋਂ ਨਾਮਧਾਰੀਆਂ ਦਾ ਦੂਜਾ ਹੱਲਾ ਰਾਇਕੋਟ ਜ਼ਿਲਾ ਲੁਦਿਹਾਣਾ ਦੇ ਬੁੱਚੜਖ਼ਾਨੇ ਉਤੇ ਹੋਇਆ। ਸੰਤ ਨਿਧਾਨ ਸਿੰਘ ਜੀ 'ਆਲਿਮ' ਇਸ ਦਾ ਕਾਰਣ ਇਹ ਦਸਦੇ ਹਨ ਕਿ ਕੂਕੇ ਸਿੰਘਾਂ ਦਾ ਇਕ ਜੱਥਾ ਰਾਇਕੋਟ ਗੁਰਦੁਆਰੇ ਕੋਲ ਦੀ ਲੰਘਿਆ ਜਾ ਰਿਹਾ ਸੀ ਕਿ ਲਾਗੇ ਹੀ ਬੁੱਚੜਖ਼ਾਨਾ ਦੇਖ ਕੇ ਅਚਾਣਕ ਉਨ੍ਹਾਂ ਨੂੰ ਜੋਸ਼ ਚੜ੍ਹ ਗਿਆ ਜਿਸ ਕਰਕੇ ੧੫ ਜੁਲਾਈ ਸੰਨ ੧੮੭੧ ਈ: ਨੂੰ ਰਾਤ ਦੇ ਸਮੇਂ ਉਨ੍ਹਾਂ ਨੇ ਇਸ ਬੁੱਚੜ ਖ਼ਾਨੇ ਤੇ ਹੱਲਾ

**ਰਾਇਕੋਟ ਤੇ ਹੱਲਾ**

Sri Satguru Jagjit Singh Ji eLibrary NamdhariElibrary@gmail.com

ਕਰ ਦਿੱਤਾ *। ਅੰਮ੍ਰਿਤਸਰ ਵਾਂਗੂ ਹੀ ਕੂਕੇ ਏਥੇ ਵੀ ਬੁੱਚੜਾਂ ਨੂੰ ਵੱਢ ਕੇ ਹਰਨ ਹੋ ਗਏ।

ਇਸ ਹਮਲੇ ਦਾ ਪਤਾ ਲੱਗਣ ਤੇ ਸਰਕਾਰ ਅੰਗ੍ਰੇਜ਼ੀ ਨੂੰ ਫ਼ਿਕਰ ਪਿਆ। ਖੋਜੀ ਮੰਗਵਾਏ ਗਏ ਤੇ ਖੋਜ ਨੱਪੇ ਗਏ, ਜਿਸ ਕਰਕੇ ਅਸਲ ਅਪਰਾਧੀਆਂ ਦੇ ਫੜੇ ਜਾਣ ਵਿਚ ਬਹੁਤੀ ਦੇਰ ਨਾ ਲੱਗੀ। ਸੰਤ ਮੰਗਲ, ਸਿੰਘ ਮਸਤਾਨ ਸਿੰਘ ਅਤੇ ਗੁਰਮੁਖ ਸਿੰਘ ਪਿੰਡ ਪਿੱਥੋ

**ਫਾਂਸੀਆਂ ਅਤੇ ਹੋਰ ਸਜ਼ਾਵਾਂ**

ਰਿਆਸਤ ਨਾਭਾ ਨੂੰ, ਜੋ ਇਸ ਹਮਲੇ ਵਿਚ ਅਸਲ ਮੁਲਜ਼ਮ ਕਰਾਰ ਦਿੱਤੇ ਗਏ ਸਨ, ਅਦਾਲਤ ਵਲੋਂ ਫ਼ਾਂਸੀ ਦੀ ਸਜ਼ਾ ਹੋਈ। ਇਨ੍ਹਾਂ ਨਾਲ ਹੀ ਇਕ ਹੋਰ ਨਾਮਧਾਰੀ ਸੂਬੇ ਨੂੰ, ਜਿਸ ਦਾ ਨਾਮ ਗਿਆਨੀ ਰਤਨ ਸਿੰਘ ਸੀ, ਪ੍ਰਾਣਦੰਡ ਦਿੱਤਾ ਗਿਆ। ਨਾਮਧਾਰੀਆਂ ਵਿਚ ਇਨ੍ਹਾਂ ਗਿਆਨੀ ਰਤਨ ਸਿੰਘ ਹੋਰਾਂ ਦਾ ਬੜਾ ਮਾਣ ਸੀ, ਇਸ ਲਈ ਇਸ ਬੇਦੋਸੇ ਖ਼ੂਨ ਬਦਲੇ ਉਨ੍ਹਾਂ ਵਿਚ ਸਰਕਾਰ ਤੋਂ ਵਿਰੁੱਧ ਹੋਰ ਵੀ ਗੁੱਸੇ ਦੀ ਲਹਿਰ ਦੌੜ ਗਈ।

ਰਾਇਕੋਟ ਦੇ ਮੁਕੱਦਮੇ ਵਿਚ ਹੀ ਸਰਕਾਰ ਨੂੰ ਅਚਾਣਕ ਅੰਮ੍ਰਿਤਸਰ ਦੇ ਮੁਲਜ਼ਮਾਂ ਦਾ ਸੁਰਾਗ ਵੀ ਮਿਲ ਗਿਆ,† ਜਿਸ ਕਰ ਕੇ ਉਹ ਨਿਹੰਗ ਸਿੰਘ, ਜੋ ਨਿਰਦੋਸ਼ ਫੜੇ ਗਏ ਸਨ, ਛੁੱਟ ਗਏ ਤੇ ਉਨ੍ਹਾਂ ਦੀ ਥਾਵੇਂ ਭਾਈ ਲਹਿਣਾ ਸਿੰਘ ਫ਼ਤਿਹ ਸਿੰਘ, ਹਾਕਮ ਸਿੰਘ ਪਟਵਾਰੀ, ਬੀਹਲਾ ਸਿੰਘ ਨਾਰਲੀ ਆਦਿ ਸੱਤ ਅੱਠ ਕੂਕੇ, ਜੋ ਅਸਲ ਅਪਰਾਧੀ ਸਨ, ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿਚੋਂ ਕਈਆਂ ਨੂੰ ਫਾਂਸੀ ਤੇ ਕਈਆਂ ਨੂੰ ਕਾਲੇ ਪਾਣੀ ਦੀਆਂ ਸਜ਼ਾਵਾਂ ਹੋਈਆਂ।

ਅੰਮ੍ਰਿਤਸਰ ਤੇ ਰਾਇਕੋਟ ਦੇ ਇਹ ਕਤਲ ਏਨੀਆਂ ਕੋਈ ਖ਼ਾਸ ਘਟਨਾਵਾਂ ਨਹੀਂ ਸਨ ਜਿਨ੍ਹਾਂ ਨੂੰ ਕੁਝ ਮਹਾਨਤਾ ਦਿੱਤੀ ਜਾਂਦੀ, ਕਿਉਂਕਿ ਥੋੜੀ ਜਿਹੀ ਸਿਆਣਪ ਨਾਲ ਹੀ ਇਨ੍ਹਾਂ ਨੂੰ ਕੁਝ ਸਿੰਘਾਂ ਦੇ ਧਾਰਮਿਕ ਜੋਸ਼ ਦਾ ਨਤੀਜਾ ਦੱਸ ਕੇ ਇਕ ਪਾਸੇ ਰਖਿਆ ਜਾ ਸਕਦਾ ਸੀ ਤੇ ਨਾਮਧਾਰੀ ਜਥੇਬੰਦੀ ਇਕ ਤਕੜੀ ਸੱਟ ਲੱਗਣ ਤੋਂ ਬਚ ਸਕਦੀ ਸੀ, ਪਰ

**ਲੋਹੜੀ, ਸੰਨ ੧੮੭੨ ਦਾ ਇਕੱਠ**

ਗਿਆਨੀ ਰਤਨ ਸਿੰਘ ਦੇ ਬੇਗੁਨਾਹ ਫਾਂਸੀ ਲੱਗਣ ਬਾਰੇ ਜੋਸ਼ ਤਾਂ ਹੈ ਹੀ ਸੀ ਕਿ ਅਚਾਣਕ ਮਾਲੇਰ ਕੋਟਲੇ ਤੋਂ ਇਕ ਗਊ-ਬੱਧ ਦੀ ਖ਼ਬਰ ਪੁੱਜਣ ਕਰਕੇ ਹਾਲਾਤ ਬੜੀ ਤੇਜ਼ੀ ਨਾਲ ਬਦਲਨ ਲੱਗ ਪਏ। ਇਸ ਲਈ ਲੋਹੜੀ ਦੇ ਮੌਕੇ ਤੇ ੧੧-੧੨ ਜਨਵਰੀ ਸੰਨ ੧੮੭੨ ਈ: ਨੂੰ ਨਾਮਧਾਰੀਆਂ ਦਾ ਇਕ ਇਕੱਠ ਬਾਬਾ ਰਾਮ ਸਿੰਘ ਜੀ ਦੀ ਮੌਜੂਦਗੀ ਵਿਚ ਪਿੰਡ ਭੈਣੀ ਸਾਹਿਬ ਹੋਇਆ। ਇਹ ਇਸ ਕਿਸਮ ਦਾ ਆਖ਼ਰੀ ਇਕੱਠ ਸੀ। ਹਾਜ਼ਰੀ ਇਕ ਹਜ਼ਾਰ ਦੇ ਕਰੀਬ ਹੋਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਪਿੱਛੋਂ ਹੋਰ ਤਾਂ ਸਭ ਲੋਕ ਆਪੋ ਆਪਣੇ ਪਿੰਡਾਂ ਨੂੰ ਚਲੇ ਗਏ, ਪਰ ਕੁਝ ਕੂਕੇ ਜੋ ਸ਼ਹੀਦ ਹੋਣ ਲਈ ਘਰੋਂ ਤਿਆਰ ਹੋ ਕੇ ਹੀ ਆਏ ਸਨ, ਟਿਕੇ ਰਹੇ। ਇਸ ਤੋਂ

*ਜੁਗ ਪਲਟਾਊ ਸਤਿਗੁਰੂ, ਸਫ਼ੇ ੧੫੨-੫੩।

†ਪੰਜਾਬ ਦੇ ਰਾਜ ਪ੍ਰਬੰਧ ਦੀ ਰਿਪੋਰਟ, ਸੰਨ ੧੮੭੧-੭੨, ਸਫ਼ਾ ੨੧੪

Sri Satguru Jagjit Singh Ji eLibrary NamdhariElibrary@gmail.com

ਅਗਲੇ ਦਿਨ ੧੩ ਜਨਵਰੀ ਨੂੰ ਅਕਾਲ ਬੁੰਗਾ ਨਾਮੀ ਸਥਾਨ ਤੇ ਪ੍ਰਣ ਕਰਕੇ ਉਨ੍ਹਾਂ ਨੇ ਮਾਲੇਰ ਕੋਟਲੇ ਤੇ ਧਾਵਾ ਬੋਲਣ ਦਾ ਫੈਸਲਾ ਕਰ ਲਿਆ।

ਬਾਬਾ ਰਾਮ ਸਿਘ ਜੀ ਨੇ ਦੇਖਿਆ ਕਿ ਸਮਾਂ ਬੜਾ ਨਾਜ਼ੁਕ ਹੈ, ਇਸ ਲਈ ਕੂਕਿਆਂ ਨੂੰ ਬੜੇ ਮਿੱਠ ਪਿਆਰ ਨਾਲ ਸਮਝਾਇਆ ਕਿ 'ਖ਼ਾਲਸਾ ਜੀ, ਅਜੇ ਵਕਤ ਨਹੀਂ, ਪਨੀਰੀ ਇਵਾਣੀ ਹੈ, ਰਤਾ ਕੁਝ ਚਿਰ ਹੋਰ ਧੀਰਜ ਰੱਖੋ,* ਪਰ ਸਿੰਘ ਬਹੁਤੇ ਜੋਸ਼ ਵਿਚ ਆਏ ਹੋਏ ਸਨ ਜਿਸ ਕਰ ਕੇ ਨਾ ਮੰਨੇ। ਸਰਦਾਰ ਹੀਰਾ ਸਿੰਘ ਤੇ ਲਹਿਣਾ ਸਿੰਘ ਸਕਰੌਦੀ ਵਾਲੇ ਉਨ੍ਹਾਂ ਦੇ ਆਗੂ ਬਣੇ। ਸ਼ਹੀਦੀ ਦੇਗ ਤਿਆਰ ਹੋਈ ਤੇ ਅਰਦਾਸਾ ਸੋਧ ਕੇ ਮਸਤਾਨਿਆਂ ਨੇ ਮਾਲੇਰ ਕੋਟਲਾ ਸੋਧਣ ਲਈ ਚਾਲੇ ਪਾ ਦਿੱਤੇ। ਇਸ ਜੱਥੇ ਦੀ ਗਿਣਤੀ, ਜੋ ਭੈਣੀ ਤੋਂ ਚੱਲਿਆ, ੧੨੫ ਤੋਂ ੧੫੦ ਦੇ ਦਰਮਿਆਨ ਸੀ†।

**ਕੂਕਿਆਂ ਦੀ ਚੜ੍ਹਾਈ**

ਬਾਬਾ ਰਾਮ ਸਿੰਘ ਜੀ ਨੇ, ਜਦ ਦੇਖਿਆ ਕਿ ਉਹ ਚਲੇ ਗਏ ਹਨ ਤਾਂ; ਸਰਕਾਰ ਨੂੰ ਬਾਕਾਇਦਾ ਇਸ ਹਮਲੇ ਦੀ ਇਤਲਾਹ ਦੇ ਦਿੱਤੀ ਤੇ ਇਕ ਨਾਮਧਾਰੀਆਂ, ਜਿਸ ਦਾ ਨਾਮ ਭਾਈ ਲੱਖਾ ਸਿੰਘ ਜੀ, ਡਿਪਟੀ ਕਮਿਸ਼ਨਰ ਪਾਸ ਲੁਦਿਹਾਣੇ ਰਪੋਰਟ ਦੇਣ ਲਈ ਭੇਜਿਆ ਤਾਕਿ ਸਰਕਾਰ ਤੋਂ ਜੇ ਕੋਈ ਪ੍ਰਬੰਧ ਬਦਅਮਨੀ ਦੇ ਰੋਕਣ ਲਈ ਹੋ ਸਕਦਾ ਹੋਵੇ ਤਾਂ ਉਹ ਕਰ ਲਵੇ‡।

ਕੂਕਿਆਂ ਨੇ ੧੩ ਜਨਵਰੀ ਦੀ ਸ਼ਾਮ ਨੂੰ ਭੈਣੀ ਤੋਂ ਚੱਲ ਕੇ ਪਹਿਲਾ ਪੜਾਉ ਪਿੰਡ ਰੱਬੋਂ ਕੀਤਾ ਤੇ ਅਗਲੇ ਦਿਨ ੧੪ ਜਨਵਰੀ ਦੀ ਸ਼ਾਮ ਨੂੰ ਹੱਲਾ ਕਰ ਕੇ ਮਲੌਦ ਤੇ ਜਾ ਪਏ। ਉਥੇ ਸ: ਬਦਨ ਸਿੰਘ ਤੋਂ ਉਨ੍ਹਾਂ ਨੂੰ ਹਥਿਆਰ ਮਿਲ ਜਾਣ ਦੀ ਆਸ ਸੀ; ਪਰ ਜਦ ਗੱਲ-ਬਾਤ ਹੋਈ ਤਾਂ ਅੱਗੋਂ ਉੱਤਰ ਕੋਰੀ 'ਨਾਂਹ' ਵਿਚ ਮਿਲਿਆ, ਇਸ ਲਈ ਲੜਾਈ ਹੋ ਪਈ। ਸਰਦਾਰ ਦੀ ਮਦਦ ਵਾਸਤੇ ਕੁਝ ਨਗਰ ਨਿਵਾਸੀ ਵੀ ਚੜ੍ਹ ਆਏ। ਆਪਸ ਵਿਚ ਟਾਕਰਾ ਹੋਣ ਤੇ ਦੋਹਾਂ ਧਿਰਾਂ ਦੇ ੪ ਬੰਦੇ ਮਰੇ ਤੇ ੬ ਫੱਟੜ ਹੋਏ। ਇਸ ਲੜਾਈ ਵਿਚ ਸਰਦਾਰ ਬਦਨ ਸਿੰਘ ਦੇ ਵੀ ਇਕ ਮਾਮੂਲੀ ਜਿਹਾ ਫੱਟ ਲੱਗਿਆ। ਕਕੇ ਇਥੋਂ ਨਿਪਟ ਕੇ ਫੇਰ ਅੱਗੇ ਮਾਲੇਰ ਕੋਟਲੇ ਨੂੰ ਸਿੱਧੇ ਹੋਏ।

**ਮਲੌਦ ਤੇ ਹਮਲਾ**

ਇਧਰ ਬਾਬਾ ਰਾਮ ਸਿੰਘ ਜੀ ਵਲੋਂ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਡਿਪਟੀ ਕਮਿਸ਼ਨਰ ਲੁਧਿਹਾਣਾ ਨੂੰ ਇਤਲਾਹ ਪੁੱਜ ਚੁਕੀ ਸੀ, ਇਸ ਲਈ ਮਾਲੇਰ ਕੋਟਲੇ ਪਹਿਲਾਂ ਹੀ ਤਾਰਾਂ ਖੜਕ ਗਈਆਂ ਤੇ ਦਰਵਾਜ਼ਿਆਂ ਅੱਗੇ ਪਹਿਰੇ ਲੱਗ ਗਏ। ਮਲੌਦੋਂ ਚੱਲ ਕੇ ਕੂਕਿਆਂ ਨੇ ੧੪ ਜਨਵਰੀ ਦੀ ਰਾਤ ਤਾਂ ਰਸਤੇ ਵਿਚ ਹੀ ਗੁਜ਼ਾਰੀ ਤੇ ਅਗਲੇ ਦਿਨ

* ਸੰਤ ਧਿਆਨ ਸਿੰਘ, ਸ੍ਰੀ ਸਤਿਗੁਰੂ ਬਿਲਾਸ, ਸਫ਼ਾ ੧੯੪।

†ਲੁਦਿਹਾਣਾ ਡਿਸਟ੍ਰਿਕਟ ਗਜ਼ਟੀਅਰ, ੧੮੮੮-੮੯, ਸਫ਼ਾ ੩੪; ਕਾਲ੍ਹਾ ਸਿੰਘ, ਪੈਂਤੀਸ ਅੱਖਰੀ, ਸਫ਼ਾ ੧੩।

‡ਸੰਤ ਧਿਆਨ ਸਿੰਘ, ਸ੍ਰੀ ਸਤਿਗੁਰੂ ਬਿਲਾਸ, ਸਫ਼ਾ ੧੯੬।

Sri Satguru Jagjit Singh Ji eLibrary NamdhariElibrary@gmail.com

**ਮਾਲੇਰ ਕੋਟਲੇ ਤੇ ਹਮਲਾ**

੧੫ ਜਨਵਰੀ ਨੂੰ ਸਵੇਰੇ ਹੀ ਮਾਲੇਰ ਕੋਟਲੇ ਜਾ ਦਿਖਾਈ ਦਿੱਤੀ। ਅਗੇ ਦਿਨ ਚੜ੍ਹਦੇ ਸਾਰ ਪਹਿਰੇ ਤਾਂ ਹੱਟ ਗਏ ਸਨ, ਪਰ ਦਰ-ਵਾਜ਼ੇ ਅਜੇ ਵੀ ਬੰਦ ਸਨ, ਇਸ ਲਈ ਕੂਕੇ ਇਕ ਢਹੀ ਹੋਈ ਕੰਧ ਦਾ ਲਾਂਘਾ ਲੰਘੇ ਤੇ ਸ਼ਹਿਰ ਵਿਚ ਜਾ ਵੜੇ। ਜਾਂਦਿਆਂ ਹੀ ਉਨ੍ਹਾਂ ਨੇ ਸਰਕਾਰੀ ਖ਼ਜ਼ਾਨੇ ਅਤੇ ਅਸਲਹ ਖ਼ਾਨੇ ਉਤੇ ਹੱਲਾ ਕੀਤਾ। ਅੱਗੋਂ ਸ਼ਹਿਰ ਦਾ ਕੋਤਵਾਲ ਅਹਿਮਦ ਖ਼ਾਨ ਕੁਝ ਸਿਪਾਹੀਆਂ ਨੂੰ ਨਾਲ ਲੈ ਕੇ ਮੁਕਾਬਲਾ ਕਰਨ ਲਈ ਸਾਮ੍ਹਣੇ ਆਇਆ, ਪਰ ਉਹ ਪਹਿਲੀ ਝਪਟ ਵਿਚ ਹੀ ਸਾਥੀਆਂ ਸਮੇਤ ਸਾਰਿਆ ਗਿਆ *। ਖ਼ਾਲਸੇ ਨੇ ਇਸ ਮੌਕੇ ਤੇ ਅੱਗੇ ਵਧ ਵਧ ਕੇ ਚੰਗੇ ਬਹਾਦੁਰੀ ਦੇ ਜੌਹਰ ਦਿਖਾਏ, ਪਰ ਸਿਵਾਇ ਦੋ ਚਾਰ ਤਲਵਾਰਾਂ ਦੇ ਹੋਰ ਕੁਝ ਉਨ੍ਹਾਂ ਦੇ ਹੱਥ ਨਾ ਲੱਗਾ, ਜਿਸ ਕਰਕੇ ਸ਼ਹਿਰ ਵਿਚੋਂ ਨਿਕਲ ਜਾਣਾ ਹੀ ਉਚਿਤ ਸਮਝਿਆ। ਇਸ ਹਮਲੇ ਵਿਚ ੭ ਕੂਕੇ ਮਾਰੇ ਗਏ ਤੇ ਉਨ੍ਹਾਂ ਦੇ ਮੁਕਾਬਲੇ ਤੇ ਮਾਲੇਰ ਕੋਟਲਾ ਦੇ ੧੦ ਆਦਮੀ ਮਰੇ ਤੇ ੧੪ ਫੱਟੜ ਹੋਏ।

ਮਾਲੇਰ ਕੋਟਲਿਓਂ ਨਿਕਲ ਕੇ ਕੂਕੇ ਸਿਕੰਦਰ ਪੁਰੇ ਥੀਂ ਹੁੰਦੇ ਹੋਏ ਪਿੰਡ ਭੂਦਨ ਵਲ ਨੂੰ ਵਧੇ। ਪਠਾਣਾਂ ਨੇ ਭੂਦਨ ਤਕ ਉਨ੍ਹਾਂ ਦਾ ਪਿੱਛਾ ਕੀਤਾ ਤੇ ਹੱਲਾ ਕਰਕੇ ਇਕ

**ਪਠਾਣਾਂ ਵਲੋਂ ਭੂਦਨ ਤਕ ਪਿੱਛਾ**

ਕੂਕਾ ਵੱਢ ਸੁਟਿਆ। ਕੂਕਿਆਂ ਨੇ ਉਸ ਦੇ ਬਦਲੇ ਇਕ ਪਠਾਣ ਦਾ ਸਿਰ ਕੱਟ ਲਿਆ। ਪਿੰਡ ਭੂਦਨ ਵਿਚ ਉਸ ਸਮੇਂ ਪ੍ਰਸਿੱਧ ਮਹਾਤਮਾ ਸੰਤਰੇਣ ਜੀ ਰਹਿੰਦੇ ਸਨ, ਜੋ ਬੜੇ ਕਰਣੀ ਵਾਲੇ ਤੇ ਵਿਦਵਾਨ ਸਾਧੂ ਸਨ। ਜਦ ਉਨ੍ਹਾਂ ਨੇ ਸੁਣਿਆ ਕਿ ਪਠਾਣ ਕੂਕਿਆਂ ਦਾ ਪਿੱਛਾ ਕਰ ਰਹੇ ਹਨ ਤਾਂ ਉਹ ਡੇਰੇ ਵਿਚੋਂ ਨਿਕਲੇ ਤੇ ਦੋਹਾਂ ਧਿਰਾਂ ਦੇ ਵਿਚਕਾਰ ਜਾ ਖੜੇ ਹੋਏ। ਪਠਾਣਾਂ ਨੂੰ ਉਨ੍ਹਾਂ ਨੇ ਲਾਣ-ਤਾਣ ਕਰ ਕੇ ਉਥੋਂ ਹੀ ਪਿੱਛੇ ਮੋੜ ਦਿੱਤਾ‡।

ਫੇਰ ਕੂਕੇ ਉਥੋਂ ਚੱਲ ਕੇ ਪਟਿਆਲੇ ਦੇ ਇਲਾਕੇ ਵਿਚ ਪਿੰਡ ਰੜ ਪਹੁੰਚੇ ਤੇ ਉਨ੍ਹਾਂ ਨੇ ਥਕੇਵੇਂ ਦੇ ਮਾਰਿਆਂ ਬਾਹਰ ਜੰਗਲ ਵਿਚ ਹੀ ਡੇਰੇ ਲਾ ਦਿੱਤੇ। ਮਾਲੂਮ ਹੁੰਦਾ ਹੈ ਏਥੇ ਪਹੁੰਚਣ ਤੇ ਅੱਧ ਪਚੱਧ ਕੂਕੇ ਆਪਣੇ ਬਚਾਉ ਲਈ ਏਧਰ ਓਧਰ ਖਿੰਡ ਪੁੰਡ ਗਏ

**ਰੜ ਦੇ ਮੁਕਾਮ ਤੇ ਗ੍ਰਿਫ਼ਤਾਰੀ**

ਸਨ, ਕਿਉਂਕਿ ਕੁਝ ਸਰਕਾਰੀ ਕਰਮਚਾਰੀ ਉਨ੍ਹਾਂ ਦਾ ਪਿੱਛਾ ਕਰ ਰਹੇ ਸਨ। ਏਥੇ ਇਕ ਆਦਮੀ ਨੇ, ਜੋ ਪਿੰਡ ਰੜ ਦਾ ਹੀ ਵਸਨੀਕ ਸੀ, ਉਨ੍ਹਾਂਨੂੰ ਧੋਖਾ ਦਿੱਤਾ ਜਿਸ ਕਰਕੇ ਸੱਯਦ ਨਿਆਜ਼ ਅਲੀ ਨਾਇਬ ਨਾਜ਼ਿਮ ਜ਼ਿਲਾ ਅਮਰ ਗੜ੍ਹ (ਪਟਿਆਲਾ) ਦੇ ਹੱਥੀਂ ਉਹ ਦੂਜੇ ਦਿਨ ਹੀ ਗ੍ਰਿਫ਼ਤਾਰ ਹੋਏ ਤੇ ਗੱਡਿਆਂ ਵਿਚ ਬਿਠਾ ਕੇ ਮਾਲੇਰ ਕੋਟਲੇ ਭੇਜੇ ਗਏ। ਗ੍ਰਿਫ਼ਤਾਰ ਹੋਏ ਕੂਕਿਆਂ ਦੀ ਗਿਣਤੀ ੬੮ ਸੀ, ਜਿਨ੍ਹਾਂ ਵਿਚ ੬੬ ਸਿੰਘ ਤੇ ੨ ਸਿੰਘਣੀਆਂ ਸਨ ਅਤੇ ਸਿੰਘਾਂ ਵਿਚੋਂ ੨੯ ਆਦਮੀ ਜ਼ਖ਼ਮੀ ਸਨ।

---

*ਸੱਯਦ ਮੁਹੰਮਦ ਹਸਨ, ਤਾਰੀਖ਼ਿ ਪਟਿਆਲਾ (ਉਰਦੂ), ੧੮੭੮, ਸਫ਼ੇ ੬੫੪-੫੫।

‡ਦੇਖੋ, ਮੇਰਾ ਲੇਖ—ਪੰਜਾਬੀ ਦੁਨੀਆ (ਪਟਿਆਲਾ); ਦਸੰਬਰ ੧੯੫੧, ਸਫ਼ਾ ੨੯।

Sri Satguru Jagjit Singh Ji eLibrary NamdhariElibrary@gmail.com

ਲੁਦਿਹਾਣੇ ਦਾ ਡਿਪਟੀ ਕਮਿਸ਼ਨਰ ਮਿਸਟਰ ਕੋਵਨ ਇਸ ਸਮੇਂ ਮਲੋਦ ਥੀਂ ਹੁੰਦਾ ਹੋਇਆ ਮਾਲੇਰ ਕੋਟਲੇ ਪਹੁੰਚ ਚੁਕਾ ਸੀ, ਇਸ ਲਈ ਉਸ ਦੇ ਹੁਕਮ ਨਾਲ ੧੭ ਜਨਵਰੀ ਨੂੰ ਮਾਲੇਰ ਕੋਟਲੇ ਪਹੁੰਚ ਤੋਂ ਚੜ੍ਹਦੇ ਵਲ ਜਮਾਲਪੁਰੇ ਦੇ ਕੱਲਰ ਵਿਚ ੬ ਤੋਪਾਂ ਬੀੜੀਆਂ ਗਈਆਂ ਅਤੇ ਬਿਨਾਂ ਮੁਕੱਦਮਾ ਚਲਾਏ ਹੀ ੪੯ ਕੂਕੇ ਉਨ੍ਹਾਂ ਤੋਪਾਂ ਦੇ ਮੂੰਹਾਂ ਨਾਲ ਬੰਨ੍ਹ ਕੇ ਉਸੇ ਦਿਨ ਉਡਾਏ ਗਏ । ਇਕ ਕੂਕੇ ਨੇ

**ਕੂਕਿਆਂ ਦਾ ਤੋਪਾਂ ਨਾਲ ਉਡਾਏ ਜਾਣਾ**

ਅਚਾਣਕ ਮਿਸਟਰ ਕੋਵਨ ਦੀ ਦਾੜ੍ਹੀ ਨੂੰ ਹੱਥ ਪਾ ਲਿਆ, ਇਸ ਲਈ ਉਹ ਤਲਵਾਰ ਨਾਲ ਵੱਢਿਆ ਗਿਆ । ਬਾਕੀ ਰਹੇ ੧੬ ਕੂਕੇ, ਜਿਨ੍ਹਾਂ ਨੇ ਸ: ਬਦਨ ਸਿੰਘ ਉਤੇ ਹੱਲਾ ਕੀਤਾ ਸੀ, ਉਹ ਮਲੋਦ ਪਹੁੰਚ ਕੇ ਸਜ਼ਾ ਦੇਣ ਲਈ ਬਚਾਏ ਗਏ, ਪਰ ਅਗਲੀ ਭਲਕ ੧੮ ਜਨਵਰੀ ਨੂੰ ਮਿਸਟਰ ਫੋਰਸੀਥ ਕਮਿਸ਼ਨਰ ਅੰਬਾਲਾ ਦੇ ਅਚਾਨਕ ਮੌਕੇ ਪਰ ਪਹੁੰਚ ਜਾਣ ਕਰਕੇ ਉਹ ਵੀ ਉਸੇ ਤਰ੍ਹਾਂ ਉਥੇ ਹੀ ਤੋਪਾਂ ਦੇ ਨਿਸ਼ਾਨੇ ਬਣਾਏ ਗਏ* । ਬਾਕੀ ਦੋਵੇਂ ਸਿੰਘਣੀਆਂ, ਜੋ ਇਸ ਹਮਲੇ ਵਿਚ ਸ਼ਾਮਲ ਸਨ, ਰਿਆਸਤ ਪਟਿਆਲਾ ਦੇ ਸਿਪੁਰਦ ਕੀਤੀਆਂ ਗਈਆਂ ।

ਇਸ ਤਰ੍ਹਾਂ ਮਾਲੇਰ ਕੋਟਲੇ ਦਾ ਇਹ ਸਾਕਾ ਬੜੀ ਦਰਦਨਾਕ ਹਾਲਤ ਵਿਚ ਖ਼ਤਮ ਹੋਇਆ । ਹੁਣ ਅੱਗੇ ਲਓ ਬਾਬਾ ਰਾਮ ਸਿੰਘ ਜੀ ਦਾ ਹਾਲ । ਮਿਸਟਰ ਫੋਰਸੀਥ ਨੇ ਮਾਲੇਰ ਕੋਟਲੇ ਤੋਂ ਫ਼ਾਰਿਗ ਹੁੰਦਿਆਂ ਹੀ ਪਿੰਡ ਭੈਣੀ ਸੰਮਣ ਭੇਜੇ ਤੇ ਉਥੋਂ ਬਾਬਾ ਰਾਮ ਸਿੰਘ ਜੀ ਨੂੰ ਲੁਦਿਹਾਣੇ ਬੁਲਾਇਆ । ਮਾਲੇਰ ਕੋਟਲੇ ਦਾ ਹਮਲਾ ਸਰਕਾਰ ਅੰਗਰੇਜ਼ੀ ਨਾਲ ਕੂਕਿਆਂ ਦੀ ਸਿੱਧੀ ਟੱਕਰ ਮੰਨੀ ਗਈ, ਜਿਸ ਕਰਕੇ ਬਾਬਾ

**ਬਾਬਾ ਰਾਮ ਸਿੰਘ ਜੀਨੂੰ ਦੇਸ਼ ਨਿਕਾਲਾ**

ਰਾਮ ਸਿੰਘ ਜੀ ੧੬ ਸੂਬਿਆਂ ਸਮੇਤ ਝਟ ਪਟ ਗ੍ਰਿਫ਼ਤਾਰ ਕੀਤੇ ਗਏ । ਸਰਕਾਰ ਅੰਗਰੇਜ਼ੀ ਦੇ ਹੁਕਮ ਨਾਲ ਪਹਿਲਾਂ ਆਪ ਅਲਾਹਾਬਾਦ ਤੇ ਫੇਰ ਉਥੋਂ ੫ ਸੂਬਿਆਂ ਸਮੇਤ† ਰੰਗੂਨ (ਬਰਮਾ) ਭੇਜੇ ਗਏ, ਜਿੱਥੇ ਜਿਲਾਵਤਨੀ ਦੀ ਹਾਲਤ ਵਿਚ ਹੀ ਸੰਨ ੧੮੮੫ ਈ: ਵਿਚ ਬਾਬਾ ਰਾਮ ਸਿੰਘ ਜੀ ਦਾ ਸੁਰਗਵਾਸ ਹੋਇਆ ‡।

ਬਾਬਾ ਰਾਮ ਸਿੰਘ ਜੀ ਕੱਦ ਵਿਚ ਉਚੇ ਲੰਮੇ ਤੇ ਪਤਲੇ ਸਰੀਰ ਦੇ ਵਿਅੱਕਤੀ ਸਨ । ਰੰਗ ਗੋਰਾ ਤੇ ਬਾਹਾਂ ਉਨ੍ਹਾਂ ਦੀਆਂ ਗੋਡਿਆਂ ਤਕ ਲੰਮੀਆਂ ਸਨ । ਆਮ ਤੌਰ ਤੇ ਇਕ ਘੋੜੀ ਉਤੇ, ਜਿਸ ਦਾ ਰੰਗ ਚੀਨੀ ਹੋਣ ਕਰਕੇ ਨਾਂ ਵੀ ਚੀਨੀ ਸੀ, ਸਵਾਰ ਹੁੰਦੇ ਸਨ । ਦੇਖਣ ਤੋਂ ਇੰਜ ਜਾਪਦਾ ਸੀ ਜਾਣੋਂ ਉਹ ਕੋਈ ਵਡੇ ਸਰਦਾਰ ਜਾਂ ਰਾਜੇ ਹਨ । ਚਿਹਰੇ ਦੀ ਚਮਕ ਦਮਕ ਇਤਨੀ ਤੇਜ਼ ਸੀ ਕਿ ਦਰਸ਼ਕ ਦੀਆਂ ਅਖਾਂ

**ਗੁਣ, ਕਰਮ ਤੇ ਸੁਭਾਉ**

ਉਂਜ ਹੀ ਚੁੰਧਿਆ ਜਾਂਦੀਆਂ ਸਨ । ਮੁਨਸ਼ੀ ਕਨ੍ਹੈਯਾ ਲਾਲ 'ਅਲਖਧਾਰੀ' ਹਜ਼ਰਤ ਯਸੂ ਮਸੀਹ ਨਾਲ ਉਨ੍ਹਾਂ ਦੀ ਤੁਲਨਾ

---

†ਸੰਤ ਧਿਆਨ ਸਿੰਘ, ਸ੍ਰੀ ਸਤਿਗੁਰੂ ਬਿਲਾਸ, ਸਫ਼ਾ ੧੮੦ ।

‡ਪੰਜਾਬ ਰੀਕਾਰਡਜ਼; ਸ: ਕਪੂਰ ਸਿੰਘ ਸਪਤ ਸ੍ਰਿੰਗ; ੧੯੫੧, ਸਫ਼ਾ ੪੬ ।

Sri Satguru Jagjit Singh Ji eLibrary NamdhariElibrary@gmail.com

ਦਿੰਦਾ ਹੋਇਆ ਲਿਖਦਾ ਹੈ— 'ਭਾਵੇਂ ਹਜ਼ਰਤ ਮਸੀਹ ਵ ਭਾਈ ਰਾਮ ਸਿੰਘ ਕੌਮ ਵਿਚ ਬਰਾਬਰ, ਅਰਥਾਤ—ਜਾਤਿ ਦੇ ਤਰਖ਼ਾਣ ਸਨ; ਪਰ ਰਾਮ ਸਿੰਘ ਕੁਝ ਪੜ੍ਹਿਆ ਹੋਇਆ ਵੀ ਸੀ ਅਤੇ ਜਾਦੂ ਬਿਆਨੀ ਰਖਦਾ ਸੀ ਕਿ ਥੋੜੇ ਜਿਹੇ ਸਮੇਂ ਵਿਚ ਹੀ ਉਸ ਨੇ ਹਜ਼ਾਰਾਂ ਅੱਛੀ ਕੌਮ ਦੇ ਲੋਕਾਂ ਨੂੰ ਚੇਲੇ ਬਣਾ ਲਿਆ ਸੀ, ਨਾ ਕੇਵਲ ਗਿਣਤੀ ਦੇ ਧੋਬੀਆਂ ਤੇ ਮੱਛੀਆਂ ਫੜਨ ਵਾਲਿਆਂ ਨੂੰ ਅਤੇ......ਪ੍ਰਗਟ ਤੌਰ ਤੇ ਮੁਲਕਗੀਰੀ ਦਾ ਮਦਈ ਹੋ ਗਿਆ ਸੀ। ਹਜ਼ਰਤ ਮਸੀਹ ਨੇ ਮੂੰਹੋਂ ਜ਼ਰੂਰ ਕਿਹਾ ਸੀ ਕਿ ਮੈਂ ਯਹੂਦੀਆਂ ਦਾ ਬਾਦਸ਼ਾਹ ਹਾਂ ਅਤੇ ਖ਼ੁਦਾ ਦਾ ਬੇਟਾ, ਪਰ ਅਜੇ ਹੱਥ ਤਲਵਾਰ ਤੇ ਨਹੀਂ ਸੀ ਗਿਆ ਕਿ ਰੂਮ ਦੇ ਬਾਦਸ਼ਾਹ ਨੇ ਉਸ ਦੇ ਉਤੇ ਜ਼ੁਲਮ ਢਾ ਦਿਤਾ* ।' ਇਹੋ ਹਾਲ ਅੰਗਰੇਜ਼ੀ ਰਾਜ ਵਿਚ ਮਾਨ ਜੋਗ ਬਾਬਾ ਰਾਮ ਸਿੰਘ ਜੀ ਦੇ ਨਾਲ ਹੋਇਆ।

### ਸਿਧਾਂਤਿਕ ਪੱਖ

ਸਿੱਧਾਂਤਿਕ ਲਿਹਾਜ਼ ਨਾਲ ਬਾਬਾ ਰਾਮ ਸਿੰਘ ਜੀ ਸਿੱਖਾਂ ਦੇ ਇਕ ਅਤਿ ਚੰਗੇ ਆਗੂ ਹੋਣ ਦਾ ਮਾਣ ਰਖਦੇ ਸਨ। ਉਹ ਆਪਣੇ ਆਪ ਨੂੰ ਗੁਰੂ ਨਹੀਂ ਸਨ ਕਹਾਉਂਦੇ। ਇਸ ਦੇ ਸਬੂਤ ਲਈ ਉਹ ਇਕ ਪਤ੍ਰ (ਹੁਕਮ ਨਾਮੇ) ਵਿਚ ਲਿਖਦੇ ਹਨ—ਮੈਨੂੰ ਤਾਂ ਨਾ ਗੁਰੂ ਬਣਨ ਦੀ ਲੋੜ ਹੈ, ਨਾ ਬ੍ਰਹਮਾਂ ਬਣਨ ਦੀ ਲੋੜ ਹੈ।' ਫੇਰ ਕਈ ਹੋਰ ਪਤ੍ਰਾਂ ਵਿਚ ਉਹ ਇਸੇ ਲਿਖਤ ਦੀ ਪ੍ਰੌੜ੍ਹਤਾ ਵੀ ਕਰਦੇ ਹਨ 'ਇਹ ਜਿਤਨੀ ਕਾਰ ਹੈ ਸੋ ਸਾਹਿਬ ਦਸਵੇਂ ਪਾਤਸ਼ਾਹ ਦੀ ਹੈ, ਤੁਸੀਂ ਸਤਿ ਕਰ ਮੰਨਣਾ। ਮੈਂ ਤਾਂ ਗੁਰੂ ਨਹੀਂ, ਮੈਂ ਤਾਂ ਰਪਟੀਏ ਦੀ ਮਾਫ਼ਕ ਹਾਂ।' 'ਹੋਰ ਭਾਈ ਦਸਾਂ ਪਾਤਸਾਹੀਆਂ ਦੇ ਪਿਛੇ ਤਾਂ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸਥਾਪਨ ਕਰ ਗਏ ਹਨ...... ਹੋਰ ਗੁਰੂ ਕੋਈ ਨਹੀਂ।' ਇਸ ਤੋਂ ਇਲਾਵਾ ਹਰੇਕ ਪਤ ਦੇ ਮੁੱਢ ਵਿਚ ਉਹ '੧ੴ ਸਤਿਗੁਰ ਪ੍ਰਸਾਦਿ॥'ਲਿਖਦੇ ਸਨ। ਇਸ ਤੋਂ ਸਾਫ਼ ਪ੍ਰਗਟ ਹੁੰਦਾ ਹੈ ਉਨ੍ਹਾਂ ਦੀ ਚਲਾਈ ਹੋਈ ਨਾਮਧਾਰੀ ਲਹਿਰ ਕੋਈ ਅਲਗ ਸੰਪ੍ਰਦਾਇ ਜਾਂ ਪੰਥ ਨਹੀਂ, ਸਗੋਂ ਸ੍ਰੀ ਗੁਰੂ ਨਾਨਕ-ਗੋਬਿੰਦ ਸਿੰਘ ਜੀ ਦੇ ਖ਼ਾਲਸਾ ਪੰਥ ਦਾ ਹੀ ਇਕ ਨਰੋਆ ਅਗ ਸੀ।

### ਨਾਮਧਾਰੀ ਲਹਿਰ ਦਾ ਅੰਤ

ਮਲੇਰ ਕੋਟਲੇ ਦੇ ਸਾਕੇ ਤੋਂ ਬਾਦ ਸਰਕਾਰ ਚੂੰਕਿ ਨਾਮਧਾਰੀਆਂ ਨੂੰ ਮਿਟਾਉਣ ਤੇ ਤੁਲ ਗਈ ਸੀ ਇਸ ਲਈ ਝਟਪਟ ਗੁਰਦੁਆਰਾ ਭੈਣੀ ਸਾਹਿਬ ਦੀ ਤਲਾਸ਼ੀ ਲਈ ਗਈ ਜਿੱਥੋਂ ਸਿਵਾਇ ਕੁਝ ਗੰਡਾਸੇ, ਸਫ਼ਾ ਜੰਗ ਆਦਿ ਸਾਮਾਨ ਦੇ ਹੋਰ ਕੋਈ ਇਤਰਾਜ਼ ਯੋਗ ਚੀਜ਼ ਸਰਕਾਰ ਦੇ ਹੱਥ ਨਾ ਲੱਗੀ। ਸੰਗਤਾਂ ਦੀ ਆਵਾ-ਜਾਈ ਰੋਕਣ ਲਈ ਸਰਕਾਰ ਨੇ ਗੁਰਦੁਆਰੇ ਦੇ ਅੱਗੇ ਪੁਲਿਸ ਦੀ ਗਾਰਦ ਬਿਠਾ ਦਿੱਤੀ ਅਤੇ ਨਾਮ-ਧਾਰੀਆਂ ਉਤੇ ਥਾਉਂ ਥਾਈਂ ਕਈ ਤਰ੍ਹਾਂ ਦੀਆਂ ਸਖ਼ਤ ਪਾਬੰਦੀਆਂ ਲਾਈਆਂ ਗਈਆਂ। ਸਰਕਾਰ ਦੀ ਇਸ ਦਬਾਊ-ਨੀਤੀ ਦਾ ਨਾਮਧਾਰੀ ਲਹਿਰ ਉਤੇ ਬੜਾ ਗਲ-ਘੋਟੂ ਅਸਰ

---

*ਮੁਨਸ਼ੀ ਕਨ੍ਹੈਯਾ ਲਾਲ; ਕੁੱਲੀਆਤਿ ਅਲਖਧਾਰੀ (ਉਰਦੂ), ਅੰਕ ਤੀਜਾ, ੧੮੮੦, ਸਫ਼ਾ ੪੩੯।

Sri Satguru Jagjit Singh Ji eLibrary NamdhariElibrary@gmail.com

ਪਿਆ, ਜਿਸ ਕਰਕੇ ਕੌਮੀ ਪ੍ਰਵਾਨਿਆਂ ਦੀ ਇਹ ਲਹਿਰ ਇੱਥੇ ਹੀ ਦਬ ਗਈ।

ਇੱਥੇ ਇਹ ਗੱਲ ਦੱਸਣੀ ਜੋਗ ਹੈ ਕਿ ਕਿਸੇ ਵੀ ਜਾਤੀ ਅਥਵਾ ਕੌਮ ਨੂੰ ਖ਼ਾਸ ਤੌਰ ਤੇ ਉਸ ਦੇ ਸ਼ੁਭ ਆਚਰਣ ਹੀ ਉੱਚਤਾ ਦਾ ਦਰਜਾ ਦਿੰਦੇ ਹਨ। ਪੁਰਾਣੇ ਬਜ਼ੁਰਗ ਜਿਨ੍ਹਾਂ ਨੇ ਬਾਬਾ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਸਨ, ਦਸਦੇ ਹਨ ਕਿ ਉਨ੍ਹਾਂ ਦੇ ਸਤਿਸੰਗ ਵਿਚ ਸਦਾਚਾਰ ਨੂੰ ਖ਼ਾਸ ਤੌਰ ਤੇ ਮਹਾਨਤਾ ਦਿੱਤੀ ਜਾਂਦੀ ਸੀ। ਜੇ ਕੋਈ ਬੁਰੀ ਹਰਕਤ ਕਰਦਾ ਤਾਂ ਉਸ ਨੂੰ ਸੰਗਤ-ਪੰਗਤ ਵਿਚੋਂ ਕੱਢ ਦਿੱਤਾ ਜਾਂਦਾ ਸੀ। ਸਿੱਖ ਸਭ ਸੱਚ ਬੋਲਦੇ ਸਨ। ਭਾਈ ਕਾਲ੍ਹਾ ਸਿੰਘ ਦਾ ਕਥਨ ਹੈ ਕਿ 'ਅੰਮ੍ਰਿਤਸਰ ਬੁੱਚੜ-ਬੱਧ' ਕੇਸ ਵਿਚ ਉਹ ਨਾਮਧਾਰੀਏ; ਜਿਨ੍ਹਾਂ ਨੇ ਬੁੱਚੜ ਮਾਰੇ ਸਨ, ਖ਼ੁਦ ਅਦਾਲਤ ਵਿਚ ਹਾਜ਼ਰ ਹੋਣ ਤੇ ਫਾਂਸੀ ਲੱਗੇ ਸਨ*। ਏਕਣ ਹੀ ਮਾਲੇਰ ਕੋਟਲੇ ਦੇ ਸਾਕੇ ਸਮੇਂ ਵੀ ਇਕ ਸਿੰਘ, ਜੋ ਕੱਦ ਵਿਚ ਕੁਝ ਮਧਰਾ ਸੀ, ਜਦ ਤੋਪ ਨਾਲੋਂ ਨੀਵਾਂ ਹੋਣ ਕਰ ਕੇ ਛੱਡਿਆ ਜਾਣ ਲੱਗਾ ਤਾਂ ਉਸ ਨੇ ਰਿਹਾ ਹੋਣਾ ਮਨਜ਼ੂਰ ਨਾ ਕੀਤਾ, ਸਗੋਂ ਖ਼ੁਸ਼ੀ ਨਾਲ ਪੈਰਾਂ ਹੇਠ ਇੱਟਾਂ ਧਰ ਕੇ ਉੱਚਾ ਹੋਗਿਆ ਅਤੇ ਆਪਣੇ ਸਾਥੀਆਂ ਵਾਂਗੂ ਹੀ ਤੋਪ ਦਾ ਨਿਸ਼ਾਨਾ ਬਣ ਗਿਆ ਸੀ†। ਇਹ ਦੋਵੇਂ ਘਟਨਾਵਾਂ ਆਤਮ—ਬਲੀਦਾਨ ਦੇ ਉੱਤਮ ਉਦਾਹਰਣ ਹਨ।

**ਸਦਾਚਾਰ ਅਤੇ ਕੁਰਬਾਨੀਆਂ**

---

*ਦੇਖੋ, ਸਿੰਘਾਂ ਨਾਮਧਾਰੀਆਂ ਦਾ ਸ਼ਹੀਦ ਬਿਲਾਸ ਤੇ ਪੰਥ ਪ੍ਰਕਾਸ਼।

†ਸੰਤ ਧਿਆਨ ਸਿੰਘ, ਸ੍ਰੀ ਸਤਿਗੁਰੂ ਬਿਲਾਸ, ਸਫ਼ੇ ੧੭੧—੭੨।

Sri Satguru Jagjit Singh Ji eLibrary NamdhariElibrary@gmail.com

# ੪

# ਬਾਬਾ ਰਾਮ ਸਿੰਘ ਜੀ ਤੋਂ ਪਿੱਛੋਂ

ਬਾਬਾ ਰਾਮ ਸਿੰਘ ਜੀ ਦੇ ਦੇਸ਼—ਨਿਕਾਲੇ ਤੋਂ ਪਿੱਛੋਂ ਉਨ੍ਹਾਂ ਦੇ ਛੋਟੇ ਭਰਾ ਬਾਬਾ ਬਧ ਸਿੰਘ ਪ੍ਰਸਿੱਧ ਨਾਮ ਹਰੀ ਸਿੰਘ ਜੀ ਨਾਮਧਾਰੀਆਂ ਦੇ ਆਗੂ ਨਿਯੁਕਤ ਹੋਏ। ਇਹ ਬੜੇ ਸਿਆਣੇ ਤੇ ਤਜਰਬੇਕਾਰ ਸੱਜਨ ਸਨ, ਪਰ ਸਿਵਾਇ ਗੁਰਦੁਆਰੇ ਦੇ ਪ੍ਰਬੰਧ ਨੂੰ ਠੀਕ ਰੱਖਣ ਦੇ ਇਨ੍ਹਾਂ ਨੂੰ ਸਰਕਾਰੀ ਪਾਬੰਦੀਆਂ ਦੇ ਸਾਮਣੇ ਹੋਰ ਕੁਝ ਕਰ ਦਿਖਾਉਣ ਦਾ ਮੌਕਾ ਨਹੀਂ ਮਿਲਿਆ।

**ਬਾਬਾ ਹਰੀ ਸਿੰਘ ਜੀ**

ਸਰਕਾਰ ਅਗਰੇਜ਼ੀ ਦੇ ਕ੍ਰੋਧ ਦਾ ਪਾਰਾ ਚੜ੍ਹਿਆ ਹੋਣ ਕਰਕੇ ਹੋਰ ਸਿੱਖ ਵੀ, ਜਿਨ੍ਹਾਂ ਦੀਆਂ ਰਿਸ਼ਤੇਦਾਰੀਆਂ ਨਾਮਧਾਰੀਆਂ ਨਾਲ ਰਲਦੀਆਂ ਸਨ, ਜਾਂ ਕੋਈ ਹੋਰ ਨੇੜੇ ਅਥਵਾ ਦੂਰ ਦਾ ਸੰਬੰਧ ਸੀ, ਇਸ ਸਮੇਂ ਕਾਫੀ ਹੱਦ ਤਕ ਡਰਨ ਲੱਗ ਪਏ; ਇਸ ਲਈ ਦੋ ਕੁ ਮਹੀਨੇ ਪਿੱਛੋਂ ੨੨ ਮਾਰਚ ਸੰਨ ੧੮੭੨ ਈ: ਨੂੰ ਜਦ ਲਾਟ ਸਾਹਿਬ ਦੀ ਪ੍ਰਧਾਨਗੀ ਹੇਠ ਅੰਮ੍ਰਿਤਸਰ ਇਕ ਆਲੀਸ਼ਾਨ ਸ਼ਾਹੀ ਦਰਬਾਰ ਹੋਇਆ ਜੋ ਸ਼ਾਹਜ਼ਾਦਾ ਪ੍ਰਿੰਸ ਆਫ ਵੇਲਜ਼ ਦੀ ਬੀਮਾਰੀ ਤੋਂ ਸਿਹਤਯਾਬ ਹੋਣ ਦੀ ਖ਼ੁਸ਼ੀ ਵਿਚ ਕੀਤਾ ਗਿਆ ਸੀ ਤਾਂ ਸਾਰੇ ਰਈਸ ਅਤੇ ਦਰਬਾਰੀ ਇਸ ਵਿਚ ਸ਼ਾਮਲ ਹੋਏ। ਇਸ ਸਮੇਂ ਜ਼ਿਲਾ ਅੰਮ੍ਰਿਤਸਰ ਤ ਸ਼ਹਿਰ ਦੇ ਸਿੱਖ ਸਰਦਾਰਾਂ ਅਤੇ ਪੁਜਾਰੀਆਂ ਦਾ ਇਕ ਵਫ਼ਦ ਲਾਟ ਸਾਹਿਬ ਨੂੰ ਮਿਲਿਆ, ਜਿਸ ਦੇ ਵਲੋਂ ਇਸ ਸੰਬੰਧ ਵਿਚ ਆਪਣੀ ਪੋਜ਼ੀਸ਼ਨ ਸਾਫ਼ ਕਰਨ ਲਈ ਨਾਮਧਾਰੀਆਂ ਤੋਂ ਵਿਰੁਧ ਇਕ ਐਡਰੈਸ ਪੇਸ਼ ਕੀਤਾ ਗਿਆ। ਇਹ ਐਡਰੈਸ ਸਰਦਾਰ ਦਿਆਲ ਸਿੰਘ ਮਜੀਠੀਏ ਨੇ ਪੜ੍ਹ ਕੇ ਸੁਣਾਇਆ। ਪਾਠਕਾਂ ਦੀ ਦਿਲਚਸਪੀ ਲਈ ਇਸ ਐਡਰੈਸ ਦੀ ਅਸਲ ਦੇ ਮੁਤਾਬਿਕ ਨਕਲ ਅੱਗੇ ਦਿਤੀ ਜਾਂਦੀ ਹੈ :—

**ਅੰਮ੍ਰਿਤਸਰ ਵਿਚ ਸ਼ਾਹੀ ਦਰਬਾਰ**

"ਬਹਜ਼ੂਰ ਫ਼ੈਜ਼ਿ ਮਾਮੂਰ ਬੰਦਗਾਨਿ ਆਲੀ ਮੁਤਆਲੀ ਖ਼ੁਦਾਵੰਦਿ ਨਿਅਮਤ ਜੁਨਾਬ ਨਵਾਬ ਲਫ਼ਟੰਟ ਗਵਰਨਰ ਬਹਾਦੁਰ ਮੁਮਾਲਿਕ ਪੰਜਾਬ ਵਗੈਰਹ ਦਾਮ ਇਕਬਾਲਹੂ। ਪਸ ਅਜ਼ ਤਬਲੀਗ ਮੁਰਾਸਮ ਸਿਜਦਾਤਿ ਨਿਆਜ਼ਮੰਦਾਨਾ ਕੇ ਗੁਜ਼ਾਰਿਸ਼ ਹਜ਼ੂਰ ਹੈ ਕਿ ਹਮ ਜੁਮਲਹ ਸਿੰਘਾਨ ਅੰਮ੍ਰਿਤਸਰ ਮੁਤਫ਼ਿਕ ਹੋ ਕਰ ਯਕਦਿਲੀ ਸੇ ਗੁਜ਼ਾਰਿਸ਼ ਕਰਤੇ ਹੈਂ ਕਿ ਯਹ

ਜੋ ਕੌਮ ਕੂਕਾ ਚੰਦ ਅਰਸਾ ਸੇ ਮਸ਼ਹੂਰ ਹੈ,ਹਮ ਸੇ ਔਰ ਉਨ ਸੇ ਕਿਸੀ ਕਿਸਮ ਕਾ ਤਅੱਲੁਕ ਯਾ ਮੁਆਫ਼ਿਕਤ ਨਹੀਂ, ਬਲਕਿ ਅਕਸਰ ਅਮੂਰਾਤਿ ਮਜ਼ਹਬੀ ਮੇਂ ਹਮਾਰਾ ਉਨ ਸੇ ਬਹੁਤ ਇਖ਼ਤਿਲਾਫ਼ ਹੈ। ਇਸ ਸੇ ਹਮ ਨਾ—ਖੁਸ਼ ਹੈਂ। ਹਾਲ ਮੇਂ ਜੋ ਇੰਤਜ਼ਾਮ ਇਸ......ਫ਼ਿਰਕਾ ਕਾ ਸ਼ਰਕਾਰ ਜ਼ੁਲਇਕਤਦਾਰ ਕੀ ਤਰਫ਼ ਸੇ ਹੁਆ ਹੈ,ਨਿਹਾਇਤ ਮੁਨਾਸ਼ਬ ਔਰ ਮੁਸਤਹਸਨ ਹੈ ਔਰ ਖ਼ਸੂਸਨ ਜ਼ਿਆਦਹਤਰ ਖ਼ੁਸ਼ੀ ਇਸ ਬਾਤ ਕੀ ਹੈ ਕਿ ਐਸੇ ਇੰਤਜ਼ਾਮ ਸੇ ਆਇੰਦਾ ਕਿਸੀ ਕਾ ਐਸੀ ਹਰਕਾਤਿ ਨਾ—ਸ਼ਾਇਸਤਾ ਪਰ ਹੌਂਸਲਾ ਨਾ ਰਹੇਗਾ ਔਰ ਨਾ ਐਸੇ ਲੋਗੋਂ ਕੀ ਕਿਸੀ ਹਰਕਤਿ ਨਾਮਾਕੂਲ ਪਰ ਦੂਸਰੋਂ ਪਰ ਸ਼ੁਬਹ ਹੋ ਸਕੇਗਾ...। ਇਲਾਵਾ ਇਸ ਕੇ ਨਾ ਸਿਰਫ਼ ਹਮਾਰਾ ਉਨ ਕਾ ਇਖ਼ਤਲਾਫ਼ਿ ਮਜ਼ਹਬੀ ਥਾ ਬਲਕਿ ਹਮਾਰਾ ਉਨਕੋ ਦੁਸ਼ਮਨਿ ਜਾਨ ਕਹਿਨਾ ਚਾਹੀਏ ਕਿਉਂਕਿ ਉਨ੍ਹੋਂ ਨੇ ਅਪਨੇ ਖ਼ਿਆਲਾਤ ਵ ਹਰਕਾਤਿ ਬੇਜਾ ਸੇ ਹਮ ਕੋ ਭੀ ਸਰਕਾਰ ਕੀ ਨਜ਼ਰੋਂ ਮੇਂ ਕੁਛ ਕਾ ਕੁਛ ਠਹਿਰਾ ਦੀਆ ਥਾ ਔਰ ਜੋ ਜੋ ਹਮ ਸੇ ਕਾਰਗੁਜ਼ਾਰੀਆਂ ਹੁਈਂ ਥੀਂ ਔਰ ਜਿਨ ਕੇ ਬਾਇਸ ਸਰਕਾਰ ਹਮ ਲੋਗੋਂ ਕੋ ਅਪਨਾ ਨਿਮਕ ਹਲਾਲ ਵ ਖ਼ੈਰ ਖ਼੍ਵਾਹ ਸਮਝਤੀ ਥੀ ਜੈਸਾ ਕਿ ਸੰਨ ੧੮੫੭ ਮੇਂ, ਉਨ ਸਭ ਹਮਾਰੀ ਨਿਮਕ ਹਲਾਲੀਓਂ ਕੋ ਇਨ ਲੋਗੋਂ ਨੇ ਖ਼ਾਕ ਮੇਂ ਮਿਲਾ ਦੀਆ ਥਾ। ਮਗਰ ਮਿਸਲ ਮਸ਼ਹੂਰ ਹੈ ਕਿ ਸਾਂਚ ਕੋ ਆਂਚ ਨਹੀਂ, ਸਰਕਾਰ ਦੌਲਤ ਮਦਾਰ ਪਰ ਯਹ ਰੌਸ਼ਨ ਹੋ ਗਿਆ ਹੈ ਕਿ ਜੋ ਉਨ੍ਹੋਂ ਨੇ ਕੀਆ ਹਮਾਰਾ ਉਸ ਸੇ ਕੁਛ ਵਾਸਤਾ ਵਾ ਤਅੱਲੁਕ ਨ ਥਾ ਔਰ ਹਮ ਉਨ ਕੋ ਅਪਨਾ ਹੀ ਦੁਸ਼ਮਨ ਸਮਝ ਕਰ ਸਰਕਾਰ ਕਾ ਸ਼ੁਕਰੀਆ ਅਦਾ ਕਰਤੇ ਹੈਂ। ਇਸ ਇੰਤਜ਼ਾਮ ਪਰ ਜੋ ਹਾਲ ਮੇਂ ਹੂਆ ਹੈ ਔਰ ਯਹ ਹਮਾਰੀ ਐਨ ਮੁਰਾਦ ਦਿਲੀ ਥੀ।

(ਸਹੀ) ਸਰਦਾਰ ਦਿਆਲ ਸਿੰਘ ਮਜੀਠੀਆ, ਸ: ਬਖ਼ਸ਼ੀਸ਼ ਸਿੰਘ ਸੰਧਾਂਵਾਲੀਆ ਸ: ਅਜੀਤ ਸਿੰਘ ਅਟਾਰੀ ਵਾਲਾ, ਸ: ਜਵਾਹਰ ਸਿੰਘ ਜ਼ੱਫ਼ਰਵਾਲੀਆ, ਗੁਲਾਬ ਸਿੰਘ ਮੁਹਤਮਿਮ ਅਕਾਲ ਬੁੰਗਾ ਸਾਹਿਬ, ਭਾਈ ਜੱਸਾ ਸਿੰਘ, ਭਾਈ ਭਗਤ ਸਿੰਘ ਗੱਦੀ ਵਾਲਾ ਗ੍ਰੰਥੀ ਭਾਈ ਗੁਲਾਬ ਸਿੰਘ ਬਾਬਾ ਡੇਹਰੇ ਵਾਲਾ, ਭਾਈ ਹੀਰਾ ਸਿੰਘ ਗ੍ਰੰਥੀ ਗੱਦੀ ਦਰਬਾਰ ਸਾਹਿਬ, ਭਾਈ ਗੁਲਾਬ ਸਿੰਘ ਮਹੰਤ ਰਾਮਗੜ੍ਹ, ਸ: ਗੁਲਾਬ ਸਿੰਘ ਭਾਗੋ ਵਾਲੀਆ, ਸ: ਠਾਕੁਰ ਸਿਘ ਸੰਧਾਂਵਾਲੀਆ ਸ: ਮੰਗਲ ਸਿੰਘ ਰਾਮ—ਗੜ੍ਹੀਆ ਸਰਬਰਾਹ ਅਮੂਰਾਤਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ*।

ਇਸ ਐਡਰੈਸ ਤੋਂ ਨਾਮਧਾਰੀਆਂ ਤੇ ਸਿੱਖਾਂ ਦੇ ਪਰਸਪਰ ਦੇ ਵਖੇਵੇਂ ਦਾ ਵੀ ਚੰਗੀ ਤਰ੍ਹਾਂ ਪਤਾ ਲਗਦਾ ਹੈ। ਇਸ ਦਾ ਉਤਰ ਲਾਟ ਸਾਹਿਬ ਨੇ ਜਿਨ੍ਹਾਂ ਸ਼ਬਦਾਂ ਵਿਚ ਦਿਤਾ ਉਹ ਵੀ ਖਾਸ ਤੌਰ ਤੇ ਵਿਚਾਰਨ ਜੋਗ ਹੋਣ ਕਰ ਕੇ ਏਥੇ ਦਿਤੇ ਜਾਂਦੇ ਹਨ :—

'ਸਾਹਿਬੋ ! ਆਪ ਸੇ ਵਫ਼ਾਦਾਰੀ ਔਰ ਇਰਾਦਤ ਜ਼ਹੂਰ ਮੇਂ ਆਈ ਹੈ । ਮੈਂ ਆਪ ਕਾ ਦਿਲ ਸੇ ਮਸ਼ਕੂਰ ਹੂੰ। ਮੈਂ ਫ਼ਕਤ ਚੰਦ ਕਲਮਹ ਔਰ ਜ਼ਿਆਦਹ ਇਸ ਅਰਜ਼—ਦਾਸ਼ਤ ਕੇ ਜਵਾਬ ਮੇਂ ਕਹੂੰਗਾ ਜੋ ਆਪ ਕੇ ਮਜਮਾ ਮੇਂ ਸੋ ਉਨੋਂ ਨੇ ਗੁਜ਼ਾਰਿਸ਼ ਕੀ ਹੈਂ ਜੋ ਸਿੱਖ ਮਜ਼ਹਬ ਕੇ ਮੁਅਤਰਿਫ਼ ਹੈਂ ਜਿਨ ਮੇਂ ਮੈਂ ਬਾਅਜ਼ੋਂ ਕੋ ਪਹਿਚਾਨਤਾ ਹੂੰ ਕਿ ਮੇਰੇ

*ਪੰਜਾਬ ਗਵਰਨਮੈਂਟ ਗਜ਼ਟ (ਸਪਲੀਮੈਂਟ), ੨੮ ਮਾਰਚ ੧੮੭੨, ਸਫ਼ੇ ੨੬੩-੬੪।

ਬਹੁਤ ਪੁਰਾਨੇ ਜ਼ਾਤੀ ਦੋਸਤੋਂ ਮੇਂ ਸੇ ਹੈਂ । ਯਹ ਅਮਰ ਕਿ ਉਨ੍ਹੋਂ ਨੇ ਇਸਤਰਹ ਐਲਾਨੀਆ ਇਜ਼ਹਾਰ ਕੀਆ ਕਿ ਉਨ ਕਾ ਕੂਕੋਂ ਕੇ ਸਾਥ ਕਿਸੀ ਤਰਹ ਕਾ ਭੀ ਤਅੱਲੁਕ ਨਹੀਂ ਹੈ, ਉਨ ਕੀ ਬਖ਼ੂਬੀ ਮਅਰੂਫ਼ਿ ਇਰਾਦਤ ਔਰ ਵਫ਼ਾਦਾਰੀ ਕੇ ਮੁਆਫ਼ਿਕ ਹੈ ਔਰ ਉਨ ਖ਼ਿਦਮਾਤ ਸੇ ਹਮ ਆਹੰਗ ਹੈ ਜੋ ਉਨ ਕੇ ਹਮ ਮਜ਼ਹਬ ਕੇ ਲੋਗੋਂ ਨੇ ਜਾਂਫ਼ਿਸ਼ਾਨੀ ਸੇ ਸਰਕਾਰ ਕੀ ਕੀਂ ਹੈਂ । ਇਸ ਨਏ ਫ਼ਿਰਕਾ ਕੇ ਆਦਮੀ ਨਿਹਾਇਤ ਕ਼ਬੀਹ ਜੁਰਾਇਮ ਕੇ ਮੁਰਤਕਿਬ ਔਰ ਮੁਜਰਮ ਹੂਏ ਹੈਂ । ਰਾਤ ਕੀ ਤਾਰੀਕੀ ਮੇਂ ਉਨ੍ਹੋਂ ਨੇ ਏਕ ਨਿਹਾਇਤ ਮੁਅੱਜ਼ਜ਼ ਔਰ ਸ਼ਰੀਫ਼ ਸਿੱਖ ਰਈਸ ਕੇ ਮਸਕਨ ਪਰ ਹਮਲਾ ਕੀਆ, ਉਸ ਕੇ ਫ਼ਰਜ਼ੰਦ ਕੋ ਜ਼ਖ਼ਮੀ ਕੀਆ ਔਰ ਉਸ ਕੇ ਮੁਲਾਜ਼ਮੋਂ ਕੋ ਕਤਲ ਕੀਆ,ਉਨ੍ਹੋਂ ਨੇ ਕਸਬਾ ਮਾਲੇਰ ਕੋਟਲਾ ਔਰ ਰਿਆਸਤ ਕੇ ਅਸਲਹ ਔਰ ਖ਼ਜ਼ਾਨਾ ਪਰ ਕਬਜ਼ਾ ਕਰਨੇ ਕਾ ਕ਼ਸਦ ਕੀਆ ।*'

ਇਹ ਐਡਰੈਸ ਤੇ ਲਾਟ ਸਾਹਿਬ ਦਾ ਉੱਤਰ ਇਸ ਗੱਲ ਦਾ ਪ੍ਰਮਾਣ ਹਨ ਕਿ ਸਿੱਖ ਉਸ ਸਮੇਂ ਕਿਸ ਤਰ੍ਹਾਂ ਪਰਾਧੀਨ ਹੋਣ ਕਰ ਕੇ ਸਰਕਾਰ ਅੰਗਰੇਜ਼ੀ ਦੀ ਕਠਪੁਤਲੀ ਬਣੇ ਹੋਏ ਸਨ।ਉਨ੍ਹਾਂ ਨੇ ਆਪਣੇ ਇਸ ਐਡਰੈਸ ਵਿਚ ਉਹੋ ਕੁਝ ਆਖਿਆ ਜੋ ਗਵਰਨਮੈਂਟ ਚਾਹੁੰਦੀ ਸੀ । ਦੂਜਾ ਇਕ ਕਾਰਣ ਇਹ ਵੀ ਸੀ ਕਿ ਜੇ ਉਹ ਇਸ ਸਮੇਂ ਨਾਮਧਾਰੀਆਂ ਨਾਲ ਹਮ-ਦਰਦੀ ਪ੍ਰਗਟ ਕਰਦੇ ਤਾਂ ਪਰਾਏ ਵਸ ਹੋਣ ਕਰਕੇ ਬਾਜ ਦੇ ਪੰਜੇ ਵਿਚ ਫਸੇ ਪੰਛੀ ਵਾਂਗੂ ਮਰੋੜੇ ਜਾਣੇ ਸਨ, ਕਿਉਂਕਿ ਦੇਸ਼ ਵਿਚ ਇਸ ਸਮੇਂ ਕਿਸੇ ਪਾਸੇ ਵੀ ਜਾਗ੍ਰਿਤੀ ਦੇ ਨਿਸ਼ਾਨ ਨਹੀਂ ਸਨ, ਹਰ ਪਾਸੇ ਨਿਰਾਸਤਾ ਹੀ ਨਿਰਾਸਤਾ ਸੀ । ਸੋ ਇਸ ਕਰਕੇ ਸਿੱਖ ਸਰ-ਦਾਰ ਅਤੇ ਪੁਜਾਰੀ ਤਾਂ ਆਪਣੀ ਰਾਜ-ਭਗਤੀ ਦੱਸ ਕੇ ਪਿੱਛਾ ਛੁਡਾ ਗਏ, ਪਰ ਨਾਮਧਾਰੀਏ ਬੁਰੀ ਤਰ੍ਹਾਂ ਬਿਪਤਾ ਦੇ ਮੂੰਹ ਆਏ । ਸਰਕਾਰ ਨੇ ਉਨ੍ਹਾਂ ਉਤੇ ਜੋ ਕਰੜੀਆਂ ਪਾਬੰਦੀਆਂ ਲਗਾਈਆਂ ਉਹ ਇਸ ਤੋਂ ਪਿੱਛੋਂ ਸੰਨ ੧੯੨੨ ਈ: ਤਕ ਲਗਭਗ ੫੦ ਸਾਲ ਹਟ ਨਾ ਸਕੀਆਂ ।

ਸੰਨ ੧੯੦੬ ਵਿਚ ਬਾਬਾ ਹਰੀ ਸਿੰਘ ਜੀ ਦਾ ਸੁਰਗਵਾਸ ਹੋਣ ਤੇ ਉਨ੍ਹਾਂ ਦੀ ਥਾਂ ਬਾਬਾ ਪ੍ਰਤਾਪ ਸਿੰਘ ਜੀ ਨੇ ਸੰਭਾਲੀ । ਇਨ੍ਹਾਂ ਦਾ ਜਨਮ ਚੇਤ ਵਦੀ ੩ ਸੰਮਤ ੧੯੪੬ ਬਿ: (ਮੁਤਾਬਿਕ ਮਾਰਚ ਸੰਨ ੧੮੮੯ ਈ:) ਨੂੰ ਬਾਬਾ ਹਰੀ ਸਿੰਘ ਜੀ ਦੇ ਘਰ ਮਾਤਾ ਜੀਵਨ ਕੌਰ ਦੇ ਉਦਰੋਂ ਹੋਇਆ ਸੀ । ਨਾਮਧਾਰੀ ਦਰਬਾਰ ਦੀ ਵਾਗਡੋਰ ਸੰਭਾਲਣ ਤੋਂ ੮ ਸਾਲ ਪਿੱਛੋਂ ਇਨ੍ਹਾਂ ਦਾ ਆਨੰਦ ਕਾਰਜ ਸਰਦਾਰ ਸੰਦਰ ਸਿੰਘ ਜੀ ਗੁਰੂ ਸਰ [ਫ਼ੀਰੋਜ਼ ਪੁਰ] ਦੀ ਸੁਪੁਤ੍ਰੀ ਬੀਬੀ ਭੂਪਿੰਦ੍ਰ ਕੌਰ ਜੀ ਦੇ ਨਾਲ ਹੋਇਆ । ਆਪ ਦੇ

## ਬਾਬਾ ਪ੍ਰਤਾਪ ਸਿੰਘ ਤੇ ਉਨ੍ਹਾਂ ਦੇ ਉੱਤਰਾਧਿਕਾਰੀ

ਘਰ ੮ ਮੱਘਰ ਸੰਮਤ ੧੯੭੭ ਬਿ: ਮੁਤਾਬਿਕ ਸੰਨ ੧੯੨੦ ਈ: ਨੂੰ ਬਾਬਾ ਜਗਜੀਤ ਸਿੰਘ ਤੇ ੨ ਕੱਤਕ ਸੰਮਤ ੧੯੮੦ ਬਿ: ਮੁਤਾਬਿਕ ਸੰਨ ੧੯੨੩ ਈ: ਨੂੰ ਬਾਬਾ ਬੀਰ ਸਿੰਘ ਜੀ ਜਨਮੇ। ਬਾਬਾ ਪ੍ਰਤਾਪ ਸਿੰਘ ਜੀ ਲਗ ਭਗ ੭੦ ਵਰ੍ਹਿਆਂ ਦੀ ਉਮਰੇ ੬ ਭਾਦ੍ਰੋਂ ਸੰਮਤ ੨੦੧੬ ਬਿ: ਮੁਤਾਬਿਕ ਸੰਨ ੧੯੫੯ ਈ. ਨੂੰ ਸੁਰਗਵਾਸ ਹੋਏ । ਫਿਰ ਉਨ੍ਹਾਂ ਦੇ ਸੁਪੁਤ੍ਰ ਬਾਬਾ ਜਗਜੀਤ

*ਪੰਜਾਬ ਗਵਰਨਮੈਂਟ ਗਜ਼ਟ (ਸਪਲੀਮੈਂਟ), ੨੮ ਮਾਰਚ ੧੮੭੨, ਸਫ਼ਾ ੨੬੫।

Sri Satguru Jagjit Singh Ji eLibrary NamdhariElibrary@gmail.com

ਸਿੰਘ ਜੀ ਨੇ ਉਨ੍ਹਾਂ ਦੀ ਗੱਦੀ ਸੰਭਾਲੀ। ਇਹੋ ਬਾਬੇ ਹੋਰੀ ਅਜ ਕਲ ਨਾਮਧਾਰੀ ਦਰਬਾਰ ਦੇ ਪ੍ਰਮੁਖ ਆਗੂ ਹਨ।

ਬਾਬਾ ਪ੍ਰਤਾਪ ਸਿੰਘ ਜੀ ਬੜੇ ਮਿਲਣਸਾਰ, ਦੂਰ-ਅੰਦੇਸ਼ ਅਤੇ ਸਮੇਂ ਦੀ ਸੰਭਾਲ ਕਰਨ ਵਿਚ ਚੰਗੇ ਸਮਝਦਾਰ ਸਨ । ਉਨ੍ਹਾਂ ਨੇ ਸੰਨ ੧੯੨੨ ਵਿਚ, ਜਦ ਕਿ ਪੰਜਾਬ ਵਿਚ 'ਅਕਾਲੀ ਲਹਿਰ'ਚੱਲ ਰਹੀ ਸੀ,ਸਰਕਾਰੀ ਪਾਬੰਦੀਆਂ ਹਟਣ ਤੇ ਨਾਮਧਾਰੀਆਂ ਨੂੰ ਮੁੜ ਨਵੇਂ ਸਿਰਿਓਂ ਜੱਥੇਬੰਦ ਕੀਤਾ ਤੇ 'ਨਾਮਧਾਰੀ ਦਰਬਾਰ' ਦੀ ਸਥਾਪਨਾ ਕੀਤੀ। ਨਾਮਧਾਰੀ ਮਿਸ਼ਨ ਦੇ ਪ੍ਰਚਾਰ ਲਈ ਉਨ੍ਹਾਂ ਨੇ ਰੋਜ਼ਾਨਾ 'ਕੂਕਾ' ਅਤੇ ਹਫ਼ਤਾਵਾਰ 'ਸਤਿਜੁਗ' ਅਖ਼ਬਾਰ ਚਲਾਏ, ਬਾਬਾ ਰਾਮ ਸਿੰਘ ਜੀ ਦੇ ਨਾਂ ਤੇ ਲਾਹੌਰ ਪ੍ਰੈਸ ਲਾਇਆ, ਸਾਹਿੱਤ ਛਾਪਣਾ ਆਰੰਭ ਕੀਤਾ ਅਤੇ ਕੁਝ ਪ੍ਰਚਾਰਕ ਵੀ ਰੱਖੇ। ਸੰਨ ੧੯੩੫ ਵਿਚ 'ਸਰਬ ਸਿੱਖ ਸੰਪ੍ਰਦਾਇ ਕਾਨਫ੍ਰੰਸ' ਸੱਦ ਕੇ ਸਾਰੇ ਸਿੱਖਾਂ ਨੂੰ ਏਕਤਾ ਦਾ ਸੰਦੇਸ਼ ਦੇਣਾ ਉਨ੍ਹਾਂ ਦੇ 'ਮਿਲਬੇ ਦੀ ਮਹਿਮਾ' ਸੰਬੰਧੀ ਪ੍ਰੋਗਰਾਮ ਦਾ ਹੀ ਇਕ ਅੰਗ ਸੀ।

**ਬਾਬਾ ਪ੍ਰਤਾਪ ਸਿੰਘ ਜੀ ਦੇ ਯਤਨ**

ਨਾਮਧਾਰੀ ਲਹਿਰ ਵਿਚ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਬਾਬਾ ਬਾਲਕ ਸਿੰਘ ਤੇ ਬਾਬਾ ਰਾਮ ਸਿੰਘ ਜੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਨਾ ਕੇਵਲ ਸਿੱਖ ਤੇ ਹਿੰਦੂ ਹੀ ਸ਼ਾਮਲ ਹੋਏ, ਸਗੋਂ ਕਿਤਨੇ ਹੀ ਮੁਸਲਮਾਨ ਵੀ ਦੁੱਧ-ਚਿੱਟੇ ਵਸਤ੍ਰ ਪਹਿਨ ਕੇ ਉਨ੍ਹਾਂ ਵਲ ਝੁਕਣ ਲੱਗ ਪਏ ਸਨ। ਬਾਬਾ ਰਾਮ ਸਿੰਘ ਜੀ ਦੇ ਮੁਸਲਿਮ ਸਤਿਸੰਗੀਆਂ ਵਿਚੋਂ ਮੌਲਾਨਾ ਅਬਦੁਲ ਕਾਦਰ ਕਸੂਰੀ, ਮੀਆਂ ਰਾਜੂ ਸ਼ਾਹ ਚੱਕ ਜਾਂਗਲੀਆਂ (ਲਾਇਲ ਪੁਰ) ਤੇ ਲਾਹੌਰ ਦੇ ਇਕ ਸੂਫੀ ਫ਼ਕੀਰ ਅਤਿ ਚੰਗੇ ਮੋਤਕਿਦ ਸਨ। ਇਸੇ ਤਰ੍ਹਾਂ ਬਾਬਾ ਪ੍ਰਤਾਪ ਸਿੰਘ ਜੀ ਦੇ ਸ਼ਰਧਾਲੂ ਰਾਜਾ ਫ਼ਜ਼ਲ ਦਾਦ ਲਾਇਲਪੁਰੀ, ਚੌਧਰੀ ਜ਼ਹੀਰੁੱਦੀਨ ਅਮਰਾ ਸਰ (ਹਿੱਸਾਰ), ਬਹਾਦੁਰ ਖਾਨ ਬਲੋਚ ਆਦਿ ਦੇ ਨਾਂ ਖ਼ਾਸ ਤੌਰ ਤੇ ਵਰਣਨ ਯੋਗ ਹਨ। ਇਸ ਤੋਂ ਪਤਾ ਲਗਦਾ ਹੈ ਕਿ ਨਾਮਧਾਰੀ ਲਹਿਰ, ਜਿਸ ਦਾ ਮੁੱਢ ਸਿਆਸੀ ਪੱਖ ਤੋਂ ਦੇਸ਼-ਸੇਵਾ ਦੇ ਜਜ਼ਬੇ ਨਾਲ ਬੱਝਾ, ਇਕ ਸਰਬ ਸਾਂਝੀ ਕੌਮੀ ਲਹਿਰ ਸੀ।

**ਨਾਮਧਾਰੀ ਲਹਿਰ ਦੇ ਮੁਸਲਿਮ ਸਤਿਸੰਗੀ**

ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ ਨਾਮਧਾਰੀ 'ਸਿੱਖ ਹਮੇਸ਼ਾ ਸਫ਼ੈਦ ਵਸਤ੍ਰ ਅਤੇ ਚਿੱਟੀ ਉੱਨ ਦੀ ਮਾਲਾ ਰਖਦੇ ਹਨ। 'ਵਾਹਗੁਰੂ' ਮੰਤ੍ਰ ਦਾ ਉਪਦੇਸ਼ ਕੰਨ ਵਿਚ ਦਿੱਤਾ ਜਾਂਦਾ ਹੈ। ਅਮ੍ਰਿਤ ਇਕ ਪਾਤ੍ਰ (ਬਾਟੇ) ਵਿਚ ਇਕੱਠਾ ਨਹੀਂ ਛਕਾਉਂਦੇ, ਜੁਦਾ ਜੁਦਾ ਛਕਾਉਂਦੇ ਹਨ। ਹਵਨ ਦੇ ਵਡੇ ਪ੍ਰੇਮੀ ਹਨ। ਆਨੰਦ ਵਿਆਹ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਿਕ੍ਰਮਾਂ ਦੀ ਥਾਂ ਵੇਦਿ ਗੱਡ ਕੇ ਤੇ ਅਗਨਿ ਵਿਚ ਹੋਮ ਕਰ ਕੇ ਲਾਵਾਂ ਪੜ੍ਹਦੇ ਹਨ। ਬਹੁਤ ਪ੍ਰੇਮੀ ਹਾਲ ਵਿਚ ਮਸਤ ਹੋ ਕੇ ਚੀਕਾਂ (ਕੂਕਾਂ) ਮਾਰ ਉਠਦੇ ਹਨ ਅਰ ਦਸਤਾਰ ਉਤਾਰ ਕੇ ਨੱਚਣ ਟੱਪਣ ਲੱਗ ਜਾਂਦੇ ਹਨ......*।' ਇਸ ਤੋਂ

**ਨਾਮਧਾਰੀ ਸਿੰਘਾਂ ਦੀ ਰਹਿਤ-ਬਹਿਤ ਤੇ ਵਿਸ਼ੇਸ਼ਤਾ**

*ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ੧੯੩੦, ਸਫ਼ਾ ੩੦੯੫।

Sri Satguru Jagjit Singh Ji eLibrary NamdhariElibrary@gmail.com

ਬਿਨਾ ਹੋਰ ਵਿਸ਼ੇਸ਼ਤਾ ਇਹ ਹੈ ਕਿ ਵਿਆਹ-ਸ਼ਾਦੀਆਂ ਬੜੇ ਸਾਦੇ ਢੰਗ ਨਾਲ ਕਰਦੇ ਹਨ, ਜਿਨ੍ਹਾਂ ਉਤੇ ਖ਼ਰਚ ਉੱਕਾ ਹੀ ਨਹੀਂ ਕੀਤਾ ਜਾਂਦਾ। ਸੋਧ ਦਾ ਪ੍ਰਸ਼ਾਦਾ ਛਕਦੇ ਹਨ ਤੇ ਅਰਦਾਸੇ ਵਿਚ ਬਾਬਾ ਬਾਲਕ ਸਿੰਘ ਅਤੇ ਬਾਬਾ ਰਾਮ ਸਿੰਘ ਜੀ ਨੂੰ ੧੧ਵੀਂ-੧੨ਵੀਂ ਪਾਤਸ਼ਾਹੀ ਮੰਨ ਕੇ ਸਿਮਰਦੇ ਹਨ† ।"

ਇਸੇ ਤਰ੍ਹਾਂ ਕਵੀ (ਡਾ:) ਇੰਦ੍ਰ ਸਿੰਘ ਮੁਲਤਾਨੀ ਨੇ ਵੀ ਨਾਮਧਾਰੀ ਰਹਿਤ-ਬਹਿਤ ਦਾ ਕੁਝ ਅਕਸੀ ਚਿਤ੍ਰ ਇਸ ਤਰ੍ਹਾਂ ਚਿਤ੍ਰਿਆ ਹੈ:

ਰਾਮ ਸਿੰਘ ਜੀ ਨਹੀਂ ਵਧੀਕ ਕੀਤੀ,
'ਰਹਿਤ ਨਾਮੇ' ਦਾ ਰੱਖਿਆ ਮਾਨ ਪਜਾਰੇ।
ਜੇੜ੍ਹੇ ਕਹਿਨ ਦਸਵੇਂ ਗੁਰੂ ਦੇ ਉਲਟ ਕੀਤਾ,
ਉਹ ਤਾਂ ਕਰਦੇ ਹਨ ਨਿਰਾ ਅਪਮਾਨ ਪਜਾਰੇ।
'ਗੁਰੂ ਗ੍ਰੰਥ' ਦਾ ਹੋਇ ਪ੍ਰਚਾਰ ਜਗ ਵਿਚ,
ਰਾਮ ਸਿੰਘ ਜੀ ਜ਼ੋਰ ਲਗਾਨ ਪਜਾਰੇ।
ਦਸਵੇਂ ਗੁਰੂ ਦੀ ਪੈਰਵੀ ਖ਼ੂਬ ਕੀਤੀ,
ਜਿਸ ਦਾ ਸ਼ੋਹਰਾ ਜ਼ਿਮੀਂ ਅਸਮਾਨ ਪਜਾਰੇ।
ਸਿੱਧੀ ਪਗੜੀ ਤੇ ਮਾਲਾ ਸਫ਼ੈਦ ਰਖਦੇ,
ਨਾਮਧਾਰੀਆਂ ਵਡਾ ਨਿਸ਼ਾਨ ਪਜਾਰੇ।
ਹੁੱਕਾ ਥੂਰਟ ਚੰਡੂ ਲੋਕ ਛੱਡ ਬੈਠੇ,
ਸਤਿਗੁਰੁ ਕੀਤੀ ਜਦ ਮੁਸ਼ਕਿਲ ਅਸਾਨ ਪਜਾਰੇ।
ਸਹਿਜਧਾਰੀਆਂ ਵੀ ਕੇਸ ਰੱਖ ਲੀਤੇ,
ਭਜਨ ਵਾਹਗੁਰੂ ਕੀਆ ਜਦ ਪਾਨ ਪਜਾਰੇ।
ਹਿਰਦਾ ਸ਼ੁੱਧ ਅਪਨਾ ਜਿਸਮ ਪਾਕ ਰੱਖੋ,
ਰਿਸ਼ੀ ਮੁਨੀ ਕਰ ਗਏ ਬੀਨ-ਛਾਨ ਪਜਾਰੇ।
ਇਸੇ ਲਈ ਪਵਿਤ੍ਰ ਰਹੇ ਨਾਮਧਾਰੀ,
ਰਾਮ ਸਿੰਘ ਜੀ ਹੈਂ ਰਾਜ਼ ਦਾਨ ਪਜਾਰੇ।
ਤੜਕੇ ਕਰਨ ਅਸ਼ਨਾਨ ਲੈ ਨਾਮ ਗੁਰੂ ਦਾ,
'ਇੰਦ੍ਰ ਸਿੰਘ' ਕਿਉਂ ਆਇ ਫਿਰ ਹਾਨ ਪਜਾਰੇ॥
('ਜਗਦਾ ਦੀਵਾ', ਸੰਨ ੧੯੧੨, ਸਫ਼ੇ ੫੦-੫੧)

†ਦੇਖੋ, ਨਾਮਧਾਰੀ ਨਿੱਤਨੇਮ, ਸੰਮਤ ੧੯੯੬, ਸਫ਼ੇ ੨੯੩-੨੯੫।

Sri Satguru Jagjit Singh Ji eLibrary NamdhariElibrary@gmail.com

# ਸਿੰਘ ਸਭਾ ਲਹਿਰ

## ੧.

## ਮੁੱਢਲੇ ਹਾਲ

ਨਾਮਧਾਰੀ ਲਹਿਰ ਖ਼ਤਮ ਹੋਣ ਤੇ ਸਿੱਖਾਂ ਵਿਚ ਸ੍ਰੀ ਗੁਰੂ ਸਿੰਘ ਸਭਾ ਨਾਂ ਦੀ ਤੀਜੀ ਲਹਿਰ ਆਰੰਭ ਹੋਈ। ਇਸ ਲਹਿਰ ਵਿਚ ਨਾਮਧਾਰੀਆਂ ਤੋਂ ਬਿਨਾਂ ਨਰਮ ਤੇ ਗਰਮ ਦੋਵੇਂ ਧੜਿਆਂ ਦੇ ਸਿੱਖ ਸ਼ਾਮਲ ਸਨ। ਸਿੱਖਾਂ ਦੀਆਂ ਪਹਿਲੀਆਂ ਦੋਵੇਂ ਲਹਿਰਾਂ-ਨਿਰੰਕਾਰੀ ਲਹਿਰ ਤੇ ਨਾਮਧਾਰੀ ਲਹਿਰ-ਦਸ ਗੁਰੂਆਂ ਤੋਂ ਬਾਦ ਕਿਸੇ ਹੱਦ ਤਕ ਦੇਹ ਧਾਰੀ ਗੁਰੂ ਦੀ ਹੋਂਦ ਨੂੰ ਮੰਨਦੀਆਂ ਸਨ, ਪਰ ਖ਼ਾਲਸਾ ਪੰਥ ਵਿਚ ਮੁੱਢੋਂ ਹੀ ਬਹੁਤੇ ਸਿੱਖ ਅਜਿਹੇ ਸਨ,ਜੋ ਉਨ੍ਹਾਂ ਦੇ ਇਸ ਵਿਸ਼ਵਾਸ ਨੂੰ ਮਨ-ਮਤ ਦੀ ਪਦਵੀ ਦਿੰਦੇ ਸਨ ਤੇ ਇਸ ਅਸੂਲ ਤੇ ਦ੍ਰਿੜ੍ਹ ਭਰੋਸਾ ਰਖਦੇ ਸਨ ਕਿ ਗੁਰਿਆਈ ਦਸਾਂ ਗੁਰੂਆਂ ਤਕ ਹੀ ਸੀਮਿਤ ਰਹੀ ਹੈ, ਤੇ ਸ੍ਰੀ ਗੁਰੂ ਨਾਨਕ-ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਜੋਤਿ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾ ਗੁਰੂ ਕਹਾਉਣ ਦਾ ਹੋਰ ਕਿਸੇ ਨੂੰ ਅਧਿਕਾਰ ਨਹੀਂ ਹੈ।

ਮੁੱਖ ਸ਼ਬਦ

ਇਸ ਤੋਂ ਕੁਝ ਸਮਾਂ ਪਹਿਲਾਂ ਨਿਰੰਕਾਰੀ ਲਹਿਰ ਨਾਮਧਾਰੀ ਲਹਿਰ ਦੇ ਕਾਰਣ ਮੱਧਮ ਪੈ ਗਈ ਸੀ ਤੇ ਹੁਣ, ਜਿਵੇਂ ਕਿ ਪਿਛਲੇ ਕਾਂਡ ਵਿਚ ਦੱਸਿਆ ਗਿਆ ਹੈ, ਨਾਮਧਾਰੀ ਲਹਿਰ ਸਰਕਾਰ ਅੰਗਰੇਜ਼ੀ ਦੇ ਕ੍ਰੋਧ ਦਾ ਨਿਸ਼ਾਨਾ ਬਣ ਗਈ, ਇਸ ਲਈ ਉਸ ਦੀ ਥਾਂ ਸਿੱਖਾਂ ਦੀ ਧਾਰਮਿਕ ਅਗਵਾਈ ਵਾਸਤੇ ਸ੍ਰੀ ਗੁਰੂ ਸਿੰਘ ਸਭਾ ਲਹਿਰ ਨੇ ਜਨਮ ਲਿਆ। ਇਸ ਨਵੀਂ ਲਹਿਰ ਦੇ ਆਰੰਭ ਹੋਣ ਦੇ ਮੁੱਖ ਕਾਰਣ ਈਸਾਈਆਂ ਦੇ ਉਹ ਮੁੱਢਲੇ ਧਾਰਮਿਕ ਅੰਦੋਲਨ ਸਨ ਜੋ ਉਨ੍ਹਾਂ ਨੇ ਪੰਜਾਬ ਨੂੰ ਈਸਾਈ ਬਣਾਉਣ ਲਈ ਸੰਨ੧੮੪੫-੪੬ ਤੋਂ ਹੀ ਸ਼ੁਰੂ ਕਰ ਰਖੇ ਸਨ। ਇਸ ਤੋਂ ਪਿੱਛੋਂ ਸੰਨ ੧੮੪੯ ਤੋਂ ੧੮੫੭ ਤਕ ਉਨ੍ਹਾਂ ਦੇ ਇਸ ਪ੍ਰਚਾਰ ਨੇ ਹੋਰ ਵੀ ਜ਼ੋਰ ਫੜਿਆ ਤੇ ਪੰਜਾਬ ਦੇ ਅਨੇਕਾਂ ਸਪੂਤ ਕਈ ਪ੍ਰਕਾਰ ਦੇ ਡਰ ਅਥਵਾ ਲਾਲਚ ਦੇ ਕੇ ਈਸਾਈ ਬਣਾਏ ਗਏ, ਜਿਨ੍ਹਾਂ ਵਿਚੋਂ ਪਾਠਕਾਂ ਅੱਗੇ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਸੁਪੁਤ੍ਰ ਮਹਾਰਾਜਾ ਦਲੀਪ ਸਿੰਘ ਦੀ ਮਿਸਾਲ ਰੱਖੀ ਜਾ ਸਕਦੀ ਹੈ।

ਈਸਾਈਆਂ ਦੇ ਧਾਰਮਿਕ ਅੰਦੋਲਨ

ਪੰਜਾਬ ਵਿਚ ਯੂਰਪੀਅਨ ਮਿਸ਼ਨਰੀਆਂ ਨੇ ਪਹਿਲੇ ਪਹਿਲ ਕਿਵੇਂ ਆਪਣਾ ਮਜ਼ਹਬੀ ਜਾਲ ਤਣਿਆ, ਏਥੇ ਇਸ ਸੰਬੰਧ ਵਿਚ ਸੰਖੇਪ ਵੇਰਵਾ ਦੇਣਾ ਜੋਗ ਹੋਵੇਗਾ। ਸਰਕਾਰ ਅੰਗਰੇਜ਼ੀ ਨੇ ਈਸਾਈਅਤ ਦੇ ਪ੍ਰਚਾਰ ਲਈ ਸਰਹੱਦੀ ਲਾਈਨ ਤੇ,

ਜੋ ਕਿ ਸ਼ਿਮਲੇ ਤੋਂ ਕਰਾਚੀ ਤਕ ਜਾਂਦੀ ਹੈ, ੬ ਵੱਡੇ ਸਟੇਸ਼ਨ ਅਥਵਾ ਅੱਡੇ ਕਾਇਮ ਕੀਤੇ–ਕੋਟ ਗੜ੍ਹ, ਕਾਂਗੜਾ, ਬੰਨੂ, ਡੇਰਾ ਇਸਮਾਈਲ ਖ਼ਾਨ, ਮੁਲਤਾਨ ਤੇ ਖ਼ਾਨ ਪੁਰ । ਇਸ ਤੋਂ ਇਲਾਵਾ ਪੰਜ ਛੋਟੇ ਅੱਡੇ ਪੰਜਾਬ ਦੇ ਵਿਚਕਾਰ ਹੋਰ ਬਣਾਏ—ਬਟਾਲਾ, ਨਾਰੋਵਾਲ, ਕਲਾਰਕਾਬਾਦ, ਤਰਨ ਤਾਰਨ ਤੇ ਪਿੰਡ ਦਾਦਨ ਖ਼ਾਨ ।

**ਮਿਸ਼ਨ ਦੇ ਅੱਡੇ**

ਅਮ੍ਰਿਤਸਰ, ਲਾਹੌਰ, ਪਿਸ਼ੌਰ, ਕਸ਼ਮੀਰ, ਡੇਰਾ ਗਾਜ਼ੀ ਖ਼ਾਨ, ਹੈਦਰਾਬਾਦ, ਸਿੰਧ ਤੇ ਕਰਾਚੀ ਦੇ ਵੱਡੇ ਅੱਡੇ ਇਨ੍ਹਾਂ ਤੋਂ ਇਲਾਵਾ ਹੋਰ ਸਨ, ਜਿੱਥੋਂ ਲੋੜ ਪੈਣ ਤੇ ਥਾਉਂ ਥਾਈਂ ਪ੍ਰਚਾਰਕ ਭੇਜੇ ਜਾਂਦੇ ਸਨ*। ਇਨ੍ਹਾਂ ਵਿਚੋਂ ਕੁਝ ਕੁ ਅੱਡਿਆਂ ਦੇ ਕਾਇਮ ਹੋਣ ਦਾ ਸੰਨ ਵਾਰ ਵੇਰਵਾ ਇਸ ਤਰ੍ਹਾਂ ਹੈ : ਕੋਟ ਗੜ੍ਹ (੧੮੪੦), ਲਾਹੌਰ (੧੮੪੯), ਅਮਿਤਸਰ (੧੮੫੧), ਮਿਸ਼ਨ ਸਕੂਲ ਅਮ੍ਰਿਤਸਰ (੧੮੫੩), ਪਿਸ਼ੌਰ (੧੮੫੩), ਕਾਂਗੜਾ (੧੮੫੪), ਕਸ਼ਮੀਰ, (੧੮੫੪), ਨਾਰੋਵਾਲ (੧੮੫੬) ਮੁਲਤਾਨ (੧੮੫੬), ਡੇਰਾਜਾਤ (੧੮੬੧) ਅਤੇ ਬਟਾਲਾ (੧੮੬੬) ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਉਸ ਸਮੇਂ ਗਵਰਨਮੈਂਟ ਦੇ ਇਸ਼ਾਰੇ ਨਾਲ ਈਸਾਈਅਤ ਦਾ ਪ੍ਰਚਾਰ ਕਿਵੇਂ ਤੇਜ਼ੀ ਨਾਲ ਕੀਤਾ ਜਾ ਰਿਹਾ ਸੀ ।

ਪੰਜਾਬ ਉਤੇ ਉਸ ਸਮੇਂ ਸਰਕਾਰ ਅੰਗਰੇਜ਼ੀ ਲਈ ਕਬਜ਼ਾ ਕਰਨਾ ਹੀ ਕਾਫ਼ੀ ਨਹੀਂ ਸੀ, ਬਲਕਿ ਇਥੋਂ ਦੀ ਜਨਤਾ ਦੇ ਦਿਲ ਉਤੇ ਕਾਬੂ ਪਾਉਣਾ ਵੀ ਜ਼ਰੂਰੀ ਸੀ । ਸਿੱਖ ਅਤੇ ਪਠਾਣ ਪੰਜਾਬ ਵਿਚ ਦੋ ਅਜਿਹੀਆਂ ਕੌਮਾਂ ਸਨ ਜਿਨ੍ਹਾਂ ਦੇ ਮੁੜ ਉੱਠਣ ਦੀ ਕਿਸੇ ਸਮੇਂ ਵੀ ਆਸ ਕੀਤੀ ਜਾ ਸਕਦੀ ਸੀ, ਇਸ ਲਈ ਇਨ੍ਹਾਂ ਨੂੰ ਪੂਰੀ ਤਰ੍ਹਾਂ ਦਬਾਉਣ ਲਈ ਅੰਗਰੇਜ਼ ਹਾਕਮਾਂ ਦੀ ਨਿਗਾਹ ਪਹਿਲਾਂ ਮਾਝੇ ਤੇ ਸੂਬਾ ਸਰਹੱਦ ਦੇ ਇਲਾਕਿਆਂ ਉਤੇ ਪਈ । ਅੰਮ੍ਰਿਤਸਰ ਸਿੱਖਾਂ ਦਾ ਅਤੇ ਪਿਸ਼ੌਰ ਪਠਾਣਾਂ ਦਾ ਕੇਂਦ੍ਰ ਹੋਣ ਦੇ ਕਾਰਣ ਸਰ ਐਚ. ਐਡਵਰਡਸ ਨੇ ਸਰ ਜਾਹਨ ਲਾਰੰਸ ਨੂੰ ਇਸ ਬਾਰੇ ਇਕ ਖ਼ਤ ਦਾ ਜਵਾਬ ਦਿੰਦਿਆਂ ਹੋਇਆਂ ਲਿਖਿਆ ਸੀ :—

**ਸਿੱਖਾਂ ਤੇ ਪਠਾਣਾਂ ਦੇ ਦੋ ਕੇਂਦ੍ਰ**

'There are two obligatory points the Peshawar Valley and Manjha. The rest are mere dependencies. Holding these two points you will hold the whole Punjab.†' —ਭਾਵ ਇਹ ਕਿ ਮਾਝਾ (ਅੰਮ੍ਰਿਤਸਰ) ਤੇ ਪਿਸ਼ੌਰ ਦੇ ਇਨ੍ਹਾਂ ਦੋਹਾਂ ਕੇਂਦ੍ਰਾਂ ਉਤੇ ਜੇ ਕਬਜ਼ਾ ਹੋ ਜਾਵੇ, ਅਰਥਾਤ— ਇਨ੍ਹਾਂ ਥਾਵਾਂ ਦੇ ਲੋਕਾਂ ਦੀ ਧਾਰਮਿਕ ਰੂਹ ਨੂੰ ਕੁਚਲਿਆ ਜਾਵੇ ਤਾਂ ਸਾਰਾ ਪੰਜਾਬ ਆਪ ਦੇ ਕਬਜ਼ੇ ਵਿਚ ਆ ਜਾਵੇਗਾ । ਇਹ ਕੇਵਲ ਲਿਖਣ ਮਾਤ੍ਰ ਹੀ ਨਹੀਂ ਸੀ, ਬਲਕਿ ਅੰਗਰੇਜ਼ ਕਰਮਚਾਰੀਆਂ ਦਾ ਦ੍ਰਿੜ੍ਹ ਨਿਸ਼ਚਾ ਸੀ ਕਿ ਇਸ ਤੋਂ ਬਿਨਾ ਅੰਗਰੇਜ਼ੀ ਹਕੂਮਤ ਏਥੇ ਕਾਮਿਆਬ ਨਹੀਂ ਹੋ ਸਕਦੀ, ਇਸ ਲਈ ਉਨ੍ਹਾਂ ਨੇ ਈਸਾਈ ਮਿਸ਼ਨ ਦੇ ਪ੍ਰਚਾਰ ਲਈ ਇਨ੍ਹਾਂ ਥਾਵਾਂ ਤੇ ਬਹੁਤ ਜ਼ੋਰ ਦਿੱਤਾ ।

---

*Robert Clark, The Punjab & Sindh Missions, 1885.

†Robert Clark, The Punjab & Sindh Missions, 1885, P. 38.

Sri Satguru Jagjit Singh Ji eLibrary NamdhariElibrary@gmail.com

ਅੰਗ੍ਰੇਜ਼ੀ ਹਕੂਮਤ ਨੂੰ ਈਸਾਈ ਧਰਮ ਦੇ ਪ੍ਰਚਾਰ ਦਾ ਕਿਤਨਾ ਸ਼ੌਕ ਸੀ, ਇਹ ਇਸ ਗੱਲ ਤੋਂ ਹੀ ਜ਼ਾਹਰ ਹੁੰਦਾ ਹੈ ਕਿ ਲਾਹੌਰ ਦਾ ਰੇਜ਼ੀਡੈਂਟ ਤੇ ਪਿੱਛੋਂ ਪ੍ਰਧਾਨ ਸਰ ਜਾਹਨ ਲਾਰਸ ਮਿਸ਼ਨ ਦੇ ਪ੍ਰਚਾਰ ਲਈ ਆਪਣੀ ਜੇਬ ਵਿਚੋਂ ੫੦੦ ਰੁਪਏ ਸਾਲਾਨਾ ਦਿਆ ਕਰਦਾ ਸੀ। ਏਕਣ ਹੀ ਹੋਰ ਅੰਗਰੇਜ਼ ਅਫ਼ਸਰ ਵੀ ਚੋਖੀ ਮਾਇਆ ਇਸ ਪਾਸੇ ਖ਼ਰਚ ਕਰਦੇ ਸਨ। ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾਏ ਜਾਣ ਪਿੱਛੋਂ ਉਨ੍ਹਾਂ ਨੇ ਇਸ ਕੰਮ ਲਈ ਰਜ਼ਾਮੰਦ ਕਰ ਲਿਆ ਸੀ ਕਿ ਉਹ ਵੀ ੫੦੦ ਰੁਪਏ ਸਾਲਾਨਾ ਦੇਵੇ। ਸੋ ਇਹ ਰਕਮ ਲਗਾਤਾਰ ਕਈ ਸਾਲ ਮਹਾਰਾਜੇ ਵਲੋਂ ਅਮ੍ਰਿਤਸਰ ਦੇ ਈਸਾਈ ਮਿਸ਼ਨ ਨੂੰ ਮਿਲਦੀ ਰਹੀ। ਇਸ ਤੋਂ ਇਲਾਵਾ ਸਰਕਾਰ ਨੇ ਸਰਦਾਰ ਦਿਆਲ ਸਿੰਘ ਮਜੀਠੀਏ ਨੂੰ ਪ੍ਰੇਰ ਕੇ ਅਮ੍ਰਿਤਸਰ ਵਿਚ ਈਸਾਈ ਮਿਸ਼ਨਰੀ ਦੇ ਕੰਮ ਵਾਸਤੇ ਇਕ ਬਾਗ਼ ਲਿਆ ਤੇ ਮਜੀਠੇ ਵਿਚ ਇਕ ਗਿਰਜਾ ਘਰ ਵੀ ਖੋਲ੍ਹਿਆ। ਇਨ੍ਹਾਂ ਜਤਨਾਂ ਦੇ ਬਾਵਜੂਦ ਵੀ, ਜਿਵੇਂ ਕਿ ਆਸ ਸੀ, ਈਸਾਈ ਧਰਮ ਏਥੇ ਏਨੀ ਤੇਜ਼ੀ ਨਾਲ ਵਧ-ਫੁਲ ਨਾ ਸਕਿਆ। ਜਨਤਾ ਦੇ ਨਿਸ਼ਚੇ ਨੂੰ ਏਨੀ ਛੇਤੀ ਡੁਲਾਉਣਾ ਕੋਈ ਸੁਖਾਲੀ ਗੱਲ ਨਹੀਂ ਸੀ।

**ਗਵਰਨਮੈਂਟ ਦਾ ਝੁਕਾਉ**

ਮਲਕਾ ਵਿਕਟੋਰੀਆ ਨੂੰ ਇਹ ਦੇਖ ਕੇ ਕੁਝ ਨਿਰਾਸਤਾ ਹੀ ਹੋਈ, ਪਰ ਪਿੱਛੋਂ ਭਾਰਤ ਵਿਚ ਰੇਲਵੇ ਦੀ ਸਥਾਪਨਾ ਹੋਣ ਤੇ ਲਾਰਡ ਡਲਹੌਜ਼ੀ ਨੂੰ ਉਸ ਨੇ ਬੜੇ ਭਰੋਸੇ ਨਾਲ ੨੪ ਨਵੰਬਰ ੧੮੫੪ ਦੇ ਪਤ੍ਰ ਵਿਚ ਲਿਖਿਆ ਕਿ 'ਰੇਲ ਦੀਆਂ ਸੜਕਾਂ ਦਾ ਵਾਧਾ ਭਾਰਤ ਵਿਚ ਵੱਡੀ ਭਾਰੀ ਤਬਦੀਲੀ ਲਿਆ ਦੇਵੇਗਾ ਤੇ ਕਿਸੇ ਹੋਰ ਗੱਲ ਨਾਲੋਂ ਵੱਧ ਇਸ ਦੇਸ ਨੂੰ ਸੱਭਿਅਤਾ ਵਲ ਮੋੜੇਗਾ ਅਤੇ ਅੰਤ ਵਿਚ ਈਸਾਈ ਧਰਮ ਦੇ ਫੈਲਾਉ ਲਈ; ਜੋ ਕਿ ਹੁਣ ਤਕ ਇਸ ਪਾਸੇ ਬੜੀ ਘੱਟ ਤਰੱਕੀ ਕਰ ਸਕਿਆ ਹੈ; ਸਹੂਲੀਅਤ ਪੈਦਾ ਕਰੇਗਾ *।'

**ਮਲਕਾ ਵਿਕਟੋਰੀਆ ਦਾ ਖ਼ਤ**

ਪ੍ਰਚਾਰ ਤੋਂ ਇਲਾਵਾ ਵਿਦਿਅਕ ਮੈਦਾਨ ਵਿਚ ਵੀ ਈਸਾਈਆਂ ਨੇ ਆਪਣੇ ਧਾਰਮਿਕ ਉੱਦੇਸ਼ਾਂ ਲਈ ਇਹੋ ਚਾਲ ਜਾਰੀ ਰੱਖੀ। ਸੰਨ ੧੮੫੩ ਤੋਂ ਪੰਜਾਬ ਵਿਚ ਈਸਾਈ ਮਿਸ਼ਨਰੀ ਸਕੂਲ ਤੇ ਸੰਨ ੧੮੫੮ ਤੋਂ ਸਰਕਾਰੀ ਸਕੂਲ ਕੁਝ ਤੇਜ਼ੀ ਨਾਲ ਖੁਲ੍ਹਣ ਲੱਗੇ। ਇਨ੍ਹਾਂ ਦੋਵੇਂ ਤਰ੍ਹਾਂ ਦੇ ਸਕੂਲਾਂ ਵਿਚ ਈਸਾਈ-ਅਤ ਨੂੰ ਤਰੱਕੀ ਦੇਣ ਲਈ ਬਾਈਬਲ ਪੜ੍ਹਾਈ ਜਾਣ ਲੱਗੀ। ਸੰਨ ੧੮੫੧ ਵਿਚ ਪੰਜਾਬ ਦੇ ਈਸਾਈਆਂ ਦੀ ਗਿਣਤੀ ਸਿਫ਼ਰ ਦੇ ਬਰਾਬਰ ਸੀ,ਪਰ ਪਿੱਛੋਂ ੩੦ ਸਾਲਾਂ ਦੀ ਲਗਾਤਾਰ ਜੱਦੋ ਜਹਿਦ ਦੇ ਕਾਰਣ ਸੰਨ ੧੮੮੦ ਵਿਚ ਇਹ ਗਿਣਤੀ ੧੫੦੧੩ਤਕ ਅੱਪੜ ਗਈ।(The Punjab & Sindh Missions.)

**ਈਸਾਈਅਤ ਦਾ ਵਾਧਾ**

ਇਸ ਮਿਸ਼ਨਰੀ ਪ੍ਰਚਾਰ ਦੇ ਨਾਲੋ ਨਾਲ ਪੰਜਾਬ ਵਿਚ ਕਈ ਰਾਜਸੀ, ਧਾਰਮਿਕ ਤੇ ਵਿਦਿਅਕ ਲਹਿਰਾਂ ਸ਼ੁਰੂ ਹੋਈਆਂ। ਸੰਨ ੧੮੫੧ ਵਿਚ ਨਿਰੰਕਾਰੀ ਲਹਿਰ, ਸੰਨ ੧੮੫੭

*Letters of Queen Victoria, 1837-1861, Vol. III, PP. 68-69.

Sri Satguru Jagjit Singh Ji eLibrary NamdhariElibrary@gmail.com

ਵਿਚ ਰਾਜ-ਪਲਟਾਊ ਗ਼ਦਰ, ਸੰਨ ੧੮੬੨ ਵਿਚ ਨਾਮਧਾਰੀ ਲਹਿਰ, ਸੰਨ, ੧੮੬੫ ਵਿਚ ਅੰਜਮਨ ਉਲੂਮਿ ਮੁਫ਼ੀਦਾਏ ਪੰਜਾਬ ਤੇ ਸੰਨ ੧੮੬੯ ਵਿਚ ਅੰਜਮਨਿ ਇਸਲਾਮੀਆ ਲਾਹੌਰ ਦੀ ਸਥਾਪਨਾ ਹੋਈ। ਬ੍ਰਹਮੂ ਸਮਾਜ (ਕਲਕੱਤਾ) ਅੱਧੀ ਕੁ ਸਦੀ ਇਸ ਤੋਂ ਪਹਿਲਾਂ ਹੀ ਕਾਇਮ ਹੋ ਚੁਕਾ ਸੀ ਤੇ ਇਸ ਤੋਂ ਬਿਨਾ ਕਈ ਹੋਰ ਹਿੰਦੂ ਧਰਮ ਪ੍ਰਚਾਰਕ ਸਭਾ—ਸੁਸਾਇਟੀਆਂ ਵੀ ਬਣ ਚੁਕੀਆਂ ਸਨ। ਇਨ੍ਹਾਂ ਦੀ ਰੀਸੋ ਰੀਸ ਪੰਜਾਬ ਦੇ ਹਿੰਦੂਆਂ ਵਿਚ ਵੀ ਜਾਗ੍ਰਿਤੀ ਆਈ ਤੇ ਉਨ੍ਹਾਂ ਦੇ ਜਤਨਾਂ ਨਾਲ ਏਥੇ ਸਨਾਤਨ ਧਰਮ ਪ੍ਰਚਾਰਕ ਸਭਾ ਤੇ ਆਰੀਆ ਸਮਾਜ ਹੋਂਦ ਵਿਚ ਆਏ। ਹਿੰਦੂ ਮੁਸਲਮਾਨਾਂ ਦੀਆਂ ਇਹ ਕੋਸ਼ਿਸ਼ਾਂ ਆਪਣੇ ਆਪ ਨੂੰ ਈਸਾਈਅਤ ਦੇ ਵਧ ਰਹੇ ਪ੍ਰਚਾਰ ਦੀ ਮਾਰ ਤੋਂ ਬਚਾਉਣ ਲਈ ਸਨ।

**ਹੋਰ ਜਨਤਕ ਲਹਿਰਾਂ ਅਤੇ ਸੰਸਥਾਵਾਂ**

ਸਿੰਘ ਸਭਾ ਲਹਿਰ, ਜਿਹੜੀ ਕਿ ਇਸ ਵਿਚਾਰ ਦਾ ਮੁੱਖ ਵਿਸ਼ਾ ਹੈ, ਇਨ੍ਹਾਂ ਹੀ ਦੇਸ਼ ਵਿਆਪੀ ਰਾਜਸੀ, ਧਾਰਮਿਕ ਤੇ ਵਿਦਿਅਕ ਲਹਿਰਾਂ ਦਾ ਜੰਮ-ਪਲ ਸੀ। ਸਿੱਖ ਇਸ ਲਹਿਰ ਨੂੰ ਚਲਾਉਣ ਲਈ ਦੋ ਕਾਰਣਾਂ ਕਰਕੇ ਮਜਬੂਰ ਹੋਏ, ਇਕ ਤਾਂ ਸੰਨ ੧੮੭੩ ਈ: ਦੇ ਸ਼ੁਰੂ ਵਿਚ ਅਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਨੇ, ਜਿਨ੍ਹਾਂ ਦੇ ਨਾਮ ਭਾਈ ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ ਸਨ, ਈਸਾਈ ਹੋਣ ਦੀ ਇੱਛਾ ਜ਼ਾਹਰ ਕੀਤੀ। ਪਤਾ ਲੱਗਣ ਤੇ ਕਈ ਸਿੱਖ ਮੁਖੀਆਂ ਨੇ, ਇਨ੍ਹਾਂ ਵਿਦਿਆਰਥੀਆਂ ਨੂੰ ਬੜੀ ਮੁਸ਼ਕਿਲ ਨਾਲ ਸਮਝਾ-ਬੁਝਾ ਕੇ ਈਸਾਈ ਬਣਨ ਤੋਂ ਰੋਕਿਆ। ਦੂਜਾ ਕਾਰਣ ਇਹ ਹੋਇਆ ਕਿ ਪੰਡਿਤ ਸ਼ਰਧਾ ਰਾਮ ਫਿਲੌਰੀ ਨੇ, ਜੋ ਕਿ ਸਰਕਾਰ ਅੰਗਰੇਜ਼ੀ ਦਾ ਨਿਮਕ ਖ਼੍ਵਾਰ ਸੀ, ਗੁਰੂ ਕੇ ਬਾਗ ਅਮ੍ਰਿਤਸਰ ਇਕ ਦਿਨ ਕਥਾ ਕਰਦਿਆਂ ਸਿੱਖਾਂ ਨੂੰ ਚਿੜਾਉਣ ਲਈ ਗੁਰੂ ਸਾਹਿਬ ਦੀ ਸ਼ਾਨ ਵਿਚ ਕੁਝ ਅਯੋਗ ਸ਼ਬਦ ਕਹੇ ਤੇ ਖ਼ਾਲਸਾ ਪੰਥ ਉਤੇ ਕਰੜੀ ਨੁਕਤਾ ਚੀਨੀ ਵੀ ਕੀਤੀ। ਸਿੱਖ ਇਸ ਗੱਲੋਂ ਬੜੇ ਜੋਸ਼ ਵਿਚ ਆਏ ਤੇ ਇਸ ਹਮਲੇ ਦਾ ਉੱਤਰ ਦੇਣ ਲਈ ਤਿਆਰ ਹੋ ਗਏ।

**ਸਿੱਖਾਂ ਦੇ ਜੋਸ਼ ਦੇ ਦੋ ਕਾਰਣ**

ਇਹੋ ਕਾਰਣ ਸਨ ਜਿਨ੍ਹਾਂ ਕਰ ਕੇ ਥੋੜੇ ਹੀ ਦਿਨਾਂ ਪਿੱਛੋਂ ੧੫ ਸਾਵਣ, ਗੁ: ਨਾ: ਸੰ: ੪੦੪ (ਮੁਤਾਬਕ ੩੦ ਜੁਲਾਈ, ਸੰਨ ੧੮੭੩) ਨੂੰ ਅਮ੍ਰਿਤਸਰ ਗੁਰੂ ਕੇ ਬਾਗ ਵਿਚ ਕੰਵਰ ਬਿਕ੍ਰਮ ਸਿੰਘ ਜੀ ਕਪੂਰਥਲਾ, ਬਾਬਾ ਖੇਮ ਸਿੰਘ ਜੀ ਬੇਦੀ, ਸਰਦਾਰ ਠਾਕੁਰ ਸਿੰਘ ਸੰਧਾਵਾਲੀਏ* ਆਦਿ ਮੁਖੀ ਸਿੰਘਾਂ ਦਾ ਇਕੱਠ ਹੋਇਆ ਤੇ ਸਿੱਖ ਪੰਥ ਨੂੰ ਈਸਾਈਆਂ ਜਾਂ ਹੋਰ ਲੋਕਾਂ ਦੇ ਅਜਿਹੇ ਅਜੋਗ ਹਮਲਿਆਂ ਤੋਂ ਬਚਾਉਣ ਲਈ ਸਰਬ ਸੰਮਤੀ ਨਾਲ ਸ੍ਰੀ ਗੁਰੂ ਸਿੰਘ ਸਭਾ ਦੀ ਬੁਨਿਆਦ ਰੱਖੀ ਗਈ। ਸ: ਠਾਕੁਰ ਸਿਘ ਜੀ ਸੰਧਾਵਾਲੀਏ ਤ੍ਰਿਸ

**ਸ੍ਰੀ ਗੁਰੂ ਸਿੰਘ ਸਭਾ ਦੀ ਕਾਇਮੀ**

*ਵਧੀਕ ਵੇਰਵੇ ਲਈ ਦੇਖੋ ਅੰਤਿਕਾ ੧, ੨ ਤੇ ੩।

Sri Satguru Jagjit Singh Ji eLibrary NamdhariElibrary@gmail.com

ਸਭਾ ਦੇ ਪ੍ਰਧਾਨ (ਜੱਥੇਦਾਰ) ਤੇ ਗਿਆਨੀ ਗਿਆਨ ਸਿੰਘ ਜੀ† ਸਕੱਤਰ ਥਾਪੇ ਗਏ । ਮੈਂਬਰਾਂ ਦੇ ਦਾਖ਼ਲੇ ਲਈ ਬਾਕਾਇਦਾ ਨਿਯਮ ਬਣਾਏ ਗਏ ਅਤੇ ਤਖ਼ਤ ਸਾਹਿਬਾਂ ਤੇ ਹੋਰ ਇਤਿਹਾਸਿਕ ਗੁਰਦੁਆਰਿਆਂ ਵਲੋਂ ਇਸ ਸਭਾ ਦੀ ਹਮਦਰਦੀ ਲਈ ਹੁਕਮਨਾਮੇ ਜਾਰੀ ਕੀਤੇ।

ਸ੍ਰੀ ਗੁਰੂ ਸਿੰਘ ਸਭਾ ਦਾ ਮਨੋਰਥ ਸਿੱਖਾਂ ਵਿਚੋਂ ਕੁਰੀਤੀਆਂ ਨੂੰ ਦੂਰ ਕਰਨਾ ਤੇ ਗੁਰ ਸਿੱਖੀ ਦੀ ਅਸਲ ਮਰਯਾਦਾ ਨੂੰ ਗੁਰੂ ਪੰਥ ਵਿਚ ਮੁੜ ਨਵੇਂ ਸਿਰਿਓਂ ਕਾਇਮ ਕਰਨਾ ਸੀ।

**ਨਿਰਮਲੇ ਤੇ ਉਦਾਸੀਆਂ ਦਾ ਦਾਖ਼ਲਾ**

ਸਿੱਖਾਂ ਨੂੰ ਉਸ ਸਮੇਂ ਇਸ ਕੰਮ ਵਿਚ ਬੜੀ ਦਿਲਚਸਪੀ ਪ੍ਰਤੀਤ ਹੋਈ, ਇਸ ਲਈ ਥੋੜੇ ਦਿਨਾਂ ਵਿਚ ਕਿਤਨੇ ਹੀ ਵੱਡੇ ਵੱਡੇ ਗੁਣੀ ਗਿਆਨੀ ਤੇ ਵਿਦਵਾਨ ਇਸ ਸਭਾ ਵਿਚ ਸ਼ਾਮਲ ਹੋ ਗਏ। ਨਿਰਮਲੇ ਤੇ ਖ਼ਾਸ ਕਰਕੇ ਉਦਾਸੀ ਸੰਤ ਵੀ, ਜੋ ਉਸ ਸਮੇਂ ਸਿੱਖਾਂ ਨਾਲੋਂ ਦੂਰ ਨਹੀਂ ਸਨ ਹੋਏ, ਪ੍ਰਚਾਰ ਦੇ ਇਸ ਕੰਮ ਵਿਚ ਬੜੇ ਉਤਸ਼ਾਹ ਨਾਲ ਹਿੱਸਾ ਲੈਣ ਲੱਗੇ।

ਏਕਣ ਇਹ ਸਭਾ ਤਾਂ ਚੱਲ ਪਈ ਤੇ ਪ੍ਰਚਾਰ ਦਾ ਤੋਰਾ ਵੀ ਤੁਰ ਪਿਆ, ਪਰ ਇਸ ਦੇ ਮੋਢੀਆਂ ਵਿਚੋਂ ਤਿਨ ਪ੍ਰਸਿੱਧ ਆਗੂ ਕੰਵਰ ਬਿਕ੍ਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿਘ ਬੇਦੀ ਤੇ ਸਰਦਾਰ ਠਾਕੁਰ ਸਿੰਘ ਸੰਧਾਵਾਲੀਏ ਆਪਸ ਵਿਚ ਇਕ ਨਹੀਂ ਸਨ । ਕਈ ਅਜਿਹੇ ਕਾਰਣ ਸਨ ਜਿਨ੍ਹਾਂ ਕਰਕੇ ਇਨ੍ਹਾਂ ਦੇ ਵਿਚਕਾਰ ਜ਼ਮੀਨ-ਅਸਮਾਨ ਦਾ ਫ਼ਰਕ ਸੀ। ਸਭ ਤੋਂ ਵਡਾ ਮੱਤਭੇਦ ਦਾ ਕਾਰਣ ਸੀ ਕਿ ਕੰਵਰ ਸਾਹਿਬ ਨਿਰੋਲ ਸੁਧਾਰਵਾਦੀ ਸਨ, ਪਰ ਬੇਦੀ ਸਾਹਿਬ ਸੁਧਾਰਵਾਦੀ ਹੋਣ ਦੇ ਨਾਲ ਹੀ ਦੇਹ ਧਾਰੀ ਗੁਰੂਵਾਦ ਥਾਪ ਕੇ

**ਮੋਢੀਆਂ ਦਾ ਮੱਤਭੇਦ**

ਆਪਣੀ ਪੂਜਾ ਕਰਾਉਣ ਦੇ ਅਭਿਲਾਖੀ ਵੀ ਸਨ । ਸਰਦਾਰ ਠਾਕੁਰ ਸਿੰਘ ਸੰਧਾਵਾਲੀਏ ਦਾ ਸੁਭਾਉ ਇਨ੍ਹਾਂ ਦੋਹਾਂ ਨਾਲੋਂ ਕੁਝ ਅੱਡਰੀ ਹੀ ਕਿਸਮ ਦਾ ਸੀ। ਉਹ ਕਈ ਵੇਰ ਉਹੋ ਪੁਰਾਣਾ ਸਿੱਖੀ ਜੋਸ਼ ਜਾਗਣ ਤੇ ਇਤਨੇ ਗਰਮ ਖ਼ਿਆਲੀਏ ਹੋ ਉਠਦੇ ਸਨ ਕਿ ਅੰਗਰੇਜ਼ੀ ਹਕੂਮਤ ਦਾ ਤਖ਼ਤਾ ਉਲਟਾਉਣ ਦੇ ਸੁਪਨੇ ਲੈਣ ਲੱਗ ਪੈਂਦੇ ਸਨ। ਬੇਸ਼ੱਕ ਕੁਝ ਹੋਰ ਸਿੱਖ ਵੀ ਉਨ੍ਹਾਂ ਦੇ ਹਮ—ਖ਼ਿਆਲੀਏ ਸਨ, ਪਰ ਸਿਖਾਂ ਦੀ ਬਹੁ-ਸੰਮਤੀ ਉਨ੍ਹਾਂ ਦੇ ਇਸ ਖ਼ਿਆਲ ਤੋਂ ਉਲਟ ਸੀ ਤੇ ਉਹ ਉਸ ਵੇਲੇ ਦੀ ਨੀਤੀ ਦੇ ਅਨੁਸਾਰ ਸਿੱਖਾਂ ਲਈ ਅਜਿਹੀਆਂ ਗੱਲਾਂ ਵਿਚ ਪੈਣਾ ਹਾਨੀ ਕਾਰਕ ਸਮਝਦੇ ਸਨ* ।

ਸਿੱਖ ਆਗੂਆਂ ਦੇ ਇਸ ਮਤਭੇਦ ਦੇ ਕਾਰਣ ਦੋ ਕੁ ਸਾਲ ਪਿੱਛੋਂ ਹੀ ਗੁਰਮਤ ਦੇ

**ਗਿਰਾਵਟ**

ਪ੍ਰਚਾਰ ਦਾ ਕੰਮ, ਜੋ ਕਿ ਬੜੇ ਉਤਸਾਹ ਤੇ ਉਮਾਹ ਨਾਲ ਚਲਾਇਆ ਗਿਆ ਸੀ, ਡਿੱਕੋ ਡੋਲੇ ਖਾਣ ਲੱਗ ਪਿਆ ਤੇ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਕੁਝ ਚਿਰ ਲਈ ਮੱਧਮ ਪੈ ਗਈ‡ ।

---

†ਇਹ ਅਮ੍ਰਿਤਸਰ ਦੇ ਇਕ ਪ੍ਰਸਿੱਧ ਵਿਦਵਾਨ ਤੇ ਕਵੀ ਸਨ ।

*ਭਾਈ ਗੁਰਮੁਖ ਸਿੰਘ ਜੀ ਪ੍ਰੋਫ਼ੈਸਰ ਓਰੀਐਂਟਲ ਕਾਲਜ ਲਾਹੌਰ ਦੀਆਂ ਚਿੱਠੀਆਂ ਦੇ ਆਧਾਰ ਤੇ । ‡ਦੇਖੋ, ਕਾਗਜ਼ਾਤ ਸ੍ਰੀ ਗੁਰੂ ਸਿੰਘ ਸਭਾ ਲਾਹੌਰ, ਸੰਨ ੧੮੮੦ ਈ: ।

Sri Satguru Jagjit Singh Ji eLibrary NamdhariElibrary@gmail.com

# ੨.

# ਭਾਈ ਗੁਰਮੁਖ ਸਿੰਘ ਪ੍ਰੋਫ਼ੈਸਰ

(੧੮੪੯-੧੮੯੮)

ਸ਼੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਦੇ ਪ੍ਰਚਾਰ ਦਾ ਕੰਮ ਆਪਸ ਦੀ ਫੁੱਟ ਦੇ ਕਾਰਣ ਬੰਦ ਹੋਣ ਕਰਕੇ ਪੂਰੇ ਤਿੰਨ ਸਾਲ ਪਿੱਛੋਂ ਇਕ ਨਵੀਂ ਤੇ ਮਨੋਹਰ ਸ਼ਖ਼ਸੀਅਤ, ਜਿਸ ਨੇ ਸਿੰਘ ਸਭਾ ਲਹਿਰ ਨੂੰ ਜਨਮ ਦਿੱਤਾ, ਪੰਥਕ ਸੇਵਾ ਦੇ ਮੈਦਾਨ ਵਿਚ ਆਈ ।

**ਜਨਮ**

ਇਸ ਵਿਅਕਤੀ ਦਾ ਨਾਮ ਭਾਈ ਗੁਰਮੁਖ ਸਿੰਘ ਸੀ । ਇਨ੍ਹਾਂ ਭਾਈ ਹੋਰਾਂ ਦਾ ਜਨਮ ਅਪ੍ਰੈਲ, ਸੰਨ ੧੮੪੯ ਈ: ਵਿਚ ਗਰੀਬ ਮਾਪਿਆਂ ਦੇ ਘਰ ਕਪੂਰਥਲੇ ਹੋਇਆ* ਸੀ । ਪਿਤਾ ਦਾ ਨਾਮ ਭਾਈ ਬਸਾਵਾ ਸਿੰਘ ਸੀ, ਜੋ ਰਾਜਾ ਨਿਹਾਲ ਸਿੰਘ ਜੀ ਕਪੂਰਥਲਾ ਦੇ ਲਾਂਗਰੀ ਸਨ । ਆਪ ਜਾਤ ਦੇ ਚੰਧੜ ਜੱਟ, ਪਿੰਡ ਚੰਧੜ, ਜ਼ਿਲਾ ਗੁੱਜਰਾਂ ਵਾਲਾ ਦੇ ਵਸਨੀਕ ਸਨ ।

ਪਿੰਡ ਦੀ ਜ਼ਮੀਨ ਥੋੜੀ ਸੀ, ਇਸ ਲਈ ਭਾਈ ਬਸਾਵਾ ਸਿੰਘ ਜੀ ਪਹਿਲੇ ਪਹਿਲ ਰੁਜ਼ਗਾਰ ਦੇ ਵਸ ਹੋ ਕੇ ਮਹਾਰਾਜਾ ਸ਼ੇਰ ਸਿੰਘ ਦੇ ਲਾਂਗਰੀਆਂ ਵਿਚ ਭਰਤੀ ਹੋ ਗਏ। ਉਸ ਸਮੇਂ ਲਾਹੌਰ ਵਿਚ ਬੜੇ ਤਜਰਬੇਕਾਰ ਖ਼ਾਨਸਾਮੇ ਮੌਜੂਦ ਸਨ, ਜਿਨ੍ਹਾਂ ਦੇ ਮਾਤਹਿਤ

**ਪਿਛਲਾ ਹਾਲ**

ਬਸਾਵਾ ਸਿੰਘ ਨੇ ਸ਼ਾਹੀ ਖਾਣੇ ਬਣਾਉਣ ਦਾ ਤਜਰਬਾ ਬੜੀ ਮਿਹਨਤ ਨਾਲ ਹਾਸਲ ਕੀਤਾ । ਪਿੱਛੋਂ ੧੫ ਸਤੰਬਰ, ਸੰਨ ੧੮੪੩ ਈ: ਨੂੰ ਜਦ ਮਹਾਰਾਜਾ ਸ਼ੇਰ ਸਿੰਘ ਦਾ ਸੰਧਾਵਾਲੀਏ ਸਰਦਾਰਾਂ ਦੇ ਹੱਥੋਂ ਕਤਲ ਹੋਇਆ ਤਾਂ ਕਮਾਂਡੈਂਟ ਗੰਡਾ ਸਿੰਘ ਦੀ ਸਹਾਇਤਾ ਨਾਲ, ਜੋ ਉਸ ਮਹਾਰਾਜੇ ਦੇ ਰਸੋਈ ਖ਼ਾਨੇ ਦਾ ਅਫ਼ਸਰ ਸੀ, ਬਸਾਵਾ ਸਿੰਘ ਦੀ ਜਾਣ-ਪਛਾਣ ਰਾਜਾ ਨਿਹਾਲ ਸਿੰਘ ਦੇ ਨਾਲ ਹੋ ਗਈ, ਤੇ ਆਪ ਇਸ ਸੀਗੇ ਨਾਲ ਕਪੂਰਥਲੇ ਪਹੁੰਚ ਗਏ। ਸੰਨ ੧੮੫੨ ਵਿਚ ਰਾਜਾ ਨਿਹਾਲ ਸਿੰਘ ਦਾ ਦੇਹਾਂਤ ਹੋਣ ਤੇ ਪਹਿਲਾਂ ਬਸਾਵਾ ਸਿੰਘ ਹੋਰੀ ਰਾਜਾ ਰਣਧੀਰ ਸਿੰਘ ਪਾਸ ਤੇ ਫੇਰ ਕੰਵਰ ਬਿਕ੍ਰਮ ਸਿੰਘ ਜੀ ਦੀ ਸੇਵਾ ਵਿਚ ਬਦਲੇ ਗਏ।

ਕੰਵਰ ਬਿਕ੍ਰਮ ਸਿੰਘ ਜੀ ਬੜੇ ਵਿਦਵਾਨ, ਕਵੀ ਤੇ ਨਾਮ-ਬਾਣੀ ਦੇ ਰਸੀਏ ਸਨ ਤੇ ਭਾਈ ਬਸਾਵਾ ਸਿੰਘ ਦੇ ਨਾਲ ਉਨ੍ਹਾਂ ਦਾ ਖ਼ਾਸ ਤੌਰ ਤੇ ਸਨੇਹ ਸੀ । ਇਸ ਲਈ ਉਨ੍ਹਾਂ ਦੇ ਪੁਤ੍ਰ ਗੁਰਮੁਖ ਸਿੰਘ ਨੂੰ ਉਨ੍ਹਾਂ ਨੇ ਬਚਪਨ ਤੋਂ ਹੀ ਪਾਲਿਆ-ਪੋਸਿਆ, ਪੜ੍ਹਾਇਆ

*ਦੇਖੋ, ਭਾਈ ਗੁਰਮੁਖ ਸਿੰਘ ਦਾ ਉਹ ਖ਼ਤ ਜੋ ਉਨ੍ਹਾਂ ਨੇ ਸੰਨ ੧੮੯੪ ਈ: ਵਿਚ ਰਾਜਾ ਜਗਤਜੀਤ ਸਿੰਘ ਜੀ ਕਪੂਰਥਲਾ ਨੂੰ ਲਿਖਿਆ ਸੀ ।

Sri Satguru Jagjit Singh Ji eLibrary NamdhariElibrary@gmail.com

ਤੇ ਪੰਥਕ ਸੇਵਾ ਦੇ ਯੋਗ ਬਣਾਇਆ। ਭਾਈ ਗੁਰਮੁਖ ਸਿੰਘ ਨੇ ਮੁੱਢਲੀ ਵਿਦਿਆ

**ਵਿਦਿਆ ਪ੍ਰਾਪਤੀ ਤੇ ਗੁਰਮਤ ਦਾ ਉਤਸਾਹ**

ਕਪੂਰਥਲੇ ਹੀ ਪ੍ਰਾਪਤ ਕੀਤੀ ਤੇ ਫੇਰ ਉਚੇਰੀ ਵਿਦਿਆ ਲਈ ਗਵਰਨਮੈਂਟ ਕਾਲਜ ਲਾਹੌਰ ਜਾ ਦਾਖ਼ਲ ਹੋਏ। ਜਿਨ੍ਹਾਂ ਦਿਨਾਂ ਵਿਚ ਅਮ੍ਰਿਤਸਰ ਸਿੰਘ ਸਭਾ ਕਾਇਮ ਹੋਈ, ਭਾਈ ਹੋਰੀ ਅਜੇ ਕਾਲਜ ਵਿਚ ਹੀ ਪੜ੍ਹਦੇ ਸਨ ਕਿ ਕੰਵਰ ਸਾਹਿਬ ਦੇ ਨਾਲ ਸਭਾ ਦੇ ਇਕੱਠਾਂ ਵਿਚ ਆਉਣ-ਜਾਣ ਹੋਣ ਕਰਕੇ ਆਪ ਨੂੰ ਗੁਰਮਤ ਦੇ ਪ੍ਰਚਾਰ ਦੀ ਚੇਟਕ ਲੱਗ ਗਈ, ਜਿਸ ਕਰਕੇ ਪੜ੍ਹਾਈ ਗ਼ਾਲਬਨ ਬੀ. ਏ. ਵਿਚ ਹੀ ਅਧਵਾਟੇ ਛੱਡੀ ਤੇ ਇਸ ਪਾਸੇ ਜੁਟ ਗਏ।

ਭਾਈ ਗੁਰਮੁਖ ਸਿੰਘ ਦੇ ਨਿੱਜੀ ਕਾਗਜ਼ਾਤ ਦੇਖਣ ਤੋਂ ਪਤਾ ਲਗਦਾ ਹੈ ਕਿ ਸ਼ੁਰੂ ਵਿਚ ਉਨ੍ਹਾਂ ਨੂੰ ਚਿਤ੍ਰਕਲਾ ਦਾ ਬੜਾ ਸ਼ੌਕ ਸੀ। ਸੰਨ ੧੮੭੩ ਵਿਚ ਜਦ ਉਹ ਅਜੇ ਪੜ੍ਹਦੇ ਹੀ ਸਨ ਤਾਂ ਮਹਿਕਮਾ ਤਾਲੀਮ ਦੇ ਕਾਇਮ ਮੁਕਾਮ ਡਾਇਰੈਕਟਰ ਮਿਸਟਰ ਸੀ. ਪਰਸਨ ਦਾ

**ਮਾਨਸਿਕ ਝੁਕਾਉ**

ਚਿਤ੍ਰ ਉਨ੍ਹਾਂ ਨੇ ਅਜਿਹਾ ਸੁੰਦਰ ਖਿੱਚਿਆ ਕਿ ਜਿਸ ਨੂੰ ਦੇਖ ਕੇ ਉਹ ਅੰਗਰੇਜ਼ ਬੜਾ ਹੀ ਖ਼ੁਸ਼ ਹੋਇਆ। ਉਸਨੇ ਭਾਈ ਗੁਰਮੁਖ ਸਿੰਘ ਨੂੰ ਇੰਜੀਨੀਅਰੀ ਦੀ ਪੜ੍ਹਾਈ ਲਈ ਰੁੜਕੀ ਭੇਜਣਾ ਪ੍ਰਵਾਨ ਕਰ ਲਿਆ, ਪਰ ਭਾਈ ਹੋਰਾਂ ਨੂੰ ਕੁਝ ਹੋਰ ਹੀ ਮਨਜ਼ੂਰ ਸੀ, ਇਸ ਲਈ ਉਹ ਰੁੜਕੀ ਨਾ ਗਏ। ਇਸ ਤਰ੍ਹਾਂ ਇਕ ਵੇਰ ਉਨ੍ਹਾਂ ਨੂੰ ਕੰਵਰ ਬਿਕ੍ਰਮ ਸਿੰਘ ਵਲੋਂ ਕਾਨੂੰਨ ਪੜ੍ਹਨ ਦੀ ਪ੍ਰੇਰਨਾ ਵੀ ਹੋਈ, ਪਰ ਉਹ ਇਸ ਪਾਸਿਓਂ ਵੀ ਕੰਡ ਭਵਾ ਗਏ। ਸੰਸਾਰਕ ਕੰਮਾਂ ਵਲੋਂ ਇਸ ਤਰ੍ਹਾਂ ਉਪਰਾਮਤਾ ਹੋਣ ਦਾ ਕਾਰਣ ਭਾਈ ਸਾਹਿਬ ਦੀਆਂ ਧਾਰਮਿਕ ਰੁਚੀਆਂ ਸਨ ਜੋ ਉਨ੍ਹਾਂਨੂੰ ਬਾਬਾ ਜੱਸਾ ਸਿੰਘ ਆਹਲੂਵਾਲੀਏਦੇ ਜੀਵਨ-ਇਤਿਹਾਸ ਵਿਚੋਂ ਪ੍ਰਾਪਤ ਹੋਈਆਂ ਸਨ।

ਸੰਨ ੧੮੭੬ ਈ: ਵਿਚ ਭਾਈ ਗੁਰਮੁਖ ਸਿੰਘ ਨੇ ਇਹ ਦੇਖ ਕੇ ਕਿ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਦੇ ਪ੍ਰਚਾਰ ਦਾ ਕੰਮ ਪਿੱਛੇ ਪੈ ਰਿਹਾ ਹੈ, ਤੇ ਗਵਾਂਢੀ ਲੋਕ ਸਿੱਖਾਂ ਦੇ

**ਅਮਲੀ ਪ੍ਰੋਗਰਾਮ**

ਮੁਕਾਬਲੇ ਤੇ ਕਾਫ਼ੀ ਅੱਗੇ ਵਧ ਗਏ ਹਨ, ਪੰਥਕ ਉੱਨਤੀ ਲਈ ਕੁਝ ਉਸਾਰੂ ਪ੍ਰੋਗਰਾਮ ਉਲੀਕਿਆ ਤੇ ਕੰਵਰ ਬਿਕ੍ਰਮ ਸਿੰਘ ਜੀ ਦੇ ਪਾਸ ਆਪਣੇ ਇਸ ਆਸ਼ੇ ਦਾ ਐਲਾਨ ਕਰ ਦਿੱਤਾ। ਇਸ ਐਲਾਨ ਦੇ ਅਨੁਸਾਰ ਭਾਈ ਸਾਹਿਬ ਦੇ ਇਹ ਆਦਰਸ਼ਕ ਵਿਚਾਰ ਸਨ:—

੧. ਪੰਜਾਬੀ ਬੋਲੀ ਵਿਚ ਕੌਮੀ ਸਾਹਿੱਤ ਪੈਦਾ ਕਰਨਾ।

੨. ਸਿੱਖਾਂ ਨੂੰ ਧਾਰਮਿਕ ਤੇ ਵਿਹਾਰਿਕ ਵਿਦਿਆ ਦੇਣ ਦਾ ਜਤਨ ਕਰਨਾ।

੩. ਅਨਮਤ ਜਾਂ ਮਨਮਤ ਵਿਚ ਘੁਲਮਿਲ ਰਹੇ ਸਿੱਖਾਂ ਨੂੰ ਇਸ ਪਾਸਿਓਂ ਰੋਕ ਕੇ ਪੱਕੇ ਸਿੱਖ ਬਣਾਉਣਾ, ਤੇ

੪. ਅੰਗਰੇਜ਼ੀ ਹਕੂਮਤ ਦੇ ਨਾਲ ਜੁੜ ਕੇ ਚੱਲਣਾ *।'

ਭਾਈ ਸਾਹਿਬ ਦੇ ਇਹ ਵਿਚਾਰ ਉਸ ਸਮੇਂ ਦੀ ਨੀਤੀ ਦੇ ਐਨ ਅਨਕੂਲ ਸਨ, ਕਿਉਂਕਿ

---

*ਸੰਨ ੧੮੯੪ ਈ: ਭਾਈ ਗੁਰਮੁਖ ਸਿੰਘ ਵਲੋਂ ਰਾਜਾ ਕਪੂਰਥਲਾ ਨੂੰ ਲਿਖੇ ਇਕ ਖ਼ਤ ਵਿਚੋਂ।

Sri Satguru Jagjit Singh Ji eLibrary NamdhariElibrary@gmail.com

ਇਨ੍ਹਾਂ ਗੱਲਾਂ ਤੋਂ ਬੇਪ੍ਰਵਾਹ ਹੋ ਕੇ ਚੱਲਣ ਨਾਲ ਸਿੱਖਾਂ ਨੂੰ ਨੁਕਸਾਨ ਹੀ ਨੁਕਸਾਨ ਸੀ ਤੇ ਲਾਭ ਕੋਈ ਨਹੀਂ ਸੀ। ਕੰਵਰ ਸਾਹਿਬ ਨੇ ਉਨ੍ਹਾਂ ਦੇ ਇਸ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਲਈ ਹਰ ਤਰ੍ਹਾਂ ਤਨ, ਮਨ ਤੇ ਧਨ ਕਰਕੇ ਸਹਾਇਤਾ ਦੇਣ ਦਾ ਭਰੋਸਾ ਦਿੱਤਾ।

ਹੁਣ ਭਾਈ ਗੁਰਮੁਖ ਸਿੰਘ ਦਾ ਪਹਿਲਾ ਕੰਮ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਨੂੰ ਮੁੜ ਨਵੇਂ ਸਿਰਿਓਂ ਸੁਰਜੀਤ ਕਰਨਾ ਸੀ। ਇਸ ਕੰਮ ਦਾ ਮੁੱਢ ਤੋਰਨ ਲਈ ਉਹ ਭਾਈ ਕਰਮ ਸਿੰਘ ਪੁਜਾਰੀ ਨੂੰ ਨਾਲ ਲੈ ਕੇ ਸਰਦਾਰ ਠਾਕੁਰ ਸਿੰਘ ਸੰਧਾਵਾਲੀਏ ਨੂੰ ਮਿਲੇ। ਸਿੰਘ ਸਭਾ ਦੀ ਉੱਨਤੀ ਦੇ ਨਾਲ ਹੀ ਬਹੁਤਾ ਜ਼ੋਰ ਉਨ੍ਹਾਂ ਨੇ ਇਸ ਗੱਲ ਤੇ ਦਿੱਤਾ ਕਿ ਅਮ੍ਰਿਤਸਰ ਵਿਚ ਸਿੱਖ ਲੜਕਿਆਂ ਲਈ ਮਿਸ਼ਨ ਸਕੂਲ ਦੇ ਮੁਕਾਬਲੇ ਤੇ ਇਕ ਵੱਖਰਾ ਮਦਰਸਾ (ਸਕੂਲ) ਜਾਰੀ ਕੀਤਾ ਜਾਵੇ ਤੇ ਦੂਜੇ ਇਹ ਵੀ ਕਿਹਾ ਕਿ ਅੰਜਮਨਿ ਪੰਜਾਬ ਦੀ, ਜੋ ਇਸ ਸਮੇਂ ਪੰਜਾਬ ਯੂਨੀਵਰਸਿਟੀ ਦੀ ਸ਼ਕਲ ਵਿਚ ਬਦਲ ਰਹੀ ਸੀ, ਹਰ ਮੁਮਕਨ ਤਰੀਕੇ ਨਾਲ ਸਹਾਇਤਾ ਕੀਤੀ ਜਾਵੇ। ਇਹ ਸਹਾਇਤਾ ਪੰਜਾਬੀ ਬੋਲੀ ਨੂੰ ਉੱਨਤੀ ਦੇਣ ਲਈ ਸੀ। ਡਾਕਟਰ ਲਾਇਟਨਰ, ਜੋ ਅੰਜਮਨਿ ਪੰਜਾਬ ਦਾ ਮੋਢੀ ਸੀ, ਇਸ ਸਮੇਂ ਭਾਈ ਗੁਰਮੁਖ ਸਿੰਘ ਦਾ ਮਿਤ੍ਰ ਬਣ ਗਿਆ। ਤੀਜੇ ਇਸ ਕੰਮ ਵਿਚ ਉਨ੍ਹਾਂ ਨਾਲ ਭਾਈ ਆਇਆ ਸਿੰਘ ਜੀ ਜੁੜ ਗਏ। ਉਪਰੋਂ ਸ: ਠਾਕੁਰ ਸਿੰਘ ਸੰਧਾਂਵਾਲੀਏ ਨੇ ਸਹਾਇਤਾ ਦਾ ਭਰੋਸਾ ਦਿੱਤਾ। ਸੰਨ ੧੮੭੬ ਵਿਚ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ ਖੁਲ੍ਹਿਆ ਤੇ ਇਸ ਤੋਂ ਅਗਲੇ ਸਾਲ ਸੰਨ ੧੮੭੭ ਵਿਚ ਇਨ੍ਹਾਂ ਤਿੰਨਾਂ ਸਜਣਾਂ ਦੇ ਜਤਨ ਨਾਲ ਓਰੀਐਂਟਲ ਕਾਲਜ ਵਿਚ ਪੰਜਾਬੀ ਬੋਲੀ ਪੜ੍ਹਾਈ ਜਾਣੀ ਮਨਜ਼ੂਰ ਹੋ ਗਈ।

**ਪਹਿਲਾ ਯਤਨ**

ਪੰਜਾਬੀ ਮਨਜ਼ੂਰ ਹੋਣ ਸਾਰ ਹੀ ਭਾਈ ਗੁਰਮੁਖ ਸਿੰਘ ਇਸੇ ਸਾਲ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ ਵਿਚ ਪ੍ਰੋਫੈਸਰ ਲੱਗ ਗਏ। ਇਸ ਮੁਲਾਜ਼ਮਤ ਵਿਚ ਹੋ ਕੇ ਉਹ ਸੰਨ ੧੮੮੫ ਤਕ ਬੀ. ਓ. ਐਲ. ਤੇ ਐਮ. ਓ. ਐਲ. ਦੇ ਵਿਦਿਆਰਥੀਆਂ ਨੂੰ ਹਿਸਾਬ, ਇਤਿਹਾਸ ਤੇ ਫ਼ਿਲਾਸਫ਼ੀ ਦੀ ਪੜ੍ਹਾਈ ਕਰਵਾਂਦੇ ਰਹੇ। ਇਸ ਸਮੇਂ ਦੇ ਦਰਮਿਆਨ ਸੰਨ ੧੮੮੧ ਵਿਚ ਪ੍ਰਾਈਵੇਟ ਤੌਰ ਤੇ ਉਨ੍ਹਾਂ ਨੇ ਹਿਸਾਬ ਦੇ ਆਨਰਜ਼ ਸਟੈਂਡਰਡ ਦਾ ਫ਼ਾਈਨਲ ਇਮਤਿਹਾਨ ਪਾਸ ਕੀਤਾ *।

**ਕਾਲਜ ਦੀ ਸਰਵਸ**

ਸੰਨ ੧੮੮੫ ਤੋਂ ਭਾਈ ਗੁਰਮੁਖ ਸਿੰਘ ਦੀ ਬਦਲੀ ਗਵਰਨਮੈਂਟ ਕਾਲਜ ਵਿਚ ਹੋ ਗਈ, ਜਿੱਥੇ ਆਪ ਜੂਨੀਅਰ ਕਲਾਸਾਂ ਨੂੰ ਹਿਸਾਬ ਤੇ ਇਤਿਹਾਸ ਪੜ੍ਹਾਉਂਦੇ ਰਹੇ। ਉਸ ਵਲੇ ਵਿਦਿਆ ਦਾ ਏਨਾ ਪ੍ਰਚਾਰ ਨਾ ਹੋਣ ਕਰਕੇ ਪੰਜਾਬੀ ਦਾ ਕੋਈ ਹੋਰ ਅਧਿਆਪਕ ਮਿਲਣਾ ਬੜਾ ਔਖਾ ਸੀ, ਇਸ ਲਈ ਸੰਨ ੧੮੮੮ ਵਿਚ ਆਪ ਫੇਰ ਓਰੀਐਂਟਲ ਕਾਲਜ ਵਿਚ ਬਦਲੇ ਗਏ। ਪੰਜਾਬੀ ਕਲਾਸਾਂ ਵਿਚ ਉਸ ਸਮੇਂ ਅਜ ਕਲ੍ਹ ਦੀ ਤਰਾਂ ਕਿੱਸੇ-ਕਹਾਣੀਆਂ ਨਹੀਂ, ਸਗੋਂ ਵੇਦਾਂਤ ਆਦਿ ਵਿਸ਼ਿਆਂ ਦੇ ਬੜੇ ਗੂੜ੍ਹ ਗ੍ਰੰਥ ਪੜ੍ਹਨੇ ਪੈਂਦੇ ਸਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਤੋਂ ਵਿਦਿਆਰਥੀਆਂ ਦਾ ਜਾਣੂ ਹੋਣਾ ਲਾਜ਼ਮੀ ਸੀ, ਇਸ ਲਈ

---

*ਭਾਈ ਗੁਰਮੁਖ ਸਿੰਘ ਦੇ ਸੰਨ ੧੮੯੪ ਦੇ ਪਤ੍ਰ ਦੇ ਆਧਾਰ ਤੇ।

Sri Satguru Jagjit Singh Ji eLibrary NamdhariElibrary@gmail.com

ਓਰੀਐਂਟਲ ਕਾਲਜ ਵਿਚ ਰੋਜ਼ ਬਾਕਾਇਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਤੇ ਗੁਰਮਤ ਫ਼ਿਲਾਸਫ਼ੀ ਉਤੇ ਲੈਕਚਰ ਦਿੱਤੇ ਜਾਂਦੇ ਸਨ* ।

**ਪੁਸਤਕ–ਰਚਨਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਹਿੰਦੁਸਤਾਨੀ ਜ਼ਬਾਨਾਂ ਦਾ ਮੇਲ ਹੋਣ ਕਰਕੇ ਕਈ ਵੇਰ ਵਿਦਿਆਰਥੀਆਂ ਨੂੰ ਬੜੀ ਮੁਸ਼ਕਿਲ ਪੇਸ਼ ਆਉਂਦੀ ਸੀ, ਇਸ ਲਈ ਭਾਈ ਗੁਰਮੁਖ ਸਿੰਘ ਨੇ ਸਰਦਾਰ ਕਾਨ੍ਹ ਸਿੰਘ ਨਾਭਾ ਦੀ ਸਲਾਹ ਨਾਲ, ਜੋ ਉਨ੍ਹਾਂ ਦਿਨਾਂ ਵਿਚ ਕੁਝ ਚਿਰ ਲਈ ਲਾਹੌਰ ਹੀ ਹੀ ਠਹਿਰੇ, ਹੋਏ ਸਨ, 'ਗੁਰਬਾਣੀ ਭਾਵਾਰਥ' ਨਾਮੀ ਇਕ ਪੁਸਤਕ ਸੌਖੀ ਪੰਜਾਬੀ ਬੋਲੀ ਵਿਚ ਲਿਖੀ, ਪਰ ਇਹ ਕਿਸੇ ਕਾਰਣ ਪ੍ਰਕਾਸ਼ਿਤ ਨਾ ਹੋ ਸਕੀ । ਇਸ ਤੋਂ ਬਿਨਾਂ ਕਈ ਹੋਰ ਪੁਸਤਕਾਂ ਵੀ ਭਾਈ ਗੁਰਮੁਖ ਸਿੰਘ ਨੇ ਲਿਖੀਆਂ, ਜਿਨ੍ਹਾਂ ਵਿਚੋਂ ਭਾਰਤ ਦਾ ਇਤਿਹਾਸ, ਗੁਰਮਤ ਜੰਤ੍ਰੀ ਆਦਿ ਮੇਰੇ ਦੇਖਣ ਵਿਚ ਆਈਆਂ ਹਨ । ਇਹ ਪੁਸਤਕ–ਰਚਨਾ ਉਸੇ ਪ੍ਰੋਗ੍ਰਾਮ ਦਾ ਨਤੀਜਾ ਸੀ, ਜੋ ਭਾਈ ਸਾਹਿਬ ਨੇ ਸੰਨ ੧੮੭੬ ਵਿਚ ਉਲੀਕਿਆ ਸੀ ।

**ਪੰਜਾਬੀ ਪਤ੍ਰਕਾਰੀ**

ਇਸ ਤੋਂ ਬਿਨਾ ਭਾਈ ਗੁਰਮੁਖ ਸਿੰਘ ਨੇ ਪੰਜਾਬੀ ਪਤ੍ਰਕਾਰੀ, ਵਿਚ ਵੀ ਪਹਿਲ ਕੀਤੀ ਤੇ 'ਗੁਰਮੁਖੀ ਅਖ਼ਬਾਰ, (੧੮੮੦), 'ਵਿਦਿਆਰਕ ਪੰਜਾਬ' (੧੮੮੦), 'ਰਸਾਲਾ ਸੁਧਾਰਾਰਕ' (੧੮੮੬) ਅਤੇ 'ਖ਼ਾਲਸਾ ਗਜ਼ਟ' (੧੮੮੬) ਪ੍ਰਕਾਸ਼ਿਤ ਕਰਨੇ ਆਰੰਭੇ । ਇਨ੍ਹਾਂ ਤੋਂ ਬਿਨਾ ਪੰਜਵਾਂ ਇਕ ਹੋਰ ਪਤ੍ਰ 'ਖ਼ਾਲਸਾ ਅਖ਼ਬਾਰ' ਸੰਨ ੧੮੮੫ ਵਿਚ ਸਿੰਘ ਸਭਾ ਲਾਹੌਰ ਵਲੋਂ ਕੱਢਿਆ । ਇਹ ਪੰਜੇ ਪਤ੍ਰ ਪੰਜਾਬੀ ਬੋਲੀ ਤੇ ਸਾਹਿੱਤ ਦੇ ਵਾਧੇ ਲਈ ਭਾਈ ਸਾਹਿਬ ਦੇ ਮੌਲਿਕ ਜਤਨਾਂ ਦੇ ਨਤੀਜੇ ਸਨ ।

ਪਾਠਕਾਂ ਦਾ ਘੇਰਾ ਤੰਗ ਹੋਣ ਕਰਕੇ ਉਸ ਸਮੇਂ ਪਤ੍ਰਾਂ ਦੀ ਇਸ਼ਾਇਤ ਬੜੀ ਘੱਟ ਸੀ । ਪੰਜਾਬ ਦੇ ਰਾਜ ਪ੍ਰਬੰਧ ਦੀ ਰਿਪੋਰਟ (੧੮੮੨) ਦੇ ਅਨੁਸਾਰ ਰੋਜ਼ਾਨਾ ਅਖ਼ਬਾਰ ਆਮ ੧੮੦੦, ਆਫ਼ਤਾਬਿ ਪੰਜਾਬ ੫੦੦, ਪੰਜਾਬੀ ਅਖ਼ਬਾਰ ੨੫੦, ਗੁਰਮੁਖੀ ਅਖ਼ਬਾਰ ੨੫੦, ਤੇ ਰਸਾਲਾ ਅੰਜਮਨਿ ਪੰਜਾਬ ੪੨੫ ਛਪਦਾ ਸੀ ।

**ਗ੍ਰਿਹਸਥੀ ਜੀਵਨ**

ਸੰਨ ੧੮੮੦ ਤੋਂ ੧੮੮੮ ਦੇ ਦਰਮਿਆਨੀ ਸਮੇਂ ਵਿਚ ਭਾਈ ਗੁਰਮੁਖ ਸਿੰਘ ਦੀਆਂ ਦੋ ਸ਼ਾਦੀਆਂ ਹੋਈਆਂ । ਪਹਿਲੀ ਸ਼ਾਦੀ ਸਿੰਘ ਸਭਾ ਦੇ ਨਿਯਮਾਂ ਦੇ ਮੁਤਾਬਿਕ ਜ਼ਾਤ ਪਾਤ ਦੇ ਖ਼ਿਆਲ ਨੂੰ ਇਕ ਪਾਸੇ ਰੱਖ ਕੇ ਪਿੰਡ ਦੌਦ ਪੁਰ ਵਿਚ ਤ੍ਰਖਾਣ ਸਿੰਘਾਂ ਦੇ ਘਰ ਹੋਈ । ਥੋੜਾ ਚਿਰ ਪਿੱਛੋਂ ਹੀ ਅਚਾਣਕ ਉਸ ਸੁਪਤਨੀ ਦਾ ਸੁਰਗਵਾਸ ਹੋਣ ਤੇ ਦੂਜੀ ਸ਼ਾਦੀ ਆਪ ਨੇ ਪਿੰਡ ਜੰਡੂ ਕੇ ਮੁਤਸਿਲ ਮਾਈਸਰਖ਼ਾਨਾ (ਬਠਿੰਡੇ ਦੇ ਨੇੜੇ) ਕੀਤੀ† । ਆਪ ਦੀ ਇਸ ਸੁਪਤਨੀ ਦਾ ਨਾਮ ਪਰਮੇਸ਼ਰੀ ਦੇਵੀ ਸੀ । ਘਰ ਵਿਚ ਕੋਈ ਸੰਤਾਨ ਨਾ ਹੋਣ ਕਰ ਕੇ ਆਪ ਦਾ ਗ੍ਰਿਹਸਥੀ ਜੀਵਨ ਅੰਤਲੇ ਸਮੇਂ (ਸੰਨ ੧੮੯੮) ਤਕ ਦੁਖਦਾਈ‡ ਹਾਲਤ ਵਿਚ ਹੀ ਗੁਜ਼ਰਿਆ ।

*ਗੁਰਮੁਖੀ ਅਖ਼ਬਾਰ (ਲਾਹੌਰ), ੧੭ ਪੋਹ ਸੰ: ੧੯੩੭ ਬਿ: ।

†ਸ੍ਰਦਾਰ ਅਤਰਸਿੰਘ ਰਈਸ ਭਦੌੜ(ਪਟਿਆਲਾ)ਦੀ ਸੰਨ ੧੮੮੮ ਦੀ ਡਾਇਰੀ ਦੇ ਆਧਾਰ ਤੇ ।

‡ਕਾਗਜ਼ਾਤ ਸ੍ਰੀ ਗੁਰੂ ਸਿੰਘ ਸਭਾ ਲਾਹੌਰ ।

Sri Satguru Jagjit Singh Ji eLibrary NamdhariElibrary@gmail.com

# ਸਿੰਘ ਸਭਾ ਦੇ ਮੋਢੀ



ਸਰਦਾਰ ਠਾਕੁਰ ਸਿੰਘ ਸੰਧਾਵਾਲੀਏ



ਕੰਵਰ ਬਿਕ੍ਰਮ ਸਿੰਘ, ਕਪੂਰਥਲਾ



ਬਾਬਾ ਖੇਮ ਸਿੰਘ ਜੀ ਬੇਦੀ

Sri Satguru Jagjit Singh Ji eLibrary NamdhariElibrary@gmail.com


## ਸਿੰਘ ਸਭਾ ਲਹਿਰ ਦੇ ਮੋਢੀ ਤੇ ਸੰਚਾਲਕ



ਭਾਈ ਗੁਰਮੁਖ ਸਿੰਘ ਪ੍ਰੋਫ਼ੈਸਰ




ਗਿਆਨੀ ਦਿੱਤ ਸਿੰਘ



ਸ: ਜਵਾਹਰ ਸਿੰਘ ਕਪੂਰ

Sri Satguru Jagjit Singh Ji eLibrary NamdhariElibrary@gmail.com

## ਵਿਦਿਅਕ ਲਹਿਰ ਦੇ ਆਗੂ



ਸ: ਸੁੰਦਰ ਸਿੰਘ, ਮਜੀਠੀਆ



ਮਹਾਰਾਜਾ ਹੀਰਾ ਸਿੰਘ, ਟਿੱਕਾ ਰਿਪੁਦਮਨ ਸਿੰਘ ਨਾਭਾ ਤੇ ਭਾਈ ਕਾਨ੍ਹ ਸਿੰਘ ਨਾਭਾ

Sri Satguru Jagjit Singh Ji eLibrary NamdhariElibrary@gmail.com

## ਕਵੀ ਲੇਖਕ ਤੇ ਇਤਿਹਾਸਕਾਰ



ਗਿਆਨੀ ਗਿਆਨ ਸਿੰਘ



ਸੁਮੇਰ ਸਿੰਘ, ਮਹੰਤ, ਪਟਨਾ ਸਾਹਿਬ (ਬਿਹਾਰ)



ਪੰਡਿਤ ਤਾਰਾ ਸਿੰਘ ਨਰੋਤਮ

Sri Satguru Jagjit Singh Ji eLibrary NamdhariElibrary@gmail.com

# ੩.

# ਸਿੰਘ ਸਭਾ ਤੇ ਵਿਦਿਅਕ ਲਹਿਰ

(੧੮੭੯ – ੧੮੮੪)

ਓਰੀਐਂਟਲ ਕਾਲਜ (ਲਾਹੌਰ) ਰਾਹੀਂ ਪੰਜਾਬੀ ਪ੍ਰਚਾਰ ਦਾ ਮੁੱਢ ਬੰਨ੍ਹਣ ਦੇ ਨਾਲ ਹੀ ਭਾਈ ਗੁਰਮੁਖ ਸਿੰਘ ਦਾ ਦੂਜਾ ਵੱਡਾ ਕੰਮ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਨੂੰ ਮੁੜ ਸੁਰਜੀਤ ਕਰਨਾ ਸੀ। ਸੋ ਇਸ ਕੰਮ ਲਈ ਉਨ੍ਹਾਂ ਨੇ ਦੋ ਪੁਰਾਣੇ ਆਗੂਆਂ ਨੂੰ ਆਪਸ ਵਿਚ ਮਿਲਾਇਆ—ਇਕ ਸ: ਠਾਕੁਰ ਸਿੰਘ ਸੰਧਾਵਾਲੀਏ ਤੇ ਦੂਜੇ ਕੰਵਰ ਬਿਕ੍ਰਮ ਸਿੰਘ ਜੀ ਨੂੰ। ਇਨ੍ਹਾਂ ਦੀ ਮਿਲਵਰਤਣ ਨਾਲ ਫੇਰ ਉਹੋ ਪੰਥਕ ਇਕੱਠ ਹੋਣੇ ਸ਼ੁਰੂ ਹੋ ਗਏ ਤੇ ਇਸ ਤਰ੍ਹਾਂ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਵਿਚ ਨਵੀਂ ਜਾਗ੍ਰਿਤ ਆ ਗਈ।

**ਸਿੰਘ ਸਭਾ ਅਮ੍ਰਿਤਸਰ ਦੀ ਜਾਗ੍ਰਿਤ**

ਸ੍ਰੀ ਗੁਰੂ ਸਿੰਘ ਸਭਾ ਦਾ ਦਫ਼ਤਰ ਚੂੰਕਿ ਅਮ੍ਰਿਤਸਰ ਸੀ, ਪਰ ਗੁਰਸਿੱਖੀ ਦੇ ਪ੍ਰਚਾਰ ਦੀ ਬਹੁਤੀ ਲੋੜ ਇਸ ਸਮੇਂ ਲਾਹੌਰ ਵਿਚ ਸੀ, ਇਸ ਲਈ ਸੰਨ ੧੮੭੮ ਵਿਚ ਲਾਹੌਰ ਦੇ ਲੋਕਾਂ ਵਾਸਤੇ ਇਕ ਨਵੀਂ ਸਿੰਘ ਸਭਾ ਬਣਾਣ ਦੀ ਲੋੜ ਪ੍ਰਤੀਤ ਹੋਈ। ਇਸ ਤਜਵੀਜ਼ ਨੂੰ ਸਿਰੇ ਚਾੜ੍ਹਨ ਲਈ ਭਾਈ ਹਰਸਾ ਸਿੰਘ ਤਰਨ ਤਾਰਨ ਵਾਲਿਆਂ ਨੇ, ਜੋ ਪਹਿਲਾਂ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਗ੍ਰੰਥੀ ਸਨ ਤੇ ਪਿੱਛੋਂ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ ਵਿਚ ਪੰਜਾਬੀ ਦੇ ਸਹਾਇਕ ਅਧਿਆਪਕ ਲੱਗ ਗਏ ਸਨ, ਬੜੀ ਗਰਮ ਜੋਸ਼ੀ ਨਾਲ ਹਿੱਸਾ ਲਿਆ। ਭਾਈ ਗੁਰਮੁਖ ਸਿੰਘ ਜੀ ਇਸ ਕੰਮ ਵਿਚ ਮੁਹਰੈਲੀ ਸਨ। ੧੨ ਨਵੰਬਰ, ਸੰਨ ੧੮੭੯ ਈ: ਨੂੰ ਲਾਹੌਰ ਦੇ ਕੁਝ ਚੋਣਵੇਂ ਸਿੱਖਾਂ ਦੀ ਇਕ ਇਕਤ੍ਰਤਾ ਗੁਰਦੁਆਰਾ ਜਨਮ-ਸਥਾਨ ਦੇ ਮੁਕਾਮ ਤੇ ਹੋਈ ਤੇ ਸਰਬ ਸੰਮਤੀ ਨਾਲ ਗੁਰਮਤਾ ਕਰ ਕੇ ਸ੍ਰੀ ਗੁਰੂ ਸਿੰਘ ਸਭਾ ਲਹੌਰ ਦਾ ਮੁੱਢ ਬੰਨ੍ਹਿਆ ਗਿਆ*।

**ਲਾਹੌਰ ਵਿਚ ਨਵੀਂ ਸਿੰਘ ਸਭਾ**

ਇਸ ਸਮੇਂ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਵੀ ਸਰਦਾਰ ਠਾਕੁਰ ਸਿੰਘ ਸੰਧਾ-ਵਾਲੀਏ ਦੀ ਅਗਵਾਈ ਹੇਠ ਚਮਕ ਰਹੀ ਸੀ। ਹੁਣ ਲੋੜ ਇਸ ਪ੍ਰਚਾਰ ਦੇ ਕੰਮ ਨੂੰ ਹੋਰ ਪੱਕੇ ਪੈਰਾਂ ਤੇ ਕਰਨ ਦੀ ਸੀ। ਸਿੰਘ ਸਭਾ ਲਾਹੌਰ ਵਿਚ ਪਹਿਲਾਂ ੨੬ ਤੇ ਫੇਰ ਕਾਫ਼ੀ ਗਿਣਤੀ ਵਿਚ ਹੋਰ ਪਤਿਵੰਤੇ ਸਿੱਖ ਸ਼ਾਮਲ ਹੋਏ ਤੇ ਕਈ ਸਰਕਾਰੀ ਆਦਮੀ ਵੀ, ਜਿਨ੍ਹਾਂ ਵਿਚੋਂ ਰਾਇ ਮੂਲ ਸਿੰਘ ਜੀ ਮੁੱਖ ਸਨ, ਇਸ ਸਭਾ ਵਿਚ ਮੈਂਬਰ ਲਏ

*ਦੇਖੋ, ਰਪੋਰਟ ਸ੍ਰੀ ਗੁਰੂ ਸਿੰਘ ਸਭਾ, ਲਾਹੌਰ (ਸੰਨ ੧੮੮੦), ਸਫ਼ਾ ੧੨।

Sri Satguru Jagjit Singh Ji eLibrary NamdhariElibrary@gmail.com

**ਸਰਕਾਰ ਦੀ ਸਰਪ੍ਰਸਤੀ ਵਿਚ**

ਗਏ । ਇਹ ਰਾਇ ਮੂਲ ਸਿੰਘ ਜੀ ਉਹੋ ਸਨ, ਜੋ ਰਾਜਾ ਤੇਜ ਸਿੰਘ ਦੇ ਏਜੰਟ ਬਣ ਕੇ ਸੰਨ ੧੮੪੭-੪੯ ਵਿਚ ਸਿੱਖ ਰਾਜ ਤੋਂ ਵਿਰੁੱਧ ਅੰਗ੍ਰੇਜ਼ੀ ਹਕੂਮਤ ਦਾ ਸਾਥ ਦਿੰਦੇ ਰਹੇ ਸਨ ਤੇ ਐਚ. ਐਮ. ਲਾਰੰਸ ਤੋਂ ਇਨ੍ਹਾਂ ਨੇ ਇਸ ਸੰਬੰਧੀ ਇਕ ਪ੍ਰਸ਼ੰਸਾ ਪਤ੍ਰ ਵੀ ਲਿਆ ਸੀ† । ਇਸ ਸਮੇਂ ਇਹ ਰਾਇ ਹੋਰੀ ਲਾਟ ਸਾਹਿਬ ਦੇ ਦਰਬਾਰੀ ਸਨ । ਭਾਵੇਂ ਅਜਿਹੇ ਲੋਕਾਂ ਨੂੰ ਸਿੰਘ ਸਭਾ ਵਿਚ ਸ਼ਾਮਲ ਕਰਨਾ ਗੁਨਾਹ ਸੀ, ਪਰ ਸਮੇਂ ਦੀ ਮੰਗ ਸੀ ਕਿ ਸਰਕਾਰ ਦੀ ਮਿਲਵਰਤਣ ਨਾਲ ਅੱਗੇ ਵਧੋ, ਨਹੀਂ ਤਾਂ ਨੁਕਸਾਨ ਹੀ ਨੁਕਸਾਨ ਹੈ, ਇਸ ਲਈ ਸਿੰਘ ਸਭਾ ਦੇ ਮੋਢੀਆਂ ਨੂੰ ਇਸ ਪਾਸੇ ਝੁਕਣਾ ਹੀ ਪਿਆ ।

ਇਸ ਤੋਂ ਪਿੱਛੋਂ ਸਿੱਖਾਂ ਵਲੋਂ ਦਰਖ਼ਾਸਤ ਕਰਨ ਤੇ ਪਹਿਲਾਂ ਸਰ ਰਾਬਰਟ ਈਜ਼ਰਟਨ ਲਾਟ ਸਾਹਿਬ ਪੰਜਾਬ ਤੇ ਫੇਰ ਸਰ ਚਾਰਲਸ ਐਚੀਸਨ ਸ੍ਰੀ ਗੁਰੂ ਸਿੰਘ ਸਭਾ ਦੇ ਸਰਪ੍ਰਸਤ ਬਣੇ । ਇਨ੍ਹਾਂ ਤੋਂ ਇਲਾਵਾ ਕਈ ਹੋਰ ਚੋਣਵੇਂ ਅੰਗਰੇਜ਼ ਅਫ਼ਸਰਾਂ ਨੇ ਵੀ ਸਿੰਘ ਸਭਾ ਦੀ ਵਿਦਿਅਕ ਬ੍ਰਾਂਚ ਦੇ ਮੈਂਬਰੀ ਫ਼ਾਰਮ ਭਰੇ ।

ਭਾਈ ਗੁਰਮੁਖ ਸਿੰਘ ਤੇ ਹਰਸਾ ਸਿੰਘ ਦੇ ਮਿਲਵੇਂ ਜਤਨ ਨਾਲ ਸਿੰਘ ਸਭਾ ਲਾਹੌਰ ਨੇ ਬੜੀ ਤਰੱਕੀ ਕੀਤੀ ਤੇ ਥੋੜਾ ਚਿਰ ਵਿਚ ਹੀ ਇਸ ਦੇ ਮੈਂਬਰਾਂ ਦੀ ਗਿਣਤੀ ੨੯੮ ਤਕ ਜਾ ਪਹੁੰਚੀ । ਫੇਰ ਇਸ ਪ੍ਰਚਾਰ ਨੂੰ ਸਥਾਈ ਰੂਪ ਦੇਣ ਲਈ ਭਾਈ ਗੁਰਮੁਖ ਸਿੰਘ ਨੇ ਨਵੰਬਰ ਸੰਨ ੧੮੮੦ ਵਿਚ ਲਾਹੌਰ ਤੋਂ ਸਪਤਾਹਕ 'ਗੁਰਮੁਖੀ ਅਖ਼ਬਾਰ', ਜੋ ਠੇਠ ਪੰਜਾਬੀ ਵਿਚ ਆਪਣੀ ਕਿਸਮ ਦਾ ਪਹਿਲਾ ਪਤ੍ਰ ਸੀ, ਆਰੰਭ ਕੀਤਾ ।

**ਪੰਜਾਬੀ ਦਾ ਪਹਿਲਾ ਪਤ੍ਰ**

ਇਸ ਦੇ ਮਾਲਿਕ ਤੇ ਸੰਪਾਦਕ ਉਹ ਆਪ ਹੀ ਸਨ । ਇਹ ਪਤ੍ਰ ਦਿਲ-ਲੀ ਪੰਚ ਪ੍ਰੈਸ(ਲਾਹੌਰ) ਵਿਚੋਂ ਪੱਥਰ ਦੇ ਛਾਪੇ ਤੇ ਛਪ ਕੇ ਪ੍ਰਕਾਸ਼ਿਤ ਹੁੰਦਾ ਸੀ ਤੇ ਸਾਲਾਨਾ ਚੰਦਾ ਸੱਤ ਰੁਪਏ ਸੀ ।

'ਗੁਰਮੁਖੀ ਅਖ਼ਬਾਰ' ਰਾਹੀਂ ਸਿੱਖ ਧਰਮ ਦਾ ਸੰਦੇਸ਼ ਖ਼ਾਸ ਕਰ ਪੰਜਾਬ ਦੇ ਹਰੇਕ ਕੋਨੇ ਵਿਚ ਪਹੁੰਚਣ ਲੱਗ ਪਿਆ,ਜਿਸ ਕਰਕੇ ਲੋਕ-ਰੁਚੀ ਸਿੰਘ ਸਭਾ ਦੇ ਪ੍ਰਚਾਰ ਵਲ ਹੋਈ । ਭਾਈ ਗੁਰਮੁਖ ਸਿੰਘ ਨੇ ਇਸ ਸਮੇਂ ਸਾਰੇ ਪੰਜਾਬ ਦਾ ਦੌਰਾ ਕੀਤਾ ਤੇ ਥਾਉਂ ਥਾਈਂ ਲੈਕਚਰ ਦਿੱਤੇ, ਜਿਸ ਕਰ ਕੇ ਹਰੇਕ ਸ਼ਹਿਰ ਜਾਂ ਕਸਬੇ ਵਿਚ, ਜਿੱਥੇ ਸਿੱਖਾਂ ਦੀ ਬਹੁ ਗਿਣਤੀ ਸੀ, ਸਿੰਘ ਸਭਾਵਾਂ ਬਣਨੀਆਂ ਸ਼ੁਰੂ ਹੋਈਆਂ । ਅਜਿਹੀਆਂ ਸਿੰਘ ਸਭਾਵਾਂ ਵਿਚੋਂ,ਜੋ ਇਸ ਸਮੇਂ ਕਾਇਮ ਹੋਈਆਂ, ਗੁੱਜਰਾਂ ਵਾਲਾ, ਵਜ਼ੀਰਾਬਾਦ, ਸਿਆਲ ਕੋਟ, ਗੁਰਦਾਸਪੁਰ, ਫ਼ੀਰੋਜ਼ਪੁਰ, ਕਪੂਰਥਲਾ, ਲੁਦਿਹਾਣਾ, ਅੰਬਾਲਾ, ਮੋਦੇ, ਪਟਿਆਲਾ, ਨਾਭਾ, ਸੰਗਰੂਰ ਆਦਿ ਥਾਵਾਂ ਦੀਆਂ ਸਭਾਵਾਂ ਪ੍ਰਸਿੱਧ ਸਨ । ਇਹ ਸਭਾਵਾਂ ਬਣਨ ਸਾਰ ਨਾਲੋ ਨਾਲ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਨਾਲ ਸੰਬੰਧਿਤ ਹੁੰਦੀਆਂ ਗਈਆਂ । ਇਸ ਤਰ੍ਹਾਂ ਪੰਜਾਬ ਵਿਚ ਬਹੁਤੀਆਂ ਸਿੰਘ ਸਭਾਵਾਂ ਬਣਨ ਤੇ

**ਸਿੰਘ ਸਭਾ ਲਹਿਰ**

---

†ਦੇਖੋ. ਕਾਗਜ਼ਾਤ ਪੰਜਾਬ ਸਰਕਾਰ, ੨੨ ਅਕਤੂਬਰ ੧੮੫੯, ਨੰ: ੫੭-੬੦ ।

Sri Satguru Jagjit Singh Ji eLibrary NamdhariElibrary@gmail.com

ਸਿੰਘ ਸਭਾ ਲਹਿਰ ਸ਼ੁਰੂ ਹੋਈ।

ਸਿੰਘ ਸਭਾ ਲਾਹੌਰ ਦੇ ਇਕੱਠ ਇਸ ਸਮੇਂ ਹਰੇਕ ਐਤਵਾਰ ਨੂੰ ਗੁਰਦ੍ਵਾਰਾ ਜਨਮ-ਸਥਾਨ ਸ੍ਰੀ ਗੁਰੂ ਰਾਮ ਦਾਸ ਜੀ ਵਿਚ ਹੋਇਆ ਕਰਦੇ ਸਨ। ਆਸ਼ੇ ਤੇ ਨਿਯਮ ਉਹੋ ਸਨ ਜੋ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਦੇ, ਪਰ ਜਦ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕੁਝ ਉੱਨਤ ਹੋਈ ਤਾਂ ਪ੍ਰਚਾਰ ਦੇ ਉਦੇਸ਼ ਨੂੰ ਮੁਖ ਰੱਖ ਕੇ ਕੁਝ ਵਿਸ਼ੇਸ਼ ਨਿਯਮ ਰੱਖਣੇ ਜ਼ਰੂਰੀ ਸਮਝੇ ਗਏ। ਉਹ ਨਿਯਮ ਇਹ ਸਨ :—

(੧) ਸਿੱਖ ਧਰਮ ਦੇ ਨਿਯਮਾਂ ਨੂੰ ਪ੍ਰਗਟ ਕਰਨਾ ਤੇ ਥਾਂ ਪਰ ਥਾਂ ਇਸ ਸ੍ਰਸ਼ਟ ਧਰਮ ਦੀ ਚਰਚਾ ਕਰਨੀ।

(੨) ਜਿਨ੍ਹਾਂ ਪੋਥੀਆਂ-ਕਿਤਾਬਾਂ ਵਿਚ ਇਸ ਧਰਮ ਦੀ ਵਡਿਆਈ ਤੇ ਭਲਾਈ ਪਾਈ ਜਾਂਦੀ ਹੈ ਉਨ੍ਹਾਂ ਨੂੰ ਛਪਵਾਇ ਕੇ ਪ੍ਰਗਟ ਕਰਨਾ।

(੩) ਸੰਪ੍ਰਦਾਈ ਬਾਣੀ ਨੂੰ ਪ੍ਰਗਟ ਕਰਨਾ ਅਤੇ ਉਨ੍ਹਾਂ ਤਾਰੀਖ਼ਾਂ ਤੇ ਮਜ਼ਹਬੀ ਪੋਥੀਆਂ ਨੂੰ, ਜੈਸੇ ਜਨਮ ਸਾਖੀ ਅਤੇ ਗੁਰ ਪ੍ਰਣਾਲੀ ਆਦਿ, ਜਿਨ੍ਹਾਂ ਵਿਚ ਕਿਸੀ ਤਰਾਂ ਦਾ ਕੁਝ ਸੰਸਾ ਹੈ...ਅਸਲੋਂ ਕਢਾਇ ਕੇ ਅੱਗਾ-ਪਿੱਛਾ ਦੇਖ ਕੇ ਸ਼ੁੱਧ ਕਰਣਾ।

**ਸਿੰਘ ਸਭਾ ਦੇ ਦੇ ਨਿਯਮ**

(੪) ਪੰਜਾਬੀ ਜ਼ਬਾਨ ਦ੍ਵਾਰਾ ਇਲਮ ਮੁਰੱਵਜੇ ਦੀ ਉੱਨਤੀ ਕਰਨੀ ਅਤੇ ਇਸ ਅਭਿਪ੍ਰਾਯ ਨਾਲ ਰਸਾਲੇ ਤੇ ਅਖ਼ਬਾਰਾਂ ਨਿਕਾਲਣੀਆਂ।

(੫) ਜੋ ਲੋਕ ਸਿੱਖ ਧਰਮ ਦੇ ਵਿਰੋਧੀ ਹਨ, ਅਥਵਾ ਜਿਨ੍ਹਾਂ ਇਸ ਦੇ ਵਿਰੁੱਧ ਕਿਹਾ ਅਥਵਾ ਸੁਣਿਆ ਹੈ, ਅਥਵਾ ਜੋ ਸਿੱਖ ਲੋਕ ਤਖ਼ਤਾਂ ਤੋਂ ਖ਼ਾਰਿਜ ਹੈਨ, ਅਥਵਾ ਜੇੜ੍ਹੇ ਆਪਣਾ ਧਰਮ ਛੱਡ ਕੇ ਦੂਸਰੇ ਧਰਮ ਤੇ ਸਮਾਜ ਵਿਚ ਜਾ ਰਲੇ ਹੋਣ, ਅਥਵਾ ਜਿਨ੍ਹਾਂ ਨੇ ਕੇਸਾਂ ਦੀ ਬੇਅਦਬੀ ਕੀਤੀ ਹੋਵੇ, ਅਥਵਾ ਜੋ ਸਰਕਾਰ ਦੇ ਨਜ਼ਦੀਕ ਮੁਫ਼ਸਦ ਗਿਣੇ ਗਏ ਹੋਣ, ਅਥਵਾ ਜੋ ਸੁਲਾਹ ਮਿੱਲਤ ਤੇ ਭਲਾਈ ਕੌਮ ਦੇ ਵਿਰੋਧੀ ਹੋਣ, ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ, ਮਗਰ ਜਦ ਇਨ੍ਹਾਂ ਵਿਚੋਂ ਕੋਈ ਪਿਛਲੀ ਕੀਤੀ ਤੋਂ ਤਨਖ਼ਾਹ ਲੁਆਵੇ ਤੇ ਅੱਗੋਂ ਵਾਸਤੇ ਸਭਾ ਦੀ ਰਾਇ ਹੋ ਜਾਵੇ ਤਾਂ ਮਿਲ ਸਕਦੇ ਹਨ।......

(੭) ਵੱਡੇ ਮਰਤਬੇ ਵਾਲੇ ਅੰਗ੍ਰੇਜ਼ ਬਹਾਦੁਰ ਵਿਦਯਾ ਸ਼ਾਖ਼ ਦੇ ਮੈਂਬਰ ਬਣ ਸਕਦੇ ਹਨ। ਹੋਰ ਪੰਥਾਂ ਦੇ ਲੋਕ ਵੀ ਇਸ ਸਭਾ ਦੇ ਮੈਂਬਰ ਬਣ ਸਕਦੇ ਹਨ, ਜਦ ਪੱਕੀ ਤਰ੍ਹਾਂ ਮਾਲੂਮ ਹੋ ਜਾਣ ਜੋ ਉਹ ਸਿੱਖੀ ਧਰਮ ਤੇ ਪੰਜਾਬੀ ਜ਼ਬਾਨ ਦੇ ਖ਼ੈਰ ਖ਼੍ਵਾਹ ਹਨ।

(੮) ਕਿਸੀ ਦੂਸਰੇ ਮਤ ਦੇ ਵਿਰੁੱਧ ਕਹਿਣਾ-ਸੁਣਨਾ ਅਥਵਾ ਲਿਖਣਾ ਸ੍ਰੀ ਗੁਰੂ ਸਿੰਘ ਸਭਾ ਦਾ ਕੰਮ ਨਹੀਂ।

(੯) ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਗੱਲ ਸਰਕਾਰ ਦੇ ਤੱਲਕ ਨਹੀਂ ਕੀਤੀ ਜਾਵੇਗੀ।

(੧੦) ਖ਼ੈਰ ਖ਼੍ਵਾਹੀ ਕੌਮ, ਫ਼ਰਮਾਂਬਰਦਾਰੀ ਸਰਕਾਰੀ, ਸਿੱਖ ਧਰਮ ਨਾਲ ਪਿਆਰ ਅਤੇ ਉੱਨਤੀ ਕਰਨਾ, ਵਿਦਯਾ ਦਾ ਪੰਜਾਬੀ ਜ਼ਬਾਨ ਦੁਆਰਾ ਅਤੇ ਮਸਲਹਤ ਉਮਦੀ

Sri Satguru Jagjit Singh Ji eLibrary NamdhariElibrary@gmail.com

ਹਰ ਬਾਤ ਵਿਚ ਲਿਹਾਜ਼ ਕੀਤਾ ਜਾਵੇਗਾ* ।'

ਇਹ ਨਿਯਮਾਵਲੀ ਸਿੰਘ ਸਭਾ ਲਹਿਰ ਦੇ ਅੰਤ ਤਕ ਚਲਦੀ ਰਹੀ ।

ਸਿੰਘ ਸਭਾ ਦੇ ਪ੍ਰਚਾਰ ਨੂੰ ਪੱਕੇ ਪੈਰਾਂ ਤੇ ਕਰਨ ਸਾਰ ਇਸ ਦੇ ਮੋਢੀਆਂ ਦਾ ਧਿਆਨ, ਜਿਵੇਂ ਕਿ ਪਹਿਲਾਂ ਹੀ ਵਿਚਾਰ ਸੀ, ਸਿੱਖਾਂ ਦੀ ਵਿਦਿਅਕ ਉੱਨਤੀ ਵਲ ਗਿਆ ।

**ਸਿੱਖ ਵਿਦਿਅਕ ਲਹਿਰ ਦਾ ਮੁੱਢ**

ਇਸ ਸਮੇਂ ਪੰਜਾਬ ਵਿਚ ਸਿੱਖਾਂ ਦਾ ਕੋਈ ਸਕੂਲ ਤੇ ਕਾਲਜ ਨਹੀਂ ਸੀ। ਹਿੰਦੂ ਤੇ ਮੁਸਲਮਾਨ ਇਸ ਪਾਸੇ ਜ਼ੋਰ ਲਾ ਕੇ ਚੰਗੀ ਕਾਮਿਆਬੀ ਹਾਸਲ ਕਰ ਚੁੱਕੇ ਸਨ । ਭਾਈ ਗੁਰਮੁਖ ਸਿੰਘ ਨੇ ਆਪਣੇ 'ਗੁਰਮੁਖੀ ਅਖ਼ਬਾਰ' ਵਿਚ ਇਸ ਸੰਬੰਧੀ ਇਕ ਦੋ ਚੰਗੇ ਲੇਖ ਲਿਖੇ ਤੇ ਜ਼ੋਰ ਦਿੱਤਾ ਕਿ ਸਿੱਖ ਵਿਦਿਆਰਥੀਆਂ ਲਈ ਸਕੂਲ ਖੋਲ੍ਹੇ ਜਾਣ ਤੇ ਸਿੱਖਾਂ ਦਾ ਇਕ ਕਾਲਜ ਵੀ ਬਣਾਇਆ ਜਾਵੇ ।

ਇਹ ਸਲਾਹਾਂ ਅਜੇ ਹੋ ਹੀ ਰਹੀਆਂ ਸਨ ਕਿ ਸੱਤ ਸਭਾ ਲਾਹੌਰ ਦੇ ਪ੍ਰਧਾਨ ਭਾਈ ਬਿਹਾਰੀ ਲਾਲ ਪੁਰੀ, ਜੋ ਪੰਜਾਬੀ ਬੋਲੀ ਦੇ ਬੜੇ ਸੁਚੱਜੇ ਲਿਖਾਰੀ ਸਨ, ਸਿੰਘ ਸਭਾ ਦੀ ਵਿਦਿਅਕ ਸ਼ਾਖ ਦੇ ਮੈਂਬਰ ਬਣ ਗਏ। ਉਨ੍ਹਾਂ ਦੇ ਸਹਿਯੋਗ

**ਪੰਜਾਬੀ ਸਕੂਲ**

ਨਾਲ ਅਚਾਣਕ ਸਿੰਘ ਸਭਾ ਤੇ ਸੱਤ ਸਭਾ ਦੇ ਆਸ਼ੇ ਚੂੰਕਿ ਇਕ ਹੋ ਗਏ, ਇਸ ਲਈ ਲਾਹੌਰ ਵਿਚ ਇਕ ਪੰਜਾਬੀ ਸਕੂਲ ਖੋਲ੍ਹਿਆ ਗਿਆ, ਜਿੱਥੇ ਬੱਚਿਆਂ ਨੂੰ ਪੰਜਾਬੀ ਬੋਲੀ ਦੀ ਸਿੱਖਿਆ ਗੁਰਮੁਖੀ ਅੱਖਰਾਂ ਵਿਚ ਦਿੱਤੀ ਜਾਣ ਲੱਗੀ† ।

ਇਸ ਤੋਂ ਲਗਭਗ ਡੇਢ ਕੁ ਸਾਲ ਪਿਛੋਂ ਫਰਵਰੀ ਸੰਨ ੧੮੮੨ ਵਿਚ ਇਸ ਪਾਸੇ ਇਕ ਹੋਰ ਅਗਾਂਹ ਵਧੂ ਕਦਮ ਰੱਖਣ ਲਈ ਸਿੰਘ ਸਭਾ ਲਾਹੌਰ ਦੇ ਮਾਤਹਿਤ 'ਪੰਜਾਬੀ ਪ੍ਰਚਾਰਨੀ ਸਭਾ' ਦੀ ਨੀਂਹ ਰੱਖੀ ਗਈ। ਇਸ

**ਪੰਜਾਬੀ ਕਾਲਜ ਦੀ ਦੀ ਤਜਵੀਜ਼**

ਸਭਾ ਵਿਚ ਸੋਢੀ ਹੁਕਮ ਸਿੰਘ, ਲਾਲਾ ਨਾਨਕ ਬਖ਼ਸ਼, ਭਾਈ ਰਤਨ ਸਿੰਘ, ਸਰਦਾਰ ਆਇਆ ਸਿੰਘ, ਭਾਈ ਮੀਹਾਂ ਸਿੰਘ ਅਤੇ ਭਾਈ ਗੁਰਮੁਖ ਸਿੰਘ ਮੁਖ ਸਲਾਹਕਾਰ ਸਨ ਜਿਨ੍ਹਾਂ ਵਲੋਂ ਲਾਹੌਰ ਵਿਚ ਇਕ ਗੁਰਮੁਖੀ, ਅਰਥਾਤ—ਪੰਜਾਬੀ ਕਾਲਜ ਖੋਲ੍ਹਣ ਦੀ ਤਜਵੀਜ਼ ਬਣਾਈ ਗਈ, ਪਰ ਥੋੜੇ ਦਿਨਾਂ ਪਿੱਛੋਂ ਹੀ ਰਾਹ ਵਿਚ ਕਈ ਔਕੜਾਂ ਆਉਣ ਕਰ ਕੇ ਇਹ ਸਲਾਹ ਸਿਰੇ ਨਾ ਚੜ੍ਹ ਸਕੀ੦ ।

ਇਸ ਤੋਂ ਪਿੱਛੋਂ ਭਾਈ ਗੁਰਮੁਖ ਸਿੰਘ ਦੇ ਜਤਨ ਨਾਲ ਦੋ ਹੋਰ ਸੱਜਨ, ਜਿਨ੍ਹਾਂ

---

*ਦੇਖੋ, ਰਪੋਰਟ ਸ੍ਰੀ ਗੁਰੂ ਸਿੰਘ ਸਭਾ ਲਾਹੌਰ, ਸੰਨ ੧੮੮੦, ਸਫ਼ਾ ੫੪-੫੫ ।

†ਦੇਖੋ, ਰਪੋਰਟ ਸ੍ਰੀ ਗੁਰੂ ਸਿੰਘ ਸਭਾ ਲਾਹੌਰ, ਸੰਨ ੧੮੮੦, ਸਫ਼ੇ ੬੫ ।

੦ ਗੁਰਮੁਖੀ ਅਖ਼ਬਾਰ, ਚੇਤ ਸੰ: ੧੯੩੯ (ਸੰਨ ੧੮੮੨), ਸਫ਼ਾ ੫ ।

Sri Satguru Jagjit Singh Ji eLibrary NamdhariElibrary@gmail.com

ਦੋ ਨਾਮ ਸ: ਜਵਾਹਰ ਸਿੰਘ* ਤੇ ਗਿਆਨੀ ਦਿੱਤ ਸਿੰਘ† ਸਨ, ਸ਼੍ਰੀ ਗੁਰੂ ਸਿੰਘ ਸਭਾ ਲਾਹੌਰ ਵਿਚ ਸ਼ਾਮਲ ਹੋਏ । ਇਹ ਦੋਵੇਂ ਸੱਜਨ ਬੜੇ ਤਜਰਬੇਕਾਰ, ਤੇ ਵਿਦ੍ਵਾਨ ਸਨ ਅਤੇ ਪੜ੍ਹੇ ਲਿਖੇ ਲੋਕਾਂ ਵਿਚ ਚੰਗਾ ਰਸੂਖ਼ ਰਖਦੇ ਸਨ । ਸਰਦਾਰ ਜਵਾਹਰ ਸਿੰਘ ਉਸ ਸਮੇਂ ਲਾਹੌਰ ਰੇਲਵੇ ਵਿਚ ਮੁਲਾਜ਼ਮ ਤੇ ਆਰੀਆ ਸਮਾਜ ਦੇ ਸਕੱਤਰ ਸਨ । ਦੂਜੇ ਗਿਆਨੀ ਦਿੱਤ ਸਿੰਘ ਜੀ, ਜਿਨ੍ਹਾਂ ਦਾ ਅਸਲੀ ਨਾਮ ਉਸ ਸਮੇਂ ਦਿੱਤਾ ਰਾਮ ਸੀ, ਕੁਝ ਸਮਾਂ ਪਹਿਲਾਂ ਗੁਲਾਬ ਦਾਸੀ ਸੰਪ੍ਰਦਾਇ ਤੇ ਫੇਰ ਆਰੀਆ ਸਮਾਜ਼ ਦੇ ਪ੍ਰਚਾਰਕ ਰਹੇ ਸਨ ।

**ਸ: ਜਵਾਹਰ ਸਿੰਘ ਤੇ ਗਿਆਨੀ ਦਿੱਤ ਸਿੰਘ**

ਆਰੀਆ ਸਮਾਜੀ ਇਸ ਸਮੇਂ ਚੂੰਕਿ ਸਿੱਖਾਂ ਨਾਲੋਂ ਏਨੇ ਵੱਖ ਨਹੀਂ ਸਨ ਹੋਏ, ਇਸ ਲਈ ਜਿੱਥੇ ਆਰੀਆ ਸਮਾਜ ਦੇ ਜਲਸੇ ਹੁੰਦੇ ਸਨ ਉਥੇ ਪ੍ਰਬੰਧ ਆਮ ਤੌਰ ਤੇ ਸਿੱਖਾਂ ਵਲੋਂ ਹੀ ਹੁੰਦਾ ਸੀ । ਸਿੱਖਾਂ ਕੀ ਦਿਲੀ ਚਾਹ, ਜਿਵੇਂ ਕਿ ਸਿੰਘ ਸਭਾ ਦੇ ਨਿਯਮਾਂ ਤੋਂ ਜ਼ਾਹਰ ਹੁੰਦੀ ਹੈ, ਉਨ੍ਹਾਂ ਨਾਲ ਮਿਲੇ ਰਹਿਣ ਦੀ ਸੀ, ਪਰ ਪਿੱਛੋਂ ਸ੍ਵਾਮੀ ਦਯਾਨੰਦ ਦੇ ਇਕ ਪੱਖੀ ਤੇ ਦਿਲ ਦੁਖਾਊ ਪ੍ਰਚਾਰ‡ ਦੇ ਕਾਰਨ ਤੰਗ ਆ ਕੇ ਸਿੱਖ ਉਨ੍ਹਾਂ ਨਾਲੋਂ ਇਕ ਦਮ ਟੁੱਟਣੇ ਸ਼ੁਰੂ ਹੋ ਗਏ ਤੇ ਛੇਤੀ ਹੀ ਏਨੇ ਦੂਰ ਜਾ ਖਲੋਤੇ ਕਿ ਫੇਰ ਮਿਲਣ ਦੀ ਆਸ ਨਾ ਰਹੀ । ਸਰਦਾਰ ਜਵਾਹਰ ਸਿੰਘ ਤੇ ਗਿਆਨੀ ਦਿੱਤ ਸਿੰਘ ਦੇ ਆਰੀਆ ਸਮਾਜ ਨਾਲੋਂ ਵਿਛੁੜਨ ਦਾ ਵੀ ਇਹੋ ਵੱਡਾ ਕਾਰਣ ਸੀ । ਭਾਈ ਗੁਰਮੁਖ ਸਿੰਘ ਨੇ ਗਿਆਨੀ ਦਿੱਤ ਸਿੰਘ ਨੂੰ ਅਮ੍ਰਿਤ ਛਕਾ ਕੇ ਬਾਕਾਇਦਾ ਸਿੰਘ ਸਜਾਇਆ । ਇਨ੍ਹਾਂ ਦੋਹਾਂ ਸੱਜਨਾਂ ਦੇ ਆ ਰਲਣ ਤੇ ਗੁਰਮਤ-ਪ੍ਰਚਾਰ ਦੇ ਮੈਦਾਨ ਵਿਚ ਭਾਈ ਗੁਰਮੁਖ ਸਿੰਘ ਦੀਆਂ ਬਾਹਾਂ ਹੋਰ ਵੀ ਮਜ਼ਬੂਤ ਹੋ ਗਈਆਂ ।

**ਆਰੀਆ ਸਮਾਜ ਨਾਲੋਂ ਅਲਹਿਦਗੀ**

ਪੰਜਾਬ ਵਿਚ ਇਸ ਸਮੇਂ ਸਾਰੇ ਪਾਸੇ ਵਿਦਿਆ ਦਾ ਪ੍ਰਚਾਰ ਹੋ ਰਿਹਾ ਸੀ । ਅੰਜਮਨਿ ਪੰਜਾਬ, ਜੋ ਸੰਨ ੧੮੬੫ ਵਿਚ ਡਾਕਟਰ ਲ਼ਾਇਟਨਰ ਦੇ ਜਤਨ ਨਾਲ ਕਾਇਮ ਹੋਈ ਸੀ, ਉਸ ਦੇ ਅਧਿਕਾਰ ਹੇਠ ਸੰਨ ੧੮੬੮ ਵਿਚ ਪੰਜਾਬ ਯੂਨੀਵਰਸਿਟੀ ਕਾਲਜ ਖੁਲ੍ਹਿਆ, ਸੰਨ ੧੮੭੬ ਵਿਚ ਓਰੀਐਂਟਲ ਕਾਲਜ ਬਣਿਆ ਤੇ ਫੇਰ ਸੰਨ ੧੮੮੨ ਵਿਚ ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਹੋਈ । ਇਸ ਵਿਦਿਅਕ

**ਪੰਜਾਬ ਵਿਚ ਵਿਦਿਅਕ ਲਹਿਰ**

---

*ਸ: ਜਵਾਹਰ ਸਿੰਘ ਜਾਤਿ ਦੇ 'ਕਪੂਰ' ਖੱਤਰੀ ਤੇ ਗੁੱਜਰਾਂ ਵਾਲੇ ਦੇ ਵਸਨੀਕ ਸਨ ।

†ਗਿਆਨੀ ਦਿੱਤ ਸਿੰਘ ਜੀ ਪਿੰਡ ਨੰਦਪੁਰ ਕਲੌੜ (ਪਟਿਆਲਾ) ਦੇ ਵਸਨੀਕ ਤੇ ਜਾਤਿ ਦੇ ਰਵਿਦਾਸੀਏ ਸਨ । ਇਨ੍ਹਾਂ ਦਾ ਜਨਮ ੨੧ ਅਪ੍ਰੈਲ, ਸੰਨ ੧੮੫੦ ਈ: ਨੂੰ ਇਸੇ ਪਿੰਡ ਵਿਚ ਸੰਤ ਦੀਵਾਨ ਸਿੰਘ ਗੁਲਾਬ ਦਾਸੀਏ ਦੇ ਘਰ ਹੋਇਆ ਸੀ । (ਦੇਖੋ, ਸ਼ੀਰੀਂ ਫ਼ਰਹਾਦ, ਪੰਜਾਬੀ ਸਾਹਿੱਤ ਅਕਾਡਮੀ, ਲੁੱਧਿਹਾਣਾ, ੧੯੬੨, ਦੀ ਭੂਮਿਕਾ)

‡ਸਬੂਤ ਲਈ ਦੇਖੋ, ਸਤਿਆਰਥ ਪ੍ਰਕਾਸ਼, ੧੧ਵੀਂ ਸਮੁੱਲਾਸ ।

Sri Satguru Jagjit Singh Ji eLibrary NamdhariElibrary@gmail.com

ਲਹਿਰ ਦੇ ਨਾਲੋਂ ਨਾਲ ਹਿੰਦੂ ਵੀ ਅੱਗੇ ਵਧੇ ਤੇ ਮੁਸਲਮਾਨ ਵੀ। ਇਨ੍ਹਾਂ ਵਲੋਂ ਆਪੋ ਆਪਣੇ ਸਕੂਲ-ਕਾਲਜ ਖੋਲ੍ਹੇ ਗਏ ਤੇ ਇਸ ਲਹਿਰ ਨੂੰ ਹੋਰ ਤੇਜ਼ੀ ਨਾਲ ਚਲਾਉਣ ਲਈ ਜੱਦੋ ਜਹਿਦ ਸ਼ੁਰੂ ਹੋਈ। ਹੁਣ ਇਹ ਦੇਖ ਕੇ ਸਿੱਖ ਕਿਵੇਂ ਇਕ ਪਾਸੇ ਰਹਿ ਸਕਦੇ ਸਨ, ਇਸ ਲਈ ਉਨ੍ਹਾਂ ਨੇ ਵੀ ਇਸ ਪਾਸੇ ਹੋਰ ਗਰਮ ਜੋਸ਼ੀ ਦਿਖਾਉਣੀ ਸ਼ੁਰੂ ਕੀਤੀ।

ਭਾਈ ਗੁਰਮੁਖ ਸਿੰਘ ਨੇ ਇਸ ਸਮੇਂ ਸਿੱਖਾਂ ਲਈ ਖ਼ਾਲਸਾ ਕਾਲਜ ਬਣਾਨ ਦੀ ਲੋੜ ਦੱਸ ਕੇ ਸਿੱਖ ਮੋਢੀਆਂ ਨੂੰ ਟੁੰਬਣ ਲਈ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਪ੍ਰਮੁਖ ਪਤ੍ਰ 'ਗੁਰਮੁਖੀ ਅਖ਼ਬਾਰ' ਵਿਚ ਧੜਾ ਧੜ ਲੇਖ ਲਿਖਣੇ, ਸ਼ੁਰੂ ਕੀਤੇ, ਜਿਵੇਂ ਕਿ ਉਨ੍ਹਾਂ ਦੀ ਇਕ ਲਿਖਤ ਦਾ ਉਦਾਹਰਣ ਹੈ—"ਜੋ ਲੋਕ ਪਿੰਡਾਂ ਵਿਚ ਕਹਿੰਦੇ ਹਨ ਕਿ ਉਹ ਪੜ੍ਹਨ ਤੇ ਡਰਦੇ ਹਨ ਅਤੇ ਉਨ੍ਹਾਂ ਦੇ ਵਿਚਾਰ ਵਿਚ ਪੜ੍ਹਨਾ-ਪੜ੍ਹਾਉਨਾ ਏਸ ਤਰਾਂ ਦਾ ਹੈ, ਜਿਸ ਤਰਾਂ ਕਿਸੇ ਨੂੰ ਡੇਮ੍ਹੂੰ ਲੜਾ ਦੇਈਦਾ ਹੈ। ਸ਼ਹਿਰਾਂ ਵਿਚ ਸਿੰਘਾਂ ਦੇ ਜੋ ਲੜਕੇ ਅੰਗਰੇਜ਼ੀ-ਫ਼ਾਰਸੀ ਪੜ੍ਹੇ ਹਨ, ਸੋ ਭੀ ਆਪਣੇ ਘਰ ਵਲੋਂ ਹਟ ਬੈਠੇ ਹਨ, ਸਿੱਖੀ ਨੂੰ ਬੁਰਾ ਜਾਨਦੇ ਹਨ............ਬਹੁਤੇ ਏਹਨਾਂ ਵਿਚੋਂ ਨਾਮ ਮਾਤ੍ਰ ਹੀ ਸਿੱਖ ਹਨ ਅਤੇ ਹੋਰਨਾਂ ਸਮਾਜਾਂ—ਸਭਾਂ ਵਿਚ, ਸਿੰਘ ਸਭਾ ਨੂੰ ਛੱਡ ਕੇ ਬੜੀ ਖ਼ੁਸ਼ੀ ਨਾਲ ਜਾ ਦਾਖ਼ਲ ਹੁੰਦੇ ਹਨ, ਕਿਉਂਕਿ ਇਹਨਾਂ ਦੇ ਖ਼ਿਆਲ ਉਨ੍ਹਾਂ ਸਮਾਜੀਆਂ ਨਾਲ ਮਿਲ ਜਾਂਦੇ ਹਨ।

**ਸਿੱਖਾਂ ਲਈ ਖ਼ਾਲਸਾ ਕਾਲਜ ਦੀ ਲੋੜ**

ਬਾਕੀ ਰਹੇ ਦੂਸਰੇ ਦੁਕਾਨਦਾਰ ਕਾਸ਼ਤਕਾਰ, ਸੋ ਨਾ ਪੜ੍ਹਨਾ ਪਸੰਦ ਕਰਦੇ ਹਨ, ਨਾਹੀਂ ਸਿੱਖੀ ਨੂੰ ਪੂਰੀ ਤਰਾਂ ਸਮਝਦੇ ਹਨ। ਜੇ ਏਹੋ ਹਾਲ ਰਿਹਾ ਅਤੇ ਖ਼ਾਲਸਾ ਕਾਲਜ ਨਾ ਬਣਿਆ ਤਾਂ ਕਿਸੇ ਦਿਨ ਸ਼ਹਿਰਾਂ ਵਿਚ ਤਾਂ ਸਿੱਖੀ ਬਿਲਕੁਲ ਦੂਰ ਹੋ ਜਾਊ। ਪਿੰਡਾਂ ਵਿਚ ਸਭ ਸਿਖੀਓਂ ਹਟ ਜਾਨਗੇ।............ਖ਼ਾਲਸਾ ਕਾਲਜ ਬਣਨ ਨਾਲ ਸਿੱਖਾਂ ਵਿਚ ਵਿਦਯਾ ਦਾ ਪ੍ਰਚਾਰ ਹੋਵੇਗਾ ਅਤੇ ਧਰਮ-ਸਿਖਯਾ ਭੀ ਹੋ ਜਾਵੇਗੀ। ਏਸ ਕਾਲਜ ਦੇ ਬਣਨ ਤੇ ਬਿਨਾ ਖ਼ਾਲਸੇ ਦਾ ਬੜਾ ਨੁਕਸਾਨ ਹੋਵੇਗਾ।" (ਦੇਖੋ, ਗੁਰਮੁਖੀ ਅਖ਼ਬਾਰ, ੧੦ ਮਾਰਚ ਸੰਨ ੧੮੮੩, ਸਫ਼ੇ ੨,੩) ਭਾਈ ਗੁਰਮੁਖ ਸਿੰਘ ਦੇ ਇਨ੍ਹਾਂ ਲੇਖਾਂ ਦਾ ਸਿੱਖ ਹਿਰਦਿਆਂ ਉਤੇ ਜਾਦੂ ਵਰਗਾ ਅਸਰ ਪਿਆ।

ਕੰਵਰ ਬਿਕ੍ਰਮ ਸਿੰਘ ਜੀ ਕਪੂਰਥਲਾ ਇਸ ਵੇਲੇ ਸਿੱਖਾਂ ਵਿਚ ਨਵੀਂ ਰੌਸ਼ਨੀ ਦੇ ਅਨੁਸਾਰ ਵਿਦਿਆ ਪ੍ਰਚਾਰ ਕਰਨ ਲਈ ਸਭ ਤੋਂ ਵੱਡੇ ਮੋਢੀ ਸਨ। ਉਨ੍ਹਾਂ ਦੀ ਪ੍ਰੇਰਣਾ ਨਾਲ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਦੇ ਆਗੂ ਇਸ ਪਾਸੇ ਝੁਕੇ ਅਤੇ ਬਾਬਾ ਖੇਮ ਸਿੰਘ ਬੇਦੀ ਤੇ ਬਾਬਾ ਸੁਮੇਰ ਸਿੰਘ ਜੀ ਮਹੰਤ ਪਟਨਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਮੈਂਬਰ ਬਣ ਗਏ। ਇਨ੍ਹਾਂ ਦਿਨਾਂ ਵਿਚ ਭਾਈ ਗੁਰਮੁਖ ਸਿੰਘ ਨੇ ਸਰਦਾਰ ਅਤਰ ਸਿੰਘ ਰਈਸ ਭਦੌੜ ਨੂੰ, ਜੋ ਇਸ ਸਮੇਂ ਸੱਯਦ ਮੁਹੰਮਦ ਹਸਨ ਵਜ਼ੀਰਿ ਆਜ਼ਮ ਪਟਿਆਲਾ ਨਾਲ ਅਣ ਬਣ ਹੋਣ ਕਰ ਕੇ ਬਹੁਤਾ ਲੁੱਦਿਹਾਣੇ ਹੀ ਰਹਿੰਦੇ ਸਨ, ਲਾਹੌਰ ਪਹੁੰਚਣ ਲਈ ਖਿੱਚ ਪਾਈ। ਇਹ ਸਰਦਾਰ ਹੋਰੀ ਸੰਸਕ੍ਰਿਤ ਦੇ ਬੜੇ ਅੱਛੇ ਵਿਦ੍ਵਾਨ ਤੇ

**ਸਿੱਖ-ਰਈਸਾਂ ਦਾ ਝੁਕਾਉ**

Sri Satguru Jagjit Singh Ji eLibrary NamdhariElibrary@gmail.com

ਸਰਕਾਰੇ ਦਰਬਾਰੇ ਚੰਗਾ ਰਸੂਖ ਰਖਦੇ ਸਨ। ਲਾਹੌਰ ਪਹੁੰਚਣ ਤੇ ਇਹ ਸਿੰਘ ਸਭਾ ਦੇ ਪ੍ਰਧਾਨ ਥਾਪੇ ਗਏ। ਇਸ ਤਰ੍ਹਾਂ ਇਨ੍ਹਾਂ ਦੇ ਸ਼ਾਮਲ ਹੋਣ ਤੇ ਸਿੱਖ ਵਿਦਿਅਕ ਲਹਿਰ ਨੂੰ ਹਰ ਪਾਸਿਓਂ ਸਹਾਇਤਾ ਮਿਲਣ ਲੱਗੀ ਤੇ ਰਸਤੇ ਦੇ ਟੋਏ-ਟਿੱਬੇ ਸਾਫ਼ ਹੋਣ ਤੇ ਇਸ ਨੂੰ ਹੋਰ ਵੀ ਅੱਗੇ ਵਧਣ ਦਾ ਮੌਕਾ ਮਿਲਿਆ।

# ੪.

# ਵਿਕਾਸ ਤੇ ਪਰਿਵਰਤਨ

(੧੮੮੦-੧੮੮੫)

ਮੁੱਢ ਵਿਚ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਤੇ ਲਾਹੌਰ ਦੋਵੇਂ ਇਕ ਸਨ, ਪਰ ਪਿੱਛੋਂ ਜਿਉਂ ਜਿਉਂ ਸਿੰਘ ਸਭਾ ਲਹਿਰ ਦਾ ਵਿਕਾਸ ਤੇ ਫੈਲਾਉ ਹੋਇਆ ਤਿਉਂ ਤਿਉਂ ਇਸ ਦੇ ਮੋਢੀਆਂ ਦੀ ਏਕਤਾ ਵਿਚ ਫ਼ਰਕ ਪਿਆ ਅਤੇ ਇਸ ਲਹਿਰ ਦੇ ਪ੍ਰਭਾਵ ਹੇਠ ਵੱਖੋ ਵੱਖ ਜੱਥੇਬੰਦੀਆਂ ਬਣ ਕੇ ਕੁਝ ਪਰਿਵਰਤਨ ਹੋਣਾ ਸ਼ੁਰੂ ਹੋਇਆ। ਉਸ ਵਿਕਾਸ ਤੇ ਪਰਿਵਰਤਨ ਦੀ ਰੂਪ-ਰੇਖਾ ਸੰਖੇਪ ਤੌਰ ਤੇ ਇਸ ਪ੍ਰਕਾਰ ਹੈ।

**ਮੁੱਢ**

ਸੰਨ ੧੮੮੦ ਵਿਚ, ਜਿਵੇਂ ਕਿ ਉਸ ਸਮੇਂ ਦੀਆਂ ਰਿਪੋਰਟਾਂ ਤੋਂ ਪਤਾ ਲਗਦਾ ਹੈ, ਸਿੰਘ ਸਭਾ ਲਾਹੌਰ ਦਾ ਇਕ ਕੰਮ ਹੋਰ ਪੰਥਕ ਸੁਧਾਰਾਂ ਦੇ ਨਾਲ ਹੀ ਗੁਰਦੁਆਰਿਆਂ ਦੇ ਪੁਜਾਰੀਆਂ ਦਾ ਸੁਧਾਰ ਕਰਨਾ ਵੀ ਸੀ। ਸਾਰੇ ਗੁਰਦੁਆਰੇ ਉਸ ਸਮੇਂ ਪੁਜਾਰੀਆਂ ਦੇ ਹੱਥਾਂ ਵਿਚ ਸਨ ਤੇ ਪੰਥਕ ਮਰਯਾਦਾ ਨੂੰ ਵਿਗਾੜਨ ਦੇ ਬਹੁਤੇ ਉਹੋ ਹੀ ਜ਼ਿਮੇਂਵਾਰ ਸਨ। ਪਰ ਇਹ ਸੁਧਾਰ ਕਿਵੇਂ ਆਰੰਭ ਕੀਤਾ ਜਾਵੇ, ਕਿਉਂਕਿ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਵਿਚ ਬਹੁਤੇ ਪੁਜਾਰੀ ਹੀ ਸਨ, ਇਸ ਲਈ ਭਾਈ ਗੁਰਮੁਖ ਸਿੰਘ ਹੋਰਾਂ ਨੂੰ, ਜੋ ਇਸ ਸੁਧਾਰ ਦੇ ਮੋਢੀ ਸਨ, ਬੜੀ ਮੁਸ਼ਕਲ ਪੇਸ਼ ਆਈ। ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਇਕੱਠ ਇਸ ਸਮੇਂ ਗੁਰਦੁਆਰਾ ਜਨਮ ਸਥਾਨ ਵਿਚ ਚੂਨੇ ਮੰਡੀ ਹੁੰਦੇ ਸਨ ਤੇ ਆਉਂਦੀਆਂ-ਜਾਂਦੀਆਂ ਸੰਗਤਾਂ ਆਮ ਤੌਰ ਤੇ ਉਥੇ ਹੀ ਠਹਿਰਦੀਆਂ ਸਨ। ਸੰਗਤਾਂ ਦੀ ਗਹਿਮਾਂ ਗਹਿਮ ਵਧਣ ਤੇ ਪੁਜਾਰੀਆਂ ਨੂੰ ਕੁਝ ਸ਼ੱਕ ਗੁਜ਼ਰਿਆ ਤੇ ਉਨ੍ਹਾਂ ਨੇ ਸਿੰਘ ਸਭਾ ਦੇ ਇਕੱਠ ਰੋਕਣ ਲਈ ਗੁਰਦੁਆਰੇ ਦੇ ਕਮਰਿਆਂ ਨੂੰ ਜੰਦਰੇ ਮਾਰ ਦਿੱਤੇ। ਭਾਈ ਗੁਰਮੁਖ ਸਿੰਘ ਨੇ ਇਹ ਦੇਖ ਕੇ ਸਿੰਘ ਸਭਾ ਦਾ ਦਫ਼ਤਰ ਹੋਰ ਥਾਵੇਂ ਬਦਲਨ ਦਾ ਪ੍ਰਬੰਧ ਕਰ ਲਿਆ, ਪਰ ਜਦ ਪੁਜਾਰੀਆਂ ਨੇ ਦੇਖਿਆ ਕਿ ਏਕਣ ਤਾਂ ਉਨ੍ਹਾਂ ਦੀ ਸਾਰੀ ਆਮਦਨ ਹੀ ਬੰਦ ਹੋ ਜਾਵੇਗੀ ਤੇ ਕੋਈ ਸਿੰਘ ਗੁਰਦੁਵਾਰੇ ਮੱਥਾ ਟੇਕਣ ਨਹੀਂ ਆਵੇਗਾ, ਇਸ ਲਈ ਉਹ ਝੁਕੇ ਤੇ ਆਪਣੇ ਆਪ ਕਮਰਿਆਂ ਦੇ ਬੂਹੇ ਖੋਲ੍ਹ ਕੇ ਉਨ੍ਹਾਂ ਨੇ ਭਾਈ ਸਾਹਿਬ

**ਪੁਜਾਰੀ ਸੁਧਾਰ**

Sri Satguru Jagjit Singh Ji eLibrary NamdhariElibrary@gmail.com

ਤੋਂ ਇਸ ਸੰਬੰਧ ਵਿਚ ਲਿਖਤੀ ਤੌਰ ਤੇ ਮਾਫ਼ੀ ਮੰਗ ਲਈ* ।

ਇਸ ਤੋਂ ਪਿੱਛੋਂ ਅਪ੍ਰੈਲ ਸੰਨ ੧੮੮੦ ਵਿਚ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਵਲੋਂ ਸਵਾਲ ਛਿੜਿਆ ਕਿ ਅਮ੍ਰਿਤਸਰ ਦੀ ਸਿੰਘ ਸਭਾ ਵੱਡੀ ਹੈ ਜਾਂ ਲਾਹੌਰ ਦੀ । ਬਾਬਾ ਖੇਮ ਸਿੰਘ ਬੇਦੀ ਦੇ ਖ਼ਿਆਲ ਵਿਚ ਅਮ੍ਰਿਤਸਰ ਦੀ ਸਿੰਘ ਸਭਾ ਵੱਡੀ ਸੀ ਤੇ ਭਾਈ ਗੁਰਮੁਖ ਸਿੰਘ ਹੋਰੀਂ ਪ੍ਰਚਾਰ ਦੇ ਲਿਹਾਜ਼ ਨਾਲ ਲਾਹੌਰ ਦੀ ਸਭਾ ਨੂੰ ਤਰਜੀਹ ਦਿੰਦੇ ਸਨ । ਛੇਕੜ ਦੋਹਾਂ ਧਿਰਾਂ ਵਲੋਂ ਅੰਤਮ ਫ਼ੈਸਲੇ ਵਾਸਤੇ ੧੧ ਅਪ੍ਰੈਲ ਦੀ ਤਾਰੀਖ਼ ਨਿਯਤ ਹੋਈ, ਜਿਸ ਵਿਚ ਇਨ੍ਹਾਂ ਦੋਹਾਂ ਸਭਾਵਾਂ ਦੀ ਨਿਗਰਾਨੀ ਵਾਸਤੇ ਇਕ ਵੱਡੀ (ਜਨਰਲ) ਸਭਾ ਬਣਾਈ ਗਈ । ਲਾਹੌਰੋਂ ਇਸ ਇਕੱਠ ਵਿਚ ਭਾਈ ਗੁਰਮੁਖ ਸਿੰਘ, ਹਰਸਾ ਸਿੰਘ, ਗੁਰਦਿੱਤ ਸਿੰਘ ਆਦਿ ਸੱਜਨ ਸ਼ਾਮਲ ਹੋਏ । ਸਰਬ ਸੰਮਤੀ ਨਾਲ ਫ਼ੈਸਲਾ ਹੋਣ ਤੇ ਦੋਹਾਂ ਸਭਾਵਾਂ ਵਿਚੋਂ ਕੁਝ ਮੈਂਬਰ ਇਸ ਸਭਾ ਵਿਚ ਲਏ ਗਏ ਤੇ ਕਰਾਰ ਪਾਇਆ ਕਿ ਹਰੇਕ ਛਿਮਾਹੀ ਤੋਂ ਬਾਦ ਇਹ ਸਭਾ ਉਪਰੋਕਤ ਦੋਹਾਂ ਸਭਾਵਾਂ ਦੇ ਕੰਮ ਦੀ ਪੜਤਾਲ ਕਰੇਗੀ ਤੇ ਕੋਈ ਨਵਾਂ ਅਦਲਾ ਬਦਲੀ ਦਾ ਕੰਮ ਜਾਂ ਖ਼ਰਚ ਵੱਡੀ ਸਭਾ ਦੀ ਪ੍ਰਵਾਨਗੀ ਤੋਂ ਬਿਨਾ ਨਹੀਂ ਕੀਤਾ ਜਾਵੇਗਾ† । ਇਹ ਸਭਾ ਇਸ ਤਰ੍ਹਾਂ ਇਕ ਵੇਰ ਬਣ ਤਾਂ ਗਈ, ਪਰ ਫੇਰ ਨਾ ਤਾਂ ਇਸ ਦਾ ਕੋਈ ਇਕੱਠ ਹੀ ਹੋਇਆ ਤੇ ਨਾਹੀ ਸਿਵਾਇ ਕਾਗ਼ਜ਼ੀ ਕਾਰਰਵਾਈ ਦੇ ਹੋਰ ਕੋਈ ਅੱਛਾ ਨਤੀਜਾ ਹੀ ਨਿਕਲ ਸਕਿਆ ।

**ਵੱਡੀ ਸਿੰਘ ਸਭਾ ਦੀ ਬੁਨਿਆਦ**

ਅਪ੍ਰੈਲ ਸਨ ੧੮੮੨ ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਵਲੋਂ ਸਿੱਖ ਵਿਦਿਅਕ ਲਹਿਰ ਨੂੰ ਤੇਜ਼ ਕਰਨ ਦੇ ਇਰਾਦੇ ਨਾਲ ਸਰ ਚਾਰਲਸ ਐਚੀਸਨ ਲਾਟ ਸਾਹਿਬ ਪੰਜਾਬ ਨੂੰ ਸ਼ਾਹੀ ਦਰਬਾਰ ਦੇ ਮੌਕੇ ਤੇ ਇਕ ਮਾਨ ਪੱਤ੍ਰ ਦਿੱਤਾ ਗਿਆ ਜਿਸ ਦਾ ਉੱਤਰ ਬੜਾ ਆਸ ਭਰਪੂਰ ਮਿਲਿਆ । ਇਸ ਸਮੇਂ ਹੋਰ ਰਾਜੇ, ਮਹਾਰਾਜਿਆਂ ਸਮੇਤ ਮਹਾਰਾਜਾ ਹੀਰਾ ਸਿੰਘ ਜੀ ਨਾਭਾ ਵੀ ਲਾਹੌਰ ਆਏ ਹੋਏ ਸਨ । ਭਾਈ ਗੁਰਮੁਖ ਸਿੰਘ ਜੀ ਨੇ ਪੰਥਕ ਸੁਧਾਰ ਦੀਆਂ ਕੁਝ ਕੁ ਔਕੜਾਂ ਉਨ੍ਹਾਂ ਦੇ ਸਾਮ੍ਹਣੇ ਰੱਖੀਆਂ, ਜਿਸ ਕਰ ਕੇ ਮਹਾਰਜੇ ਨੇ ੭੦੦੦) ਰੁਪਏ ਦਿੱਤੇ ਤੇ ਹੋਰ ਸਹਾਇਤਾ ਦੇਣ ਦਾ ਵਚਨ ਵੀ ਦਿੱਤਾ।ਸਿੰਘ ਸਭਾ ਦੇ ਪ੍ਰਚਾਰ ਲਈ ਇਸ ਰਕਮ ਨਾਲ ਇਸ ਤੋਂ ਅਗਲੇ ਸਾਲ ਹੀ ਸੰਨ ੧੮੮੩ ਵਿਚ, 'ਖ਼ਾਲਸਾ ਪ੍ਰੈਸ' ਲਗਾਇਆ ਗਿਆ‡ ।

**ਲਾਹੌਰ ਵਿਚ ਖ਼ਾਲਸਾ ਪ੍ਰੈਸ**

ਇਸ ਤੋਂ ਪਿੱਛੋਂ ਵੱਡੀ (ਜਨਰਲ) ਸਿੰਘ ਸਭਾ ਨੂੰ, ਜੋ ਪਿੱਛੇ ਸੰਨ ੧੮੮੦ ਵਿਚ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਤੇ ਲਾਹੌਰ ਨੂੰ ਏਕਤਾ ਦੀ ਲੜੀ ਵਿਚ ਪਿਰੋਣ ਵਾਸਤੇ ਕਾਇਮ ਕੀਤੀ ਗਈ ਸੀ, ਨਵੇਂ ਸਿਰੇ ਸੁਰਜੀਤ ਕਰਨ ਦੀ ਲੋੜ

*ਦੇਖੋ, ਰਿਪੋਰਟ ਸ੍ਰੀ ਗੁਰੂ ਸਿੰਘ ਸਭਾ ਲਾਹੌਰ, ਸੰਨ ੧੮੮੦, ਸਫ਼ਾ ੪੭ ।

†ਦੇਖੋ, ਰਿਪੋਰਟ ਸ੍ਰੀ ਗੁਰੂ ਸਿੰਘ ਸਭਾ ਲਾਹੌਰ, ਸੰਨ ੧੮੮੦,ਸਫ਼ਾ ੫੪ ।

‡ਗੁਰਮੁਖੀ ਅਖ਼ਬਾਰ, ਲਾਹੌਰ, ੧੭ ਫ਼ਰਵਰੀ, ਸੰਨ ੧੮੮੩, ਸਫ਼ਾ ੮ ।

**ਖ਼ਾਲਸਾ ਦੀਵਾਨ ਅਮ੍ਰਿਤਸਰ**

ਪਈ। ਜਨਵਰੀ ਸੰਨ ੧੮੮੩ ਵਿਚ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਦੇ ਕੁਝ ਪੁਰਾਣੇ ਕਰਮਚਾਰੀ ਬਦਲੇ ਗਏ ਤੇ ਫੇਰ ਬਸੰਤ ਪੰਚਮੀ ਵਾਲੇ ਦਿਨ ਇਕੱਠ ਹੋਣ ਤੇ ਉਪਰੋਕਤ ਦੋਹਾਂ ਸਭਾਵਾਂ ਦੀ ਮਿਲ-ਵਰਤਣ ਨਾਲ ਇਹ ਵੱਡੀ ਸਭਾ ਆਪਣੇ ਪੈਰਾਂ ਤੇ ਖਲੋਣ ਜੋਗ ਹੋ ਗਈ। ਇਸ ਸਮੇਂ ਨਵਾਂ ਰੰਗ-ਰੂਪ ਦੇ ਕੇ ਇਸ ਸਭਾ ਦਾ ਨਾਉਂ ਖ਼ਾਲਸਾ ਦੀਵਾਨ (ਅਮ੍ਰਿਤਸਰ) ਰੱਖਿਆ ਗਿਆ। ਸਿੱਖਾਂ ਦਾ ਇਹ ਸਭ ਤੋਂ ਪਹਿਲਾ ਦੀਵਾਨ ਸੀ।

ਇਸ ਖ਼ਾਲਸਾ ਦੀਵਾਨ ਦੇ ਪਹਿਲੇ ਪ੍ਰਧਾਨ ਸਰਦਾਰ ਮਾਨ ਸਿੰਘ ਸਰਬਰਾਹ ਸ੍ਰੀ ਦਰਬਾਰ ਸਾਹਿਬ, ਸਕੱਤਰ ਗਣੇਸ਼ਾ ਸਿੰਘ ਤੇ ਚੀਫ਼ ਸਕੱਤਰ ਭਾਈ ਗੁਰਮੁਖ ਸਿੰਘ ਥਾਪੇ ਗਏ।

**ਪ੍ਰਧਾਨ ਤੇ ਹੋਰ ਕਰਮਚਾਰੀ**

ਪਿੱਛੋਂ ਕੁਝ ਅਦਲਾ ਬਦਲੀ ਹੋਣ ਤੇ ਪ੍ਰਧਾਨਗੀ ਦੀ ਪਦਵੀ ਸ: ਠਾਕੁਰ ਸਿੰਘ ਸੰਧਾਵਾਲੀਏ ਨੂੰ ਦਿੱਤੀ ਗਈ ਤੇ ਸਕੱਤਰ ਭਾਈ ਨੌਰੰਗ ਸਿਘ ਜੀ ਨਿਯਤ ਹੋਏ। ਚੀਫ਼ ਸਕੱਤਰ ਭਾਈ ਗੁਰਮੁਖ ਸਿੰਘ ਨੇ ਇਸ ਦੀਵਾਨ ਦੀ ਨਿਯਮਾਵਲੀ ਤਿਆਰ ਕੀਤੀ। ਇਸ ਤਰਾਂ ਇਸ ਦੀਵਾਨ ਦੁਆਰਾ ਦੋਹਾ ਧਿਰਾਂ ਦੀ ਏਕਤਾ ਵੀ ਹੋ ਗਈ ਤੇ ਕੌਮ ਵੀ ਚੱਲ ਪਿਆ, ਪਰ ਇਹ ਮਿਲਾਪ ਬਹੁਤੇ ਦਿਨ ਨਿਭ ਨਾ ਸਕਿਆ। ਕਾਰਣ ਇਹ ਸਨ :—

(੧) ਸਿੰਘ ਸਭਾ ਲਾਹੌਰ ਜਿਤਨੀ ਅਗਾਂਹ ਵਧੂ ਸੀ, ਸਿੰਘ ਸਭਾ ਅਮ੍ਰਿਤਸਰ ਉਤਨੀ ਹੀ ਪਿਛਾਂਹ ਖਿੱਚੂ ਸੀ। ਪਹਿਲੀ ਸਭਾ ਵਿਚ ਕੱਟੜ ਸਿੱਖੀ ਪ੍ਰਧਾਨ ਸੀ ਤੇ ਦੂਸਰੀ ਸਭਾ ਵਿਚ ਸਨਾਤਨੀ ਮਰਯਾਦਾ।

**ਫੁੱਟ ਤੇ ਉਸ ਦੇ ਕਾਰਣ**

(੨) ਜਨਰਲ ਸਭਾ, ਅਰਥਾਤ—ਖ਼ਾਲਸਾ ਦੀਵਾਨ ਵਿਚ ਵੀ ਬਹੁਤੇ ਮੈਂਬਰ ਅਮ੍ਰਿਤਸਰੀ ਧੜੇ ਦੇ ਹੀ ਸਨ।

(੩) ਇਖ਼ਤਿਲਾਫ਼ ਦਾ ਖ਼ਾਸ ਕਾਰਣ ਇਹ ਸੀ ਕਿ ਬਾਬਾ ਖੇਮ ਸਿੰਘ ਜੀ ਬੇਦੀ ਆਦਿ ਸੱਜਨ, ਜੋ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਦੇ ਮੋਢੀ ਸਨ, ਗੁਰੂ—ਅੰਸ਼ ਹੋਣ ਕਰਕੇ ਆਪਣੇ ਆਪ ਨੂੰ ਗੁਰੂ ਕਹਾਉਂਦੇ ਸਨ ਤੇ ਲੋਕਾਂ ਤੋਂ ਆਪਣੇ ਪੈਰ ਪੁਜਾਉਂਦੇ ਸਨ।

(੪) ਸਿੰਘ ਸਭਾ ਲਾਹੌਰ ਦੇ ਮੁਕਾਬਲੇ ਤੇ ਅਮ੍ਰਿਤਸਰ ਦੀ ਸਿੰਘ ਸਭਾ ਵਿਚ ਰਾਜ—ਭਗਤੀ ਦਾ ਘਾਟਾ ਸੀ, ਜੋ ਉਸ ਸਮੇਂ ਦੇ ਅਨੁਸਾਰ ਇਕ ਨੁਕਸ ਮੰਨਿਆ ਗਿਆ।

(੫) ਸਿੰਘ ਸਭਾ ਲਾਹੌਰ ਦੇ ਮੋਢੀ ਭਾਈ ਗੁਰਮੁਖ ਸਿੰਘ ਨੂੰ ਅਮ੍ਰਿਤਸਰੀ ਧੜੇ ਦੇ ਲੋਕ ਨੀਵੀਂ ਜਾਤ (ਲਾਂਗਰੀ ਦਾ ਪੁਤ੍ਰ) ਕਹਿ ਕੇ ਨਿੰਦਦੇ ਸਨ।†

ਇਹ ਵਲ-ਵਿਤਕਰੇ ਪਹਿਲਾਂ ਤਾਂ ਮਨੋ ਮਨੀਂ ਹੀ ਧੁਖਦੇ ਰਹੇ, ਪਰ ਪਿੱਛੋਂ ਜਦ ੧੧ ਅਪ੍ਰੈਲ ਸੰਨ ੧੮੮੩ ਨੂੰ ਖ਼ਾਲਸਾ ਦੀਵਾਨ ਦਾ ਪਹਿਲਾ ਇਕੱਠ ਹੋਇਆ ਤਾਂ ਆਪਣੇ ਆਪ ਉੱਘੜਨ ਲੱਗ ਪਏ ਤੇ ਨੌਬਤ ਤੂੰ ਤੂੰ—ਮੈਂ ਮੈਂ ਤਕ ਅੱਪੜ ਗਈ। ਭਾਈ ਗੁਰਮੁਖ ਸਿੰਘ ਨੇ ਇਕ ਲੰਬਾ ਸਾਰਾ ਉਪਦੇਸ਼ ਦੇ ਕੇ ਬਥੇਰਾ ਸਮਝਾਇਆ ਕਿ ਇਹ ਬੇਇਤਫ਼ਾਕੀ

†ਸ: ਜਵਾਹਰ ਸਿੰਘ ਦੇ ਘਰੋਂ ਸਿੰਘ ਸਭਾ ਲਾਹੌਰ ਦੇ ਕਾਗ਼ਜ਼ਾਤ ਦੇ ਆਧਾਰ ਤੇ।

Sri Satguru Jagjit Singh Ji eLibrary NamdhariElibrary@gmail.com

ਅੱਛੀ ਨਹੀਂ*, ਪਰ ਇਨ੍ਹਾਂ ਗੱਲਾਂ ਦਾ ਅਸਰ ਥੰਧੇ ਘੜੇ ਉਤੇ ਪਾਣੀ ਪੈਣ ਵਾਕਰ ਕੁਝ ਵੀ ਨਾ ਹੋਇਆ। ਬਾਬਾ ਖੇਮ ਸਿੰਘ ਜੀ ਨੇ ਬਾਕਾਇਦਾ ਗੁਰਗੱਦੀ ਲਗਾਈ ਤੇ ਅਮ੍ਰਿਤਸਰੀ ਧੜੇ ਨੇ ਇਸ ਗੱਦੀ ਦੀ ਹਿਮਾਇਤ ਕੀਤੀ। ਇਸ ਬੇਨਿਯਮੀ

**ਬਾਖੋ-ਚੌੜ ਵਿਚ ਵਾਧਾ**

ਕਾਰਰਵਾਈ ਦੇ ਬਾਵਜੂਦ ਵੀ ਭਾਈ ਗੁਰਮੁਖ ਸਿੰਘ ਨੇ ਖ਼ਾਲਸਾ ਦੀਵਾਨ ਦੇ ਨਿਯਮਾਂ ਦਾ ਖਰੜਾ, ਜੋ ਉਹ ਮੋਢੀਆਂ ਦੀ ਆਗਿਆ ਨਾਲ ਬਣਾ ਕੇ ਲਿਆਏ ਸਨ, ਪੇਸ਼ ਕੀਤਾ। ਇਸ ਖਰੜੇ ਵਿਚ ਲਿਖਿਆ ਸੀ ਕਿ ਖ਼ਾਲਸਾ ਦੀਵਾਨ ਦਾ ਚੀਫ਼ ਸਕੱਤਰ ਉਹੋ ਆਦਮੀ ਬਣ ਸਕੇਗਾ ਜੋ ਅੰਗਰੇਜ਼ੀ ਪੜ੍ਹਿਆ-ਲਿਖਿਆ ਹੋਵੇ। ਇਸ ਗੱਲੋਂ ਅਮ੍ਰਿਤਸਰੀ ਧੜੇ ਨੇ ਖੁਣਸ ਖਾਧੀ ਤੇ ਭਾਈ ਗੁਰਮੁਖ ਸਿੰਘ ਨੂੰ 'ਚੀਫ਼ ਸਕੱਤਰੀ ਦਾ ਭੁੱਖਾ' ਕਹਿ ਕੇ ਨਿੰਦਿਆ, ਕਿਉਂਕਿ ਦੀਵਾਨ ਦੇ ਮੋਢੀਆਂ ਵਿਚ ਉਸ ਸਮੇਂ ਇਨ੍ਹਾਂ ਵਰਗਾ ਅੰਗਰੇਜ਼ੀ ਪੜ੍ਹਿਆ ਹੋਇਆ ਤੇ ਤਜਰਬੇਕਾਰ ਆਦਮੀ ਕੋਈ ਨਹੀਂ ਸੀ। ਦੂਰੰਦੇਸ਼ੀ ਨਾਲ ਇਹੋ ਗੱਲ ਸੋਚ ਕੇ ਇਹ ਨਿਯਮਾਵਲੀ ਰੱਦ ਕਰ ਦਿੱਤੀ ਗਈ।

ਕਿਹਾ ਜਾਂਦਾ ਹੈ ਕਿ ਉਸ ਸਮੇਂ ਭਾਈ ਗੁਰਮੁਖ ਸਿੰਘ ਨੇ ਜੋਸ਼ ਵਿਚ ਆ ਕੇ ਬਾਬਾ ਖੇਮ ਸਿੰਘ ਜੀ ਬੇਦੀ ਦਾ ਗਦੈਲਾ ਦੀਵਾਨ ਵਿਚੋਂ ਚੁੱਕ ਦਿੱਤਾ, ਪਰ ਇਹ ਗੱਲ ਮਨ ਨਹੀਂ ਲਗਦੀ। ਭਾਈ ਗੁਰਮੁਖ ਸਿੰਘ ਹੋਰੀ ਏਕਣ ਮੱਲੋ ਜ਼ੋਰੀ ਗਲ

**ਖ਼ਾਲਸਾ ਦੀਵਾਨ ਦੀ ਨਿਯਮਾਵਲੀ**

ਪੈਣ ਵਾਲੇ ਵਿਅਕਤੀ ਨਹੀਂ ਸਨ। ਉਨ੍ਹਾਂ ਦੀ ਨਿਯਮਾਵਲੀ ਨੂੰ ਨਾ-ਮਨਜ਼ੂਰ ਕਰਨ ਪਿੱਛੋਂ ਅਮ੍ਰਿਤਸਰੀ ਧੜੇ ਨੇ ਖ਼ਾਲਸਾ ਦੀਵਾਨ ਦੀ ਨਿਯਮਾਵਲੀ ਅਲਹਿਦਾ ਬਣਾ ਲਈ, ਜਿਸ ਵਿਚ ਦੀਵਾਨ ਦੇ ਇਸ ਤਰ੍ਹਾਂ ਭਾਗ ਕੀਤੇ ਗਏ ਸਨ :

(੧) ਸਾਮਾਨ ਖੰਡ ਖ਼ਾਲਸਾ ਦੀਵਾਨ (ਗ਼ਰੀਬ ਸਭਾ),
(੨) ਮਹਾਨ ਜਾਂ ਸ੍ਰੇਸ਼ਟ ਖੰਡ ਖ਼ਾਲਸਾ ਦੀਵਾਨ (ਅਮੀਰ ਸਭਾ),
(੩) ਬਿਬੇਕ ਸਭਾ,
(੪) ਪ੍ਰਬੰਧਕਾਰੀ ਸਭਾ,
(੫) ਮਹਾਨ ਸਭਾ, ਅਤੇ
(੬) ਗਵਰਨਮੈਂਟ ਤੇ ਰਿਆਸਤਾਂ ਸੰਬੰਧੀ ਸਭਾ।

ਇਸ ਤੋਂ ਇਲਾਵਾ ਦੀਵਾਨ ਦੇ ਮੁਖੀਆਂ ਦੀ ਚੋਣ ਇਸ ਤਰ੍ਹਾਂ ਕਰਾਰ ਪਾਈ :

(੧) ਪ੍ਰੈਜ਼ੀਡੈਂਟ [ਪ੍ਰਧਾਨ] ਦਰਬਾਰ ਸਾਹਿਬ ਦੇ ਸਰਬਰਾਹ ਹੋਣਗੇ।
(੨) ਵਾਈਸ ਪ੍ਰੈਜ਼ੀਡੈਂਟ [ਮੀਤ ਪ੍ਰਧਾਨ] ਅਕਾਲ ਬੁੰਗੇ ਦੇ ਮੁਖੀ ਸਿੰਘਾਂ ਵਿਚੋਂ ਹੋਣਗੇ।
(੩) ਚੀਫ਼ ਸਕੱਤਰ-ਕੋਈ ਲਾਇਕ ਸਿੰਘ, ਜੋ ਖ਼ਾਨਦਾਨੀ ਕੁਰਸੀ ਨਸ਼ੀਨਾਂ ਵਿਚੋਂ ਹੀ ਹੋਵੇਗਾ।

ਕੁਝ ਹੋਰ ਅੱਗੇ ਚੱਲਕੇ ਨਿਯਮ ਅੰਕ (੭੧) ਤੇ (੭੩) ਦੇ ਅਨੁਸਾਰ ਗੁਰੂ-ਅੰਸ਼

*ਗੁਰਮੁਖੀ ਅਖ਼ਬਾਰ (ਲਾਹੌਰ), ੧੦ ਵਿਸਾਖ, ਸੰ: ੧੯੪੦, ਸਫ਼ੇ ੬-੭।

Sri Satguru Jagjit Singh Ji eLibrary NamdhariElibrary@gmail.com

ਦਾ ਸਨਮਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਗਦੈਲੇ ਲਾ ਕੇ ਬੈਠਣ ਦੀ ਪ੍ਰੌੜ੍ਹਤਾ ਲਾਜ਼ਮੀ ਸਮਝ ਕੇ ਕੀਤੀ ਗਈ। ਇਸ ਤੋਂ ਬਿਨਾ ਖ਼ਾਲਸਾ ਦੀਵਾਨ ਦੇ ਮਾਤਹਿਤ ਸਭਾਵਾਂ ਦੇ ਨਾਉਂ ਏਤ੍ਰਣ ਕਲਪੇ ਗਏ :

(੧) ਸ੍ਰੀ ਗੁਰੂ ਸਿੰਘ ਸਭਾ,
(੨) ਸ੍ਰੀ ਗੁਰੂ ਸਿੱਖ ਸਿੰਘ ਸਭਾ,
(੩) ਸ੍ਰੀ ਗੁਰੂ ਸਿੱਖ ਸਭਾ, ਅਤੇ
(੪) ਸ੍ਰੀ ਗੁਰੂ ਨਾਨਕ ਪੰਥ ਪ੍ਰਕਾਸ਼ ਸਭਾ*।

ਇਸ ਨਿਯਮਾਵਲੀ ਵਿਚ ਇਕ ਹੋਰ ਵੀ ਸ਼ਰਤ ਸੀ ਜਿਸ ਦੇ ਅਨੁਸਾਰ ਸਾਮਾਨ-ਖੰਡ (ਗਰੀਬ) ਖ਼ਾਲਸਾ ਦੀਵਾਨ ਦੀ ਕਾਰਰਵਾਈ ਨੂੰ ਮਹਾਨ ਅਥਵਾ ਸ੍ਰੇਸ਼ਟ ਖੰਡ (ਅਮੀਰ) ਖ਼ਾਲਸਾ ਦੀਵਾਨ ਰੱਦ ਕਰ ਸਕਦਾ ਸੀ, ਜਿਸ ਦਾ ਮਤਲਬ ਸਾਫ ਤੌਰ ਤੇ ਇਹੋ ਸੀ ਕਿ ਸਾਰੀ ਪੰਥਕ ਤਾਕਤ ਬਾਬਾ ਖੇਮ ਸਿੰਘ ਬੇਦੀ ਦੇ ਧੜੇ ਦੇ ਹੱਥਾਂ ਵਿਚ ਰਹੇ ਤੇ ਹੋਰ ਕੋਈ ਉਸ ਦੇ ਮੁਕਾਬਲੇ ਤੇ ਉਠ ਨਾ ਸਕੇ। ਇਸ ਤਰ੍ਹਾਂ 'ਸਾਮਾਨ–ਖੰਡ, ਮਹਾਨ–ਖੰਡ' ਅਥਵਾ 'ਗਰੀਬ-ਅਮੀਰ' ਦੇ ਝਗੜੇ ਵਿਚ ਪੈ ਕੇ ਖ਼ਾਲਸਾ ਦੀਵਾਨ ਅਮ੍ਰਿਤਸਰ ਸਾਰੇ ਸਿੱਖਾਂ ਦਾ ਸਾਂਝਾ ਨਾ ਰਿਹਾ ਤੇ ਨਿਰਾ ਇਕ ਸ਼ਖ਼ਸੀ ਜਿਹਾ ਦੀਵਾਨ ਬਣ ਗਿਆ।

ਭਾਈ ਗੁਰਮੁਖ ਸਿੰਘ ਨੇ ਇਸ ਆਪਾ-ਧਾਪੀ ਤੋਂ ਤੰਗ ਆ ਕੇ ੧੬ ਜੂਨ ਸੰਨ ੧੮੮੩ ਦੇ 'ਗੁਰਮੁਖੀ ਅਖ਼ਬਾਰ' ਵਿਚ 'ਫੁੱਟ' ਦੇ ਸਿਰ ਲੇਖ ਹੇਠ ਇਕ ਲੇਖ ਛਾਪਿਆ, ਜਿਸ ਦੇ ਇਹ ਸ਼ਬਦ ਹਨ :—

"ਮਾਝੇ ਦੀ ਫੁੱਟ ਮਸ਼ਹੂਰ ਹੈ। ਫੁੱਟ ਦਾ ਕੰਮ ਜੁਦਾ ਜੁਦਾ ਕਰਨ ਦਾ ਹੁੰਦਾ ਹੈ...... ਜੋ ਲੋਕ ਆਪਣੀ ਮਾਨ ਪ੍ਰਤਿਸ਼ਟਾ ਚਾਹੁੰਦੇ ਹਨ ਉਹ ਚਾਹੇ ਇੱਲ ਦਾ ਨਾਉਂ ਕੁੱਕੜ ਭੀ ਨਾ ਜਾਣਦੇ ਹੋਣ, ਉਹ ਬੇ-ਇਤਫ਼ਾਕੀ ਦੀ ਜੜ੍ਹ ਹੁੰਦੇ ਹਨ, ਅਪਨਾ ਸਿਰ ਜੁਦਾ ਕੱਢ ਕੱਢ ਦਸਦੇ ਹਨ ਅਤੇ ਦੂਸਰਿਆਂ ਨਾਲ ਬਰਾਬਰ ਹੋ ਕੇ ਰਹਿਣਾ ਨਹੀਂ ਚਾਹੁੰਦੇ। ਏਸੇ ਬੇ-ਇਤਫ਼ਾਕੀ ਨੇ ਸਾਡੇ ਲੋਕਾਂ ਦਾ ਨਾਸ਼ ਕੀਤਾ ਹੈ।"

ਖ਼ਾਲਸਾ ਦੀਵਾਨ ਅਮ੍ਰਿਤਸਰ ਵਿਚ, ਜਿਵੇਂ ਕਿ ਇਸ਼ਾਰੇ ਮਾਤ੍ਰ ਪਿੱਛੇ ਦੱਸਿਆ ਗਿਆ ਹੈ, ਲਾਹੌਰੀ ਧੜੇ ਸਮੇਤ ਤਿੰਨ ਤਰ੍ਹਾਂ ਦੇ ਮੈਂਬਰ ਸਨ : (੧) ਗਰਮ ਖਿਆਲੀਏ-ਸਰਦਾਰ ਠਾਕੁਰ ਸਿੰਘ ਜੀ ਸੰਧਾਵਾਲੀਏ ਆਦਿ,ਜੋ ਦਿਲੋਂ ਸਰਕਾਰ ਅੰਗਰੇਜ਼ੀ ਨਾਲ ਮਿਲ-ਵਰਤਨ ਰੱਖਣ ਦੇ ਹੱਕ ਵਿਚ ਨਹੀਂ ਸਨ। (੨) ਨਰਮ ਖ਼ਿਆਲੀਏ—ਕੰਵਰ ਬਿਕ੍ਰਮ ਸਿੰਘ, ਭਾਈ ਗੁਰਮੁਖ ਸਿੰਘ ਆਦਿ, ਜੋ ਸਰਕਾਰ ਨਾਲ ਪੂਰੀ ਪੂਰੀ ਮਿਲਵਰਤਣ ਰੱਖਣ ਦੇ ਚਾਹਵਾਨ ਸਨ ਅਤੇ (੩) ਬੇਦੀ, ਸੋਢੀ ਆਦਿ ਬਾਵੇ, ਜਿਨ੍ਹਾਂ ਵਿਚੋਂ ਬਾਬਾ ਖੇਮ ਸਿੰਘ ਜੀ ਬੇਦੀ ਪ੍ਰਧਾਨ ਸਨ। ਇਹ ਲੋਕ ਆਪਣੇ ਮਤਲਬ ਲਈ ਨਰਮ ਖਿਆਲੀਏ ਵੀ ਬਣ ਜਾਂਦੇ ਸਨ ਤੇ ਗਰਮ ਖ਼ਿਆਲੀਏ ਵੀ। ਸੌ ਸਾਖੀ ਉਤੇ ਇਨ੍ਹਾਂ ਦਾ ਦਿਲੀ ਭਰੋਸਾ ਸੀ। ਸਿੱਖਾਂ ਵਿਚ ਇਹ ਲੋਕ

ਤਿੰਨ ਧੜੇ

*ਦੇਖੋ, ਰਪੋਰਟ ਖ਼ਾਲਸਾ ਦੀਵਾਨ, ਅਮ੍ਰਿਤਸਰ, ਸੰਮਤ ੪੧੯ ਨਾਨਕ ਸ਼ਾਹੀ।

Sri Satguru Jagjit Singh Ji eLibrary NamdhariElibrary@gmail.com

ਆਪਣੀਆਂ ਗੁਰ ਗੱਦੀਆਂ ਨੂੰ ਕਾਇਮ ਰੱਖਣਾ ਲੋੜਦੇ ਸਨ । ਅਮ੍ਰਿਤਸਰ ਦੇ ਪੁਜਾਰੀ ਇਸ ਕੰਮ ਵਿਚ ਇਨ੍ਹਾਂ ਦੇ ਸਹਾਇਕ ਸਨ ।

ਕੁਝ ਚਿਰ ਬਾਦ ਸਰਦਾਰ ਠਾਕੁਰ ਸਿੰਘ ਜੀ ਸੰਧਾਵਾਲੀਏ ਇੰਗਲੈਂਡ ਜਾਣ ਦਾ ਪ੍ਰੋਗ੍ਰਾਮ ਬਣਨ ਕਰਕੇ ਖ਼ਾਲਸਾ ਦੀਵਾਨ ਦੀ ਪ੍ਰਧਾਨਗੀ ਛੱਡ ਗਏ ਤੇ ਗਰਮ ਧੜੇ ਦੀ ਇਹ ਨਿਸ਼ਸਤ ਬਾਬਾ ਖੇਮ ਸਿੰਘ ਦੀ ਪਾਰਟੀ ਦੇ ਹੱਥ ਆਈ । ਇਸ ਤੋਂ ਪਿੱਛੋਂ ਮਾਰਚ ਸੰਨ ੧੮੮੪ ਵਿਚ ਲਾਰੰਸ ਹਾਲ (ਲਾਹੌਰ) ਦੇ ਜਲਸੇ ਵਿੱਚ ਸਿੱਖਾਂ ਨੇ ਬਾਬਾ ਖੇਮ ਸਿੰਘ ਦੇ ਰਾਹੀਂ ਲਾਟ ਸਾਹਿਬ ਪੰਜਾਬ ਨੂੰ ਐਡਰੈਸ ਦਿੱਤਾ । ਇਸ ਸਮੇਂ ਬਾਬਾ ਜੀ ਤੋਂ ਰਹਿ ਨਾ ਹੋਇਆ ਤੇ ਉਹ ਕਹਿ ਬੈਠੇ ਕਿ ਮੈਂ ਸਾਰੇ ਸਿੱਖਾਂ ਦਾ ਗੁਰੂ ਹਾਂ ਤੇ ਪੰਜਾਬ ਦੇ ਸਾਰੇ ਸਿੱਖਾਂ ਵਲੋਂ ਸਰਕਾਰ ਪਾਸ ਵਕੀਲ ਬਣ ਕੇ ਆਇਆ ਹਾਂ । ਸਿੰਘ ਸਭਾ ਲਾਹੌਰ ਦੇ ਮੈਂਬਰ ਇਹ ਗੱਲ ਸੁਣ ਕੇ ਕਿਵੇਂ ਚੁਪ ਰਹਿ ਸਕਦੇ ਸਨ । ਉਨ੍ਹਾਂ ਨੇ ਉਸੇ ਵੇਲੇ ਐਲਾਨ ਕਰ ਦਿੱਤਾ ਕਿ ਬਾਬਾ ਜੀ ਦਾ ਇਹ ਕਥਨ ਝੂਠ ਹੈ ਤੇ ਸਿੱਖਾਂ ਦਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾ ਹੋਰ ਕੋਈ ਨਹੀਂ ਹੈ । ਇਹ ਅਸੂਲੀ ਝਗੜਾ, ਜੋ ਬੜਾ ਮਾਮੂਲੀ ਸੀ, ਪਰ ਬਾਬਾ ਖੇਮ ਸਿੰਘ ਜੀ ਪਿੱਛੇ ਹਟਣ ਵਾਲੇ ਨਹੀਂ ਸਨ ਇਸ ਲਈ ਸਿੰਘ ਸਭੀਆਂ ਦੇ ਦਰਮਿਆਨ ਖ਼ਲੀਜ ਦੀ ਸ਼ਕਲ ਅਖ਼ਤਿਆਰ ਕਰਨ ਲੱਗ ਪਿਆ ।

**ਅਸੂਲੀ ਮੱਤ ਭੇਦ**

ਅਮ੍ਰਿਤਸਰ ਵਿਚ ਖ਼ਾਲਸਾ ਦੀਵਾਨ ਦੀ ਨਿਯਮਾਵਲੀ ਬਾਰੇ ਚੂੰਕਿ ਝਗੜਾ ਛਿੜ ਚੁਕਾ ਸੀ ਤੇ ਹੋਰ ਕਈ ਤਰ੍ਹਾਂ ਦੇ ਵਖੇਵੇਂ ਵਧ ਚੁਕੇ ਸਨ,ਇਸ ਲਈ ਅਕਤੂਬਰ ਸੰਨ ੧੮੮੫ ਈ: ਨੂੰ ਖ਼ਾਲਸਾ ਦੀਵਾਨ (ਅਮ੍ਰਿਤਸਰ) ਦੇ ਇਕੱਠ ਵਿਚ, ਜੋ ਖ਼ਾਸ ਤੌਰ ਤੇ ਕੀਤਾ ਗਿਆ ਸੀ, ਇਸ ਖਹਿਸਰ ਬਾਜ਼ੀ ਨੇ ਨਵਾਂ ਰੁਖ ਪਲਟਿਆ । ਪਹਿਲਾਂ ਤਾਂ ਬਾਬਾ ਖੇਮ ਸਿੰਘ ਬੇਦੀ ਦੇ ਭਰੇ ਦੀਵਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਗਦੈਲਾ ਲਾ ਕੇ ਬੈਠਣ ਤੇ ਵਿਚਾਰ ਛਿੜੀ ਤੇ ਫੇਰ ਇਕ ਉਰਦੂ ਪੁਸਤਕ, ਜਿਸ ਦਾ ਨਾਮ 'ਖੁਰਸ਼ੀਦ ਖ਼ਾਲਸਾ' ਸੀ, ਦੀਵਾਨ ਵਿਚ ਰੱਖੀ ਗਈ । ਇਹ ਪੁਸਤਕ ਬਾਬਾ ਨਿਹਾਲ ਸਿੰਘ ਕਲਸੀਆਂ (ਛਛਰੌਲੀ) ਨੇ ਲਿਖੀ ਸੀ ਤੇ ਇਸ ਵਿਚ ਨਾਮਧਾਰੀਆਂ ਦੇ ਪ੍ਰਸਿੱਧ ਆਗੂ ਬਾਬਾ ਰਾਮ ਸਿੰਘ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੱਦੀ ਨਸ਼ੀਨ ਕਲਪਿਆ ਸੀ । ਸਿੰਘ ਸਭਾ ਲਾਹੌਰ ਨੇ ਇਸ ਪੁਸਤਕ ਦੀ ਵਿਰੋਧਤਾ ਕੀਤੀ ਤੇ ਇਸ ਦੇ ਬਾਈਕਾਟ ਦਾ ਪ੍ਰਸਤਾਵ ਰੱਖਿਆ, ਪਰ ਬਾਬਾ ਖੇਮ ਸਿੰਘ ਬੇਦੀ ਅੱਗੋਂ ਇਸ ਪੁਸਤਕ ਦੀ ਹਿਮਾਇਤ ਵਿਚ ਤਣ ਗਏ ਜਿਸ ਕਰ ਕੇ ਉਹ ਪ੍ਰਸਤਾਵ ਪਾਸ ਨਾ ਹੋ ਸਕਿਆ । ਬਸ, ਇਹੋ ਇਸ ਇਕੱਠ ਦੇ ਦੋ ਬੁਨਿਆਦੀ ਝਗੜੇ ਸਨ, ਜਿਨ੍ਹਾਂ ਨੇ ਦੋਹਾਂ ਧਿਰਾਂ ਨੂੰ ਇਕ ਦੂਜੇ ਨਾਲੋਂ ਹਮੇਸ਼ਾ ਲਈ ਵਿਛੋੜ ਦਿੱਤਾ ।

**ਅਮ੍ਰਿਤਸਰੀ ਧੜੇ ਨਾਲੋਂ ਤੋੜ-ਵਿਛੋੜੀ**

ਭਾਈ ਗੁਰਮੁਖ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਇਸ ਵਿਚ ਆਪਣੀ ਹਤਕ ਸਮਝੀ, ਜਿਸ ਕਰਕੇ ਲਾਹੌਰ ਪਹੁੰਚਣ ਸਾਰ ਸ੍ਰੀ ਗੁਰੂ ਸਿੰਘ ਸਭਾ ਦੇ ਮੈਂਬਰਾਂ ਦੀ ਇਕ

ਇਕਤ੍ਰਤਾ ਬੁਲਾਈ, ਜਿਸ ਵਿਚ ਸਰਬ ਸੰਮਤੀ ਨਾਲ ਪਾਸ ਹੋਣ ਤੇ ਖ਼ਾਲਸਾ ਦੀਵਾਨ, ਲਾਹੌਰ ਦੀ ਬੁਨਿਆਦ ਰੱਖੀ ਗਈ । ਇਹ ਖ਼ਾਲਸਾ ਦੀਵਾਨ ਅਮ੍ਰਿਤਸਰੀ ਧੜੇ ਤੋਂ ਉੱਕਾ ਹੀ ਸੁਤੰਤ੍ਰ ਤੇ ਅਲੱਗ ਸੀ,ਤੇ ਇਸ ਦੇ ਸਾਰੇ ਹੀ ਮੈਂਬਰ ਪੰਥਕ ਸੁਧਾਰ ਦੇ ਮੈਦਾਨ ਵਿਚ ਬੜੇ ਅਗਾਂਹ ਵਧੂ ਤੇ ਪੱਕੇ ਤੱਤ ਖ਼ਾਲਸੇ ਸਨ । ਇਸ ਦੀਵਾਨ ਦੇ ਕਾਇਮ ਹੋਣ ਸਾਰ ਸਿੱਖਾਂ ਵਿਚ ਸ਼ੁੱਧੀ ਦਾ ਪ੍ਰਚਾਰ ਸ਼ੁਰੂ ਹੋਇਆ, ਅਛੂਤ ਉਧਾਰ ਤੇ ਆਨੰਦ-ਵਿਆਹ ਦੀ ਮਰਯਾਦਾ ਪ੍ਰਚਲਿਤ ਕਰਨ ਤੇ ਜ਼ੋਰ ਦਿੱਤਾ ਗਿਆ ਅਤੇ ਸਿੱਖ ਇਸਤ੍ਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਜਾਣ ਲੱਗਾ । ਰਾਵਲ ਪਿੰਡੀ ਦੇ ਨਿਰੰਕਾਰੀ ਪ੍ਰਚਾਰਕਾਂ ਨੇ, ਜੋ ਆਨੰਦ ਵਿਆਹ ਦੇ ਪਹਿਲਾਂ ਹੀ ਹਾਮੀ ਸਨ, ਇਸ ਕੰਮ ਵਿਚ ਸਿੰਘ ਸਭਾ ਲਾਹੌਰ ਨੂੰ ਆਪਣੀ ਪੂਰੀ ਪੂਰੀ ਮਿਲਵਰਤਨ ਦਿੱਤੀ ।

**ਖ਼ਾਲਸਾ ਦੀਵਾਨ, ਲਾਹੌਰ**

ਖ਼ਾਲਸਾ ਦੀਵਾਨ, ਲਾਹੌਰ ਦੀ ਨਿਯਮਾਵਲੀ ਵਿਚ ਹਰੇਕ ਸਿੱਖ ਨੂੰ, ਜੋ ਇਸ ਦੀਵਾਨ ਜਾਂ ਸਿੰਘ ਸਭਾ ਦੀ ਹੋਰ ਕਿਸੇ ਵੀ ਜੱਥੇਬੰਦੀ ਦਾ ਮੈਂਬਰ ਹੋਵੇ, ਇਕ ਸਮਾਨ ਅਧਿਕਾਰ ਦਿੱਤਾ ਗਿਆ । ਅਮ੍ਰਿਤਸਰ ਦੀ ਤਰ੍ਹਾਂ ਏਥੇ ਨਾਂ ਕੋਈ ਸਾਮਾਨ ਖੰਡ (ਗਰੀਬ) ਖ਼ਾਲਸਾ ਦੀਵਾਨ ਸੀ ਤੇ ਨਾਹੀਂ ਕੋਈ ਮਹਾਨ, ਸ੍ਰੇਸ਼ਟ ਜਾਂ ਅਮੀਰ ਖੰਡ ਖ਼ਾਲਸਾ ਦੀਵਾਨ । ਏਥੇ ਸਾਰੇ ਹੀ ਗ਼ਰੀਬ ਤੇ ਅਮੀਰ ਇਕੋ ਜਿਹੇ ਸਨ । ਸ੍ਰੇਸ਼ਟ ਸਭਾ ਏਥੇ ਵੀ ਰੱਖੀ ਗਈ, ਜਿਸ ਨੂੰ ਦੂਜੇ ਸ਼ਬਦਾਂ ਵਿਚ ਕੰਮ ਕਰਨੀ ਸਭਾ ਜਾਂ ਕਮੇਟੀ ਕਹਿ ਸਕਦੇ ਹਾਂ, ਪਰ ਇਸ ਵਿਚ ਵੀ ਹਰੇਕ ਮੈਂਬਰ ਦੀ ਵਿਦਿਅਕ ਯੋਗਤਾ ਹੀ ਉਸ ਦੀ ਸ੍ਰੇਸ਼ਟਤਾ ਦਾ ਪ੍ਰਮਾਣ ਸੀ, ਇਸ ਤੋਂ ਬਿਨਾ ਹੋਰ ਉਚ-ਨੀਚ ਦਾ ਸਵਾਲ ਕੋਈ ਨਹੀਂ ਸੀ । ਕੁਝ ਕੁ ਮੋਟੇ ਮੋਟੇ ਨਿਯਮ ਇਸ ਦੀਵਾਨ ਦੇ ਇਹ ਸਨ :—

**ਤੇ ਇਸ ਦੀ ਨਿਯਮਾਵਲੀ**

'(੧) ਖ਼ਾਲਸਾ ਦੀਵਾਨ (ਲਾਹੌਰ) ਖ਼ਾਲਸੇ ਦੀ ਉਸ ਮਜਲਿਸ ਦਾ ਨਾਉਂ ਹੈ ਜਿਸ ਵਿਚ ਹਰ ਇਕ ਸਭਾ (ਜੋ ਸ਼ਾਮਲ ਹੋਵੇ) ਆਪਣਾ ਵਕੀਲ ਭੇਜੇ—ਯਾਨੀ ਹਰ ਇਕ ਸਭਾ ਦੇ ਵਕੀਲ ਜਦ ਮਿਲ ਬੈਠਣ, ਉਨ੍ਹਾਂ ਦੀ ਸਭਾ ਦਾ ਨਾਉਂ ਖ਼ਾਲਸਾ ਦੀਵਾਨ ਹੈ ।

(੨) ਸਿੰਘ ਸਭਾ ਅਥਵਾ ਸਭਾ ਦੇ ਵਕੀਲ ਉਹ ਸ਼ਖ਼ਸ ਹੁੰਦੇ ਹਨ ਜਿਨ੍ਹਾਂ ਨੂੰ ਸਿੰਘ ਸਭਾ ਯਾ ਸਭਾ ਅਪਨੀ ਤਰਫ਼ੋਂ ਅਪਨਾ ਮੁਖ਼ਤਾਰ ਬਣਾ ਕੇ ਖ਼ਾਲਸਾ ਦੀਵਾਨ ਵਿਚ ਸੰਮਤੀ ਲਈ ਭੇਜੇ ।

(੧੩) ਫ਼ੈਸਲਾ......ਕਸਰਤ ਰਾ ਸੇ* ਹੋਵੇ ।

(੨੨) ਚੀਫ਼ ਸਕੱਤ੍ਰ ਵਿਚ ਹੇਠ ਲਿਖੀਆਂ ਬਾਤਾਂ† ਪਾਈਆਂ ਜਾਣ : (ੳ) ਸਿੰਘ ਹੋ, (ਅ) ਰਹਿਤ ਕੱਚੀ ਨਾ ਹੋ, (ੲ) ਨੇਕ ਚਲਨ ਹੋ, (ਸ) ਗੁਰਮਤ ਅਤੇ ਗੁਰ-ਇਤਿਹਾਸ ਦਾ ਵਾਕਿਫ਼ ਹੋ, (ਹ) ਵਰਤਮਾਨ ਸਮੇਂ ਅਤੇ ਕਮੇਟੀਆਂ ਦੇ ਇਲਮ ਦਾ ਵਾਕਿਫ਼ ਹੋਵੇ, (ਕ) ੩੦ ਬਰਸ ਦੀ ਉਮਰ ਤੋਂ ਘੱਟ ਨਾ ਹੋ ਤੇ (ਖ) ਵਿਦਵਾਨ ਹੋ ।

*ਬਹੁ-ਸੰਮਤੀ ਨਾਲ । †ਸਿਫ਼ਤਾਂ ।

Sri Satguru Jagjit Singh Ji eLibrary NamdhariElibrary@gmail.com

(੨੩) ਕਮੇਟੀ ਦੇ ਮੈਂਬਰਾਂ ਵਿਚ ਵੀ ਉਪਰਲੀਆਂ ਬਾਤਾਂ ਪਾਈਆਂ ਜਾਣ, ਮਗਰ ਹਰ ਸਹਾਇਕ ੨੫ ਬਰਸ ਦੀ ਉਮਰ ਤੇ ਘੱਟ ਨਾ ਹੋ।

(੨੪) ਕਮੇਟੀ ਦੇ ਸਹਾਇਕ ਐਸੇ ਹੋਣ ਜੋ ਕਿਸੇ ਨਾ ਕਿਸੇ ਕੰਮ ਨੂੰ ਕਰ ਸਕਣ† ।' ਆਦਿ ।

ਸਮੇਂ ਦੇ ਇਸ ਦੌਰਾਨ ਵਿਚ, ਜਦ ਕਿ ਸਿੰਘ ਸਭੀਆਂ ਦੀ ਖਿੱਚੋਤਾਣ ਚਲਦੀ ਰਹੀ, ਖ਼ਾਲਸਾ ਕਾਲਜ ਬਣਾਣ ਲਈ ਕਈ ਵੇਰ ਇਕੱਠ ਹੁੰਦੇ ਰਹੇ ਤੇ ਸਿੱਖ-ਸਾਹਿੱਤ ਦੇ ਪ੍ਰਚਾਰ ਦਾ ਕਮ ਵੀ ਸਿੰਘ ਸਭਾ ਵਲੋਂ ਜਿਉਂ ਦਾ ਤਿਉਂ ਜਾਰੀ ਰਿਹਾ। ਬਾਬਾ ਖੇਮ ਸਿੰਘ ਜੀ ਨੇ ਆਪਣਾ ਇਕ ਪੱਤ੍ਰ, ਜਿਸ ਦਾ ਨਾਮ 'ਗੁਰਮਤ ਪ੍ਰਕਾਸ਼ਕ' ਸੀ, ਆਰੰਭ ਕੀਤਾ। ਸਰਕਾਰ ਪੰਜਾਬ ਪਾਸ ਦਰਖ਼੍ਵਾਸਤ ਕਰਨ ਤੇ ਪੁਰਾਤਨ ਜਨਮ ਸਾਖੀ ਵਿਲਾਇਤੋਂ ਮੰਗਵਾ ਕੇ ਛਾਪੀ ਤੇ ਮੁਫ਼ਤ ਵੰਡੀ ਗਈ। ਗਵਰਨਮੈਂਟ ਵਲੋਂ ਡਾਕਟਰ ਟ੍ਰੰਪ ਰਾਹੀਂ ਕਰਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਉਤੇ ਸਿੱਖਾਂ ਵਿਚ ਵਿਚਾਰ ਛਿੜੀ ਤੇ ਉਸ ਦੀਆਂ ਅਸ਼ੁੱਧੀਆਂ ਨੂੰ ਦੇਖ ਕੇ ਮਿਸਟਰ ਮੈਕਾਲਿਫ਼ ਨੇ ਨਵੇਂ ਸਿਰੇ ਅਨੁਵਾਦ ਕਰਨ ਲਈ ਫ਼ੈਸਲਾ ਕੀਤਾ।

**ਵਿਦਯਾ ਤੇ ਸਾਹਿੱਤਕ ਪ੍ਰਚਾਰ ਦੀ ਪ੍ਰਗਤੀ**

ਇਸ ਸਮੇਂ ਛਾਪੇਖ਼ਾਨੇ ਕਾਇਮ ਹੋਣ ਤੇ ਪੰਜਾਬੀ ਵਿਚ ਹਰ ਪ੍ਰਕਾਰ ਦੀਆਂ ਪੁਸਤਕਾਂ ਛਪਣ ਲੱਗ ਪਈਆਂ ਸਨ। ਕੁਝ ਪੁਸਤਕ–ਵਪਾਰੀਆਂ ਦੇ ਜਤਨ ਨਾਲ ਗੁਰਬਾਣੀ ਦੇ ਗੁਟਕੇ ਤੇ ਸ੍ਰੀ ਗੁਰੂ–ਗ੍ਰੰਥ ਸਾਹਿਬ ਦੀਆਂ ਬੀੜਾਂ ਵੀ ਪ੍ਰਕਾਸ਼ਿਤ ਹੋਈਆਂ। ਉਹ ਬੀੜਾਂ ਤੇ ਗੁਟਕੇ ਕੁਝ ਅਸ਼ੁੱਧ ਸਨ ਤੇ ਮਨ–ਮਰਜ਼ੀ ਨਾਲ ਕੇਵਲ ਵਪਾਰਕ ਖ਼ਿਆਲ ਨੂੰ ਮੁਖ ਰੱਖ ਕੇ ਹੀ ਛਾਪੇ ਗਏ ਸਨ, ਇਸ ਲਈ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਵਲੋਂ 'ਗੁਰਬਾਣੀ–ਕਾਨੂਨ' ਪਾਸ ਕਰਵਾਉਣ ਦੀ ਮੁਹਿੰਮ ਸ਼ੁਰੂ ਹੋਈ ਤਾਕਿ ਕੋਈ ਪੁਸਤਕਾਂ ਛਾਪਣ ਅਥਵਾ ਵੇਚਣ ਵਾਲਾ ਗੁਰਬਾਣੀ ਦੀ ਇਸ ਤਰ੍ਹਾਂ ਬੇਅਦਬੀ ਨਾ ਕਰ ਸਕੇ। ਜੇ ਗੁਰਬਾਣੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਛਾਪੇ ਜਾਣ ਤਾਂ ਉਨ੍ਹਾਂ ਦੇ ਛਾਪਣ ਦਾ ਪ੍ਰਬੰਧ ਦੁਕਾਨਦਾਰਾਂ ਦੀ ਬਜਾਇ ਕਿਸੇ ਮੰਨੀ ਪ੍ਰਮੰਨੀ ਪੰਥਕ ਸਭਾ ਜਾਂ ਸੋਸਾਇਟੀ ਦੇ ਅਧੀਨ ਹੋਵੇ, ਜੋ ਉਕਾਈਆਂ ਦੀ ਹਰ ਤਰਾਂ ਜ਼ਿਮੇਂਵਾਰ ਹੋਵੇ। ਉਸ ਤੋਂ ਬਿਨਾਂ ਹੋਰ ਕਿਸੇ ਵਿਅਕਤੀ ਨੂੰ ਇਸ ਪਾਸੇ ਨਿੱਜੀ ਤਜਾਰਤ ਚਲਾਉਣ ਦਾ ਉੱਕਾ ਹੀ ਮੌਕਾ ਨਾ ਦਿੱਤਾ ਜਾਵੇ। ਇਹ ਤਜਵੀਜ਼ ਬੜੀ ਚੰਗੀ ਤੇ ਸਮੇਂ ਦੇ ਐਨ ਅਨੁਕੂਲ ਸੀ। ਭਾਈ ਗੁਰਮੁਖ ਸਿੰਘ ਜੀ ਆਪਣੇ ਸਾਥੀਆਂ ਸਮੇਤ ਇਸ ਸੰਬੰਧੀ ਇਕ ਵੇਰ ਲਾਟ ਸਾਹਿਬ ਨੂੰ ਵੀ ਮਿਲੇ, ਪਰ ਅਚਾਣਕ ਰਾਹ ਵਿਚ ਕਈ ਅਜਿਹੀਆਂ ਰੋਕਾਂ ਖੜੀਆਂ ਹੋ ਗਈਆਂ ਕਿ ਉਹ ਇਸ ਜੱਦੋ-ਜਹਿਦ ਵਿਚ ਕਾਮਿਆਬ ਨਾ ਹੋ ਸਕੇ, ਜਿਸ ਕਰਕੇ ਇਹ ਕਾਨੂਨ ਮਨੋ-ਕਲਪਨਾ ਦਾ ਫੁੱਲ ਬਣ ਕੇ ਹੀ ਰਹਿ ਗਿਆ* ।

**ਗੁਰਬਾਣੀ-ਕਾਨੂਨ**

†ਦੇਖੋ, ਰੀਪੋਰਟ ਖ਼ਾਲਸਾ ਦੀਵਾਨ ਲਾਹੌਰ, ਸੰਮਤ ਨਾ: ਸ਼ਾਹੀ ੪੧੭, ਸਫ਼ੇ ੧ ਤੋਂ ੮ ਤਕ। *ਕਾਗ਼ਜ਼ਾਤ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਆਧਾਰ ਤੇ।

Sri Satguru Jagjit Singh Ji eLibrary NamdhariElibrary@gmail.com

# ੫.

# ਅਮ੍ਰਿਤਸਰੀ ਧੜੇ ਦੀ ਟੱਕਰ

(੧੮੮੫—੧੮੮੬)

ਇਸ ਸਮੇਂ ਸਿੰਘ ਸਭੀਏ ਦੋ ਧੜਿਆਂ ਵਿਚ ਵੰਡੇ ਗਏ : (੧) ਅਮ੍ਰਿਤਸਰੀ ਧੜਾ ਤੇ (੨) ਲਾਹੌਰੀ ਧੜਾ। ਇਨ੍ਹਾਂ ਦੋਹਾਂ ਦੇ ਹੀ ਵੱਖੋ ਵੱਖ ਦੀਵਾਨ ਅਮ੍ਰਿਤਸਰ ਤੇ ਲਾਹੌਰ ਵਿਚ ਮੌਜੂਦ ਸਨ। ਖ਼ਾਲਸਾ ਦੀਵਾਨ ਅਮ੍ਰਿਤਸਰ ਨਾਲ ੮ ਤੋਂ ਲਾਹੌਰ ਨਾਲ ੩੦ ਸਿੰਘ ਸਭਾਵਾਂ ਸੰਬੰਧਿਤ ਸਨ*। ਭਾਈ ਗੁਰਮੁਖ ਸਿੰਘ ਨੇ ਖ਼ਾਲਸਾ ਦੀਵਾਨ ਕਾਇਮ ਕਰਨ ਸਾਰ ਇਕ ਤਾਂ 'ਖ਼ਾਲਸਾ ਪ੍ਰੈਸ' ਦਾ ਪ੍ਰਬੰਧ ਠੀਕ ਕੀਤਾ ਤੇ ਦੂਜਾ ਲਾਹੌਰੋਂ ਇਕ ਸਪਤਾਹਿਕ ਪਤ੍ਰ ਕੱਢਿਆ, ਜਿਸ ਦਾ ਨਾਮ 'ਖ਼ਾਲਸਾ ਅਖ਼ਬਾਰ' ਸੀ। ਪਹਿਲਾਂ ਗਿਆਨੀ ਝੰਡਾ ਸਿੰਘ ਤੇ ਫੇਰ ਗਿਆਨੀ ਦਿੱਤ ਸਿੰਘ ਇਸ ਪਤ੍ਰ ਦੇ ਸੰਪਾਦਕ ਥਾਪੇ ਗਏ। ਇਸ ਤੋਂ ਬਿਨਾਂ ਦੋ ਪਤ੍ਰ ਹੋਰ ਆਰੰਭ ਕੀਤੇ ਜਿਨ੍ਹਾਂ ਦੇ ਨਾਮ 'ਖ਼ਾਲਸਾ ਗਜ਼ਟ' ਤੇ 'ਸੁਧਾਰਾਰਕ' ਸਨ। 'ਖ਼ਾਲਸਾ ਗਜ਼ਟ' ਮੂਰਤੀ ਪੂਜਾ ਤੋਂ ਵਿਰੁੱਧ ਤੇ 'ਸੁਧਾਰਾਰਕ' ਗੁਰਮਤ ਫ਼ਿਲਾਸਫ਼ੀ ਦੀਆਂ ਮੁਸ਼ਕਲਾਂ ਹੱਲ ਕਰਨ ਵਾਸਤੇ ਸੀ। ਭਾਈ ਗੁਰਮੁਖ ਸਿੰਘ ਦੀ ਸੁਧਾਰਕ ਰੀਝ ਇਨ੍ਹਾਂ ਤੇਹਾਂ ਪਤ੍ਰਾਂ ਵਿਚ ਇਕੋ ਜਿਹਾ ਕੰਮ ਕਰ ਰਹੀ ਸੀ।

**'ਦੀਵਾਨ ਲਾਹੌਰ' ਦੇ ਮੁੱਢਲੇ ਜਤਨ**

ਬਾਬਾ ਖੇਮ ਸਿੰਘ ਜੀ ਬੇਦੀ ਅਤੇ ਦੋ-ਚਾਰ ਹੋਰ ਬਾਵੇ ਇਸ ਸੁਧਾਰ ਤੋਂ ਨੱਕ ਵਟਦੇ ਸਨ, ਅਤੇ ਆਪਣੀ ਸਿੱਖੀ-ਸੇਵਕੀ ਦੇ ਲਿਹਾਜ਼ ਨਾਲ ਉਨ੍ਹਾਂ ਦੇ ਇਲਾਕੇ ਵੰਡੇ ਹੋਏ ਸਨ। ਊਨੇ ਵਾਲੇ ਬੇਦੀ ਸਾਹਿਬ ਜ਼ਿਲਾ ਲੁੱਦਿਹਾਣਾ ਥੀਂ ਹੋ ਕੇ ਨਾਭੇ, ਪਟਿਆਲੇ ਤਕ ਪਹੁੰਚਦੇ ਸਨ ਤੇ ਉਨ੍ਹਾਂ ਦੇ ਸਾਈਸ ਪਿੰਡਾਂ ਦੇ ਲੋਕਾਂ ਨੂੰ ਅਮ੍ਰਿਤ ਛਕਾਇਆ ਕਰਦੇ ਸਨ। ਬਾਬਾ ਖੇਮ ਸਿੰਘ ਜੀ ਦੀ ਸਿੱਖੀ ਸੇਵਕੀ ਪੋਠੋਹਾਰ, ਮਾਝਾ ਤੇ ਫ਼ੀਰੋਜ਼ਪੁਰ ਲੰਘ ਕੇ ਫ਼ਰੀਦਕੋਟ ਤਕ ਫੈਲੀ ਹੋਈ ਸੀ। ਰਾਜਾ ਬਿਕ੍ਰਮ ਸਿੰਘ ਜੀ ਫ਼ਰੀਦਕੋਟ ਵਾਲੇ ਉਨ੍ਹਾਂ ਦੇ ਪੱਕੇ ਸ਼ਰਧਾਲੂ ਸਨ ਤੇ ਅਮ੍ਰਿਤਸਰੀ ਧੜੇ ਦੇ ਕਝ ਲੋਕ ਫ਼ਰੀਦਕੋਟ ਨੌਕਰ ਵੀ ਸਨ। ਜਦ ਖ਼ਾਲਸਾ ਦੀਵਾਨ ਲਾਹੌਰ ਬਣਿਆ ਤਾਂ ਰਾਜਾ ਬਿਕ੍ਰਮ ਸਿੰਘ ਦੀ ਚਾਹ ਸੀ ਕਿ ਉਹ ਵੀ ਪੰਥਕ ਸੁਧਾਰ ਦੇ ਕੰਮ ਵਿਚ ਕੁਝ ਹਿੱਸਾ ਪਾਉਣ, ਪਰ ਅੱਗੋਂ ਸਨਾਤਨੀ ਸਿੱਖਾਂ ਵਲੋਂ ਮਰਯਾਦਾ ਟੁੱਟਣ ਦੀ ਦੁਹਾਈ ਦੇ ਕੇ ਉਨ੍ਹਾਂ ਨੂੰ ਇਸ ਪਾਸਿਓਂ ਰੋਕ ਲਿਆ ਗਿਆ।

**ਸੋਢੀ-ਬੇਦੀਆਂ ਦੀ ਸਿੱਖੀ-ਸੇਵਕੀ**

ਇਸ ਸਮੇਂ ਦਰਬਾਰ ਫ਼ਰੀਦਕੋਟ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਤਿਆਰ ਕਰਵਾਏ ਜਾਣ ਦਾ ਫ਼ੈਸਲਾ ਹੋਇਆ। ਬਹੁਤ ਸਾਰੇ ਵਿਦ੍ਵਾਨ ਤੇ ਗੁਣੀ-ਗਿਆਨੀ

---

*ਦੇਖੋ, ਕਾਗਜ਼ਾਤ ਸ: ਅਤਰ ਸਿੰਘ ਭਦੌੜ (ਅੰਗਰੇਜ਼ੀ), ਸੰਨ ੧੮੯੪, ਸਫ਼ਾ ੧੮੧।

Sri Satguru Jagjit Singh Ji eLibrary NamdhariElibrary@gmail.com

ਇਸ ਕੰਮ ਲਈ ਇਕੱਠੇ ਕੀਤੇ ਗਏ। ਭਾਈ ਗੁਰਮੁਖ ਸਿੰਘ ਤੇ ਉਨ੍ਹਾਂ ਦੇ ਇਕ ਦੋ ਸਾਥੀ ਵੀ ਇਸ ਇਕੱਠ ਵਿਚ ਗਏ। ਉਨ੍ਹਾਂ ਵਿਦ੍ਵਾਨਾਂ ਤੇ ਗਿਆਨੀਆਂ ਦੇ, ਜਿਨ੍ਹਾਂ ਵਿਚ ਬਾਬਾ ਸੁਮੇਰ ਸਿੰਘ ਮਹੰਤ ਪਟਨਾ ਸਾਹਿਬ ਵੀ ਸਨ, ਸਨਾਤਨੀ ਢੰਗ ਦੇ ਅਰਥ ਸੁਣ ਕੇ ਭਾਈ ਗੁਰਮੁਖ ਸਿੰਘ ਨੇ ਰਾਜਾ ਬਿਕ੍ਰਮ ਸਿੰਘ ਨੂੰ ਸਾਫ਼ ਕਹਿ ਦਿੱਤਾ ਕਿ ਆਪ ਦੇ ਗੁਣੀ ਗਿਆਨੀ ਤੇ ਟੀਕਾਕਾਰ ਏਨੀ ਸਮਝ ਨਹੀਂ ਰਖਦੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹੀ ਸਹੀ ਅਰਥ ਕਰ ਸਕਣ, ਕਿਉਂਕਿ ਇਨ੍ਹਾਂ ਵਿਚ ਖੋਜ ਭਰੀ ਵਿਦਿਆ, ਬੁੱਧੀ ਤੇ ਗੁਰਮਤ ਫ਼ਿਲਾਸਫ਼ੀ ਦੀ ਪੁਣ-ਛਾਣ ਕਰਨ ਦੇ ਖ਼ਾਸ ਘਾਟੇ ਹਨ। ਇਸ ਕਰਕੇ ਟੀਕਾ ਕਰਣ ਦੇ ਕਦਾਚਿਤ ਜੋਗ ਨਹੀਂ ਹਨ*।' ਇਹ ਖਰੀ ਖਰੀ ਨੁਕਤਾ ਚੀਨੀ ਸੁਣ ਕੇ ਗਿਆਨੀ ਬਦਨ ਸਿੰਘ ਦੇ ਤਾਂ ਤਨ-ਮਨ ਨੂੰ ਲੱਗ ਗਈ ਤੇ ਉਸ ਨੇ ਬੇਦੀ ਖੇਮ ਸਿੰਘ ਜੀ ਪਾਸ ਸ਼ਿਕਾਇਤ ਕਰ ਦਿੱਤੀ। ਰਾਜਾ ਬਿਕ੍ਰਮ ਸਿੰਘ ਹੋਰੀ ਚੂੰਕਿ ਬੇਦੀ ਸਾਹਿਬ ਨਾਲ ਅੱਛੀ ਖ਼ਾਸੀ ਅਕੀਦਤ ਰਖਦੇ ਸਨ, ਇਸ ਲਈ ਉਹ ਭਾਈ ਗੁਰਮੁਖ ਸਿੰਘ ਨੂੰ ਇਸ ਸ਼ੁਭ ਕਾਰਜ ਵਿਚ ਰੋਕ ਪਾਉਣ ਵਾਲੇ ਸਮਝ ਕੇ ਉਨ੍ਹਾਂ ਤੇ ਨਾਰਾਜ਼ ਹੋ ਗਏ।

**ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫ਼ਰੀਦ ਕੋਟੀ ਟੀਕਾ**

ਇਸ ਤੋਂ ਬਿਨਾ ਦੋ ਕਾਰਣ ਹੋਰ ਸਨ ਜਿਨ੍ਹਾਂ ਕਰ ਕੇ ਇਸ ਧੜੇ ਬੰਦੀ ਨੇ ਰਤਾ ਹੋਰ ਅਗੇਰੇ ਕਦਮ ਰੱਖਿਆ। ਸੰਨ ੧੮੮੫ ਵਿਚ ਜਦ ਅਜੇ ਖ਼ਾਲਸਾ ਦੀਵਾਨ ਲਾਹੌਰ ਬਣ ਹੀ ਰਿਹਾ ਸੀ ਤਾਂ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸੁਪੁਤ੍ਰ ਮਹਾਰਾਜਾ ਦਲੀਪ ਸਿੰਘ ਦੇ ਦੇਸ਼ ਵਾਪਸ ਆਉਣ ਦੀ ਅਫ਼ਵਾਹ ਉੱਡੀ। ਉਹ ਇਸ ਸਮੇਂ ਵਿਲਾਇਤ ਵਿਚ ਸਨ। ਸਰਦਾਰ ਠਾਕੁਰ ਸਿੰਘ ਸੰਧਾਵਾਲੀਏ ਉਨ੍ਹਾਂ ਪਾਸ ਉਥੇ ਹੀ ਜਾ ਪਹੁੰਚੇ। ਮਹਾਰਾਜੇ ਦਾ ਆਗਮਨ ਸੁਣਕੇ ਸਿੱਖ ਫ਼ੌਜਾਂ ਵਿਚ 'ਸ੍ਵਾਗਤ' ਦਾ ਜੋਸ਼ ਜਾਗਿਆ, ਜਿਸ ਤੋਂ ਸਰਕਾਰ ਅੰਗ੍ਰੇਜ਼ੀ ਨੂੰ ਬੜਾ ਫ਼ਿਕਰ ਪਿਆ। ਮਹਾਰਾਜਾ ਸਾਹਿਬ ਤਾਂ ਰਾਹ ਵਿਚੋਂ ਹੀ ਵਾਪਸ ਮੋੜੇ ਗਏ ਤੇ ਪੰਜਾਬ ਦੇ ਸਿੱਖਾਂ ਨੂੰ ਕਾਬੂ ਵਿਚ ਰੱਖਣ ਲਈ ਰਤਾ ਗਵਰਨਮੈਂਟ ਹੋਰ ਵੀ ਸੁਚੇਤ ਹੋ ਗਈ। ਖ਼ਾਲਸਾ ਦੀਵਾਨ ਲਾਹੌਰ ਵਲੋਂ ਇਸ ਸਮੇਂ ਰਾਜਭਗਤੀ ਦੇ ਵਸ ਵਿਚ ਹੋ ਕੇ ਤਿੰਨ ਮਤੇ ਪਾਸ ਕੀਤੇ ਗਏ†, ਜੋ ਮਹਾਰਾਜਾ ਦਲੀਪ ਸਿੰਘ ਤੋਂ ਵਿਰੁੱਧ ਤੇ ਸਰਕਾਰ ਅੰਗ੍ਰੇਜ਼ੀ ਦੇ ਹੱਕ ਵਿਚ ਸਨ। ਇਹ ਮਤੇ ਸਿੱਖਾਂ ਦੇ ਉਸ ਸਮੇਂ ਦੇ ਪਰਤੰਤ੍ਰ ਰਾਜਨੀਤਿਕ ਝੁਕਾਉ ਦਾ ਪਤਾ ਦਿੰਦੇ ਹਨ।

**ਮਹਾਰਾਜਾ ਦਲੀਪ ਸਿੰਘ ਦੀ ਵਾਪਸੀ ਅਤੇ ਖ਼ਾਲਸਾ ਦੀਵਾਨ ਲਾਹੌਰ ਦੇ ਮਤੇ**

ਇਕ ਪਾਸੇ ਤਾਂ ਇਹ ਮਤੇ ਸੋਧੇ ਗਏ, ਦੂਜੇ ਪਾਸੇ ਮੁੜ ਉਹੋ ਗੱਚ ਕੱਢਣ ਲਈ ਖ਼ਾਲਸਾ ਦੀਵਾਨ ਲਾਹੌਰ ਨੇ 'ਖ਼ੁਰਸ਼ੀਦ ਖ਼ਾਲਸਾ' ਨਾਮੀ ਪੁਸਤਕ ਦਾ ਸਵਾਲ ਸਾਮ੍ਹਣੇ ਰੱਖਿਆ। ਉਸ ਦੇ ਲੇਖਕ ਬਾਵਾ ਨਿਹਾਲ ਸਿੰਘ ਨੂੰ ਇਹ ਜ਼ਾਹਰ ਕਰਕੇ ਕਿ ਉਸ ਨੇ ਇਸ

*ਕਾਗ਼ਜ਼ਾਤ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਆਧਾਰ ਤੇ।

†ਦੇਖੋ, ਕਾਗ਼ਜ਼ਾਤ ਸ: ਅਤਰ ਸਿੰਘ ਭਦੌੜ (ਅੰਗ੍ਰੇਜ਼ੀ), ਸੰਨ ੧੮੯੪, ਸਫ਼ਾ ੧੧੮।

Sri Satguru Jagjit Singh Ji eLibrary NamdhariElibrary@gmail.com

**ਪੁਸਤਕ 'ਖ਼ੁਰਸ਼ੀਦ ਖ਼ਾਲਸਾ' ਦਾ ਸਵਾਲ**

ਪੁਸਤਕ ਵਿਚ ਦਸਾਂ ਪਾਤਸ਼ਾਹੀਆਂ ਤੋਂ ਬਾਦ ਗੁਰਮਤ ਤੋਂ ਵਿਰੁੱਧ ਦੇਹ ਧਾਰੀ ਗੁਰੂਆਂ ਦੀ ਹਿਮਾਇਤ ਕਰ ਕੇ ਬਾਬਾ ਰਾਮ ਸਿੰਘ ਨਾਮਧਾਰੀ ਨੂੰ ੧੨ ਵਾਂ ਗੁਰੂ ਮੰਨਿਆ ਹੈ ਅਤੇ ਮਹਾਰਾਜਾ ਦਲੀਪ ਸਿੰਘ ਦੇ ਮੁੜ ਪੰਜਾਬ ਦਾ ਬਾਦਸ਼ਾਹ ਬਣਨ ਦੀ ਤਾਈਦ ਕੀਤੀ ਹੈ, ਖ਼ਾਲਸਾ ਪੰਥ ਵਿਚੋਂ ਛੇਕ ਦਿੱਤਾ। ਬਾਵਾ ਨਿਹਾਲ ਸਿੰਘ ਦੇ ਨਾਲ ਹੀ ਉਸ ਦਾ ਭਾਈ ਬਾਵਾ ਸਰਮੁਖ ਸਿੰਘ ਵੀ ਤਨਖ਼ਾਹੀਆ ਕਰਾਰ ਦਿੱਤਾ ਗਿਆ।

ਖ਼ਾਲਸਾ ਦੀਵਾਨ ਅਮ੍ਰਿਤਸਰ ਨੇ 'ਖ਼ੁਰਸ਼ੀਦ ਖ਼ਾਲਸਾ' ਦੇ ਲੇਖਕ ਦੀ ਚੂੰਕਿ ਐਲਾਨੀਆ ਮਦਦ ਕੀਤੀ ਸੀ ਤੇ ਮਹਾਰਾਜਾ ਦਲੀਪ ਸਿੰਘ ਬਾਰੇ ਐਜੀਟੇਸ਼ਨ ਵਿਚ ਵੀ ਕੁਝ ਭਾਗ ਲਿਆ ਸੀ, ਇਸ ਲਈ ਉਸ ਦੇ ਕਰਮਚਾਰੀਆਂ ਉਤੇ ਸਰਕਾਰ ਦੀ ਕੁਝ ਓਪਰੀ ਨਿਗਾਹ ਹੋਣੀ ਇਕ ਕੁਦਰਤੀ ਗੱਲ ਸ਼ੀ, ਪਰ ਬਾਬਾ ਖੇਮ ਸਿੰਘ ਜੀ ਬੇਦੀ ਬੜੇ ਸਿਆਣੇ ਤੇ ਦੂਰੰਦੇਸ਼ ਸਨ, ਉਨ੍ਹਾਂ ਨੇ ਦੀਵਾਨ ਦੀ ਇਕ ਇਕਤ੍ਰਤਾ ਬੁਲਾਈ ਜਿਸ ਵਿਚ ਬਾਵਾ ਨਿਹਾਲ ਸਿੰਘ ਨੂੰ ਤਨਖ਼ਾਹੀਆ ਕਰਾਰ ਦੇ ਕੇ ਸਰਕਾਰ ਅੰਗ੍ਰੇਜ਼ੀ ਪਾਸੋਂ ਇਸ ਸਬੰਧੀ ਮਾਫ਼ੀ ਮੰਗਣ ਲਈ ਮਜਬੂਰ ਕਰ ਦਿੱਤਾ*। ਇਹ ਇਕ ਰਾਜਨੀਤਿਕ ਸਿਆਣਪ ਸੀ, ਜੋ ਬਾਬਾ ਖੇਮ ਸਿੰਘ ਨੇ ਦੂਜੇ ਧੜੇ ਉਤੇ ਕਾਬੂ ਪਾਉਣ ਲਈ ਐਨ ਮੌਕੇ ਤੇ ਵਰਤੀ।

**ਬਾਵਾ ਨਿਹਾਲ ਸਿੰਘ ਦੀ ਮੁਆਫ਼ੀ**

ਇਸ ਤੋਂ ਪਿੱਛੋਂ ਭਾਈ ਗੁਰਮੁਖ ਸਿੰਘ ਵਿਰੁੱਧ ਮੌਕੇ ਦੀ ਭਾਲ ਹੋਣ ਲੱਗੀ ਤਾਂ ਜੋ ਉਸ ਤੋਂ ਇਸ ਵਿਰੋਧ ਦਾ, ਜੋ ਧੀਰੇ ਧੀਰੇ ਮਲੀਹ ਦੀ ਅੱਗ ਵਾਂਗੁ ਦੋਹਾਂ ਧਿਰਾਂ ਦੇ ਵਿਚਕਾਰ ਧੁਖਦਾ ਜਾ ਰਿਹਾ ਸੀ, ਬਦਲਾ ਲਿਆ ਜਾਵੇ। ਅਚਾਣਕ ਇਸ ਤੋਂ ਦੋ ਸਾਲ ਪਿੱਛੋਂ (ਸੰਨ ੧੮੮੭ ਵਿਚ) ਸਰਦਾਰ ਠਾਕੁਰ ਸਿੰਘ ਸੰਧਾਂਵਾਲੀਏ, ਜੋ ਵਿਲਾਇਤੋਂ ਮੁੜ ਕੇ ਪਾਂਡੀਚਰੀ ਪਹੁੰਚ ਚੁਕੇ ਸਨ, ਚਲਾਣਾ ਕਰ ਗਏ ਤੇ ਏਧਰ ਸਿੰਘ ਸਭਾ ਦੇ ਵੱਡੇ ਮੋਢੀ ਕੰਵਰ ਬਿਕ੍ਰਮ ਸਿੰਘ ਕਪੂਰਥਲਾ ਦਾ ਸੁਰਗਵਾਸ ਹੋ ਗਿਆ। ਇਸ ਤੋਂ ਬਿਨਾ ਸਿੰਘ ਸਭਾ ਲਾਹੌਰ ਦੇ ਮੁਖੀਆਂ ਵਿਚ ਕੁਝ ਫੁੱਟ ਵੀ ਆ ਪਈ। ਇਸਤਰ੍ਹਾਂ ਆਪਣਾ ਪੱਖ ਕਮਜ਼ੋਰ ਹੋਣ ਤੇ ਭਾਈ ਗੁਰਮੁਖ ਸਿੰਘ ਇਕੱਲੇ ਹੀ ਇਸ ਮੈਦਾਨ ਵਿਚ ਰਹਿ ਗਏ। ਅਮ੍ਰਿਤਸਰੀ ਧੜੇ ਨੇ ਇਹ ਸਮਾਂ ਠੀਕ ਸਮਝਿਆ ਤੇ ਭਾਈ ਗੁਰਮੁਖ ਸਿੰਘ ਤੋਂ ਵਿਰੁੱਧ ਇਕ ਇਸ਼ਤਿਹਾਰ ਛਾਪ ਕੇ ਵੰਡਿਆ ਗਿਆ, ਜਿਸ ਵਿਚ ਉਨ੍ਹਾਂ ਉਤੇ ਹੇਠ ਲਿਖੇ ਦੂਸ਼ਣ ਲਾਏ ਗਏ ਸਨ:—

**ਦੀਵਾਨ ਦੀ ਬਦਲਦੀ ਹਾਲਤ ਤੇ ਭਾਈ ਗੁਰਮੁਖ ਸਿੰਘ ਉਤੇ ਦੂਸ਼ਣ**

[੧] ਭਾਈ ਸਾਹਿਬ ਗੁਰ—ਅੰਸ਼ (ਸਾਹਿਬਜ਼ਾਦਿਆਂ) ਦਾ ਸਨਮਾਨ ਨਹੀਂ ਕਰਦੇ।

---

*ਕਾਗਜ਼ਾਤ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ (ਸੰਨ ੧੮੮੭) ਦੇ ਆਧਾਰ ਤੇ।

Sri Satguru Jagjit Singh Ji eLibrary NamdhariElibrary@gmail.com

[੨] ਜਨਮ ਸਾਖੀ ਭਾਈ ਬਾਲਾ) ਵਿਚ ਸੁਮੇਰ ਪਰਬਤ ਨੂੰ ਝਠੀ ਕਲਪਨਾ ਮੰਨਦੇ ਹਨ।

[੩] ਬਚਿਤ੍ਰ ਨਾਟਕ ਨੂੰ ਗੁਰਬਾਣੀ ਨਹੀਂ ਮੰਨਦੇ।

[੪] ੨੬, ੨੭, ਫਰਵਰੀ ੧੯੮੭ ਨੂੰ ਸਿੰਘ ਸਭਾ ਲਾਹੌਰ ਦੇ ਜਲਸੇ ਵਿਚ ੨੪ ਅਵਤਾਰਾਂ ਦੀਆਂ ਤਸਵੀਰਾਂ ਲਗਾ ਕੇ ਉਨ੍ਹਾਂ ਦਾ ਖੰਡਨ ਕਿਉਂ ਕੀਤਾ ਗਿਆ?

[੫] ਇਕ ਹਿੰਦੂਓਂ ਮੁਸਲਮਾਨ ਹੋਏ ਸੱਜਨ ਨੂੰ ਦੀਵਾਨ ਲਾਹੌਰ ਵਲੋਂ ਸਿੰਘ ਸਜਾਇਆ ਗਿਆ।

[੬] ਭਾਈ ਸਾਹਿਬ ਨੇ 'ਖ਼ਾਲਸਾ ਅਖ਼ਬਾਰ' ਦੇ ਇਕ ਪਰਚੇ ਵਿਚ ਲਿਖਿਆ ਕਿ ਗੁਰਦੁਆਰਿਆਂ ਵਿਚ ਸ਼ਸਤ੍ਰ-ਪੂਜਾ ਦਾ ਰਿਵਾਜ ਹਿੰਦੂਆਂ ਦੀ ਦੇਖਾ ਦੇਖੀ ਸ਼ੁਰੂ ਹੋਇਆ ਹੈ, ਜੋ ਗੁਰਮਤ ਤੋਂ ਉਲਟ ਹੈ।

[੭] ਜਿਤਨਾ ਚਿਰ ਕੋਈ ਸਿੰਘ ਤਾਬੇ ਨਾ ਬੈਠਾ ਹੋਵੇ ਉਤਨਾ ਚਿਰ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਹੀਂ ਮੰਨਦੇ।†

ਸਭ ਤੋਂ ਪਹਿਲਾਂ ਇਨ੍ਹਾਂ ਦੂਸ਼ਣਾਂ ਤੇ ਵਿਚਾਰ ਕਰਨ ਦੀ ਪ੍ਰੇਰਣਾ ਸ੍ਰੀ ਗੁਰੂ ਸਿੰਘ ਸਭਾ ਫਰੀਦ ਕੋਟ ਨੂੰ ਹੋਈ। ਇਸ ਮੌਕੇ ਤੇ ਗਿਆਨੀ ਬਚਨ ਸਿੰਘ (ਫ਼ਰੀਦ ਕੋਟੀ), ਬਾਬਾ ਖੇਮ ਸਿੰਘ ਬੇਦੀ, ਬਾਵਾ ਨਿਹਾਲ ਸਿੰਘ ਲੇਖਕ 'ਖ਼ੁਰਸ਼ੀਦ ਖ਼ਾਲਸਾ' ਤੇ ਉਨ੍ਹਾਂ ਦੇ ਭਰਾ ਬਾਵਾ ਸਰਮੁਖ ਸਿੰਘ ਨੇ ਬੜੀ ਸਰਗਰਮੀ ਨਾਲ ਇਸ ਕੰਮ ਵਿਚ ਹਿੱਸਾ ਲਿਆ। ਇਕ

### ਫ਼ਰੀਦ ਕੋਟ ਵਿਚ ਇਕੱਠ

ਉਚੇਚਾ ਇਕੱਠ ਫ਼ਰੀਦਕੋਟ ਕੀਤਾ, ਜਿਸ ਵਿਚ ਸ਼ਾਮਲ ਹੋਣ ਲਈ ਲਾਹੌਰ ਅਤੇ ਅਮ੍ਰਿਤਸਰ ਦੀਆਂ ਸਿੰਘ ਸਭਾਵਾਂ ਨੂੰ ਵੀ ਸੱਦੇ ਪਤ੍ਰ ਭੇਜੇ ਗਏ। ਲਾਹੌਰੋਂ ਤਾਂ ਕੋਈ ਨਾ ਗਿਆ, ਪਰ ਅਮ੍ਰਿਤਸਰ ਦੇ ਸਭ ਮੁਖੀਏ ਆਪਣੇ ਆਪ ਫ਼ਰੀਦ ਕੋਟ ਪਹੁੰਚ ਗਏ। ਜਦ ਇਕਤ੍ਰਤਾ ਹੋਈ ਤਾਂ ਫ਼ੈਸਲਾ ਕੀਤਾ ਗਿਆ ਕਿ ਭਾਈ ਗੁਰਮੁਖ ਸਿੰਘ ਜਿਤਨਾ ਚਿਰ ਆਪਣੇ ਪਿੱਛੇ ਦੱਸੇ ਗੁਨਾਹ ਨਾ ਬਖਸ਼ਵਾਵੇ ਉਤਨਾ ਚਿਰ ਉਸ ਨੂੰ ਖ਼ਾਲਸਾ ਪੰਥ ਤੋਂ ਅਲੱਗ ਰੱਖਿਆ ਜਾਵੇ। ਇਸ ਫ਼ੈਸਲੇ ਉਤੇ ਰਾਜਾ ਸਾਹਿਬ ਫ਼ਰੀਦ ਕੋਟ ਤੋਂ ਲੈ ਕੇ ਵੱਡੇ-ਛੋਟੇ ਸੰਤਾਂ-ਮਹੰਤਾਂ ਆਦਿ ਸਭ ਨੇ ਦਸਤਖ਼ਤ ਕਰ ਦਿੱਤੇ ਤੇ ਪਿੱਛੋਂ ਇਹ ਕਾਰਰਵਾਈ ਵੱਡੀ ਸਭਾ ਦੀ ਮਨਜ਼ੂਰੀ ਵਾਸਤੇ ਅਮ੍ਰਿਤਸਰ ਭੇਜੀ ਗਈ।

### ਭਾਈ ਗੁਰਮੁਖ ਸਿੰਘ ਦਾ ਅਕਾਲ-ਤਖ਼ਤੋਂ ਛੇਕਿਆ ਜਾਣਾ

ਵੱਡੀ ਸਭਾ, ਅਰਥਾਤ-ਖ਼ਾਲਸਾ ਦੀਵਾਨ, ਅਮ੍ਰਿਤਸਰ ਵਿਚ ਵੀ ਸਭ ਇਕ ਧੜੇ ਦੇ ਹੀ ਆਦਮੀ ਸਨ, ਇਸ ਲਈ ਬਹੁ-ਸੰਮਤੀ ਨਾਲ ਫ਼ਰੀਦ ਕੋਟ ਦਾ ਫ਼ੈਸਲਾ ਹੀ ਅੱਖਰ ਅੱਖਰ ਸਹੀ ਰੱਖਿਆ ਗਿਆ। ਹੇਠ ਲਿਖੇ ਸੱਜਨਾਂ ਨੇ ਇਸ ਮਤੇ ਨੂੰ ਮਨਜ਼ੂਰ ਕਰ ਕੇ ਇਸ ਦੇ ਉਤੇ ਹਸਤਾਖਰ ਕੀਤੇ:—

†ਅਸਲ ਇਸ਼ਤਿਹਾਰ ਦੇ ਮੁਤਾਬਿਕ ਸੰਖੇਪ ਨਾਲ।

Sri Satguru Jagjit Singh Ji eLibrary NamdhariElibrary@gmail.com

ਸ: ਕਾਨ੍ਹ ਸਿਘ ਮਜੀਠੀਏ, ਭਾਈ ਈਸ਼ਰ ਸਿੰਘ ਮਹੰਤ ਮਲਵਈ ਬੁੰਗਾ, ਭਾਈ ਹਰਨਾਮ ਸਿੰਘ ਗ੍ਰੰਥੀ ਦਰਬਾਰ ਸਾਹਿਬ, ਭਾਈ ਝੰਡਾ ਸਿੰਘ ਗਿਆਨੀ, ਭਾਈ ਗੁਰਮੁਖ ਸਿੰਘ ਪਸ਼ੌਰੀਏ, ਭਾਈ ਹਰਨਾਮ ਸਿੰਘ ਸੌਦਾਗਰ ਚੌਬ, ਭਾਈ ਸੱਜਨ ਸਿੰਘ ਸੌਦਾਗਰ, ਚੌਬ, ਭਾਈ ਜੱਸਾ ਸਿੰਘ ਰਾਗੀ ਦਰਬਾਰ ਸਾਹਿਬ, ਭਾਈ ਗੁਲਾਬ ਸਿੰਘ ਸ਼ਹੀਦ ਬੁੰਗੀਏ, ਭਾਈ ਸਰਦੂਲ ਸਿੰਘ ਗਿਆਨੀ, ਡਾਕਟਰ ਚਰਨ ਸਿੰਘ ਜੀ, ਭਾਈ ਗਣੇਸ਼ਾ ਸਿੰਘ ਜੀ ਚੀਫ਼ ਸਕੱਤ੍ਰ ਅਤੇ ਸੰਤ ਨਿਹਾਲ ਸਿੰਘ ਜੀ।

ਭਾਈ ਭਗਤ ਸਿੰਘ ਅਤੇ ਹੀਰਾ ਸਿੰਘ ਗ੍ਰੰਥੀ ਦਰਬਾਰ ਸਾਹਿਬ ਇਨ੍ਹਾਂ ਵਿਚ ਸ਼ਾਮਲ ਨਾ ਹੋਏ। ਉਨ੍ਹਾਂ ਨੇ ਇਸ ਮਤੇ ਪਰ ਇਹ ਕਹਿਕੇ ਹਸਤਾਖਰ ਕਰਨੋਂ ਇਨਕਾਰ ਕਰ ਦਿੱਤਾ ਕਿ ਇਹ ਗੁਰਮਤ ਤੋਂ ਉਲਟ ਹੈ ਤੇ ਇਸ ਦੇ ਨਾਲ ਪੰਥ ਨੂੰ ਨੁਕਸਾਨ ਪੁੱਜੇਗਾ।

ਪਿੱਛੋਂ ਇਹ ਸਾਰੀ ਕਾਰਰਵਾਈ ਸ੍ਰੀ ਅਕਾਲ ਤਖ਼ਤ ਪੇਸ਼ ਹੋਈ ਤੇ ਭਾਈ ਗੁਰਮੁਖ ਸਿੰਘ ਤੋਂ ਬਰਖ਼ਿਲਾਫ਼ ਹੇਠ ਲਿਖਿਆ ਹੁਕਮਨਾਮਾ ਜਾਰੀ ਕਰਵਾਇਆ ਗਿਆ :—

ੴ ਸਤਿਗੁਰ ਪ੍ਰਸਾਦਿ ॥

| | |
|---|---|
| ਸ੍ਰੀ ਅਕਾਲ ਸਹਾਏ<br>ਤਖ਼ਤ ਅਕਾਲ ਬੁੰਗਾ<br>ਸਾਹਿਬ ਜੀ | ਅਕਾਲ ਸਹਾਏ<br>ਸ੍ਰੀ ਦਰਬਾਰ ਸਾਹਿਬ |

**ਅਕਾਲ ਤਖ਼ਤ ਦਾ ਹੁਕਮਨਾਮਾ**

ਹਮ ਜੁਮਲੇ ਸਿੰਘਾਨ ਪੁਜਾਰੀਆਨ ਤਖ਼ਤ ਸ੍ਰੀ ਅਕਾਲ ਬੁੰਗਾ ਜੀ ਸਾਹਿਬ ਵ ਸ੍ਰੀ ਦਰਬਾਰ ਸਾਹਿਬ ਵ ਬਾਬਾ ਅਟੱਲ ਰਾਇ ਸਾਹਿਬ ਜੀ ਵ ਝੰਡਾ ਬੁੰਗਾ ਸਾਹਿਬ ਵ ਸ਼ਹੀਦ ਬੁੰਗਾ ਸਾਹਿਬ ਜੀ ਨੇ ਮੁਲਾਹਜ਼ੇ ਕਾਰਰਵਾਈ ਗੁਰਮੁਖ ਸਿੰਘ ਸਕੱਤ੍ਰ ਕਾ ਕੀਆ, ਮਾਲੂਮ ਹੂਆ ਕਿ ਇਸ ਸ਼ਖਸ ਨੇ ਚੰਦ ਜਗਾ ਬਰਖਿਲਾਫ਼ ਗੁਰ ਇਸ਼ਟ ਕੇ ਤੌਹੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਵ ਗੁਰ ਅੰਸ ਵ ਗੁਰ ਬਾਨੀ ਕੇ ਤਹਰੀਰ ਵ ਤਕਰੀਰ ਕੀਆ ਹੈ ਜਿਸ ਸੇ ਸਾਬਤ ਹੋਤਾ ਹੈ ਕਿ ਉਸ ਕਾ ਇਤਕਾਦ ਸਿੱਖੀ ਧਰਮ ਸੇ ਬਿਲਕੁਲ ਬਰਖ਼ਿਲਾਫ਼ ਹੈ, ਇਸ ਵਾਸਤੇ ਹਮ ਤਮਾਮ ਪੁਜਾਰੀਆਨ ਵ ਗ੍ਰੰਥੀਆਨ ਵ ਨੰਬਰਦਾਰਾਨ ਸ੍ਰੀ ਗੁਰਦੁਆਰੇ ਹਾਇ ਮਮਦੂਹ ਤਹਿਰੀਰ ਕਰਤੇ ਹੈਂ ਕਿ ਗੁਰਮੁਖ ਸਿੰਘ ਮਜ਼ਕੂਰ ਪੰਥ ਖ਼ਾਲਸਾ ਸੇ ਅਲਹਿਦਾ ਕੀਆ ਗਿਆ ਹੈ, ਗੁਰਦੁਆਰੇ ਹਾਇ ਮੌਸੂਫ਼ ਮੇਂ ਉਸ ਕੀ ਅਰਦਾਸ ਨਾ ਹੋਗੀ ਵ ਬਰਤਾਉ ਨਾ ਹੋਗਾ। ਤਮਾਮ ਸਿੰਘਾਨ ਕੋ ਵਾਜ਼ਿਆ ਰਹੇ ਕਿ ਕੋਈ ਸ਼ਖ਼ਸ ਉਸ ਕਾ ਪੈਰੋਕਾਰ ਨਾ ਹੋ। ਜੋ ਸ਼ਖ਼ਸ ਉਸ ਕੀ ਪੈਰਵੀ ਕਰੇਗਾ, ਵੁਹ ਭੀ ਬੇਮੁਖ ਔਰ ਲਾਇਕ ਤਨਖਾਹ ਪੰਥ ਕੇ ਸਮਝਾ ਜਾਵੇਗਾ ਔਰ ਵੈਸਾ ਹੀ ਸਲੂਕ ਉਸ ਕੇ ਸਾਥ ਭੀ ਕੀਆ ਜਾਏਗਾ। ਫ਼ਕਤ। ਬਤਾਰੀਖ਼ ਸੱਤਵੀਂ ਮਾਹ ਚੇਤ ਸੰਮਤ ੪੧੮ ਗੁਰ ਨਾਨਕ ਸ਼ਾਹੀ ਮੁਤਾਬਿਕ ੧੮ ਮਾਰਚ ੧੮੮੭ ਈਸਵੀ।

ਦਸਤਖ਼ਤ ਹਾਜ਼ਰੀਨ ਸਿੰਘਾਨ ਉਹਦੇਦਾਰਾਨ ਵ ਗ੍ਰੰਥੀਆਨ ਵ ਪੁਜਾਰੀਆਨ:— ਸਰਦਾਰ ਮਾਨ ਸਿੰਘ ਸਰਬਰਾਹ ਗੁਰਦਵਾਰੇ ਸਾਹਿਬਾਨ, ਸ: ਕਾਨ੍ਹ ਸਿੰਘ ਮਜੀਠੀਆ ਰਈਸ,

Sri Satguru Jagjit Singh Ji eLibrary NamdhariElibrary@gmail.com

ਭਾਈ ਹਰਨਾਮ ਸਿੰਘ ਗ੍ਰੰਥੀ ਦਰਬਾਰ ਸਾਹਿਬ, ਭਾਈ ਗੁਲਾਬ ਸਿੰਘ ਮਹੰਤ ਅਕਾਲ ਬੁੰਗਾ ਸਾਹਿਬ, ਭਾਈ ਤੇਜਾ ਸਿੰਘ ਮੁਹਤਮਿਮ ਸ੍ਰੀ ਅਕਾਲ ਬੁੰਗਾ ਸਾਹਿਬ, ਭਾਈ ਜਵਾਹਰ ਸਿੰਘ ਮੁਹਤਮਿਮ ਅਕਾਲ ਬੁੰਗਾ ਸਾਹਿਬ, ਭਾਈ ਪ੍ਰਤਾਪ ਸਿੰਘ, ਸੁੰਦਰ ਸਿੰਘ, ਸ਼ੇਰ ਸਿੰਘ, ਭਾਈ ਕਰਮ ਸਿੰਘ ਅਰਦਾਸੀਆ ਸ੍ਰੀ ਦਰਬਾਰ ਸਾਹਿਬ, ਸਰਦਾਰ ਜਸਵੰਤ ਸਿੰਘ ਪੁਜਾਰੀ ਦਰਬਾਰ ਸਾਹਿਬ, ਠਾਕੁਰ ਸਿੰਘ ਪੁਜਾਰੀ, ਭਾਈ ਦੇਵਾ ਸਿੰਘ ਧੂਪੀਆ, ਭਾਈ ਮੁਲਤਾਨਾ ਸਿੰਘ, ਭਾਈ ਸੰਤਾ ਸਿੰਘ ਪੁਜਾਰੀ, ਭਾਈ ਹਰਦਿੱਤ ਸਿੰਘ ਅਰਦਾਸੀਆ, ਭਾਈ ਮਹਾ ਸਿੰਘ, ਭਾਈ ਟੇਕ ਸਿੰਘ ਪੱਤੀਦਾਰ ਅਕਾਲ ਬੁੰਗੀਆ, ਚੰਚਲ ਸਿੰਘ, ਪ੍ਰੇਮ ਸਿੰਘ ਅਕਾਲ ਬੁੰਗੀਆ ਪੱਤੀਦਾਰ, ਗੁਲਾਬ ਸਿੰਘ ਪੁਜਾਰੀ ਸ੍ਰੀ ਦਰਬਾਰ ਸਾਹਿਬ, ਅਤਰ ਸਿੰਘ ਅਕਾਲ ਬੁੰਗੀਆ, ਭਾਈ ਨਾਰਾਇਣ ਸਿੰਘ ਨੰਬਰਦਾਰ ਬਾਬਾ ਅਟਲ ਰਾਇ ਸਾਹਿਬ ਜੀ, ਭਾਈ ਜਵਾਹਰ ਸਿੰਘ, ਭਾਈ ਧੰਨਾ ਸਿੰਘ ਬਾਬਾ ਅਟਲ ਰਾਇ ਜੀ ਦੇ ਸੁਖਈ, ਭਾਈ ਦਰਬਾਰਾ ਸਿੰਘ ਝੰਡੇ ਬੁੰਗੀਆ, ਭਾਈ ਕ੍ਰਿਪਾਲ ਸਿੰਘ ਝੰਡੇ ਬੁੰਗੀਆ, ਗੁਰਦਿੱਤ ਸਿੰਘ ਨਿਸ਼ਾਨਚੀ, ਭਾਈ ਸੰਤ ਸਿੰਘ ਨੰਬਰਦਾਰ, ਭਾਈ ਨਾਰਾਇਣ ਸਿੰਘ ਜੋ ਗ੍ਰੰਥੀ ਸ੍ਰੀ ਤਰਨ ਤਾਰਨ ਸਾਹਿਬ (ਦੇਖੋ, ਰਿਪੋਰਟ ਖ਼ਾਲਸਾ ਦੀਵਾਨ, ਅਮ੍ਰਿਤਸਰ, ਸੰਨ ੧੮੮੭)

ਇਸ ਤੋਂ ਬਿਨਾ ਤਖ਼ਤ ਕੇਸ਼ ਗੜ੍ਹ (ਆਨੰਦ ਪੁਰ ਸਾਹਿਬ), ਤਖ਼ਤ ਪਟਨਾ ਸਾਹਿਬ (ਬਿਹਾਰ), ਤਖ਼ਤ ਦਮਦਮਾ ਸਾਹਿਬ (ਤਲਵੰਡੀ ਸਾਬੋ) ਅਤੇ ਤਖ਼ਤ ਅਬਚਲ ਨਗਰ ਹਜ਼ੂਰ ਸਾਹਿਬ (ਨੰਦੇੜ-ਦੱਖਣ) ਤੋਂ ਵੀ ਇਸੇ ਭਾਵ ਦੇ ਹੁਕਮਨਾਮੇ ਸੰਗਤਾਂ ਦੇ ਨਾਮ ਜਾਰੀ ਕਰਵਾਏ ਗਏ। ਏਦੂੰ ਪਿੱਛੋਂ ਕਪੂਰਥਲਾ, ਜਲੰਧਰ, ਫਿਲੌਰ, ਸ਼ਾਹ ਕੋਟ (ਜਾਲੰਧਰ), ਖੁਮਾਣੋਂ, ਫ਼ਤਿਹਗੜ੍ਹ (ਪਟਿਆਲਾ), ਘੜੂੰਆਂ, ਗੜ੍ਹੂੰਕਾਂ (ਖਰੜ-ਅੰਬਾਲਾ), ਖਰੜ, ਬਸੀ, ਛਛਰੌਲੀ, ਮਛਰੌਲੀ, ਬੂੜੀਆ, ਕੀਰਤਪੁਰ, ਗੁੱਜਰਾਂਵਾਲਾ, ਰਾਵਲਪਿੰਡੀ ਆਦਿ ਥਾਵਾਂ ਦੀਆਂ ਸਿੰਘ ਸਭਾਵਾਂ ਨੇ ਬਾਬਾ ਖੇਮ ਸਿੰਘ ਜੀ ਦੇ ਅਸਰ ਥੱਲੇ ਆ ਕੇ ਭਾਈ ਗੁਰਮੁਖ ਸਿੰਘ ਤੋਂ ਵਿਰੁੱਧ ਫ਼ੈਸਲੇ ਉਤੇ ਮਨਜ਼ੂਰੀ ਦੀਆਂ ਮੋਹਰਾਂ ਲਾਈਆਂ*।

ਅਕਾਲ ਤਖ਼ਤੋਂ ਇਸ ਹੁਕਮਨਾਮੇ ਦੇ ਨਿਕਲਨ ਤੇ ਕੁਝ ਚਿਰ ਭਾਈ ਗੁਰਮੁਖ ਸਿੰਘ ਨੂੰ ਨਿਰਾਸਤਾ ਵਿਚ ਗੁਜ਼ਾਰਨਾ ਪਿਆ ਤੇ ਉਹ ਲਾਹੌਰ ਛੱਡ ਕੇ ਕੰਵਰ ਬਿਕ੍ਰਮ ਸਿੰਘ ਦੇ ਘਰ ਜਲੰਧਰ ਆ ਗਏ। ਅਮ੍ਰਿਤਸਰੀ ਪਾਰਟੀ ਨੇ ਸਮਝ ਲਿਆ ਕਿ ਬੱਸ ਹੁਣ ਜਦ ਗੁਰਮੁਖ ਸਿੰਘ ਪੰਥ ਵਿਚੋਂ ਛੇਕਿਆ ਗਿਆ ਤਾਂ ਮੈਦਾਨ ਆਪਣੇ ਹੱਥ ਹੈ, ਪਰ ਇਹ ਉਸ ਦਾ ਗ਼ਲਤ ਅੰਦਾਜ਼ਾ ਸੀ। 'ਖ਼ਾਲਸਾ ਅਖ਼ਬਾਰ' ਵਿਚ ਇਸ ਸਮੇਂ ਗਿਆਨੀ ਦਿੱਤ ਸਿੰਘ ਵਲੋਂ ਧੜਾ ਧੜ ਲੇਖ ਨਿਕਲਨ ਲੱਗੇ ਜਿਨ੍ਹਾਂ ਦਾਂ ਮੁਖ ਮੰਤਵ ਪੰਥਕ ਜਗਾਵਾ ਸੀ। ਸਿੱਖ ਜਨਤਾ, ਜੋ ਪਹਿਲਾਂ ਹੀ ਪੁਜਾਰੀਆਂ ਅਤੇ ਸੰਤਾਂ-ਮਹੰਤਾਂ ਦੇ ਰਵੱਈਏ ਤੋਂ ਤੰਗ ਸੀ, ਬੜੀ ਛੇਤੀ ਏਧਰ ਝੁਕੀ, ਜਿਸ ਕਰਕੇ ਹਾਲਾਤ ਬਦਲ ਗਏ। ਅਚਾਣਕ ਇਸ ਸਮੇਂ ਖ਼ਾਲਸਾ ਦੀਵਾਨ ਲਹੌਰ ਦੇ ਮੋਢੀਆਂ ਵਿਚ ਕੁਝ ਏਕਤਾ ਵੀ ਹੋ ਗਈ, ਜਿਸ ਕਰਕੇ ਭਾਈ ਗੁਰਮੁਖ ਸਿੰਘ ਜੀ ਲਾਹੌਰੋਂ ਸੱਦਾ ਆਉਣ ਤੇ ਮੁੜ ਉਸੇ ਤਰ੍ਹਾਂ ਪੰਥਕ ਸੇਵਾ ਵਿਚ ਹਾਜ਼ਰ ਹੋ ਗਏ†।

---

*ਸਬੂਤ ਲਈ ਦੇਖੋ, ਰਪੋਰਟ ਖ਼ਾਲਸਾ ਦੀਵਾਨ, ਅਮ੍ਰਿਤਸਰ, ਸੰਨ ੧੮੮੭।

†ਕਾਗਜ਼ਾਤ ਸ੍ਰੀ ਗੁਰੂ ਸਿੰਘ ਸਭਾ ਲਾਹੌਰ, ਸੰਨ ੧੮੯੪ ਈ: ਦੇ ਆਧਾਰ ਤੇ।

Sri Satguru Jagjit Singh Ji eLibrary NamdhariElibrary@gmail.com

ਗਿਆਨੀ ਦਿੱਤ ਸਿੰਘ ਜੀ ਇਸ ਸਮੇਂ 'ਖ਼ਾਲਸਾ ਅਖ਼ਬਾਰ' ਦੇ ਐਡੀਟਰ ਸਨ। ਉਨ੍ਹਾਂ ਨੇ ਇਸ ਪਤ੍ਰ ਵਿਚ ਭਾਈ ਗੁਰਮੁਖ ਸਿੰਘ ਦੀ ਛੇਕ-ਛਿਕਾਈ ਬਾਰੇ ਅਮ੍ਰਿਤਸਰੀ ਧੜੇ ਦੀ ਅਸਲੀਅਤ ਆਪਣੇ ਪਾਠਕਾਂ ਨੂੰ ਖੋਲ੍ਹ ਕੇ ਦੱਸੀ। ਫ਼ਰੀਦ ਕੋਟ ਦੇ ਇਕੱਠ ਤੋਂ ਲੈ ਕੇ ਅਮ੍ਰਿਤਸਰ ਦੇ ਫ਼ੈਸਲੇ ਤਕ ਭਾਈ ਗੁਰਮੁਖ ਸਿੰਘ ਦੇ ਅਕਾਲ ਤਖ਼ਤੋਂ ਖ਼ਾਰਿਜ ਕੀਤੇ ਜਾਣ ਦਾ ਸਾਰਾ ਕਿੱਸਾ 'ਸੁਪਨ ਨਾਟਕ' ਦੇ ਰੂਪ ਵਿਚ ਬੜੇ ਹਾਸ-ਰਸੀ ਢੰਗ ਨਾਲ ਕਲਮਬੰਦ ਕਰਕੇ ਛਾਪਿਆ। ਇਸ ਨਾਟਕ ਵਿਚ ਰਾਜਾ ਬਿਕ੍ਰਮ ਸਿੰਘ, ਬਾਬਾ ਖੇਮ ਸਿੰਘ ਬੇਦੀ, ਗਿਆਨੀ ਝੰਡਾ ਸਿੰਘ, ਗਿਆਨੀ ਸੰਤ ਸਿੰਘ ਕਪੂਰਥਲਾ, ਬਾਬਾ ਸੁਮੇਰ ਸਿੰਘ ਮਹੰਤ ਪਟਨਾ (ਬਿਹਾਰ), ਬਾਬਾ ਉਦੇ ਸਿੰਘ ਬੇਦੀ (ਕਪੂਰਥਲਾ) ਆਦਿ ਮੋਢੀਆਂ ਬਾਰੇ ਬੜੀ ਕਰੜੀ ਨੁਕਤਾ-ਚੀਨੀ ਕੀਤੀ ਤੇ ਸਭ ਦਾ ਮੌਜੂ ਉਡਾਇਆ ਸੀ। ਇਸ ਨਾਟਕ ਦੇ ਪ੍ਰਕਾਸ਼ਤ ਹੋਣ ਤੇ ਬਾਬਾ ਉਦੇ ਸਿੰਘ ਬੇਦੀ (ਕਪੂਰਥਲਾ) ਨੇ ਇਸ ਵਿਚ ਆਪਣਾ ਅਪਮਾਨ ਸਮਝਿਆ, ਜਿਸ ਕਰ ਕੇ ਲਾਹੌਰ ਅਦਾਲਤ ਦਾ ਬੂਹਾ ਜਾ ਖੜਕਾਇਆ। ਹੱਤਕ ਇੱਜ਼ਤ ਦਾ ਮੁਕੱਦਮਾ ਚੱਲਣ ਤੇ ਦੋਹਾਂ ਧਿਰਾਂ ਦੇ ਗਵਾਹ ਭੁਗਤੇ। ਅੰਤ ਵਿਚ ਫ਼ੈਸਲਾ ਹੋਣ ਤੇ ਗਿਆਨੀ ਦਿੱਤ ਸਿੰਘ ਨੂੰ ਅਦਾਲਤ ਵਲੋਂ ੫੧) ਰੁਪਏ ਜੁਰਮਾਨਾ ਹੋਇਆ। ਪਿੱਛੋਂ ਉਪਰਲੀ ਕਚਹਿਰੀ ਵਿਚ ਅਪੀਲ ਕਰਨ ਤੇ ਗਿਆਨੀ ਜੀ ਸਾਫ਼ ਬਰੀ ਹੋ ਗਏ ਤੇ ਇਹ ਜੁਰਮਾਨਾ ਵੀ ਮਾਫ਼ ਹੋ ਗਿਆ। ਅਮ੍ਰਿਤਸਰੀ ਧੜੇ ਦੀ ਇਸ ਜੱਦੋ-ਜਹਿਦ ਵਿਚ ਬੜੀ ਜ਼ਬਰਦਸਤ ਹਾਰ ਹੋਈ।

## 'ਸੁਪਨ ਨਾਟਕ' ਦਾ ਮੁਕੱਦਮਾ

'ਸੁਪਨ ਨਾਟਕ' ਦੇ ਮੁਕੱਦਮੇ ਉਤੇ ਚੂੰਕਿ ਸਾਰਾ ਖ਼ਰਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਹੋਇਆ ਸੀ ਇਸ ਲਈ ਭਾਈ ਬਸੰਤ ਸਿੰਘ ਨਾਮੀ ਇਕ ਸੱਜਨ, ਜੋ ਇਸ ਸਭਾ ਦੇ ਉੱਘੇ ਕਰਮਚਾਰੀ ਸਨ ਅਤੇ ਕੁਝ ਚਿਰ 'ਖ਼ਾਲਸਾ ਅਖ਼ਬਾਰ' ਦੇ ਸੰਪਾਦਕ ਵੀ ਰਹਿ ਚੁਕੇ ਸਨ, ਇਸ ਸਮੇਂ ਅਚਾਣਕ ਬਿੱਟਰ ਗਏ। ਅਸਲ ਵਿਚ ਗਿਆਨੀ ਦਿੱਤ ਸਿੰਘ ਦੇ ਨਾਲ ਉਨ੍ਹਾਂ ਦੀ ਕੁਝ ਅਣਬਣ ਸੀ ਇਸ ਲਈ ਉਹ ਚਾਹੁੰਦੇ ਸਨ ਕਿ ਇਸ ਮੁਕੱਦਮੇ ਦਾ ਸਾਰਾ ਖ਼ਰਚ ਗਿਆਨੀ ਹੋਰਾਂ ਦੇ ਜ਼ਿੰਮੇ ਹੀ ਪਾਇਆ ਜਾਵੇ, ਪਰ ਇਹ ਰਾਇ ਹੋਰ ਮੋਢੀਆਂ ਨੂੰ ਚੰਗੀ ਨਾ ਲੱਗੀ ਜਿਸ ਕਰ ਕੇ ਭਾਈ ਬਸੰਤ ਸਿੰਘ ਹੋਰੀਂ ਸਿੰਘ ਸਭਾ ਨਾਲੋਂ ਅੱਡ ਹੋ ਗਏ ਤੇ ਉਨ੍ਹਾਂ ਨੇ ਕੁਝ ਸਿੰਘਾਂ ਦੇ ਨਾਲ ਮਿਲ ਕੇ ਲਾਹੌਰ ਵਿਚ ਹੀ ਆਪਣੀ ਇਕ ਹੋਰ ਵੱਖਰੀ ਸਿੰਘ ਸਭਾ ਬਣਾ ਲਈ।

## ਲਾਹੌਰ ਵਿਚ ਇਕ ਹੋਰ ਸਿੰਘ ਸਭਾ

Sri Satguru Jagjit Singh Ji eLibrary NamdhariElibrary@gmail.com

## ੬.

# ਖ਼ਾਲਸਾ ਕਾਲਜ ਕਿਵੇਂ ਬਣਿਆ ?

(੧੮੮੦—੧੯੦੨)

ਸਿੱਖ ਵਿਦਿਅਕ ਲਹਿਰ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਸੰਨ ੧੮੯੦ ਵਿਚ ਹੀ ਚੱਲ ਪਈ ਸੀ ਤੇ ਭਾਈ ਗੁਰਮੁਖ ਸਿੰਘ ਨੇ ਖ਼ਾਲਸਾ ਕਾਲਜ ਬਣਾਣ ਲਈ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਸਿੰਘ ਸਭਾ ਵਿਚ ਇਸ ਬਾਰੇ ਇਕ ਵੇਰ ਪ੍ਰਸਤਾਵ ਵੀ ਰੱਖਿਆ ਤੇ 'ਗੁਰਮੁਖੀ ਅਖ਼ਬਾਰ' ਵਿਚ ਇਸ ਵਿਸ਼ੇ ਤੇ ਲੇਖ ਵੀ ਲਿਖੇ ਗਏ। ਇਸ ਤੋਂ ਪਿਛੋਂ ੫ ਹਾੜ੍ਹ ਸੰ: ੪੧੪ ਨਾ: ਸ਼ਾਹੀ (ਮੁਤਾਬਿਕ ਸੰਨ ੧੮੮੩) ਨੂੰ ਲਾਲਾ ਸੰਤ ਰਾਮ ਦੀ ਕੋਠੀ ਅਮ੍ਰਿਤਸਰ ਸਿੱਖਾਂ ਦਾ ਇਕੱਠ ਹੋਇਆ ਜਿਸ ਵਿਚ ਪੰਥਕ ਮੁਖੀਆਂ ਅੱਗੇ ਭਾਈ ਗੁਰਮੁਖ ਸਿੰਘ ਨੇ ਖ਼ਾਲਸਾ ਕਾਲਜ ਕਾਇਮ ਕਰਨ ਲਈ ਆਪਣੇ ਵਿਚਾਰ ਪੇਸ਼ ਕੀਤੇ। ਸਾਰਿਆਂ ਨੇ ਇਤਫ਼ਾਕ ਰਾਇ ਨਾਲ ਇਸ ਖ਼ਿਆਲ ਦੀ ਪ੍ਰੋੜ੍ਹਤਾ ਕੀਤੀ ਤੇ ਗੁਰਮਤਾ ਪਾਸ ਕਰ ਕੇ ਇਕ ਕਮੇਟੀ ਨਿਯਤ ਹੋਈ ਜਿਸ ਵਿਚ ਬਾਬਾ ਖੇਮ ਸਿੰਘ ਬੇਦੀ ਤੇ ਚਾਰ-ਪੰਜ ਹੋਰ ਮੁਖੀ ਸੱਜਨ ਲਏ ਗਏ।

**ਆਰੰਭਕ ਜਤਨ**

ਦੂਜੀ ਵੇਰ ਸਿੱਖ ਮੁਖੀਆਂ ਦਾ ਅਜਿਹਾ ਹੀ ਇਕ ਹੋਰ ਇਕੱਠ ਲਾਹੌਰ ਦੇ ਲਾਰੰਸ ਹਾਲ ਵਿਚ ਹੋਇਆ, ਜਿਸ ਵਿਚ ਕੰਵਰ ਬਿਕ੍ਰਮ ਸਿੰਘ, ਬਾਬਾ ਖੇਮ ਸਿੰਘ ਬੇਦੀ, ਸ: ਮਾਨ ਸਿੰਘ ਸਰਬਰਾਹ, ਕਪਤਾਨ ਗੁਲਾਬ ਸਿੰਘ ਅਟਾਰੀ, ਸ: ਹਰਿਨਾਮ ਸਿੰਘ ਖਰੜ, ਭਾਈ ਭਗਤ ਸਿੰਘ ਗ੍ਰੰਥੀ ਦਰਬਾਰ ਸਾਹਿਬ ਅਮ੍ਰਿਤਸਰ, ਭਾਈ ਮੀਹਾਂ ਸਿੰਘ ਲਾਹੌਰ, ਸ: ਭਗਵੰਤ ਸਿੰਘ ਸੁਪੁਤ੍ਰ ਸ: ਅਤਰ ਸਿੰਘ ਭਦੌੜ (ਪਟਿਆਲਾ), ਸ: ਸੁਜਾਨ ਸਿੰਘ ਤੇ ਮਲਿਕ ਖ਼ਜ਼ਾਨ ਸਿੰਘ ਰਾਵਲਪਿੰਡੀ, ਭਾਈ ਗੁਰਮੁਖ ਸਿੰਘ ਆਦਿ ਸੱਜਨ ਸ਼ਾਮਲ ਹੋਏ। ਇਸ ਇਕੱਠ ਵਿਚ ਸਲਾਹ ਕਰ ਕੇ ਇਕ ਮਾਨ ਪਤ੍ਰ ਲਾਰਡ ਡਫ਼ਰਨ ਦੀ ਸੇਵਾ ਵਿਚ ੨੨ ਅਪ੍ਰੈਲ, ਸੰਨ ੧੮੮੫ ਨੂੰ ਸ਼ਾਲਾਮਾਰ ਬਾਗ਼ ਵਿਚ ਦਿੱਤਾ ਗਿਆ, ਜਿਸ ਦੇ ਉੱਤਰ ਵਿਚ ਲਾਟ ਸਾਹਿਬ ਨੇ ਸਿੱਖਾਂ ਦੀ ਇਸ ਵਿਦਿਅਕ ਲਹਿਰ ਨਾਲ ਬੜੀ ਹਮਦਰਦੀ ਜ਼ਾਹਿਰ ਕੀਤੀ।

**ਲਾਟ ਸਾਹਿਬ ਨੂੰ ਮਾਨ ਪੱਤ੍ਰ**

ਹੁਣ ਸਿੰਘ ਸਭਾ ਲਾਹੌਰ ਦੇ ਮੋਢੀਆਂ ਦਾ ਉਤਸਾਹ ਹੋਰ ਵੀ ਵਧਿਆ। ਭਾਈ ਗੁਰਮੁਖ ਸਿੰਘ ਜੀ ਗਵਰਨਮੈਂਟ ਤੋਂ ਇਸ ਕਾਰਜ ਲਈ ਸਹਾਇਤਾ ਮੰਗਣ ਲੱਗੇ। ਸਿੱਖ ਰਿਆਸਤਾਂ ਵਿਚ ਚੰਦਾ ਇਕੱਠਾ ਕਰਨ ਲਈ ਉਨ੍ਹਾਂ ਨੇ ਕਈ ਗੇੜੇ ਲਗਾਏ, ਪਰ ਕੁਝ ਨਿਰਾਸਤਾ ਹੀ ਹੋਈ। ਮਹਾਰਾਜਾ ਫ਼ਰੀਦ ਕੋਟ ਨੇ ਕਿਹਾ ਕਿ

**ਸਿੱਖ ਰਈਸਾਂ ਦੀ ਦਿਲੀ ਇੱਛਾ**

ਜੇ ਮੇਰੇ ਨਾਮ ਤੇ ਕਾਲਜ ਬਣਾਓ ਤਾਂ ਸਹਾਇਤਾ ਮਿਲ ਸਕਦੀ ਹੈ, ਇਸੇਤਰ੍ਹਾਂ ਕਈ ਹੋਰ ਰਾਜੇ, ਮਹਾਰਾਜੇ ਤੇ ਰਈਸਾਂ ਨੇ ਵੀ ਇੱਛਾ ਪ੍ਰਗਟ ਕੀਤੀ। ਭਾਈ ਗੁਰਮੁਖ ਸਿੰਘ ਨੇ ਸਭ ਨੂੰ ਇਹੋ ਉੱਤਰ ਦਿੱਤਾ ਕਿ ਕਾਲਜ ਦਾ ਸਾਂਝਾ ਨਾਮ 'ਖ਼ਾਲਸਾ ਕਾਲਜ' ਹੀ ਰਹੇਗਾ ਤੇ ਚੰਦਾ ਵੀ ਤੁਹਾਨੂੰ ਦੇਣਾ ਪਵੇਗਾ।' ਸਿੱਖ ਰਈਸਾਂ ਵਿਚੋਂ ਇਸ ਸਮੇਂ ਸਰਦਾਰ ਦਿਆਲ ਸਿੰਘ ਮਜੀਠੀਆ ਇਕ ਅਜਿਹਾ ਵਿਅਕਤੀ ਸੀ, ਜੋ ਸੰਤਾਨ ਨਾ ਹੋਣ ਕਰ ਕੇ ਆਪਣੀ ਲੱਖਾਂ ਰੁਪਏ ਦੀ ਸਾਰੀ ਹੀ ਜਾਇਦਾਦ ਇਸ ਪਾਸੇ ਲਾ ਦੇਣੀ ਚਾਹੁੰਦਾ ਸੀ, ਪਰ ਉਸ ਦੀ ਮਨੋ ਕਾਮਨਾ ਵੀ ਇਹੋ ਸੀ ਕਿ ਜੇ ਕਾਲਜ ਦਾ ਨਾਉਂ ਉਸ ਦੇ ਨਾਂ ਤੇ 'ਸਰਦਾਰ ਦਿਆਲ ਸਿੰਘ ਖ਼ਾਲਸਾ ਕਾਲਜ' ਰੱਖ ਦਿੱਤਾ ਜਾਵੇ ਤਾਂ ਉਸ ਨੂੰ ਇਸ ਸਹਾਇਤਾ ਦੇਣ ਬਾਰੇ ਕੋਈ ਉਜ਼ਰ ਨਹੀਂ ਹੋਵੇਗਾ। ਸਿੱਖ ਚੂੰਕਿ ਆਪਣੇ ਕਾਲਜ ਨੂੰ ਵਿਅਕਤੀਗਤ ਰੰਗਣ ਦੇਣੀ ਨਹੀਂ ਚਾਹੁੰਦੇ ਸਨ, ਇਸ ਲਈ ਸ: ਦਿਆਲ ਸਿੰਘ ਦੀ ਇਹ ਮੰਗ ਹੋਰ ਸਿੱਖ ਰਈਸਾਂ ਵਾਂਗੂ ਹੀ ਅਪ੍ਰਵਾਨ ਕਰ ਦਿੱਤੀ ਗਈ।

ਸੰਨ ੧੮੮੫ ਤੋਂ ਪਿੱਛੋਂ ਗਵਰਨਮੈਂਟ ਚੂੰਕਿ ਸਿੱਖਾਂ ਦੀ ਰਾਜ-ਭਗਤੀ ਤੋਂ ਡਾਢੀ ਪ੍ਰਸੰਨ ਸੀ, ਇਸ ਲਈ ਖ਼ਾਲਸਾ ਦੀਵਾਨ ਲਾਹੌਰ ਨੂੰ ਇਸ ਵਿਦਿਅਕ ਲਹਿਰ ਦੇ ਤੋਰਨ ਲਈ ਹੋਰ ਵੀ ਉਤਸਾਹ ਮਿਲਿਆ, ਜਿਸ ਕਰ ਕੇ ਸੰਨ ੧੮੮੯ ਵਿਚ 'ਖ਼ਾਲਸਾ ਕਾਲਜ ਅਸਥਾਪਨ ਕਮੇਟੀ' ਬਣਾਈ ਗਈ। ਇਸ ਕਮੇਟੀ ਦਾ ਪਹਿਲਾ ਇਕੱਠ ੨੨ ਫਰਵਰੀ, ਸੰਨ ੧੮੯੦ ਈ: ਨੂੰ ਲਾਹੌਰ ਹੋਇਆ। ਸਰਕਾਰੀ ਹੁਕਮ ਨਾਲ ਇਲਾਕੇਵਾਰ ਚੰਦਾ ਇਕੱਠਾ ਕਰਨ ਲਈ ਫ਼ਰਦਾਂ ਬਣ ਗਈਆਂ ਤੇ ਸਿੱਖ ਰਈਸਾਂ ਪਾਸ ਗਵਰਨਰਮੈਂਟ ਵਲੋਂ ਬਾਕਾਇਦਾ ਸਰਕੂਲਰ ਭੇਜੇ ਗਏ। ਇਕ ਡੈਪੂਟੇਸ਼ਨ, ਜਿਸ ਦੇ ਮੋਢੀ ਭਾਈ ਗੁਰਮੁਖ ਸਿੰਘ ਤੇ ਸ: ਜਵਾਹਰ ਸ਼ਿੰਘ ਸਨ, ਚੰਦਾ ਇਕੱਠਾ ਕਰਨ ਲਈ ਸਿੱਖ ਮਹਾਰਾਜਿਆਂ ਪਾਸ ਪੁੱਜਾ।

### ਚੰਦੇ ਦੀ ਉਗ੍ਰਾਹੀ

ਮਹਾਰਾਜਾ ਪਟਿਆਲਾ ਨੇ ਸਭ ਤੋਂ ਪਹਿਲਾਂ ਡੇਢ ਲੱਖ ਰੁਪਿਆ ਦਿੱਤਾ ਤੇ ਖ਼ਾਲਸਾ ਕਾਲਜ ਦਾ ਮੁੱਢ ਬੰਨ੍ਹਿਆ। ਇਸ ਤੋਂ ਪਿੱਛੋਂ ਮਹਾਰਾਜਾ ਨਾਭਾ ਨੇ ਇਕ ਲੱਖ ਪੰਜ ਹਜ਼ਾਰ, ਕੌਂਸਲ ਜੀਂਦ ਨੇ ਪੰਝੱਤਰ ਹਜ਼ਾਰ ਤੇ ਮਹਾਰਾਜਾ ਕਪੂਰਥਲਾ ਨੇ ਇਕ ਲੱਖ ਚੰਦਾ ਦਿੱਤਾ। ਹੋਰ ਅੰਗ੍ਰੇਜ਼ੀ ਇਲਾਕੇ ਵਲੋਂ ਵੀ ਕਾਫ਼ੀ ਸਹਾਇਤਾ ਪ੍ਰਾਪਤ ਕੀਤੀ ਗਈ।

ਇਸਤਰ੍ਹਾਂ ਕਈ ਲੱਖ ਰੁਪਏ ਚੰਦਾ ਜਮਾ ਹੋਣ ਤੇ ਵਿਚਾਰ ਛਿੜੀ ਕਿ ਖ਼ਾਲਸਾ ਕਾਲਜ ਕਿੱਥੇ ਬਣੇ-ਲਾਹੌਰ ਜਾਂ ਅਮ੍ਰਿਤਸਰ? ਖ਼ਾਲਸਾ ਦੀਵਾਨ ਲਾਹੌਰ ਦੇ ਮੋਢੀਆਂ ਦੀ ਰਾਇ ਲਾਹੌਰ ਦੇ ਹੱਕ ਵਿਚ ਸੀ ਤੇ ਗਵਰਨਮੈਂਟ ਵੀ ਚਾਹੁੰਦੀ ਸੀ ਕਿ ਇਹ ਕਾਲਜ ਲਾਹੌਰ ਹੀ ਬਣਾਇਆ ਜਾਵੇ।

### ਖ਼ਾਲਸਾ ਕਾਲਜ ਕਿੱਥੇ ਬਣੇ?

ਥਾਂ ਦੀ ਤਜਵੀਜ਼ ਵੀ ਗਵਰਨਮੈਂਟ ਕਾਲਜ ਤੇ ਡੀ. ਏ. ਵੀ ਸਕੂਲ ਦੇ ਨੇੜੇ ਤੇੜੇ ਹੀ ਹੋਣ ਲੱਗੀ। ਇਹ ਦੇਖ ਕੇ ਆਰੀਆ ਸਮਾਜੀਆਂ ਨੂੰ ਪਿੱਸੂ ਪਏ। ਉਨ੍ਹਾਂ ਨੇ ਸੋਚਿਆ ਕਿ ਜੇ ਖ਼ਾਲਸਾ ਕਾਲਜ ਲਾਹੌਰ ਵਿਚ ਹੀ ਬਣ ਗਿਆ ਤਾ ਉਨ੍ਹਾਂ ਦੇ ਡੀ. ਏ. ਵੀ. ਕਾਲਜ ਦੀ ਸਕੀਮ ਤਾਂ ਧਰੀ-ਧਰਾਈ ਹੀ ਰਹਿ

ਜਾਵੇਗੀ ਕਿਉਂਕਿ ਏਨਾ ਚੰਦਾ, ਇਕੱਠਾ ਕਰਨ ਦੀ ਉਨ੍ਹਾਂ ਵਿਚ ਤਾਕਤ ਨਹੀਂ ਸੀ। ਬੜੀ ਮੁਸ਼ਕਿਲ ਨਾਲ ਉਹ ਦੁਆਨੀ, ਚੁਆਨੀ ਜਾਂ ਰੁਪਿਆ, ਦੋ ਰੁਪਏ ਚੰਦਾ ਇਕੱਠਾ ਕਰ ਕੇ ਆਪਣਾ ਡੀ. ਏ. ਵੀ. ਸਕੂਲ ਚਲਾ ਰਹੇ ਸਨ। ਅੱਤ ਦੇ ਸਿਆਣੇ ਹੋਣ ਕਰ ਕੇ ਉਨ੍ਹਾਂ ਨੇ ਸਿੱਖਾਂ ਦੀ ਧੜੇ ਬੰਦੀ ਨੂੰ ਦੂਰੋਂ ਹੀ ਭਾਂਪ ਲਿਆ। ਖ਼ਾਲਸਾ ਦੀਵਾਨ ਅਮ੍ਰਿਤਸਰ ਦੇ ਮੈਂਬਰ ਕੁਝ ਦਿਨ ਪਹਿਲਾਂ ਹੀ ਪ੍ਰਚਾਰ ਕਰ ਰਹੇ ਸਨ ਕਿ ਭਾਈ ਗੁਰਮੁਖ ਸਿੰਘ ਚੂੰਕਿ ਅਕਾਲ ਤਖ਼ਤੋਂ ਛੇਕਿਆ ਹੋਇਆ ਹੈ, ਇਸ ਲਈ ਉਸ ਨੂੰ ਕੋਈ ਸਹਾਇਤਾ ਨਾ ਦਿੱਤੀ ਜਾਵੇ।

### ਅਮ੍ਰਿਤਸਰੀ ਧੜੇ ਦੀ ਜੱਦੋ ਜਹਿਦ

ਇਸੇ ਖਿਆਲ ਨਾਲ ਬਹੁਤ ਸਾਰੇ ਲੋਕਾਂ ਦੇ ਦਸਤਖ਼ਤ ਕਰਵਾ ਕੇ ਉਨ੍ਹਾਂ ਨੇ ਇਸ ਕਿਸਮ ਦੀ ਇਸ਼ਤਿਹਾਰ ਬਾਜ਼ੀ ਵੀ ਕੀਤੀ ਸੀ। ਆਰੀਆ ਸਮਾਜੀਆਂ ਦੇ ਨਾਲ ਰਲ ਕੇ ਹੁਣ ਉਨ੍ਹਾਂ ਨੇ ਪ੍ਰਾਪੇਗੰਡੇ ਦਾ ਨਵਾਂ ਰੁਖ ਬਦਲਿਆ ਤੇ ਇਸ ਗੱਲ ਤੇ ਜ਼ੋਰ ਦਿੱਤਾ ਜਾਣ ਲੱਗਾ ਕਿ ਅਮ੍ਰਿਤਸਰ ਚੂੰਕਿ 'ਗੁਰੂ ਕੀ ਨਗਰੀ' ਹੈ, ਇਸ ਲਈ ਖ਼ਾਲਸਾ ਕਾਲਜ ਏਥੇ ਹੀ ਬਣਾਇਆ ਜਾਵੇ। ਸ਼ਹਿਰਾਂ, ਨਗਰਾਂ ਤੇ ਪਿੰਡਾਂ ਦੇ ਲੋਕਾਂ ਤੋਂ ਦਸਤਖ਼ਤ ਕਰਵਾ ਕੇ ਇੰਸ ਸਮੇਂ ਗਵਰਨਮੈਂਟ ਦੇ ਪਾਸ ਧੜਾਧੜ ਮੈਮੋਰੈਂਡਮ ਭੇਜੇ ਜਾਣ ਲੱਗੇ ਤੇ ਸੈਂਕੜੇ ਤਾਰਾਂ ਵੀ ਇਸ ਸੰਬੰਧ ਵਿਚ ਦਿੱਤੀਆਂ ਗਈਆਂ। ਪਹਿਲਾਂ ਤਾਂ ਗਵਰਨਮੈਂਟ ਨੇ ਸਿੱਖਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਪਿੱਛੋਂ ਮਜਬੂਰ ਹੋ ਕੇ ਫ਼ੈਸਲਾ ਅਮ੍ਰਿਤਸਰ ਦੇ ਹੱਕ ਵਿਚ ਹੀ ਕਰਨਾ ਪਿਆ।

ਇਸ ਤੋਂ ਪਿੱਛੋਂ ਫੇਰ ਅਮ੍ਰਿਤਸਰ ਬਾਰੇ ਵੀ ਇਹੋ ਸਵਾਲ ਪੈਦਾ ਹੋਇਆ ਕਿ ਕਾਲਜ ਕਿੱਥੇ ਬਣਾਇਆ ਜਾਵੇ। ਗਵਰਨਮੈਂਟ ਤਾਂ ਰੇਲਵੇ ਸਟੇਸ਼ਨ ਦੇ ਨਾਲ ਹੀ ਰਾਮ ਬਾਗ਼ ਦੀ ਜ਼ਮੀਨ ਇਸ ਸ਼ੁਭ ਕਾਰਜ ਲਈ ਸਿੱਖਾਂ ਨੂੰ ਦੇਣੀ ਚਾਹੁੰਦੀ ਸੀ, ਪਰ ਕੁਝ ਆਗੂਆਂ ਨੇ

### ਖ਼ਾਲਸਾ ਕਾਲਜ ਦੀ ਸਥਾਪਨਾ

ਸੋਚਿਆ ਕਿ ਜੇ ਸ਼ਹਿਰ ਦੇ ਨੇੜੇ ਕਾਲਜ ਬਣ ਗਿਆ ਤਾਂ ਵਿਦਿਆਰਥੀਆਂ ਦੇ ਆਚਰਣ ਉਤੇ ਸ਼ਹਿਰੀ ਜੀਵਨ ਦਾ ਭੈੜਾ ਅਸਰ ਪਵੇਗਾ, ਇਸ ਲਈ ਅਮ੍ਰਿਤਸਰ ਤੋਂ ਪੱਛਮ-ਉੱਤਰ ੪ ਮੀਲ ਦੇ ਫ਼ਾਸਲੇ ਤੇ ਲਾਹੌਰ ਨੂੰ ਜਾਣ ਵਾਲੀ ਸੜਕ ਦੇ ਸੱਜੇ ਹੱਥ ਪਿੰਡ ਕੋਟ ਸੈਦ ਮਹਿਮੂਦ ਦੇ ਜ਼ਿਮੀਂਦਾਰਾਂ ਤੋਂ ੧੦੦ ਏਕੜ ਜ਼ਮੀਨ ਖ਼ਰੀਦੀ, ਜਿੱਥੇ ੫ ਮਾਰਚ, ਸੰਨ ੧੮੯੨ ਈ: ਨੂੰ ਸਰ ਜੇਮਜ਼ ਲਾਇਲ ਲਾਟ ਸਾਹਿਬ ਪੰਜਾਬ ਦੇ ਹੱਥੀਂ ਖ਼ਾਲਸਾ ਕਾਲਜ ਦੀ ਨੀਂਹ ਰੱਖੀ ਗਈ।

### ਕਾਲਜ ਦੇ ਅਹੁਦੇਦਾਰ

ਕਈ ਯੂਰਪੀਅਨ ਅਫ਼ਸਰ, ਜਿਨ੍ਹਾਂ ਵਿਚੋਂ ਮਿਸਟਰ ਜੇ. ਸਾਈਮ ਡਾਇਰੈਕਟਰ ਆਫ਼ ਪਬਲਿਕ ਇਨਸਟ੍ਰਕਸ਼ਨ (ਪੰਜਾਬ), ਮਿਸਟਰ ਜੇ. ਸੀ. ਓਮਨ, ਕਰਨਲ ਹਾਲਰਾਇਡ, ਅਤੇ ਸਰ ਵਿਲੀਅਮ ਰਾਟੀਗਨ ਬਹੁਤੇ ਪ੍ਰਸਿੱਧ ਸਨ, ਭਾਈ ਗੁਰਮੁਖ ਸਿੰਘ ਦੇ ਨਾਲ ਮੋਢਾ ਡਾਹ ਕੇ ਇਸ ਵਿਦਿਅਕ ਸੰਸਥਾ ਦੀ ਕਾਮਿਆਬੀ ਲਈ ਜਤਨ ਕਰਦੇ ਰਹੇ ਸਨ, ਇਸ ਲਈ ਉਨ੍ਹਾਂ ਵਿਚੋਂ ਸਰ ਵਿਲੀਅਮ ਰਾਟੀਗਨ ਇਸ ਕਾਲਜ ਦੇ ਪ੍ਰਧਾਨ, ਤੇ ਮਿਸਟਰ ਜੇ. ਸੀ. ਓਮਨ ਪ੍ਰਿੰਸੀਪਲ ਨਿਯਤ ਹੋਏ। ਖ਼ਾਲਸਾ ਦੀਵਾਨ

Sri Satguru Jagjit Singh Ji eLibrary NamdhariElibrary@gmail.com

ਲਾਹੌਰ ਦੇ ਮੋਢੀਆਂ ਵਿਚੋਂ ਸ: ਜਵਾਹਰ ਸਿੰਘ ਨੂੰ 'ਖ਼ਾਲਸਾ ਕਾਲਜ ਕੌਂਸਲ' ਦੇ ਸਕੱਤਰ ਬਣਾਇਆ ਗਿਆ।

ਸੰਨ ੧੮੯੩ ਵਿਚ 'ਖ਼ਾਲਸਾ ਕਾਲਜ ਸਕੂਲ' ਖੁਲ੍ਹਣ ਤੇ ਪਹਿਲਾਂ ਮਿਡਲ ਤਕ ਪੜ੍ਹਾਈ ਸ਼ੁਰੂ ਹੋਈ। ਫੇਰ ਸੰਨ ੧੮੯੬ ਵਿਚ ਇਸ ਕਾਲਜ ਵਿਚ ਹਾਈ ਤੇ ਐਫ. ਏ. ਦੀਆਂ ਕਲਾਸਾਂ ਜਾਰੀ ਹੋਈਆਂ। ਇਸ ਤੋਂ ਤਿੰਨ ਸਾਲ ਮਗਰੋਂ ਇਸ ਕਾਲਜ ਦੀ ਪੜ੍ਹਾਈ ਬੀ. ਏ. ਤਕ ਤੇ ਫੇਰ ਕੁਝ ਸਮੇਂ ਬਾਦ ਐਫ. ਐਸ.ਸੀ. ਤੇ ਬੀ. ਐਸ.ਸੀ. ਤਕ ਜਾ ਪਹੁੰਚੀ। ਸਰਦਾਰ ਸੁੰਦਰ ਸਿੰਘ ਮਜੀਠਾ ਨੇ, ਜਿਨ੍ਹਾਂ ਦਾ ਹਾਲ ਅੱਗਲੇ ਸਫ਼ਿਆਂ ਤੇ ਦਿੱਤਾ ਗਿਆ ਹੈ, ਤਨ ਮਨ ਧਨ ਤੋਂ ਸੇਵਾ ਕਰ ਕੇ ਪਿੱਛੋਂ ਇਸ ਕਾਲਜ ਨੂੰ ਹੋਰ ਵੀ ਉੱਨਤ ਕੀਤਾ।

**ਉੱਨਤੀ ਦੇ ਰਾਹ ਉੱਤੇ**

ਇਸਤਰ੍ਹਾਂ ਸਿੱਖਾਂ ਦੀ ਇਹ ਅਦੁਤੀ ਵਿਦਿਅਕ ਸੰਸਥਾ, ਜੋ ਇਕ ਗ਼ਰੀਬ ਸਿੱਖ ਦੀਆਂ ਕੁਰਬਾਨੀਆ ਦਾ ਫਲ ਹੈ, ਪੰਜਾਬ ਦੇ ਇਕ ਪ੍ਰਸਿੱਧ ਸ਼ਾਹੀ ਕਾਲਜ ਦੀ ਸ਼ਕਲ ਵਿਚ ਬਦਲ ਗਈ। ਇਸ ਵਿਦਿਅਕ ਸੰਸਥਾ ਨੇ ਭਾਈ ਗੁਰਮੁਖ ਸਿੰਘ ਤੋਂ ਬਾਦ, ਜਿਵੇਂ ਕਿ ਅੱਗੇ ਦੱਸਿਆ ਜਾਵੇਗਾ, ਸੰਨ ੧੮੯੮ ਤੋਂ ਸੰਨ ੧੯੧੦ ਈ: ਤਕ ਯੋਗ ਅਧਿਕਾਰੀਆਂ ਦੀ ਅਗਵਾਈ ਹੇਠ ਕਿਵੇਂ ਧੀਰੇ ਧੀਰੇ ਤਰੱਕੀ ਕੀਤੀ ਤੇ ਇਸ ਨੂੰ ਸਿੱਖ ਮੋਢੀਆਂ ਦੇ ਭਰਪੂਰ ਸਹਿਯੋਗ ਨਾਲ ਕਿਵੇਂ ਪੱਕੇ ਪੈਰਾਂ ਉਤੇ ਖਲ੍ਹਾਰਿਆ ਗਿਆ, ਇਸ ਦਾ ਇਤਿਹਾਸ ਹੋਰ ਵੀ ਬੜਾ ਮਨੋਰੰਜਕ ਤੇ ਵਿਦਿਆ ਪ੍ਰੇਮੀਆਂ ਲਈ ਤਾਂ ਖਾਸ ਤੌਰ ਤੇ ਨਾ ਕੇਵਲ ਲਾਭਦਾਇਕ ਹੀ ਹੈ, ਸਗੋਂ ਸਿਖਿਆ ਦਾਇਕ ਵੀ ਹੈ।

# ੭.

# ਦੀਵਾਨ ਲਾਹੌਰ ਦੇ ਅੰਤਲੇ ਸਾਲ

(੧੮੯੦—੧੯੦੫)

ਭਾਈ ਗੁਰਮੁਖ ਸਿੰਘ ਨੂੰ ਅਕਾਲ ਤਖ਼ਤੋਂ ਛੇਕਣ ਦਾ ਜੋ ਨਾਟਕ ਰਚਿਆ ਗਿਆ ਉਹ ਅਮ੍ਰਿਤਸਰੀ ਧੜੇ ਦਾ ਅੰਤਲਾ ਵਾਰ ਸੀ, ਪਰ ਇਸ ਵਿਚ ਅਸਫਲਤਾ ਹੀ ਹੋਈ।

**ਦੀਵਾਨ ਲਾਹੌਰ ਦੀ ਕਾਮਯਾਬੀ**

ਖ਼ਾਲਸਾ ਕਾਲਜ ਬਣਨ ਪਿੱਛੋਂ ਦੀਵਾਨ ਲਾਹੌਰ ਦੀ ਕਾਮਯਾਬੀ ਦੇ ਕਾਰਣ ਉਸ ਦੇ ਪ੍ਰਚਾਰ ਆਦਿ ਦੇ ਕੰਮਾਂ ਵਿਚ ਹੋਰ ਵੀ ਤਰੱਕੀ ਹੋਈ ਤੇ ਭਾਈ ਗੁਰਮੁਖ ਸਿੰਘ ਦੀ ਸ਼ੁਹਰਤ ਵਧਣ ਲੱਗੀ।

ਬਾਬਾ ਖੇਮ ਸਿੰਘ ਜੀ ਬੇਦੀ ਗੁਰ-ਅੰਸ਼ ਹੋਣ ਕਰਕੇ ਭਾਵੇਂ ਆਪਣੀ ਪੂਜਾ-ਪ੍ਰਤਿਸ਼ਟਾ ਦੇ ਚਾਹਵਾਨ ਸਨ ਤੇ ਸੰਗਤ ਵਿਚ ਗੱਦੀ ਲਗਾ ਕੇ ਵੀ ਬੈਠਦੇ ਸਨ, ਪਰ ਪੰਥਕ ਉੱਨਤੀ ਦੇ ਕੰਮਾਂ ਵਿਚ ਉਹ ਕਿਸੇ ਗੱਲੋਂ ਪਿੱਛੇ ਨਹੀਂ ਸਨ। ਕੁਝ ਸਮਾਂ ਪਹਿਲਾਂ ਰਾਵਲ ਪਿੰਡੀ ਦੇ ਇਲਾਕੇ ਵਿਚ ਉਨ੍ਹਾਂ ਨੇ ਸਿੱਖ ਲੜਕੀਆਂ ਦੀ ਵਿਦਿਆ ਲਈ ਹਜ਼ਾਰਾਂ ਰੁਪਏ ਖ਼ਰਚੇ ਸਨ ਤੇ ਹੁਣ ਖ਼ਾਲਸਾ ਕਾਲਜ ਵਾਸਤੇ ਵੀ ਵਧ-ਚੜ੍ਹ ਕੇ ਸਹਾਇਤਾ ਦਿੱਤੀ ਸੀ, ਇਸ ਲਈ ਪੰਥ ਪਾਸੋਂ ਉਹ ਹਰ ਤਰ੍ਹਾਂ ਸਤਿਕਾਰ ਦੇ ਜੋਗ ਸਨ, ਪਰ ਇਸ ਦੇ ਬਦਲੇ ਮਿਲਿਆ ਕੀ ? ਨਿਰੀ ਬੇ-ਰਸੀ ਅਤੇ ਨਿਰਾਸਤਾ। ਇਹ ਵੀ ਉਨ੍ਹਾਂ ਦੇ ਆਪਣੇ ਹੀ ਧੜੇ ਵਲੋਂ। ਕੁਝ ਮੋਢੀ ਲੋਕ, ਜਿਨ੍ਹਾਂ ਵਿਚ ਬਹੁਤੇ ਪੁਜਾਰੀ ਸਨ, ਕਈ ਉਲਟ ਪੁਲਟ ਗੱਲਾਂ ਕਰ ਤਾਂ ਜਾਂਦੇ ਸਨ ਆਪਣੇ ਨਿਜ ਦੇ ਮਤਲਬ ਲਈ, ਪਰ ਨਾਮ ਉਨ੍ਹਾਂ ਵਿਚ ਵਰਤਿਆ ਜਾਂਦਾ ਸੀ ਬਾਬਾ ਖੇਮ ਸਿੰਘ ਜੀ ਦਾ, ਇਸੇ ਕਰ ਕੇ ਬਾਬਾ ਜੀ ਇਸ ਸਮੇਂ ਪੰਥਕ ਸੇਵਾ ਤੋਂ ਕੁਝ ਪਿੱਛੇ ਹਟਣ ਲੱਗ ਪਏ।

**ਬੇਦੀ ਸਾਹਬ ਦੀ ਪੰਥਕ ਸੇਵਾ ਅਤੇ ਨਿਰਾਸਤਾ**

ਭਾਈ ਗੁਰਮੁਖ ਸਿੰਘ ਦੇ ਨਾਲ ਬਾਬਾ ਖੇਮ ਸਿੰਘ ਜੀ ਦਾ ਜੇ ਵਖੇਵਾਂ ਸੀ ਤਾਂ ਉਹ ਕੇਵਲ ਸਿੱਧਾਂਤਕ ਸੀ, ਹੋਰ ਕੋਈ ਬੁਨਿਆਦੀ ਵਿਰੋਧਤਾ ਨਹੀਂ ਸੀ, ਪਰ ਕਈ ਪੁਜਾਰੀ ਤੇ ਧਰਮਸਾਲੀਏ ਭਾਈ, ਜਿਨ੍ਹਾਂ ਦੇ ਹੱਥਾਂ ਵਿਚ ਗੁਰਦ੍ਵਾਰਿਆਂ ਦੀਆਂ ਜਾਇਦਾਦਾਂ ਸਨ, ਭਾਈ ਗੁਰਮੁਖ ਸਿੰਘ ਦੇ ਸੁਧਾਰਕ ਕੰਮਾਂ ਤੋਂ ਬੁਨਿਆਦੀ ਤੌਰ ਤੇ ਵਿਰੁੱਧ ਸਨ। ਉਨ੍ਹਾਂ ਨੂੰ ਡਰ ਸੀ ਕਿ ਕਿਤੇ ਇਸ ਸੁਧਾਰ ਵਿਚ ਉਨ੍ਹਾਂ ਦੀਆਂ ਜਾਇਦਾਦਾਂ ਹੀ ਨਾ ਖੁੱਸ ਜਾਣ, ਇਸੇ ਲਈ ਉਹ ਭਾਈ ਸਾਹਿਬ ਦੇ ਪ੍ਰਚਾਰ ਨੂੰ ਕੈਰੀ ਅੱਖ ਨਾਲ ਦੇਖਦੇ ਸਨ*। ਸੋ ਇਹ ਵਿਰੋਧਤਾ ਵਧਦੀ ਹੀ ਚਲੀ ਗਈ।

**ਪੁਜਾਰੀਆਂ ਦਾ ਡਰ**

*ਦੇਖੋ, ਇਸੇ ਪੁਸਤਕ ਦਾ ਸਫ਼ਾ ੯੯।

Sri Satguru Jagjit Singh Ji eLibrary NamdhariElibrary@gmail.com

ਸੰਨ ੧੮੯੦ ਵਿਚ ਜਦ ਖ਼ਾਲਸਾ ਕਾਲਜ ਲਈ ਚੰਦਾ ਇਕੱਠਾ ਕੀਤਾ ਜਾ ਰਿਹਾ ਸੀ ਤਾਂ ਕੁਝ ਲੋਕਾਂ ਨੇ,ਜਿਨ੍ਹਾਂ ਵਿਚ ਬਹੁਤੇ ਪੁਜਾਰੀ ਸਨ,ਇਕ ਮਹਿਜਰ ਨਾਮਾ ਇਸ ਭਾਵ ਦਾ ਤਿਆਰ ਕੀਤਾ ਕਿ ਭਾਈ ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਤਨਖਾਹੀਏ ਹਨ, ਇਸ ਲਈ ਇਨ੍ਹਾਂ ਨੂੰ ਚੰਦਾ ਨਾ ਦਿੱਤਾ ਜਾਵੇ, ਪਰ ਜਦ ਇਸ ਦਾ ਅਸਰ ਸਿੱਖ ਜਨਤਾ ਉਤੇ ਕੁਝ ਵੀ ਨਾ ਹੋਇਆ ਤੇ ਖ਼ਾਲਸਾ ਕਾਲਜ ਬਣ ਹੀ ਗਿਆ ਤਾਂ ੧੫੦ ਲੋਕਾਂ ਦੇ ਦਸਤਖ਼ਤਾਂ ਹੇਠ ਇਕ ਹੋਰ ਦੂਜਾ ਮਹਿਜਰ ਨਾਮਾ ਲਿਖਿਆ ਗਿਆ। ਉਸ ਦਾ ਭਾਵ ਵੀ ਇਹੋ ਸੀ ਕਿ ਭਾਈ ਗੁਰਮੁਖ ਸਿੰਘ ਚੂੰਕਿ ਸਿੱਖੀਓਂ ਖ਼ਾਰਿਜ ਹੈ, ਇਸ ਲਈ ਇਸ ਨੂੰ 'ਕਾਲਜ-ਕੌਂਸਲ' ਦਾ ਮੈਂਬਰ ਨਾ ਬਣਾਇਆ ਜਾਵੇ †।

### ਦੋ ਮਹਿਜਰ ਨਾਮੇ

ਭਾਈ ਗੁਰਮੁਖ ਸਿੰਘ ਜੀ ਆਪਣੀ ਧੁਨ ਦੇ ਪੱਕੇ ਸਨ ਇਸ ਲਈ ਇਨ੍ਹਾਂ ਕਾਗ਼ਜ਼ੀ ਹਮਲਿਆਂ ਦਾ ਉਨ੍ਹਾਂ ਦੇ ਦਿਲ ਉਤੇ ਕੋਈ ਵੀ ਅਸਰ ਨਾ ਪਿਆ। ਖ਼ਾਲਸਾ ਕਾਲਜ ਦੀ ਸਥਾਪਨਾ ਤੋਂ ਫ਼ਾਰਿਗ਼ ਹੁੰਦਿਆਂ ਹੀ ਉਨ੍ਹਾਂ ਨੇ 'ਖ਼ਾਲਸਾ ਪ੍ਰੈਸ' ਤੇ 'ਖ਼ਾਲਸਾ ਅਖ਼ਬਾਰ' ਦਾ ਪ੍ਰਬੰਧ ਨਵੇਂ ਸਿਰਿਓਂ ਠੀਕ ਕੀਤਾ। 'ਖ਼ਾਲਸਾ ਪ੍ਰੈਸ' ਲਈ ਨਵਾਂ ਟਾਈਪ ਖ਼ਰੀਦਿਆ ਅਤੇ 'ਖ਼ਾਲਸਾ ਅਖ਼ਬਾਰ', ਜੋ ਸੰਨ ੧੮੮੭ ਵਿਚ 'ਸੁਪਨ ਨਾਟਕ' ਦੇ ਮੁਕੱਦਮੇ ਵਿਚ ਉਲਝਣ ਕਰ ਕੇ ਕੁਝ ਚਿਰ ਪਿੱਛੋਂ ਬੰਦ ਹੋ ਗਿਆ ਸੀ, ਸੰਨ ੧੮੯੩ ਤੋਂ ਫੇਰ ਨਵੇਂ ਸਿਰੇ ਚਾਲੂ ਕੀਤਾ ਗਿਆ।

### ਖ਼ਾਲਸਾ ਪ੍ਰੈਸ ਤੇ ਅਖ਼ਬਾਰ

ਖ਼ਾਲਸਾ ਦੀਵਾਨ ਲਾਹੌਰ ਦੀ ਹੁਣ ਚੜ੍ਹਦੀ ਕਲਾ ਸੀ, ਪਰ ਜਿੱਥੇ ਉੱਨਤੀ ਹੋਵੇ ਉਥੇ ਗਿਰਾਵਟ ਦੇ ਦਿਨ ਵੀ ਦੇਖਣੇ ਹੀ ਪੈਂਦੇ ਹਨ, ਇਸ ਲਈ ਥੋੜੇ ਚਿਰ ਪਿੱਛੋਂ ਹੀ ਅੰਮ੍ਰਿਤਸਰੀ ਧੜੇ ਵਾਂਗੂ ਇਸ ਦੀਵਾਨ ਦੇ ਮੈਂਬਰਾਂ ਵਿਚ ਵੀ ਫੁੱਟ ਨੇ ਦਰਸ਼ਨ ਆ ਦਿੱਤੇ। ਵੱਡਾ ਇਤਰਾਜ਼ ਇਹੋ ਸੀ ਕਿ ਭਾਈ ਗੁਰਮੁਖ ਸਿੰਘ ਵਲੋਂ ਖ਼ਾਲਸਾ ਕਾਲਜ਼ ਵਿਚ ਹਰ ਪਾਸੇ ਜੱਟ ਸਿੱਖਾਂ ਦੀ ਮਦਦ ਕੀਤੀ ਜਾਂਦੀ ਹੈ। ਭਾਈ ਬਸੰਤ ਸਿੰਘ, ਸ: ਜਵਾਹਰ ਸਿੰਘ ਤੇ ਮੱਈਆ ਸਿੰਘ ਗ਼ੈਰ ਜੱਟ ਸਿੱਖ ਹੋਣ ਕਰ ਕੇ ਇਸ ਗੱਲੋਂ ਉਲਟ ਸਨ। ਭਾਈ ਮੱਈਆ ਸਿੰਘ ਨੇ ਇਸ ਸਮੇਂ ਭਾਈ ਗੁਰਮੁਖ ਸਿੰਘ ਤੋਂ ਵਿਰੁੱਧ ਇਸ਼ਤਿਹਾਰ ਬਾਜ਼ੀ ਕਰ ਕੇ ਕੁਝ ਅਜੋਗ ਪ੍ਰਾਪੇਗੰਡਾ ਵੀ ਕੀਤਾ। ਸਾਰੇ ਮੈਂਬਰਾਂ ਵਿਚੋਂ ਗਿਆਨੀ ਦਿੱਤ ਸਿੰਘ ਆਦਿ ਕੁਝ ਉਂਗਲਾਂ ਤੇ ਗਿਣਵੇਂ ਸੱਜਨ ਹੀ ਸਨ, ਜਿਨ੍ਹਾਂ ਨੇ ਇਸ ਧੜੇ ਬੰਦੀ ਵਿਚ ਕੋਈ ਹਿੱਸਾ ਨਾ ਲਿਆ।

### ਦੀਵਾਨ ਦੇ ਮੋਢੀਆਂ ਵਿੱਚ ਫੁੱਟ

ਇਸ ਰੌਲੇ-ਰੱਪੇ ਦੇ ਦੌਰਾਨ ਵਿਚ ਹੀ ਖ਼ਾਲਸਾ ਕਾਲਜ ਤੇ ਦੀਵਾਨ ਨੂੰ ਇਕ ਕਰੜੀ ਸੱਟ ਵੱਜੀ। ਉਹ ਸੱਟ ਇਹ ਸੀ ਕਿ ਸਰਦਾਰ ਅਤਰ ਸਿੰਘ ਜੀ ਰਈਸ ਭਦੌੜ

### ਸ: ਅਤਰ ਸਿੰਘ ਭਦੌੜ ਦਾ ਮੁਰਗਵਾਸ

---

†ਕਾਗਜ਼ਾਤ ਖ਼ਾਲਸਾ ਕਾਲਜ ਕੌਂਸਲ (ਲਾਹੌਰ) ਦੇ ਆਧਾਰ ਤੇ।

Sri Satguru Jagjit Singh Ji eLibrary NamdhariElibrary@gmail.com

(ਪਟਿਆਲਾ), ਜੋ 'ਦੀਵਾਨ ਲਾਹੌਰ' ਦੇ ਪ੍ਰਧਾਨ ਤੇ 'ਖ਼ਾਲਸਾ ਕਾਲਜ' ਦੇ ਮੋਢੀ ਸਨ, ੧੦ ਜੂਨ, ਸੰਨ ੧੮੯੬ ਈ: ਨੂੰ ਚਲਾਣਾ ਕਰ ਗਏ ।

ਸਰਦਾਰ ਅਤਰ ਸਿੰਘ ਦਾ ਖ਼ਾਲਸਾ ਕਾਲਜ ਦੇ ਪ੍ਰਬੰਧ ਵਿਚ ਚੰਗਾ ਰੁਅਬਦਾਬ ਸੀ, ਇਸ ਲਈ ਜੇ ਕੋਈ ਸ਼ਿਕਾਇਤ ਹੁੰਦੀ ਤਾਂ ਝੱਟ ਪੱਟ ਰਫ਼ਾ-ਦਫ਼ਾ ਜੋ ਜਾਂਦੀ ਸੀ । ਲਗ ਭਗ ਇਕ ਮਹੀਨਾ ਪਿਛੋਂ ਇਨ੍ਹਾਂ ਬਾਰੇ ਅਫ਼ਸੋਸ ਜ਼ਾਹਰ ਕਰਨ ਲਈ ਗਵਰਨਮੈਂਟ ਕਾਲਜ ਲਾਹੌਰ ਵਿਚ ਚੋਣਵੇਂ ਮੈਂਬਰਾਂ ਦੀ ਇਕ ਇਕਤ੍ਰਤਾ ਹੋਈ ਜਿਸ ਵਿਚ ਖ਼ਾਲਸਾ ਦੀਵਾਨ ਲਾਹੌਰ ਦੇ ਹੇਠ ਲਿਖੇ ਮੁਖੀ ਚੁਣੇ ਗਏ :

### ਦੀਵਾਨ ਲਾਹੌਰ ਦੇ ਮੁਖੀਆਂ ਦੀ ਚੋਣ

੧. ਸ: ਬਲਵੰਤ ਸਿੰਘ (ਸੁਪੁਤ੍ਰ ਸ: ਅਤਰ ਸਿੰਘ ਜੀ ਭਦੌੜ) - ਪ੍ਰੈਜ਼ੀਡੈਂਟ ।
੨. ਭਾਈ ਗੁਰਮੁਖ ਸਿੰਘ ਤੇ ਭਾਈ ਧਰਮ ਸਿੰਘ ਜੀ ਰਈਸ, ਘਰੰਜਾਖ—ਵਾਈਸ ਪ੍ਰੈਜ਼ੀਡੈਂਟ ।
੩. ਭਾਈ ਗੁਰਦਿੱਤ ਸਿੰਘ ਰਈਸ, ਲਾਹੌਰ—ਚੀਫ਼ ਸਕੱਤਰ ।
੪. ਭਾਈ ਪ੍ਰਤਾਪ ਸਿੰਘ—ਲੇਖਾਕਾਰ ।
੫. ਭਾਈ ਪ੍ਰਤਾਪ ਸਿੰਘ—ਖਜ਼ਾਨਚੀ ।

ਭਾਈ ਗੁਰਮੁਖ ਸਿੰਘ ਨੇ ਪਿਛਲੇ ੧੩ ਸਾਲਾਂ ਵਿਚ ਇਸ ਦੀਵਾਨ ਦੀ ਜੋ ਸੇਵਾ ਕੀਤੀ ਸੀ, ਉਸ ਬਾਰੇ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ† ।

ਖ਼ਾਲਸਾ ਦੀਵਾਨ ਲਾਹੌਰ ਦੇ ਮੁਖੀਆਂ ਦੀ ਚੋਣ ਪਿੱਛੋਂ ਆਪਸ ਦੀ ਫੁੱਟ ਦੂਰ ਕਰਨ ਲਈ ਇਕ ਵੇਰ ਫੇਰ ਜਤਨ ਕੀਤਾ ਗਿਆ । ਲਾਹੌਰ ਦੀਆਂ ਦੋਵੇਂ ਸਿੰਘ ਸਭਾਵਾਂ, ਜੋ ਪਹਿਲਾਂ ਵੱਖੋ ਵੱਖ ਸਨ, ਇਸ ਸਮੇਂ ਇੱਕ ਹੋ ਗਈਆਂ । ਭਾਈ ਗੁਰਮੁਖ ਸਿੰਘ ਦਾ ਇਸ ਏਕਤਾ ਵਿਚ ਕੋਈ ਦਖ਼ਲ ਨਹੀਂ ਸੀ। ਇਸ ਤੋਂ ਮਾਲੂਮ ਹੁੰਦਾ ਹੈ ਕਿ ਇਹ ਕਾਰਰਵਾਈ ਇਕ ਪੱਖੀ ਸੀ । ਇਸ ਜੁੱਟ ਸਭਾ ਦੇ ਪ੍ਰਧਾਨ ਭਾਈ ਮੀਹਾਂ ਸਿੰਘ ਤੇ ਮੀਤ ਪ੍ਰਧਾਨ ਭਾਈ ਬਸੰਤ ਸਿੰਘ ਅਤੇ ਸਰਦਾਰ ਜਵਾਹਰ ਸਿੰਘ ਜੀ ਥਾਪੇ ਗਏ । ਦੋਹਾਂ ਸਭਾਵਾਂ ਦੇ ਇਸ ਮੇਲ ਤੋਂ ਸ਼ਾਇਦ ਇਸੇ ਕਾਰਣ ਲਾਭ ਕੋਈ ਨਾ ਹੋਇਆ । ਭਗਤ ਲਛਮਣ ਸਿੰਘ ਦੇ ਕਥਨ ਅਨੁਸਾਰ 'ਭਾਈ ਜਵਾਹਰ ਸਿੰਘ ਆਪਣੇ ਲੀਡਰ ਭਾਈ ਗੁਰਮੁਖ ਸਿੰਘ ਦੇ ਤਾਬੇਦਾਰ ਮਾਲੂਮ ਹੁੰਦੇ ਸਨ, ਪਰ ਅੰਦਰੋਂ ਉਨ੍ਹਾਂ ਦੀ ਵਾਗ-ਡੋਰ ਤੋੜਨ ਦੇ ਆਹਰ ਵਿਚ ਸਨ* ।' ਇਸ ਲਈ ਇਸ ਦਿਲੀ ਭਾਵਨਾ ਦਾ ਖ਼ਾਲਸਾ ਦੀਵਾਨ ਲਾਹੌਰ ਦੇ ਭਵਿੱਖ ਉਤੇ ਬੜਾ ਬੁਰਾ ਅਸਰ ਪਿਆ ।

### ਨਾਮਧਰੀਕ ਇਤਫ਼ਾਕ

ਸਰਦਾਰ ਅਤਰ ਸਿੰਘ ਭਦੌੜ ਦੇ ਚਲਾਣੇ ਤੋਂ ਪਿੱਛੋਂ ਖ਼ਾਲਸਾ ਦੀਵਾਨ ਲਾਹੌਰ ਦੇ ਹਾਲਾਤ ਕੁਝ ਤੇਜ਼ੀ ਨਾਲ ਫ਼ਿਲਮ ਦੀਆਂ ਤਸਵੀਰਾਂ ਵਾਂਗੂ ਬਦਲਨ ਲੱਗ ਪਏ । ਲਾਹੌਰੀ ਧੜੇ ਦੇ ਮੋਢੀ ਭਾਈ ਗੁਰਮੁਖ ਸਿੰਘ, ਜੋ ਅਜੇ ਏਨੀ ਵੱਡੀ ਉਮਰ ਦੇ ਨਹੀਂ ਸਨ, ਖ਼ਾਲਸਾ

†ਸਿਵਲ ਐਂਡ ਮਿਲਿਟਰੀ ਗਜ਼ਟ (ਲਾਹੌਰ), ੧੪ ਜੁਲਾਈ ੧੮੯੬, ਸਫ਼ਾ ੫ ।

*ਰਸਾਲਾ ਪੰਜ ਦਰਿਆ (ਲਾਹੌਰ), ਮਾਰਚ ੧੯੪੧, ਸਫ਼ਾ ੨੦ ।

Sri Satguru Jagjit Singh Ji eLibrary NamdhariElibrary@gmail.com

ਕਾਲਜ ਦੀ ਜੱਦੋ-ਜਹਿਦ ਦੇ ਦਿਨਾਂ ਵਿਚ ਹੀ ਕਾਫ਼ੀ ਕਮਜ਼ੋਰ ਹੋ ਗਏ। ਇਸ ਤੋਂ ਥੋੜਾ ਕੁ

**ਭਾਈ ਗੁਰਮੁਖ ਸਿੰਘ ਦਾ ਅਕਾਲ ਚਲਾਣਾ**

ਚਿਰ ਪਿੱਛੋਂ ਉਨ੍ਹਾਂ ਨੂੰ ਕੁਝ ਦਿਲ ਦੀ ਤਕਲੀਫ਼ ਰਹਿਣ ਲੱਗ ਪਈ। ਇਸ ਦੌਰਾਨ ਵਿਚ ਕਾਫ਼ੀ ਕਰਜ਼ੇ ਦਾ ਭਾਰ ਵੀ ਸਿਰ ਤੇ ਚੜ੍ਹ ਗਿਆ। ਆਪਣੀ ਸਿਹਤ ਠੀਕ ਕਰਨ ਲਈ ਉਨ੍ਹਾਂ ਨੇ ਪੰਥਕ ਕੰਮਾਂ ਤੋਂ ਇਕ ਸਾਲ ਦੀ ਛੁੱਟੀ ਵੀ ਲਈ, ਪਰ ਇਸ ਦਾ ਕੋਈ ਖ਼ਾਸ ਲਾਭ ਨਾ ਹੋਇਆ। ਅੰਤ ੨੪ ਨਵੰਬਰ, ਸੰਨ ੧੮੯੮ ਈ: ਨੂੰ, ਜਦ ਉਹ ਮਹਾਰਾਣਾ ਧੌਲ ਪੁਰ ਤੋਂ ਚੰਦਾ ਲੈਣ ਵਾਸਤੇ ਕੰਡੇ ਘਾਟ (ਪਟਿਆਲਾ) ਗਏ ਸਨ ਤਾਂ ਸ੍ਰੀ ਨਗਰ ਦੇ ਮੁਕਾਮ ਤੇ ਦਿਲ ਦੀ ਹਰਕਤ ਬੰਦ ਹੋ ਜਾਣ ਕਰ ਕੇ ਉਨ੍ਹਾਂ ਦਾ ਦੇਹਾਂਤ ਹੋ ਗਿਆ*।

**ਗੁਣ, ਕਰਮ ਤੇ ਸੁਭਾਉ**

ਭਾਈ ਗੁਰਮੁਖ ਸਿੰਘ ਦੀ ਇਹ ਬੇ-ਵਕ਼ਤ ਮੌਤ ਖ਼ਾਲਸਾ ਦੀਵਾਨ ਲਾਹੌਰ ਲਈ ਅਸਹਿ ਸੱਟ ਤੇ ਖ਼ਾਲਸਾ ਕਾਲਜ ਲਈ ਇਕ ਨਾ-ਪੂਰਾ ਹੋਣ ਵਾਲਾ ਘਾਟਾ ਸੀ। ਭਾਈ ਸਾਹਿਬ ਸੱਚ ਮੁੱਚ ਹੀ ਸਿੱਖਾਂ ਦੇ ਇਕ ਵੱਡੇ ਆਗੂ ਤੇ ਪੰਥਕ ਭਲਾਈ ਲਈ ਉੱਚੀਆਂ ਸਕੀਮਾਂ ਦੇ ਮਾਲਕ ਸਨ। ਜੇ ਉਨ੍ਹਾਂ ਨੂੰ ਸਿੱਖਾਂ ਦੇ ਸਰ ਸੱਯਦ ਅਹਿਮਦ ਕਿਹਾ ਜਾਵੇ ਤਾਂ ਕੋਈ ਅਜੋਗ ਜਾਂ ਅਣ-ਫਬਦੀ ਉਪਮਾ ਨਹੀਂ ਹੈ। ਭਗਤ ਲਛਮਣ ਸਿੰਘ ਜੀ, ਜਿਨ੍ਹਾਂ ਨੇ ਉਨ੍ਹਾਂ ਨੂੰ ਅੱਖੀਂ ਦੇਖਿਆ ਸੀ, ਪੰਥਕ ਖ਼ਿਦਮਤਾਂ ਬਾਰੇ ਉਨ੍ਹਾਂ ਦੀ ਪ੍ਰਸੰਸਾ ਕਰਦੇ ਹੋਏ ਮਾਰਚ ਸੰਨ ੧੯੪੧ ਦੇ ਰਸਾਲਾ ਪੰਜ ਦਰਿਆ (ਲਾਹੌਰ) ਵਿਚ ਏਕਣ ਲਿਖਦੇ ਹਨ :—

'ਸਿੱਖ ਰਜਵਾੜਿਆਂ ਦੀ ਉਦਾਰਤਾ ਤਾਂ ਮੰਨੀ ਪ੍ਰਮੰਨੀ ਕਹਾਵਤ ਹੈ ਤੇ ਉਹ ਆਪਣੇ ਜਤਨਾਂ ਨਾਲ ਸਿੱਖੀ ਪ੍ਰਚਾਰ ਲਈ ਦਿਲ ਖੋਲ੍ਹਕੇ ਦਾਨ ਦੇਂਦੇ ਸਨ, ਪਰ ਕਿਸੇ ਨੂੰ ਕੀ ਪਤਾ ਸੀ ਕਿ ਸਿੱਖਾਂ ਨੂੰ ਮੁੜ ਜਾਗ੍ਰਤ ਕਰਨ ਦਾ ਸੇਹਰਾ ਇਕ ਗਰੀਬ ਸਿੱਖ ਜੱਟ (ਜਿਨ੍ਹਾਂ ਦਾ ਪਿਤਾ ਸਰਦਾਰ ਬਿਕ੍ਰਮਾ ਸਿੰਘ ਕਪੂਰਥਲੇ ਵਾਲਿਆਂ ਪਾਸ ਮੁਲਾਜ਼ਮ ਸੀ ਤੇ ਜਲੰਧਰ ਦਾ ਵਸਨੀਕ ਸੀ) ਦੇ ਸਿਰ ਬੰਨ੍ਹੀਵੇਗਾ। ਮੇਰੀ ਮੁਰਾਦ ਭਾਈ ਗੁਰਮੁਖ ਸਿੰਘ ਜੀ ਤੋਂ ਹੈ, ਜਿਨ੍ਹਾਂ ਨੂੰ ਸਿੱਖੀ ਸੇਵਾ ਦੀ ਉਹ ਲਗਨ ਸੀ ਕਿ ਸ਼ਾਇਦ ਹੀ ਕਿਸੇ ਨੂੰ ਹੋਵੇਗੀ।......ਆਪ ਨੇ ਕੌਮ ਨੂੰ ਉਚਾ ਕਰਨ ਦਾ ਉਪਰਾਲਾ ਕੀਤਾ, ਪਰ ਆਪ ਕਦੀ ਉਚੇ ਹੋਣ ਦਾ ਸੁਪਨਾ ਵੀ ਨਹੀਂ ਸੀ ਲਿਆ।...੭੦-੮੦ ਰੁਪੈ ਮਹੀਨਾ ਤਨਖ਼ਾਹ ਮਿਲਦੀ ਸੀ...। ਬੱਚੀ ਬੱਚਾ ਕੋਈ ਨਹੀਂ ਸੀ, ਕੇਵਲ ਇਕ ਸਿੰਘਣੀ ਹੀ ਸੀ...। ਰੋਟੀ ਕੱਪੜੇ ਤੋਂ ਜੋ ਬਚੇ ਉਹ ਸਿੱਖ ਨੌਜਵਾਨਾਂ ਦੀ ਪੜ੍ਹਾਈ ਵਿਚ ਲਗਦਾ ਸੀ†।'

ਭਾਈ ਸਾਹਿਬ ਤੋਂ ਪਿੱਛੋਂ ਗਿਆਨੀ ਦਿੱਤ ਸਿੰਘ ਜੀ ਨੇ, ਜੋ ਉਨ੍ਹਾਂ ਨਾਲ ਦਿਲੀ

---

*ਕਾਗਜ਼ਾਤ ਸ੍ਰੀ ਗੁਰੂ ਸਿੰਘ ਸਭਾ ਲਾਹੌਰ, ਸੰਨ ੧੮੯੮ ਈ:।

†ਰਸਾਲਾ ਪੰਜ ਦਰਿਆ (ਲਾਹੌਰ), ਮਾਰਚ ੧੯੪੧, ਸਫ਼ਾ ੧੭।

Sri Satguru Jagjit Singh Ji eLibrary NamdhariElibrary@gmail.com

### ਭਾਈ ਗੁਰਮੁਖ ਸਿੰਘ ਦੀ ਯਾਦਗਾਰ ਦਾ ਸਵਾਲ

ਪਿਆਰ-ਸਤਕਾਰ ਰਖਦੇ ਸਨ, ਕੁਝ ਮੋਢੀਆਂ ਨੂੰ ਹਿਲੂਣ ਕੇ 'ਭਾਈ ਗੁਰਮੁਖ ਸਿੰਘ ਮੈਮੋਰੀਅਲ' ਬਣਾਣ ਦਾ ਜਤਨ ਕੀਤਾ, ਪਰ ਸਿੰਘ ਸਭੀਆਂ ਦਾ ਦੂਜਾ ਧੜਾ ਇਹ ਗੱਲ ਨਹੀਂ ਚਾਹੁੰਦਾ ਸੀ, ਇਸ ਲਈ ਸਫਲਤਾ ਨਾ ਹੋਈ।

### ਗਿਆਨੀ ਦਿੱਤ ਸਿੰਘ ਦਾ ਸੁਰਗਵਾਸ

ਗਿਆਨੀ ਦਿੱਤ ਸਿੰਘ ਜੀ ਇਸ ਸਮੇਂ ਵਿਦਿਆ, ਬੁੱਧੀ ਤੇ ਤਜਰਬੇ ਦੇ ਲਿਹਾਜ਼ ਨਾਲ ਸਾਰੇ ਸਿੱਖਾਂ ਵਿਚੋਂ ਸ਼ਿਰੋਮਣੀ ਸਨ, ਇਸ ਲਈ ਆਸ ਸੀ ਕਿ ਉਹ ਥੋੜੀ ਜਿਹੀ ਜੱਦੋ ਜਹਿਦ ਕਰ ਕੇ ਖ਼ਾਲਸਾ ਦੀਵਾਨ ਲਾਹੌਰ ਦੀ ਵਿਗੜ ਰਹੀ ਹਾਲਤ ਨੂੰ ਛੇਤੀ ਹੀ ਸੁਧਾਰ ਲੈਣਗੇ, ਪਰ 'ਆਸਾਂ ਕਰਦਾ ਲੰਮੀਆਂ, ਮੌਤ ਤਣਾਵਾਂ ਹੇਠ' ਵਾਲੀ ਗੱਲ ਹੋਈ। ੬ ਸਤੰਬਰ, ਸੰਨ ੧੯੦੧ ਈ: ਨੂੰ ਸਿੱਖਾਂ ਦੇ ਇਸ ਅਦੁਤੀ ਵਿਦ੍ਵਾਨ ਤੇ ਆਗੂ ਗਿਆਨੀ ਦਿੱਤ ਸਿੰਘ ਨੂੰ ਵੀ ਧੁਰ ਦਰਗਾਹੋਂ ਸੱਦਾ ਆ ਗਿਆ, ਜਿਸ ਕਰ ਕੇ ਉਹ ਆਪਣੇ ਸਾਥੀਆਂ ਨੂੰ ਨਿਰਾਸਤਾ ਵਿਚ ਛੱਡ ਕੇ ਸਦੀਵੀ ਵਿਛੋੜਾ ਦੇ ਗਏ।

ਇਸਤਰ੍ਹਾਂ ਵਾਰੋ ਵਾਰੀ ਤਿੰਨ ਮੋਢੀਆਂ ਦਾ ਸੁਰਗਵਾਸ ਹੋਣ ਤੇ ਦੀਵਾਨ ਲਾਹੌਰ ਦਾ ਸ਼ੀਰਾਜ਼ਾ ਆਪਣੇ ਆਪ ਵਿਖਰ ਗਿਆ। ਇਸ ਤੋਂ ਅਗਲੇ ਹੀ ਸਾਲ ਕਿਸੇ ਗੱਲੋਂ ਪ੍ਰਿੰਸੀਪਲ ਓਮਨ ਦੇ ਨਾਰਾਜ਼ ਹੋਣ ਕਰ ਕੇ ਖ਼ਾਲਸਾ ਕਾਲਜ ਦੀ ਵਾਗ-ਡੋਰ ਸ: ਜਵਾਹਰ ਸਿੰਘ ਕਪੂਰ ਦੇ ਹੱਥੋਂ ਨਿਕਲ ਕੇ ਸ: ਸੁੰਦਰ ਸਿੰਘ ਮਜੀਠਾ ਦੇ ਹੱਥ ਚਲੀ ਗਈ।

### ਖ਼ਾਲਸਾ ਦੀਵਾਨ ਲਾਹੌਰ ਦੇ ਅੰਤਲੇ ਦਿਨ

ਸੰਨ ੧੯੦੫ ਵਿਚ 'ਖ਼ਾਲਸਾ ਅਖ਼ਬਾਰ' ਬੰਦ ਹੋ ਗਿਆ ਤੇ 'ਖ਼ਾਲਸਾ ਪ੍ਰੈਸ' ਵੀ ਹੱਥੋਂ ਨਿਕਲ ਗਿਆ। ਸ: ਜਵਾਹਰ ਸਿੰਘ ਜੀ ਇਸ ਹਾਲਤ ਵਿਚ ਨਿਰਾਸ ਹੋ ਕੇ ਜਨਤਕ ਜੀਵਨ ਤੋਂ ਇਕ ਪਾਸੇ ਹੋ ਗਏ। ਫੇਰ ੧੦ ਫ਼ਰਵਰੀ, ਸੰਨ ੧੯੧੦ ਈ: ਨੂੰ ਉਨ੍ਹਾਂ ਦਾ ਦੇਹਾਂਤ ਹੋਣ ਤੇ ਖ਼ਾਲਸਾ ਦੀਵਾਨ ਲਾਹੌਰ ਦਾ ਇਹ ਰਹਿਆ ਸਹਿਆ ਅੰਤਲਾ ਨਿਸ਼ਾਨ ਵੀ ਅਲੋਪ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

# ੮.

# ਸਿੰਘ ਸਭਾ ਲਹਿਰ ਦਾ ਅੰਤ

(੧੮੮੩—੧੯੧੦)

ਕਈ ਸੱਜਨ ਇਹ ਸਿਰਲੇਖ ਦੇਖ ਕੇ ਸ਼ਾਇਦ ਸਵਾਲ ਕਰਨ ਕਿ ਕੀ ਸਿੰਘ ਸਭਾ ਲਹਿਰ ਇਸ ਦੌਰਾਨ ਵਿਚ ਹੀ ਖ਼ਤਮ ਹੋ ਗਈ, ਪਰ ਮੈਂ ਉੱਤਰ ਦੇਵਾਂਗਾ ਕਿ ਨਹੀਂ, ਖ਼ਤਮ ਨਹੀਂ ਹੋਈ। ਇਸ ਦਾ ਅੰਤ ਇਸ ਤਰ੍ਹਾਂ ਸ਼ੁਰੂ ਹੋਇਆ ਕਿ ਇਹ ਧੀਰੇ ਧੀਰੇ ਖ਼ਾਲਸਾ ਦੀਵਾਨਾਂ ਦੀ ਸ਼ਕਲ ਵਿਚ ਬਦਲ ਗਈ। ਖ਼ਾਲਸਾ ਦੀਵਾਨ ਬਣਾਏ ਜਾਣ ਦਾ ਇਹ ਰਿਵਾਜ,ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਸੰਨ ੧੮੮੩ ਵਿਚ ਹੀ ਸ਼ੁਰੂ ਹੋ ਗਿਆ ਸੀ, ਜਦ ਸ੍ਰੀ ਗੁਰੂ ਸਿੰਘ ਸਭਾ ਦੀ ਥਾਵੇਂ ਖ਼ਾਲਸਾ ਦੀਵਾਨ ਅਮ੍ਰਿਤਸਰ ਕਾਇਮ ਕੀਤਾ ਗਿਆ ਸੀ। ਇਸ ਤੋਂ ਪਿੱਛੋਂ ਸੰਨ ੧੮੮੫ ਵਿਚ ਖ਼ਾਲਸਾ ਦੀਵਾਨ ਲਾਹੌਰ ਦੇ ਬਣਨ ਤੇ ਇਸ ਸਿੰਘ ਸਭਾਈ ਪਰਿਵਰਤਨ ਉਤੇ ਪ੍ਰਵਾਨਗੀ ਦੀ ਦੂਜੀ ਮੋਹਰ ਲੱਗ ਗਈ। ਇਹ ਸਿਲਸਿਲਾ ਇਨ੍ਹਾਂ ਦੋਹਾਂ ਦੀਵਾਨਾਂ ਦੇ ਕਾਇਮ ਹੋਣ ਸਾਰ ਏਥੇ ਹੀ ਸਮਾਪਤ ਨਹੀਂ ਹੋ ਗਿਆ, ਸਗੋਂ ਇਸ ਤੋਂ ਅੱਗੇ ਵੀ ਇਸੇ ਚਾਲ ਨਾਲ ਚਲਦਾ ਰਿਹਾ।

**ਪਰਿਵਰਤਨ ਦੀ ਪਹਿਲ**

ਇਸ ਲਹਿਰ ਦਾ ਨਵਾਂ ਰੁਖ਼ ਪਲਟਣ ਲਈ ਸਰਦਾਰ ਸੁੰਦਰ ਸਿੰਘ ਮਜੀਠਾ, ਜੋ ਸਮੇਂ ਦੇ ਅਨੁਸਾਰ ਬੜੇ ਅਗਾਂਹ ਵਧੂ ਤੇ ਕਰਮ ਵੀਰ ਨੌਜਵਾਨ ਨੇਤਾ ਸਨ, ਸੰਨ ੧੮੯੨-੯੩ ਵਿਚ ਪੰਥਕ ਸੇਵਾ ਦੇ ਮੈਦਾਨ ਵਿਚ ਆਏ।ਪਹਿਲਾਂ ਆਪ ਖ਼ਾਲਸਾ ਦੀਵਾਨ ਅਮ੍ਰਿਤਸਰ ਤੇ ਪਿੱਛੋਂ ਸੰਨ ੧੮੯੫ ਵਿਚ ਖ਼ਾਲਸਾ ਕਾਲਜ ਕੌਂਸਲ ਦੇ ਮੈਂਬਰ ਬਣੇ। ਆਪ ਸਰਦਾਰ ਅਤਰ ਸਿੰਘ ਰਈਸ ਭਦੌੜ (ਪਟਿਆਲਾ) ਦੇ ਰਿਸ਼ਤੇਦਾਰ ਸਨ। ਸਰਦਾਰ ਅਤਰ ਸਿੰਘ ਚੂੰਕਿ ਦੀਵਾਨ ਲਾਹੌਰ ਦੇ ਪ੍ਰਧਾਨ ਸਨ, ਇਸ ਲਈ ਸ: ਸੁੰਦਰ ਸਿੰਘ ਨੂੰ ਉਨ੍ਹਾਂ ਦੇ ਸਹਿਯੋਗ ਨਾਲ ਇਸ ਪਾਸੇ ਵਧਣ ਦਾ ਹੋਰ ਵੀ ਉਤਸਾਹ ਮਿਲਿਆ।

**ਸ: ਸੁੰਦਰ ਸਿੰਘ ਜੀ ਮਜੀਠਾ ਦਾ ਪ੍ਰਬੰਧ**

ਖ਼ਾਲਸਾ ਦੀਵਾਨ ਲਾਹੌਰ ਵਿਚ ਇਸ ਸਮੇਂ ਫੁੱਟ ਦਾ ਰਾਜ ਸੀ। ਸ: ਸੁੰਦਰ ਸਿੰਘ ਨੇ ਇਸ ਹਾਲਤ ਨੂੰ ਬੜੀ ਗਹਿਰੀ ਨਿਗਾਹ ਨਾਲ ਤੱਕਿਆ। ਖ਼ਾਲਸਾ ਦੀਵਾਨ ਅਮ੍ਰਿਤਸਰ ਦੀ ਅਵਸਥਾ ਵੀ ਉਨ੍ਹਾਂ ਦੀਆਂ ਅੱਖਾਂ ਤੋਂ ਉਹਲੇ ਨਹੀਂ ਸੀ। ਦੋਹਾਂ ਧੜਿਆਂ ਦੀ ਇਸ ਟੁੱਟ ਫੁੱਟ ਜਾਂ ਧੜੇਬੰਦੀ ਤੋਂ ਉਤਾਂਹ ਉੱਠ ਕੇ ਸ: ਸੁੰਦਰ ਸਿੰਘ ਦਾ ਇਰਾਦਾ ਕੁਝ ਨਿੱਗਰ ਸੇਵਾ ਕਰਨ ਦਾ ਸੀ, ਇਸ ਲਈ ਉਨ੍ਹਾਂ ਨੇ ਖ਼ਾਲਸਾ ਕਾਲਜ ਕੌਂਸਲ ਦੇ ਪ੍ਰਬੰਧ ਵਿਚ ਬੜੀ ਗਰਮ ਜੋਸ਼ੀ ਨਾਲ ਹਿੱਸਾ ਲੈਣਾ ਸ਼ੁਰ ਕੀਤਾ। ਇਸ ਸਮੇਂ ਖ਼ਾਲਸਾ ਕਾਲਜ ਦੇ

**ਸ: ਸੁੰਦਰ ਸਿੰਘ ਤੇ ਜਵਾਹਰ ਸਿੰਘ**

Sri Satguru Jagjit Singh Ji eLibrary NamdhariElibrary@gmail.com

ਸਕੱਤਰ ਸ: ਜਵਾਹਰ ਸਿੰਘ ਸਨ। ਸ: ਅਤਰ ਸਿੰਘ ਭਦੌੜ ਦੇ ਚਲਾਣੇ ਤੋਂ ਪਿੱਛੋਂ ਸ: ਸੁੰਦਰ ਸਿੰਘ ਦੀ ਉਨ੍ਹਾਂ ਨਾਲ ਕਿਸੇ ਗੱਲੋਂ ਅਣਬਣ ਹੋ ਗਈ ਤੇ ਕੁਝ ਚਿਰ ਵਾਦ-ਵਿਵਾਦ ਵੀ ਚਲਦਾ ਰਿਹਾ, ਪਰ ਅਜਿਹੀਆਂ ਫੋਕੀਆਂ ਬਹਿਸਾਂ ਵਿਚ ਪੈਣ ਨਾਲੋਂ ਸ: ਸੁੰਦਰ ਸਿੰਘ ਦੇ ਸਾਮ੍ਹਣੇ ਆਪਣੀ ਪਾਰਟੀ ਨੂੰ ਮਜ਼ਬੂਤ ਕਰਨਾ ਸਭ ਤੋਂ ਵੱਧ ਜ਼ਰੂਰੀ ਗੱਲ ਸੀ। ਸਰਦਾਰ ਬਲਵੰਤ ਸਿੰਘ ਭਦੌੜ, ਜੋ ਇਸ ਸਮੇਂ ਖ਼ਾਲਸਾ ਦੀਵਾਨ ਲਾਹੌਰ ਦੇ ਪ੍ਰਧਾਨ ਸਨ, ਉਨ੍ਹਾਂ ਲਈ ਡਾਢੇ ਸਹਾਇਕ ਸਾਬਤ ਹੋਏ।

ਲਾਹੌਰ ਦੀਵਾਨ ਦੇ ਮੋਢੀਆਂ ਵਿਚੋਂ ਸ: ਅਤਰ ਸਿੰਘ ਜੀ ਸੰਨ ੧੮੯੬ ਵਿਚ, ਭਾਈ ਗੁਰਮੁਖ ਸਿੰਘ ਜੀ ਸੰਨ ੧੮੯੮ ਵਿਚ ਅਤੇ ਪ੍ਰਸਿੱਧ ਵਿਦਵਾਨ ਲਿਖਾਰੀ ਗਿਆਨੀ ਦਿੱਤ ਸਿੰਘ ਜੀ ਸੰਨ ੧੯੦੧ ਵਿਚ ਚਲਾਣਾ ਕਰ ਗਏ। ਇਨ੍ਹਾਂ ਆਗੂਆਂ ਦੇ ਸਦੀਵੀ ਵਿਛੋੜਾ ਦੇ ਜਾਣ ਨਾਲ ਖ਼ਾਲਸਾ ਦੀਵਾਨ ਲਾਹੌਰ ਦੀਆਂ ਤਣਾਵਾਂ ਢਿੱਲੀਆਂ ਹੋ ਗਈਆਂ ਤੇ ਆਸਾਂ-ਉਮੈਦਾਂ ਦਾ ਲੱਕ ਟੁੱਟ ਗਿਆ। ਪਿੱਛੇ ਰਹਿ ਗਏ ਸ: ਜਵਾਹਰ ਸਿੰਘ ਤੇ ਭਾਈ ਮੱਈਆ ਸਿੰਘ, ਉਹ ਇਤਨੇ ਵੱਡੇ ਕੰਮ ਨੂੰ ਸੰਭਾਲ ਨਹੀਂ ਸਕਦੇ ਸਨ, ਇਸ ਲਈ ਸਰਦਾਰ ਸੁੰਦਰ ਸਿੰਘ ਨੂੰ ਇਸ ਪਾਸੇ ਵਧਣ ਤੇ ਆਪਣੀ ਯੋਗਤਾ ਦਿਖਾਉਣ ਦਾ ਹੋਰ ਵੀ ਅੱਛਾ ਮੌਕਾ ਮਿਲਿਆ।

**ਸਮੇਂ ਦੀ ਅਨੁਕੂਲਤਾ**

ਸਰਦਾਰ ਸੁੰਦਰ ਸਿੰਘ ਨੇ ਇਸ ਸਮੇਂ ਖ਼ਾਲਸਾ ਦੀਵਾਨ ਅਮ੍ਰਿਤਸਰ ਨੂੰ ਕੁਝ ਅਗਾਂਹ ਵਧੂ ਬਣਨ ਲਈ ਖਿੱਚਿਆ। ਕੁਝ ਮੈਂਬਰਾਂ ਦੀ ਕਾਂਟ-ਛਾਂਟ ਵੀ ਕੀਤੀ ਤੇ ਅਮ੍ਰਿਤਸਰੀ ਧੜੇ ਦੇ ਜੋ ਪਿਛਾਂਹ ਖਿੱਚੂ ਖ਼ਿਆਲ ਸਨ ਉਹ ਹੂੰਝ ਕੇ ਇਕ ਪਾਸੇ ਕੀਤੇ ਤੇ ਉਸ ਨੂੰ ਨਵੀਂ ਸ਼ਕਲ ਦੇਣ ਬਾਰੇ ਨਕਸ਼ਾ ਉਲੀਕਿਆ। ਇਹ ਨਵੀਂ ਸ਼ਕਲ ਉਸ ਨੂੰ ਨਵਾਂ ਰੰਗ-ਰੂਪ ਦੇ ਕੇ ਚੀਫ਼ ਖ਼ਾਲਸਾ ਦੀਵਾਨ ਦੀ ਸ਼ਕਲ ਵਿਚ ਪਲਟਣ ਦੀ ਸੀ। ਪਰ ਇਹ ਕ੍ਰਾਂਤੀ ਲਿਆਉਣ ਤੋਂ ਪਹਿਲਾਂ ਖ਼ਾਲਸਾ ਦੀਵਾਨ ਲਾਹੌਰ ਨੂੰ, ਜੋ ਇਸ ਸਮੇਂ ਸਿੱਖਾਂ ਵਿਚ ਬੜਾ ਪ੍ਰਸਿੱਧ ਤੇ ਹਰਮਨ ਪਿਆਰਾ ਸੀ, ਹੱਥਾਂ ਉਤੇ ਹਾੜਨਾ ਵੀ ਜ਼ਰੂਰੀ ਸੀ। ਇਹ ਲੋੜ ਇਸ ਕਰਕੇ ਪਈ ਕਿ ਖ਼ਾਲਸਾ ਦੀਵਾਨ ਦੇ ਬਹੁਤ ਸਾਰੇ ਮੈਂਬਰ ਸੰਨ ੧੮੯੫ ਤੋਂ ਹੀ ਜੱਟ ਤੇ ਗ਼ੈਰ ਜੱਟ ਸਿੱਖ ਦਾ ਸਵਾਲ ਛਿੜਨ ਕਰ ਕੇ ਟੁੱਟਣ ਲੱਗ ਪਏ ਸਨ ਤੇ ਇਸ ਸਮੇਂ ਅਜਿਹੇ ਮੈਂਬਰਾਂ ਦੀ ਬਹੁ-ਗਿਣਤੀ ਸ: ਸੁੰਦਰ ਸਿੰਘ ਦੇ ਨਾਲ ਸੀ। ਇਸ ਲਈ ੧੧ ਨਵੰਬਰ, ਸੰਨ ੧੯੦੧ ਈ ਨੂੰ ਅਮ੍ਰਿਤਸਰ ਵਿਚ ਚੋਣਵੇਂ ਸਿੱਖਾਂ ਦੀ ਇਕੱਤ੍ਰਤਾ ਬੁਲਾਈ ਗਈ ਜਿਸ ਵਿਚ ਪੂਰੀ ਸੰਮਤੀ ਨਾਲ ਇਹ ਮਤਾ ਪਾਸ ਹੋਇਆ :

**ਨਵੇਂ ਦੀਵਾਨ ਦੀ ਲੋੜ**

"ਅੱਜ ਦੀ ਕੁੱਲ ਖ਼ਾਲਸਾ ਜੀ ਦੀ ਇਕੱਤ੍ਰਤਾ ਪੂਰੀ ਸੰਮਤੀ ਨਾਲ ਇਹ ਤਜਵੀਜ਼ ਪਾਸ ਕਰਦੀ ਹੈ ਕਿ ਪੰਥ ਨੂੰ ਇਕ ਐਸੇ ਦੀਵਾਨ ਦੀ ਲੋੜ ਹੈ ਜੋ ਪੰਥ ਦਾ 'ਖ਼ਾਲਸਾ ਦੀਵਾਨ' ਸਮਝਿਆ ਜਾਵੇ ਅਰ ਜੋ ਪੰਥ ਦੀਆਂ ਕੁੱਲ ਜ਼ਰੂਰਤਾਂ ਨੂੰ, ਜੋ ਅੱਜ ਕਲ ਅਧੂਰੀਆਂ ਹਨ, ਪੂਰਾ ਕਰ ਸਕੇ......।"

ਇਸੇ ਆਧਾਰ ਤੇ ਖ਼ਾਲਸਾ ਦੀਵਾਨ ਲਾਹੌਰ ਨੂੰ ਸੂਚਨਾ ਦਿੱਤੀ ਗਈ ਕਿ ਉਹ ਆਪਣੇ ਆਪ ਨੂੰ ਇਸ ਤੋਲ ਤੇ ਪੂਰਾ ਉਤਾਰ ਕੇ ਦੱਸੇ। ਭਾਈ ਮੱਈਆ ਸਿੰਘ ਤੇ ਹੋਰ

Sri Satguru Jagjit Singh Ji eLibrary NamdhariElibrary@gmail.com

ਮੋਢੀ ਇਸ ਸਮੇਂ ਖਿਝੇ ਤਾਂ ਬਹੁਤ, ਪਰ ਤਾਕਤ ਕਮਜ਼ੋਰ ਹੋਣ ਕਰ ਕੇ ਕੋਈ ਉੱਤਰ ਨਾ ਦੇ ਸਕੇ। ਇਸ ਤੋਂ ਪਿੱਛੋਂ ੩੦ ਅਕਤੂਬਰ, ਸੰਨ ੧੯੦੨ ਨੂੰ ਮਲਵਈ ਬੁੰਗਾ ਅਮ੍ਰਿਤਸਰ ਵਿਖੇ ਸ: ਸੁੰਦਰ ਸਿੰਘ ਨੇ ਚੋਣਵੇਂ ਸਿੱਖਾਂ ਦਾ ਇਕ ਇਕੱਠ ਕੀਤਾ। ਇਸ ਇਕੱਠ ਵਿਚ ਸਰਬ ਸੰਮਤੀ ਨਾਲ ਪਾਸ ਹੋਣ ਤੇ ਇਕ ਨਵੇਂ ਦੀਵਾਨ ਦੀ ਨੀਂਹ ਰੱਖੀ ਗਈ ਜਿਸ ਦਾ ਨਾਮ 'ਚੀਫ਼ ਖ਼ਾਲਸਾ' ਅਥਵਾ 'ਸ਼ਿਰੋਮਣੀ ਖ਼ਾਲਸਾ ਦੀਵਾਨ' ਕਰਾਰ ਪਾਇਆ। ਬਾਬੂ ਤੇਜਾ ਸਿੰਘ ਜੀ ਭਸੌੜ (ਪਟਿਆਲਾ) ਨੇ ਇਸ ਦੀਵਾਨ ਦਾ ਆਰੰਭਕ ਅਰਦਾਸਾ ਸੋਧਿਆ। ਭਾਈ ਅਰਜਨ ਸਿੰਘ ਬਾਗੜੀਆਂ ਪ੍ਰਧਾਨ ਤੇ ਸ: ਸੁੰਦਰ ਸਿੰਘ ਮਜੀਠਾ ਇਸ ਦੀਵਾਨ ਦੇ ਸਕੱਤਰ ਨਿਯਤ ਹੋਏ।

**ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ**

ਚੀਫ਼ ਖ਼ਾਲਸਾ ਦੀਵਾਨ ਬਣਨ ਤੇ ਸਰਦਾਰ ਸੁੰਦਰ ਸਿੰਘ ਦੇ ਸਾਮ੍ਹਣੇ ਦੋ ਕੰਮ ਸਨ: (੧) ਖ਼ਾਲਸਾ ਕਾਲਜ ਨੂੰ ਪੱਕੇ ਪੈਰਾਂ ਤੇ ਕਰਨਾ ਅਤੇ (੨) ਸਿੱਖ ਵਿਦਿਅਕ ਲਹਿਰ ਨੂੰ ਹੋਰ ਤੇਜ਼ੀ ਨਾਲ ਚਲਾਉਣਾ। ਇਸ ਸਮੇਂ ਖ਼ਾਲਸਾ ਕਾਲਜ ਦੀ ਮਾਲੀ ਹਾਲਤ ਅੱਛੀ ਨਹੀਂ ਸੀ ਅਤੇ ਇਮਾਰਤ ਦਾ ਕੰਮ ਵੀ ਅਧਵਾਟੇ ਹੀ ਪਿਆ ਸੀ। ਸੰਨ ੧੯੦੩ ਵਿਚ ਸਰ ਚਾਰਲਸ ਰੀਵਾਜ਼ ਲਾਟ ਸਾਹਿਬ ਪੰਜਾਬ ਖ਼ਾਲਸਾ ਕਾਲਜ ਵਿਚ ਆਏ। ਉਨ੍ਹਾਂ ਨੇ ਸਾਰੀ ਹਾਲਤ ਦੇਖ ਕੇ ਮੇਜਰ ਡਨਲਪ ਸਮਿਥ ਪੋਲੀਟੀਕਲ ਏਜੰਟ ਫੂਲਕੀਆਂ ਰਿਆਸਤਾਂ ਨੂੰ ਟੁੰਬਿਆ। ਮਹਾਰਾਜਾ ਹੀਰਾ ਸਿੰਘ ਨਾਭਾ ਦਾ ਉਸ ਸਮੇਂ ਸਿੱਖ ਰਾਜੇ ਮਹਾਰਾਜੇ ਤੇ ਰਈਸਾਂ ਵਿਚ ਬੜਾ ਰਸੂਖ ਸੀ। ਉਨ੍ਹਾਂ ਨੇ ਇਸ ਕਾਰਜ ਲਈ ਮੋਢੀ ਬਣਨਾ ਕਬੂਲ ਕਰ ਲਿਆ, ਜਿਸ ਕਰ ਕੇ ੧੨ ਅਪ੍ਰੈਲ, ੧੯੦੪ ਈ: ਨੂੰ ਖ਼ਾਲਸਾ ਕਾਲਜ ਅਮ੍ਰਿਤਸਰ ਵਿਚ ਇਕ ਵੱਡਾ ਭਾਰੀ ਦਰਬਾਰ ਕੀਤਾ ਗਿਆ। ਇਸ ਦਰਬਾਰ ਵਿਚ ਮਹਾਰਾਜਾ ਹੀਰਾ ਸਿੰਘ ਅੱਗੇ ਸ: ਸੁੰਦਰ ਸਿੰਘ ਦੇ ਝੋਲੀ ਅੱਡਣ ਤੇ ਸਭ ਨੂੰ ਇਸ ਸੰਸਥਾ ਨਾਲ ਬੜੀ ਹਮਦਰਦੀ ਪੈਦਾ ਹੋ ਗਈ, ਜਿਸ ਕਰਕੇ ਪਲੋ ਪਲੀ ਵਿਚ ੨੧ ਲੱਖ ਰੁਪਏ ਚੰਦਾ ਜਮਾ ਹੋ ਗਿਆ। ਇਸ ਚੰਦੇ ਨਾਲ ਖ਼ਾਲਸਾ ਕਾਲਜ ਦੀਆਂ ਆਲੀਸ਼ਾਨ ਇਮਾਰਤਾਂ ਬਣਾਈਆਂ ਗਈਆਂ ਤੇ ਹੋਰ ਸਾਰਾ ਪ੍ਰਬੰਧ ਅੱਗੇ ਲਈ ਪੱਕਾ ਹੋ ਕੇ ਚੱਲ ਪਿਆ।

**ਖ਼ਾਲਸਾ ਕਾਲਜ ਵਿਚ ਦਰਬਾਰ**

ਇਸ ਪਾਸਿਓਂ ਨਿਪਟ ਕੇ ਸ: ਸੁੰਦਰ ਸਿੰਘ ਨੇ ਸਿੱਖਾਂ ਦੀ ਵਿਦਿਅਕ ਲਹਿਰ ਵਲ ਧਿਆਨ ਦਿੱਤਾ। ਖ਼ਾਲਸਾ ਦੀਵਾਨ ਲਾਹੌਰ ਵਲੋਂ ਇਸ ਪਾਸੇ ਪਹਿਲਾਂ ਵੀ ਕਾਫ਼ੀ ਜਤਨ ਹੋ ਚੁੱਕਾ ਸੀ ਤੇ ਸੰਨ ੧੯੦੦ ਵਿਚ ਸਿੱਖ ਵਿਦਿਅਕ ਕਾਨਫ਼ਰੰਸ ਕਰਨ ਬਾਰੇ ਇਕ ਮਤਾ ਵੀ ਪਾਸ ਕੀਤਾ ਗਿਆ ਸੀ। ਬਾਬੂ ਗੁਲਾਬ ਸਿੰਘ ਜੀ ਗੁੱਜਰਾਂ ਵਾਲਾ ਇਸ ਪ੍ਰਚਾਰ ਦੇ ਮੋਢੀ ਸਨ। ਸੰਨ ੧੯੦੭ ਵਿਚ ਕ੍ਰਿਸਮਿਸ ਦੇ ਮੌਕੇ ਤੇ ਚੀਫ਼ ਖ਼ਾਲਸਾ ਦੀਵਾਨ ਦੀ ਇਕ ਪਾਰਟੀ ਪ੍ਰਚਾਰ ਵਾਸਤੇ ਕਰਾਚੀ ਗਈ। ਉਨ੍ਹੀਂ ਦਿਨੀਂ ਉਥੇ ਮੁਸਲਿਮ ਤਾਲੀਮੀ ਕਾਨਫ਼ਰੰਸ ਦਾ ਜਲਸਾ ਸੀ, ਜਿਸ ਨੂੰ ਦੇਖ ਕੇ ਸਾਡੇ ਪ੍ਰਚਾਰਕਾਂ ਦਾ ਧਿਆਨ ਇਸ ਪਾਸੇ ਗਿਆ। ਇਸ ਲਈ ਉਥੋਂ ਮੁੜਨ ਸਾਰ ਸ: ਸੁੰਦਰ ਸਿੰਘ ਨੇ ੯ ਜਨਵਰੀ, ਸੰਨ

**ਸਿੱਖ ਵਿਦਿਅਕ ਕਮੇਟੀ**

Sri Satguru Jagjit Singh Ji eLibrary NamdhariElibrary@gmail.com

੧੯੦੮ ਨੂੰ ਮਜੀਠਾ ਹਾਊਸ ਅਮ੍ਰਿਤਸਰ ਵਿਚ ੨੧ ਬਾ-ਰਸੂਖ਼ ਮੈਂਬਰਾਂ ਦੀ ਇਕ ਇਕਤ੍ਰਤਾ ਕੀਤੀ, ਜਿਸ ਵਿਚ ਪਾਸ ਹੋਣ ਤੇ ਸਿੱਖ ਵਿਦਿਅਕ ਕਮੇਟੀ ਦੀ ਸਥਾਪਨਾ ਕੀਤੀ ਗਈ। ਇਸ ਕਮੇਟੀ ਨੇ ਕ਼ਾਨਫ਼ਰੰਸਾਂ ਕਰ ਕੇ ਸਾਰੇ ਪੰਜਾਬ ਵਿਚ ਖ਼ਾਲਸਾ ਸਕੂਲ ਖੋਲ੍ਹੇ ਤੇ ਵਿਦਿਆ ਦਾ ਅੱਛਾ ਪ੍ਰਚਾਰ ਕੀਤਾ।

ਹੁਣ ਲਓ ਸਿੰਘ ਸਭਾ ਲਹਿਰ ਦੀ ਥਾਵੇਂ ਪੈਦਾ ਹੋਈ ਦੀਵਾਨ–ਲਹਿਰ ਦਾ ਅਗਲਾ ਪਾਸਾ। ਜਦ ਅਮ੍ਰਿਤਸਰ ਵਿਚ ਚੀਫ਼ ਖ਼ਾਲਸਾ ਦੀਵਾਨ ਕਾਇਮ ਹੋਇਆ ਤਾਂ ਬਾਬੂ ਤੇਜਾ ਸਿੰਘ ਜੀ, ਜਿਨ੍ਹਾਂ ਨੇ ਇਸ ਦੀਵਾਨ ਦਾ ਆਰੰਭਕ ਅਰਦਾਸਾ ਸੋਧਿਆ ਸੀ, ਮਾਲਵੇ ਵਿਚ ਸ਼ੁੱਧ ਧਾਰਮਿਕ ਪ੍ਰਚਾਰ ਨਾਲ ਦਿਲਚਸਪੀ ਰੱਖਣ ਵਾਲੇ ਇਕੋ ਇਕ ਵਿਅਕਤੀ ਸਨ। ਉਨ੍ਹਾਂ ਨੇ ਸ੍ਰੀ ਗੁਰੂ ਸਿੰਘ ਸਭਾ ਭਸੌੜ (ਧੂਰੀ) ਤਾਂ ਇਸ ਤੋਂ ਪਹਿਲਾਂ ਹੀ ਕਾਇਮ ਕਰ ਲਈ ਸੀ, ਪਰ ਹੁਣ ਅਚਾਣਕ ਉਨ੍ਹਾਂ ਦੀ ਕਿਸੇ ਗੱਲੋਂ ਸ: ਸੁੰਦਰ ਸਿੰਘ ਮਜੀਠਾ ਨਾਲ ਨੋਕਝੋਕ ਹੋ ਗਈ, ਜਿਸ ਕਰ ਕੇ ਵਿਸਾਖੀ ਸੰਨ ੧੯੦੫ ਈ: ਨੂੰ ਉਨ੍ਹਾਂ ਨੇ ਆਪਣੇ ਸਾਥੀਆਂ ਦੀ ਰਾਇ ਨਾਲ ਅਲੱਗ ਜਥੇਬੰਦੀ ਪਿੰਡ ਭਸੌੜ ਰਿਆਸਤ ਪਟਿਆਲਾ ਵਿਚ ਬਣਾ ਲਈ ਤੇ ਇਸ ਜੱਥੇਬੰਦੀ ਦਾ ਨਾਮ ਪਹਿਲਾਂ ਕੇਵਲ 'ਖ਼ਾਲਸਾ ਦੀਵਾਨ' ਭਸੌੜ ਤੇ ਫੇਰ 'ਪੰਚ ਖ਼ਾਲਸਾ ਦੀਵਾਨ, ਅਰਥਾਤ—ਖ਼ਾਲਸਾ ਪਾਰਲੀਮੈਂਟ' ਰੱਖਿਆ। ਇਸ ਦੀਵਾਨ ਦੇ ਅਧੀਨ ਗੁਰਮਤ ਦਾ ਬੜਾ ਚੰਗਾ ਪ੍ਰਚਾਰ ਹੋਇਆ। ਬਾਬੂ ਤੇਜਾ ਸਿੰਘ ਨੇ ਲੜਕੀਆਂ ਦਾ ਇਕ ਸਕੂਲ ਵੀ ਖੋਲ੍ਹਿਆ ਜਿਸ ਦਾ ਨਾਮ 'ਵਿਦਿਆ ਭੰਡਾਰ' ਸੀ।

### ਪੰਚ ਖ਼ਾਲਸਾ ਦੀਵਾਨ, ਭਸੌੜ

ਪੰਚ ਖ਼ਾਲਸਾ ਦੀਵਾਨ ਦੀ ਰੀਸੋ ਰੀਸ ਪਹਿਲਾਂ ਖ਼ਾਲਸਾ ਦੀਵਾਨ ਨਾਭਾ, ਫੇਰ ਗੜਗੱਜ ਅਕਾਲੀ ਦੀਵਾਨ ਤਰਨ ਤਾਰਨ, ਇਹ ਦੋ ਨਵੇਂ ਦੀਵਾਨ ਕਾਇਮ ਹੋਏ। ਇਨ੍ਹਾਂ ਤੋਂ ਬਿਨਾ ਅੱਗੇ ਚੱਲ ਕੇ ਫੇਰ ਕਈ ਹੋਰ ਦੀਵਾਨ ਵੀ ਬਣੇ, ਜਿਵੇਂ-ਸੈਂਟਰਲ ਮਾਝਾ ਖ਼ਾਲਸਾ ਦੀਵਾਨ, ਖ਼ਾਲਸਾ ਦੀਵਾਨ ਮਲਾਇਆ, ਬਰਮਾ ਆਦਿ।

### ਅੰਤਮ ਨਤੀਜਾ

ਇਸ ਤੋਂ ਪਤਾ ਲਗਦਾ ਹੈ ਕਿ ਸੰਨ ੧੯੦੨ ਤੋਂ ਪਿੱਛੋਂ 'ਸਿੰਘ ਸਭਾ' ਤੇ 'ਦੀਵਾਨ' ਦੇ ਅਰਥ ਇਕੋ ਹੀ ਹੋ ਗਏ ਸਨ ਤੇ ਪੁਰਾਣੀ ਸਿੰਘ ਸਭਾ ਲਹਿਰ ਸਮਾਪਤ ਹੋ ਕੇ ਜਾਂ ਦੂਜੇ ਸ਼ਬਦਾਂ ਵਿਚ ਬਦਲ ਕੇ ਹੁਣ 'ਦੀਵਾਨ–ਲਹਿਰ' ਦੀ ਸ਼ਕਲ ਅਖ਼ਤਿਆਰ ਕਰ ਗਈ ਸੀ। ਇਹ ਦੀਵਾਨ ਨਿਰੇ ਧਾਰਮਿਕ ਸਨ, ਪਰ ਪਿੱਛੋਂ ਗੜਗੱਜ ਅਕਾਲੀ ਦੀਵਾਨ ਤੇ ਸੈਂਟਰਲ ਮਾਝਾ ਖ਼ਾਲਸਾ ਦੀਵਾਨ ਕੁਝ ਰਾਜਨੀਤਿਕ ਰੰਗ ਵਿਚ ਰੰਗੇ ਗਏ, ਜਿਸ ਕਰ ਕੇ ਇਨ੍ਹਾਂ ਦੋਹਾਂ ਜੱਥੇਬੰਦੀਆਂ ਦੇ ਸਹਿਯੋਗ ਨਾਲ ਇਸ ਤੋਂ ਅੱਗੇ ਸੰਨ ੧੯੨੦ ਈ: ਵਿਚ 'ਗੁਰਦੁਆਰਾ ਸੁਧਾਰ ਲਹਿਰ' ਦੇ ਨਾਂ ਤੇ 'ਅਕਾਲੀ ਲਹਿਰ' ਦਾ ਜਨਮ ਹੋਇਆ, ਜਿਸ ਦਾ ਵੇਰਵਾ ਕੁਝ ਹੋਰ ਲਹਿਰਾਂ ਸਮੇਤ ਇਸ ਪੁਸਤਕ ਦੇ ਅਗਲੇ ਭਾਗ ਵਿਚ ਦਿੱਤਾ ਜਾਵੇਗਾ।

Sri Satguru Jagjit Singh Ji eLibrary NamdhariElibrary@gmail.com

ਅੰਤਿਕਾ-੧

# ਵਿਦਿਆ ਅਤੇ ਸਾਹਿੱਤ

(੧੮੫੦—੧੯੧੦)

੧.

ਹੁਣ ਇਸ ਪੁਸਤਕ ਦੇ ਅੰਤ ਵਿਚ ਸੰਨ ੧੮੫੦ ਤੋਂ ਲੈ ਕੇ ਸੰਨ ੧੯੧੦ ਈ: ਤਕ ਸਿੱਖਾਂ ਦੀ ਵਿਦਿਅਕ ਜਾਗ੍ਰਿਤੀ ਅਤੇ ਪੰਜਾਬੀ ਸਾਹਿੱਤ ਦੇ ਪ੍ਰਚਾਰ ਬਾਰੇ ਕੁਝ ਕੁ ਵੇਰਵਾ ਦੇਣਾ ਜ਼ਰੂਰੀ ਹੈ ਤਾਕਿ ਸਾਡੇ ਪਾਠਕ ਇਸ ਸਮੇਂ ਦੇ ਪੰਥਕ ਝੁਕਾਵਾਂ ਦਾ ਸਹੀ ਤੌਰ ਤੇ ਕੁਝ ਅੰਦਾਜ਼ਾ ਲਗਾ ਸਕਣ।

ਸੰਨ ੧੮੪੯ ਵਿਚ ਸਰਕਾਰ ਅੰਗਰੇਜ਼ੀ ਨੇ ਪੰਜਾਬ ਉਤੇ ਕਬਜ਼ਾ ਕੀਤਾ। ਇਸ ਤੋਂ ਪਹਿਲਾਂ ਪੰਜਾਬ ਵਿਚ ਵਿਦਿਆ ਆਮ ਤੌਰ ਤੇ ਮੰਦਰਾਂ, ਮਸੀਤਾਂ ਅਤੇ ਗੁਰਦੁਆਰਿਆਂ ਵਿਚ ਹੀ ਪੜ੍ਹਾਈ ਜਾਂਦੀ ਸੀ ਤੇ ਸਰਕਾਰ ਵਲੋਂ ਇਸ ਪਾਸੇ ਕੋਈ ਅਗਾਂਹ ਵਧੂ ਕਦਮ ਨਹੀਂ ਸੀ ਪੁੱਟਿਆ ਗਿਆ। ਅੰਗਰੇਜ਼ੀ ਅਮਲਦਾਰੀ ਹੋਣ ਸਾਰ ਪਹਿਲਾਂ ਏਥੇ ਈਸਾਈਆਂ ਵਲੋਂ ਮਿਸ਼ਨ ਸਕੂਲ ਖੁਲ੍ਹਣੇ ਸ਼ੁਰੂ ਹੋਏ। ਸਰਕਾਰ ਨੇ ਸਕੂਲਾਂ ਦੇ ਪ੍ਰਬੰਧ ਲਈ ਸੰਨ ੧੮੫੬ ਵਿਚ ਇਕ ਵਿਦਿਅਕ ਮਹਿਕਮਾ ਵੀ ਕਾਇਮ ਕੀਤਾ।

**ਪੰਜਾਬ ਵਿਚ ਵਿਦਿਆ**

ਪੰਜਾਬ ਵਿਚ ਇਸ ਸਮੇਂ ਪੰਜਾਬੀ ਨਹੀਂ, ਸਗੋਂ ਉਰਦੂ ਤੇ ਅੰਗਰੇਜ਼ੀ ਪੜ੍ਹਾਈ ਜਾਂਦੀ ਸੀ। ਉਰਦੂ ਉਤੇ ਇਸ ਕਰ ਕੇ ਜ਼ੋਰ ਦਿੱਤਾ ਜਾਂਦਾ ਸੀ ਕਿ ਉਹ ੧੮੩੫ ਤੋਂ ਫ਼ਾਰਸੀ ਦੀ ਥਾਵੇਂ ਹਿੰਦੁਸਤਾਨ ਦੀ ਅਦਾਲਤੀ ਜ਼ਬਾਨ ਸੀ। ਅੰਗਰੇਜ਼ੀ ਦੀ ਪੜ੍ਹਾਈ ਇਸ ਕਰ ਕੇ ਜ਼ਰੂਰੀ ਸੀ ਕਿ ਉਹ ਅੰਗਰੇਜ਼ ਹਾਕਮਾਂ ਦੀ ਬੋਲੀ ਸੀ। ਇਹ ਸਭ ਕੁਝ ਕਿਸੇ ਲੋਕ-ਭਲਾਈ ਨੂੰ ਮੁੱਖ ਰੱਖ ਕੇ ਨਹੀਂ, ਸਗੋਂ ਸਰਕਾਰੀ ਮਸ਼ੀਨਰੀ ਨੂੰ ਚਲਦੀ ਰੱਖਣ ਲਈ ਕੇਵਲ ਕਰਮਚਾਰੀ ਪੈਦਾ ਕਰਨ ਵਾਸਤੇ ਸੀ, ਇਸ ਲਈ ਸਕੂਲਾਂ ਵਿਚ ਪੜ੍ਹਾਈ ਦੇ ਕੋਰਸ ਅਜਿਹੇ ਢੰਗ ਨਾਲ ਰਖੇ ਗਏ ਜਿਨ੍ਹਾਂ ਦਾ ਮੁਖ ਮੰਤਵ ਸਰਕਾਰ ਅੰਗਰੇਜ਼ੀ ਦੇ ਗੀਤ ਗਾਉਣਾ, ਲੋਕ-ਰਾਇ ਨੂੰ ਪੱਛਮੀ ਖ਼ਿਆਲਾਂ ਦੇ ਸੰਚੇ ਵਿਚ ਢਾਲਣਾ ਅਤੇ ਵਿਦਿਆਰਥੀਆਂ ਦੇ ਦਿਲਾਂ ਉਤੇ ਈਸਾਈਅਤ ਦੀ ਰੰਗਣ ਚਾੜ੍ਹਨਾ ਸੀ।

**ਸਰਕਾਰ ਅੰਗਰੇਜ਼ੀ ਦਾ ਵਿਦਿਅਕ ਝੁਕਾਉ**

ਥੋੜੇ ਚਿਰ ਪਿੱਛੋਂ ਹੀ ਪ੍ਰਜਾ ਦੇ ਲੋਕ ਸ਼ਰਕਾਰ ਦੀ ਇਸ ਨੀਤੀ ਤੋਂ ਨੱਕ ਵੱਟਣ ਲੱਗੇ। ਸੰਨ ੧੮੫੭ ਦੇ ਰਾਜ-ਰੌਲੇ ਵਿਚ ਇਸ ਬਾਰੇ ਹੋਰ ਵੀ ਕਰੜੀ ਆਲੋਚਨਾ ਹੋਈ। ਪਿੱਛੋਂ ਦੇਸ ਵਿਚ ਅਮਨ ਕਾਇਮ ਹੋਣ ਤੇ ਜਦ ਲੋਕ-ਧਰਮ ਕੁਝ ਸਤਿਕਾਰਿਆ ਜਾਣ ਲੱਗਾ ਤਾਂ ਧਾਰਮਿਕ ਪ੍ਰਚਾਰ ਦੇ ਨਾਲ ਹੀ ਹਿੰਦੂ ਅਤੇ ਮੁਸਲਮਾਨ ਪੱਛਮੀ ਵਿਦਿਆ ਵਲ ਝੁਕੇ। ਇਸ ਤਰ੍ਹਾਂ ਆਪਣੇ ਦੋਹਾਂ ਗਵਾਂਢੀਆਂ ਨੂੰ ਉਠਦਿਆਂ ਦੇਖ ਕੇ ਸਿੱਖਾਂ ਵਿਚ ਵੀ ਇਸ ਬਾਰੇ

**ਮਾਨਸਿਕ ਪਰਿਵਰਤਨ**

Sri Satguru Jagjit Singh Ji eLibrary NamdhariElibrary@gmail.com

ਜਾਗ੍ਰਿਤੀ ਹੋਣੀ ਇਕ ਕੁਦਰਤੀ ਗੱਲ ਸੀ। ਸਰਕਾਰ ਪ੍ਰਜਾ ਦੇ ਇਸ ਮਾਨਸਿਕ ਪਰਿਵਰਤਨ ਤੋਂ ਚੰਗੀ ਤਰ੍ਹਾਂ ਜਾਣੂ ਸੀ।

ਸੰਨ ੧੮੫੬ ਈ: ਤੋਂ ਪੰਜਾਬ ਵਿਦਿਆ ਦੇ ਮੈਦਾਨ ਵਿਚ ਅੱਗੇ ਵਧਣ ਲੱਗਾ। ਸੰਨ ੧੮੬੫ ਵਿਚ 'ਅੰਜਮਨਿ ਪੰਜਾਬ' ਕਾਇਮ ਹੋਣ ਤੇ ਉਸ ਵਲੋਂ ਰਾਜਾ ਤੇ ਪ੍ਰਜਾ ਦੇ ਲਾਭ ਨੂੰ ਮੁਖ ਰੱਖ ਕੇ ਇਕ ਅਨੁਵਾਦਕ ਭਾਗ ਖੋਲ੍ਹਿਆ ਗਿਆ।

**ਅੰਜਮਨਿ ਪੰਜਾਬ ਦਾ ਪੰਜਾਬੀ ਭਾਗ**

ਇਸ ਭਾਗ ਦਾ ਕੰਮ ਅੰਗਰੇਜ਼ੀ ਆਦਿ ਬੋਲੀਆਂ ਵਿਚੋਂ ਪੰਜਾਬੀ, ਉਰਦੂ ਤੇ ਹਿੰਦੀ ਵਿਚ ਚੰਗੀਆਂ ਪੁਸਤਕਾਂ ਦੇ ਉਲਥੇ ਕਰ ਕੇ ਛਾਪਣਾ ਸੀ। ਰਾਇ ਮੂਲ ਸਿੰਘ, ਭਾਈ ਹਰਿਭਗਤ ਸਿੰਘ ਅਤੇ ਲਾਲਾ ਬਿਹਾਰੀ ਲਾਲ ਇਸ ਭਾਗ ਦੇ ਪੰਜਾਬੀ ਅਨੁਵਾਦਕ ਸਨ*। ਪੰਜਾਬੀ ਵਿਚ ਇਨ੍ਹਾਂ ਨੇ ਕਿਤਨੀਆਂ ਪੁਸਤਕਾਂ ਉਲਟਾਈਆਂ, ਇਸ ਬਾਰੇ ਕੋਈ ਸਹੀ ਅੰਦਾਜ਼ਾ ਨਹੀਂ ਲੱਗ ਸਕਿਆ।

ਅੰਜਮਨਿ ਪੰਜਾਬ ਦੇ ਪੰਜਾਬੀ ਭਾਗ ਤੋਂ ਇਲਾਵਾ ਕਈ ਹੋਰ ਕਵੀ ਵਿਦਵਾਨਾਂ ਤੇ ਉਤਸਾਹੀ ਸੱਜਨਾਂ ਨੇ ਵੀ ਪੰਜਾਬੀ ਬੋਲੀ ਦੀ ਚੰਗੀ ਸੇਵਾ ਕੀਤੀ। ਸੰਨ ੧੮੫੮ ਵਿਚ ਕਵੀ ਖਜ਼ਾਨ ਸਿੰਘ ਪਟਿਆਲਵੀ ਨੇ ਜੰਗ ਨਾਮਾ ਦਿੱਲੀ† ਅਤੇ ਭਾਈ ਸ਼ੌਂਕਾ ਰਾਮ ਹਜਰੋ ਨਿਵਾਸੀ ਨੇ ਸੀਹਰਫ਼ੀ ਬਾਬਾ ਬਾਲਕ ਸਿੰਘ ਜੀ ਦੀ‡ ਬੈਤਾਂ ਵਿਚ ਲਿਖੀ। ਕੌਰ ਜਗਜੋਤ ਸਿੰਘ, ਜੋ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਪੋਤਰਾ ਅਤੇ ਕੌਰ ਪਿਸ਼ੌਰਾ ਸਿੰਘ ਦਾ ਪੁਤ੍ਰ ਸੀ, ਸਾਹਿਤਕ ਸੇਵਾ ਦੇ ਮੈਦਾਨ ਵਿਚ ਰਤਾ ਹੋਰ ਵੀ ਅੱਗੇ ਵਧਿਆ। ਉਸ ਨੇ ਕੁਝ ਵਿਦਵਾਨ ਨੌਕਰ ਰੱਖੇ ਅਤੇ ਆਪਣੇ ਖ਼ਰਚ ਤੇ ਪਿੰਡ ਪਿੱਪਰੀ,

**ਕੌਰ ਜਗਜੋਤ ਸਿੰਘ ਦੀ ਸਾਹਿੱਤਕ ਸੇਵਾ**

ਇਲਾਕਾ ਝਲਾਰੀ, ਜ਼ਿਲਾ ਬੜ੍ਹਾਇਚ (ਅਵਧ) ਵਿਚ ਗੁਰਮੁਖੀ ਦੇ ਪ੍ਰਚਾਰ ਲਈ ਇਕ ਛਾਪੇਖ਼ਾਨਾ ਖੋਲ੍ਹਿਆ, ਜਿਸ ਦਾ ਨਾਮ 'ਗੁਰੂ ਨਾਨਕ ਪ੍ਰਕਾਸ਼ ਪ੍ਰੈਸ' ਸੀ, ਤੇ ਇਸ ਪ੍ਰੈਸ ਵਿਚੋਂ ਕਈ ਪੁਸਤਕਾਂ ਛਾਪੀਆਂ, ਜਿਨ੍ਹਾਂ ਵਿਚੋਂ ਚਾਰ ਪੁਸਤਕਾਂ ਇਹ ਹਨ :—

(੧) ਧਰਮ ਸ਼ਾਸਤ੍ਰ (ਮਿਤਾਛਰਾ ਟੀਕਾ) ਦਾ ਅਨੁਵਾਦ ਕ੍ਰਿਤ ਪੰਡਿਤ ਦੇਵੀ ਦੱਤ, (੨) ਗ੍ਰੰਥ ਰਾਜ਼ਨੀਤ ਦਾ ਕ੍ਰਿਤ ਭਾਈ ਕਿਸ਼ਨ ਸਿੰਘ ਤੇ ਪੰਡਿਤ ਬਿਸ਼ਨ ਦੱਤ, (੩) ਭੋਜ ਪ੍ਰਬੰਧ ਸਾਰ ਕ੍ਰਿਤ ਪੰਡਿਤ ਬਿਸ਼ਨ ਦੱਤ ਤੇ (੪) ਪਾਰਸ ਭਾਗ। ਪਹਿਲੀਆਂ ਤਿੰਨੇ ਪੁਸਤਕਾਂ ਸੰਨ ੧੯੫੪ ਵਿਚ ਭਾਈ ਮੋਹਨ ਸਿੰਘ ਵੈਦ ਤਰਨ ਤਾਰਨ (ਅਮ੍ਰਿਤਸਰ) ਦੇ

---

*ਦੇਖੋ, ਰਸਾਲਾ ਅੰਜਮਨਿ ਪੰਜਾਬ ਲਾਹੌਰ (ਉਰਦੂ), ਫ਼ਰਵਰੀ ਸੰਨ ੧੮੬੬, ਸਫ਼ਾ ੭।

†ਇਹ ਜੰਗ ਨਾਮਾ ਸੰਪਾਦਿਤ ਹੋ ਕੇ ਮੇਰੀ ਪੁਸਤਕ 'ਪ੍ਰਾਚੀਨ ਵਾਰਾਂ ਤੇ ਜੰਗ ਨਾਮੇ' ਵਿਚ ਛਪ ਚੁੱਕਾ ਹੈ।

‡ਇਸ ਸੀਹਰਫ਼ੀ ਦੇ ਥੋੜੇ ਜਿਹੇ ਹਵਾਲੇ ਪਿੱਛੇ ਸਫ਼ੇ ੫੯ ਤੋਂ ੬੧ ਤਕ ਦਿੱਤੇ ਗਏ ਹਨ।

Sri Satguru Jagjit Singh Ji eLibrary NamdhariElibrary@gmail.com

ਪੁਸਤਕਾਲੇ ਵਿਚ ਸੁਰਖਸ਼ਤ ਸਨ, ਪਰ ਪਿੱਛੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੁਸਤਕਾਲੇ ਨੂੰ ਦਿੱਤੀਆਂ ਗਈਆਂ। ਇਨ੍ਹਾਂ ਵਿਚੋਂ ਚੌਥੀ ਪੁਸਤਕ 'ਪਾਰਸ ਭਾਗ', ਜੋ ਸੰਮਤ ੧੯੫੧ ਬਿ: ਦੀ ਛਪੀ ਹੋਈ ਹੈ, ਮੇਰੇ ਨਿੱਜੀ ਪੁਸਤਕਾਲੇ ਵਿਚ ਮੌਜੂਦ ਹੈ।

**ਹੋਰ ਸਾਹਿੱਤਕਾਰ**

ਇਸ ਤੋਂ ਬਿਨਾ ਇਸੇ ਸਮੇਂ ਵਿਚ ਕਈ ਹੋਰ ਵਿਦਵਾਨ ਲਿਖਾਰੀਆਂ ਨੇ ਵੀ ਪੁਸਤਕਾਂ ਲਿਖ ਕੇ ਪੰਜਾਬੀ ਬੋਲੀ ਦੀ ਸੇਵਾ ਕੀਤੀ, ਜਿਨ੍ਹਾਂ ਵਿਚੋਂ ਪੰਡਿਤ ਸ਼ਰਧਾ ਰਾਮ ਫਲੌਰੀ ਕ੍ਰਿਤ 'ਸਿੱਖਾਂ ਦੇ ਰਾਜ ਦੀ ਵਿਥਿਆ' ਤੇ 'ਪੰਜਾਬੀ ਬਾਤ-ਚੀਤ', ਪੰਡਿਤ ਭਾਨੂ ਦੱਤ, ਕ੍ਰਿਤ 'ਰੂਸ ਦਾ ਬ੍ਰਿੱਤਾਂਤ' ਤੇ 'ਗੁਰੂ ਸਿੰਘ ਇਤਿਹਾਸ', ਭਾਈ ਕਿਸ਼ਨ ਸਿੰਘ 'ਆਰਿਫ਼', ਕ੍ਰਿਤ 'ਪੋਥੀ ਸੁਧਰਮੀ (ਵਾਰਤਕ)', 'ਕਿਸ਼ਨ ਕਟਾਰ', 'ਹੀਰ ਰਾਂਝਾ', 'ਸੋਹਣੀ ਮਹੀਂਵਾਲ', 'ਸ਼ੀਰੀਂ ਫ਼ਰਹਾਦ', 'ਪੂਰਨ ਭਗਤ', 'ਰਾਜਾ ਰਸਾਲੂ', 'ਦੀਵਾਨਿ ਆਰਿਫ਼' ਆਦਿ ਕਿੱਸੇ ਮਸ਼ਹੂਰ ਹਨ।

੨.

ਸਾਹਿੱਤਕ-ਸੇਵਾ ਦੀ ਇਸ ਵਿਚਾਰ ਨੂੰ ਏਥੇ ਹੀ ਛੱਡ ਕੇ ਹੁਣ ਅਸੀਂ ਰਤਾ ਸਿੱਖਾਂ ਦੀ ਵਿਦਿਅਕ ਲਹਿਰ ਵਲ ਆਉਂਦੇ ਹਾਂ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਦੇਸ

**ਸਿੱਖ ਵਿਦਿਅਕ ਲਹਿਰ**

ਦੀ ਧਾਰਮਿਕ ਤੇ ਵਿਦਿਅਕ ਪ੍ਰਗਤੀ ਦਾ ਅਸਰ ਸਿੱਖਾਂ ਉਤੇ ਖ਼ਾਸ ਤੌਰ ਤੇ ਸੰਨ ੧੮੭੦ ਤੇ ੧੮੮੦ ਦੇ ਦਹੱਕੇ ਵਿਚ ਪਿਆ। ਏਦੂੰ ਪਹਿਲਾਂ ਨਿਰੰਕਾਰੀ ਸਿੱਖਾਂ ਵਿਚ ਵਿਦਿਆ ਦੇ ਪ੍ਰਚਾਰ ਬਾਰੇ ਕੋਈ ਖ਼ਾਸ ਦਿਲਚਸਪੀ ਨਹੀਂ ਸੀ, ਅਤੇ ਨਾਮਧਾਰੀਏ ਤਾਂ ਸਰਕਾਰ ਅੰਗਰੇਜ਼ੀ ਨਾਲ ਨਾ-ਮਿਲਵਰਤਣ ਰੱਖਣ ਕਰ ਕੇ ਸਕੂਲਾਂ ਦਾ ਬਾਈਕਾਟ ਹੀ ਕਰ ਚੁੱਕੇ ਸਨ, ਇਸ ਲਈ ਉਨ੍ਹਾਂ ਵਿਚੋਂ ਕਿਸੇ ਦਾ ਵਿਦਿਆ ਵਲ ਝੁਕਾਉ ਨਹੀਂ ਸੀ। ਸੰਨ ੧੮੭੩ ਵਿਚ ਸਿੰਘ ਸਭਾ ਅਮ੍ਰਿਤਸਰ ਤੇ ਸੰਨ ੧੮੭੯ ਵਿਚ ਸਿੰਘ ਸਭਾ ਲਾਹੌਰ ਕਾਇਮ ਹੋਣ ਤੇ ਸਿੱਖਾਂ ਵਿਚ ਵਿਦਿਆ ਦੇ ਪ੍ਰਚਾਰ ਦੀ ਲਹਿਰ ਚੱਲੀ। ਲਾਹੌਰ ਵਿਚ ਪੰਜਾਬੀ ਸਕੂਲ, ਸਿੱਖ ਕੰਨਿਆਂ ਪਾਠਸ਼ਾਲਾਂ, ਸੱਤ ਸਭਾ ਸਕੂਲ, ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਇਸੇ ਵਿਦਿਅਕ ਲਹਿਰ ਦੀ ਜੱਦੋ ਜਹਿਦ ਦੇ ਫਲ ਸਨ।

**ਬਾਬਾ ਖੇਮ ਸਿੰਘ ਬੇਦੀ ਦੇ ਸਕੂਲ**

ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਦੇ ਮੋਢੀਆਂ ਵਿਚ ਬਾਬਾ ਖੇਮ ਸਿੰਘ ਜੀ ਬੇਦੀ ਸਭ ਤੋਂ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਸਿੱਖ ਬੱਚੀਆਂ ਦੀ ਪੜ੍ਹਾਈ ਲਈ ਗੁਰਮੁਖੀ (ਪੰਜਾਬੀ) ਪਾਠਸ਼ਾਲਾਂ ਖੋਲ੍ਹਣ ਤੇ ਜ਼ੋਰ ਦਿੱਤਾ। ਇਹ ਪਾਠਸ਼ਾਲਾਂ ਰਾਵਲਪਿੰਡੀ, ਧੰਨੀ, ਪੋਠੋਹਾਰ, ਜਿਹਲਮ ਤੇ ਗੁਜਰਾਤ ਦੇ ਇਲਾਕੇ ਵਿਚ, ਜਿੱਥੇ ਕਿ ਉਨ੍ਹਾਂ ਦੀ ਸਿੱਖੀ ਸੇਵਕੀ ਸੀ, ਖੋਲ੍ਹੀਆਂ ਗਈਆਂ। ਸੰਨ ੧੮੭੬ ਵਿਚ ਬਾਬਾ ਜੀ ਦੇ ਪ੍ਰਬੰਧ ਹੇਠ, ਚੱਲ ਰਹੇ ਸਕੂਲਾਂ ਦੀ ਗਿਣਤੀ ੪੦ ਅਤੇ ਸੰਨ ੧੮੭੯ ਵਿਚ ੪੨ ਸੀ। ਸੁਤੇ ਹੈ ਕਿ ਸੰਨ ੧੮੭੦ ਤੋਂ ਲੈ ਕੇ ਆਪਣੇ ਅੰਤ ਸਮੇਂ ਸੰਨ ੧੯੧੬ ਈ: ਤਕ ਉਨ੍ਹਾਂ ਨੇ ਇਸ ਕੰਮ ਉਤੇ ੫੦੦੦੦) ਰੁਪਏ ਖ਼ਰਚ

Sri Satguru Jagjit Singh Ji eLibrary NamdhariElibrary@gmail.com

ਕੀਤੇ ਸਨ* ।

ਬਾਬਾ ਖੇਮ ਸਿੰਘ ਬੇਦੀ ਦੇ ਸਮੇਂ ਵਿਚ ਹੀ ਸੰਨ ੧੮੯੧ ਦੇ ਲਗਭਗ, ਜਦ ਕਿ ਖ਼ਾਲਸਾ ਕਾਲਜ ਖੋਲ੍ਹਣ ਲਈ ਜ਼ਬਰਦਸਤ ਤਿਆਰੀਆਂ ਹੋ ਰਹੀਆਂ ਸਨ, ਭਾਈ ਤਖ਼ਤ ਸਿੰਘ ਫ਼ੀਰੋਜ਼ਪੁਰੀ ਭਾਈ ਗੁਰਮੁਖ ਸਿੰਘ ਜੀ ਪ੍ਰੋਫ਼ੈਸਰ, ਚੀਫ਼ ਸਕੱਤ੍ਰ ਖ਼ਾਲਸਾ ਦੀਵਾਨ ਲਾਹੌਰ ਦੀ ਪ੍ਰੇਰਣਾ ਨਾਲ ਇਸ ਸੇਵਾ ਦੇ ਮੈਦਾਨ ਵਿਚ ਆਏ । ਆਪ ਭਾਈ ਗੁਰਮੁਖ ਸਿੰਘ ਦੇ ਹੀ ਸ਼ਾਗਿਰਦ ਸਨ ।

## ਸਿੱਖ ਕੰਨਿਆ ਮਹਾਂ-ਵਿਦਆਲਾ, ਫ਼ੀਰੋਜ਼ਪੁਰ

ਸੰਨ ੧੮੯੨ ਵਿਚ ਇਨ੍ਹਾਂ ਨੇ ਸਿੱਖ ਕੰਨਿਆ ਪਾਠਸ਼ਾਲਾ ਫ਼ੀਰੋਜ਼ਪੁਰ ਦੀ ਸਥਾਪਨਾ ਕੀਤੀ† । ਇਹੋ ਪਾਠਸ਼ਾਲਾ ਕੁਝ ਸਮੇਂ ਪਿੱਛੋਂ 'ਸਿੱਖ ਕੰਨਿਆ ਮਹਾਂ ਵਿਦਿਆਲਾ' ਦੀ ਸ਼ਕਲ ਵਿਚ ਬਦਲ ਗਈ । ਫੇਰ ਕੁਝ ਚਿਰ ਪਿੱਛੋਂ ਇਸ ਵਿਦਿਆਲੇ ਦੇ ਅਧੀਨ ਸਿੱਖ-ਇਤਿਹਾਸ ਤੇ ਸਾਹਿੱਤ ਦੀ ਖੋਜ ਲਈ ਭਾਈ ਤਖ਼ਤ ਸਿੰਘ ਨੇ ਇਕ ਲਾਇਬ੍ਰੇਰੀ ਖੋਲ੍ਹੀ,ਜੋ ਹੁਣ 'ਭਾਈ ਦਿੱਤ ਸਿੰਘ ਲਾਇਬ੍ਰੇਰੀ' ਦੇ ਨਾਮ ਨਾਲ ਮਸ਼ਹੂਰ ਹੈ ।

ਸੰਨ ੧੮੯੨ ਵਿਚ ਖ਼ਾਲਸਾ ਕਾਲਜ ਅਮ੍ਰਿਤਸਰ ਕਾਇਮ ਹੋਇਆ ਤੇ ਇਸ ਤੋਂ ੯ ਸਾਲ ਪਿੱਛੋਂ ਸੰਨ ੧੯੦੦ ਵਿਚ ਖ਼ਾਲਸਾ ਦੀਵਾਨ ਲਾਹੌਰ ਵਲੋਂ ਇਸ ਵਿਦਿਅਕ ਲਹਿਰ ਨੂੰ ਹੋਰ ਵੀ ਤੇਜ਼ ਕਰਨ ਲਈ ਸਿੱਖ ਵਿਦਿਅਕ ਕਾਨਫ਼ਰੰਸਾਂ ਕਰਨ ਦੀ ਤਜਵੀਜ਼ ਹੋਈ, ਪਰ ਕਈ ਕਾਰਣਾਂ ਕਰ ਕੇ ਇਹ ਸਕੀਮ ਅਧਵਾਟੇ ਹੀ ਰਹਿ ਗਈ । ਸੰਨ ੧੯੦੮ ਵਿਚ ਮੁੜ ਇਹੋ ਸਕੀਮ ਚੀਫ਼ ਖ਼ਾਲਸਾ ਦੀਵਾਨ ਅਮ੍ਰਿਤਸਰ ਦੇ ਜਤਨ ਨਾਲ ਸਿਰੇ ਚੜ੍ਹੀ ਤੇ ਐਜੂਕੇਸ਼ਨਲ ਕਾਨਫ਼ਰੰਸਾਂ ਕਰਨ ਲਈ 'ਸਿੱਖ ਵਿਦਿਅਕ ਕਮੇਟੀ' ਦੀ ਸਥਾਪਨਾ ਕੀਤੀ ਗਈ । ਇਸ ਕਮੇਟੀ ਨੇ ਕਾਨਫ਼ਰੰਸਾਂ ਕਰ ਕੇ ਥੋੜੇ ਸਮੇਂ ਵਿਚ ਹੀ ਵਿਦਿਆ ਤੇ ਪੰਜਾਬੀ ਬੋਲੀ ਦੇ ਪ੍ਰਚਾਰ ਲਈ ਬੜਾ ਨਿੱਗਰ ਕੰਮ ਕੀਤਾ ਤੇ ਪੰਜਾਬ ਵਿਚ ਥਾਉਂ ਥਾਈਂ ਬਹੁਤ ਸਾਰੇ ਸਕੂਲ ਖੋਲ੍ਹ ਦਿੱਤੇ ।

## ਸਿੱਖ ਵਿਦਿਅਕ ਕਮੇਟੀ ਅਮ੍ਰਿਤਸਰ

ਇਸ ਤੋਂ ਇਲਾਵਾ ਸਿੰਘ ਸਭਾ ਅਮ੍ਰਿਤਸਰ ਤੇ ਲਾਹੌਰ ਦੇ ਪ੍ਰਭਾਵ ਹੇਠ ਕੁਝ ਹੋਰ ਸਕੂਲ ਵੀ ਖੁਲ੍ਹੇ, ਜਿਨ੍ਹਾਂ ਵਿਚ 'ਖ਼ਾਲਸਾ ਭੁਜੰਗਣ ਸਕੂਲ ਕੈਰੋਂ' ਤੇ 'ਵਿਦਿਆ ਭੰਡਾਰ' ਪੰਚ ਖੰਡ (ਭਸੌੜ), ਰਿਆਸਤ ਪਟਿਆਲਾ ਦੇ ਨਾਮ ਬਹੁਤੇ ਪ੍ਰਸਿੱਧ ਹਨ । ਇਸ ਤਰ੍ਹਾਂ ਸੰਨ ੧੮੭੩ ਤੋਂ ਸੰਨ ੧੯੧੦ ਦੇ ਸਮੇਂ ਵਿਚ ਸਿੱਖ ਲੜਕਿਆਂ ਦੀ ਵਿਦਿਆ ਵਲ ਵੀ ਅੱਗੇ ਵਧੇ ਤੇ ਲੜਕੀਆਂ ਦੀ ਵਿਦਿਆ ਵਲ ਵੀ । ਮੇਰੀ ਜਾਚੇ ਸਿੰਘ ਸਭਾ ਲਹਿਰ ਦੇ ਇਸ ਸਮੇਂ ਨੂੰ ਸਿੱਖ ਵਿਦਿਆ ਅਤੇ ਇਸਤ੍ਰੀ ਵਿਦਿਆ ਦਾ 'ਸੂਰਣ ਯੁਗ' ਕਹਿਣਾ ਚਾਹੀਏ ।

## ਵਿਦਿਆ ਦਾ ਸੂਰਣ ਯੁਗ

---

*ਸ: ਨਾਹਰ ਸਿੰਘ ਐਮ. ਏ. ਖ਼ਾਲਸਾ ਇਸਤ੍ਰੀ, ੧੯੩੧, ਸਫ਼ਾ ੬੨ ।

†ਕਰਮ ਸਿੰਘ ਹਿਸਟੋਰੀਅਨ, ਬੀਬੀ ਹਰਿਨਾਮ ਕੌਰ (੧੯੦੭), ਸਫ਼ਾ ੩੨ ।

Sri Satguru Jagjit Singh Ji eLibrary NamdhariElibrary@gmail.com

### ੩.

ਵਿਦਿਆ ਦੇ ਨਾਲ ਸੀ ਦੂਜਾ ਕੰਮ ਇਸ ਦੀ ਅਮਲੀ ਵਰਤੋਂ ਦਾ। ਸਭ ਤੋਂ ਪਹਿਲੋਂ ਸਿੰਘ ਸਭਾ ਦੇ ਮੋਢੀਆਂ ਨੇ ਇਸ ਪਾਸੇ ਧਿਆਨ ਦਿੱਤਾ। ਸੰਨ ੧੮੭੩ ਵਿਚ ਸਿੰਘ ਸਭਾ ਕਾਇਮ ਹੋਣ ਸਾਰ ਗੁਰਬਾਣੀ ਅਤੇ ਸਿੱਖ-ਇਤਿਹਾਸ ਦੀ ਖੋਜ ਦਾ ਕੰਮ ਸ਼ੁਰੂ ਕੀਤਾ ਗਿਆ। ਇਸ ਮੰਤੱਵ ਦੀ ਪੂਰਤੀ ਲਈ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਦੇ ਜਤਨ ਨਾਲ ਸੰਨ ੧੮੮੫ ਵਿਚ 'ਗੁਰਮਤ ਗ੍ਰੰਥ ਪ੍ਰਚਾਰਕ ਸਭਾ' ਅਤੇ ਸੰਨ ੧੮੯੪ ਵਿਚ 'ਖ਼ਾਲਸਾ ਟ੍ਰੈਕਟ ਸੁਸਾਇਟੀ' ਦੀ ਨੀਂਹ ਰੱਖੀ ਗਈ*। ਪ੍ਰਸਿੱਧ ਵਿਦਵਾਨ ਗਿਆਨੀ ਸਰਦੂਲ ਸਿੰਘ ਤੇ ਡਾਕਟਰ ਚਰਨ ਸਿੰਘ ਇਸ ਕਾਰਜ ਦੇ ਮੋਢੀ ਸਨ, ਇਸ ਲਈ ਖੋਜ ਹੋਣ ਤੇ ਗੁਰ ਬਿਲਾਸ ਪਾਤਸ਼ਾਹੀ ੬ ਤੇ ੧੦, ਦਸਮ ਗ੍ਰੰਥ ਦੀ ਸੁਧਾਈ ਦੀ ਰਪੋਰਟ, ਗੁਰ-ਪ੍ਰਣਾਲੀ, ਗੁਰਬਾਣੀ ਵਿਉਰਾ ਆਦਿ ਕਈ ਅਮੋਲਕ ਪੁਸਤਕਾਂ ਸੋਧ ਕੇ ਛਾਪੀਆਂ ਗਈਆਂ। ਇਸ ਤਰ੍ਹਾਂ ਇਨ੍ਹਾਂ ਸੰਸਥਾਵਾਂ ਦੇ ਰਾਹੀਂ ਸਿੱਖ-ਇਤਿਹਾਸ ਤੇ ਪੰਜਾਬੀ-ਸਾਹਿੱਤ ਦਾ ਪੁਨਰ ਉਧਾਰ ਆਰੰਭ ਹੋਇਆ।

**ਦੋ ਸਾਹਿੱਤਕ ਸਮਸਥਾਵਾਂ**

ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਨਾ ਕੇਵਲ ਪੁਰਾਤਨ ਗ੍ਰੰਥਾਂ ਦਾ ਉਧਾਰ ਹੀ ਹੋਇਆ, ਸਗੋਂ ਬਹੁਤ ਸਾਰਾ ਨਵਾਂ ਸਾਹਿੱਤ ਵੀ ਲਿਖਿਆ ਗਿਆ। ਇਸ ਸਮੇਂ ਵਿਚ ਕਈ ਧੁਰੰਧਰ ਵਿਦਵਾਨ, ਕਵੀ ਤੇ ਇਤਿਹਾਸਕਾਰ ਹੋਏ, ਜਿਨ੍ਹਾਂ ਦੇ ਹੁਨਰ ਦੀ ਅਮਿਟ ਛਾਪ ਸਾਡੇ ਸਾਹਿੱਤ ਉਤੇ ਲੱਗੀ ਹੋਈ ਹੈ। ਅਜਿਹੇ ਵਿਦਵਾਨਾਂ ਵਿਚੋਂ ਗਿਆਨੀ ਸਰਦੂਲ ਸਿੰਘ, ਕੰਵਰ ਬਿਕ੍ਰਮ ਸਿੰਘ ਕਪੂਰਥਲਾ, ਬਾਬਾ ਸੁਮੇਰ ਸਿੰਘ ਮਹੰਤ ਪਟਨਾ ਸਾਹਿਬ (ਬਿਹਾਰ), ਭਾਈ ਗੁਰਮੁਖ ਸਿੰਘ ਪ੍ਰੋਫੈਸਰ, ਗਿਆਨੀ ਦਿੱਤ ਸਿੰਘ, ਗਿਆਨੀ ਗਿਆਨ ਸਿੰਘ, ਪੰਡਿਤ ਤਾਰਾ ਸਿੰਘ ਨਰੋੱਤਮ, ਭਾਈ ਹਰਸਾ ਸਿੰਘ, ਡਾਕਟਰ ਚਰਨ ਸਿੰਘ, ਗਿਆਨੀ ਅਵਤਾਰ ਸਿੰਘ ਵਹੀਰੀਏ, ਭਾਈ ਮੋਈਆ ਸਿੰਘ, ਭਾਈ ਕਾਨ੍ਹ ਸਿੰਘ ਅਤੇ ਭਾਈ ਵੀਰ ਸਿੰਘ ਦੇ ਨਾਮ ਬਹੁਤੇ ਪ੍ਰਸਿੱਧ ਹਨ।

**ਤੇ ਪੰਜਾਬੀ ਦੇ ਲਿਖਾਰੀ**

### ੪.

**ਗਿਆਨੀ ਸਰਦੂਲ ਸਿੰਘ**

ਖ਼ਾਲਸਾ ਪੰਥ ਦੇ ਇਨ੍ਹਾਂ ਪ੍ਰਸਿੱਧ ਵਿਦਵਾਨਾਂ ਦੀ ਜੇ ਏਥੇ ਕੁਝ ਜਾਣ-ਪਛਾਣ ਨਾ ਕਰਵਾਈ ਜਾਵੇ ਤਾਂ ਪਾਠਕਾਂ ਨਾਲ ਅਨਿਆਂ ਹੀ ਹੋਵੇਗਾ, ਇਸ ਲਈ ਇਨ੍ਹਾਂ ਬਾਰੇ ਸੰਖੇਪ ਜਿਹਾ ਵੇਰਵਾ ਦੇਣਾ ਜ਼ਰੂਰੀ ਸਮਝਦਾ ਹਾਂ। ਗਿਆਨੀ ਸਰਦੂਲ ਸਿੰਘ ਜੀ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਦੇ ਪਹਿਲੇ ਮੋਢੀਆਂ ਵਿਚੋਂ ਸਨ। ਗੁਰਬਾਣੀ ਤੇ ਸਿੱਖ-ਇਤਿਹਾਸ ਦੀ ਖੋਜ ਬਾਰੇ ਆਪ ਗਹਿਰੀ ਦਿਲਚਸਪੀ ਰਖਦੇ ਸਨ। ਗੁਰਬਾਣੀ ਦੇ ਕਈ ਟੀਕੇ, ਜਿਨ੍ਹਾਂ ਵਿਚੋਂ ਨਿੱਤ ਨੇਮ ਦਾ ਟੀਕਾ ਵਧੇਰੇ ਪ੍ਰਸਿੱਧ ਹੈ, ਦਸਮ ਗ੍ਰੰਥ ਸੰਬੰਧੀ ਖੋਜ ਭਰੀ ਰਪੋਰਟ, ਦਸ ਗੁਰੂਆਂ ਬਾਰੇ ੫੨ ਲੈਕਚਰ ਆਦਿ ਪੁਸਤਕਾਂ ਇਨ੍ਹਾਂ ਦੀ ਹੀ ਵਿਦਵਤਾ ਦੇ ਨਤੀਜੇ ਹਨ।

*ਡਾ: ਜਗਜੀਤ ਸਿੰਘ, ਸਿੰਘ ਸਭਾ ਲਹਿਰ, ੧੯੪੧, ਸਫ਼ੇ ੧੪-੧੫।

Sri Satguru Jagjit Singh Ji eLibrary NamdhariElibrary@gmail.com

**ਕੰਵਰ ਬਿਕ੍ਰਮ ਸਿੰਘ**

ਗਿਆਨੀ ਸਰਦੂਲ ਸਿੰਘ ਦੇ ਸਮਕਾਲੀ ਕੰਵਰ ਬਿਕ੍ਰਮ ਸਿੰਘ ਜੀ ਆਹਲੂਵਾਲੀਏ, ਜੋ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਦੇ ਮੋਢੀ, ਸ੍ਰੀ ਗੁਰੂ ਸਿੰਘ ਸਭਾ ਅਤੇ ਖ਼ਾਲਸਾ ਦੀਵਾਨ ਲਾਹੌਰ ਦੇ ਮੁਖ ਸੰਚਾਲਕ ਸਨ, ਇਕ ਬੜੇ ਅੱਛੇ ਕਵੀ ਤੇ ਹੰਢੇ ਹੋਏ ਵਿਦਵਾਨ ਸਨ। ਉਨ੍ਹਾਂ ਦੀ ਕਾਵਯ-ਰਚਨਾ 'ਉਪਮਾ ਸਾਰ ਗ੍ਰੰਥ', ਜੋ ਉਨ੍ਹਾਂ ਦੇ ਪੁਤ੍ਰ ਰਾਜਾ ਸਰ ਦਲਜੀਤ ਸਿੰਘ ਨੇ ਲਾਹੌਰੋਂ ਪ੍ਰਕਾਸ਼ਿਤ ਕੀਤੀ ਸੀ, ਸਰਦਾਰ ਬਹਾਦੁਰ ਕਾਨ੍ਹ ਸਿੰਘ ਨਾਭਾ ਦੇ ਪੁਸਤਕਾਲੇ ਵਿਚ ਸੁਰਖਯਤ ਹੈ।

**ਬਾਬਾ ਸੁਮੇਰ ਸਿੰਘ ਤੇ ਉਨ੍ਹਾਂ ਦੀ ਕਾਵਯ-ਰਚਨਾ**

ਬਾਬਾ ਸੁਮੇਰ ਸਿੰਘ ਜੀ ਮਹੰਤ ਪਟਨਾ ਸਾਹਿਬ (ਬਿਹਾਰ), ਜੋ ਸਿੰਘ ਸਭਾ ਲਹਿਰ ਦੇ ਸਮੇਂ ਦੇ ਸੁਕਵਿ, ਵਿਦਵਾਨ ਤੇ ਤਜਰਬੇਕ਼ਾਰ ਲਿਖਾਰੀ ਸਨ, ਸਿੱਖਾਂ ਦੇ ਤੀਜੇ ਗੁਰੂ ਅਮਰਦਾਸ ਜੀ ਦੀ ਵੰਸ਼ ਵਿਚੋਂ ਬਾਬਾ ਸਾਧੂ ਸਿੰਘ ਜੀ ਦੇ ਸੁਪੁਤ੍ਰ ਸਨ। ਬਾਬਾ ਸੁਮੇਰ ਸਿੰਘ ਜੀ ਨੇ ਇਸ ਸਮੇਂ ਵਿਚ ਕਈ ਉੱਚ ਦਰਜੇ ਦੇ ਕਾਵਯ-ਗ੍ਰੰਥ ਲਿਖੇ, ਜਿਨ੍ਹਾਂ ਵਿਚੋਂ ਗੁਰ ਪਦ ਪ੍ਰੇਮ ਪ੍ਰਕਾਸ਼ (ਦਸ ਪਾਤਸ਼ਾਹੀਆਂ ਦਾ ਮੁਕੰਮਲ ਕਾਵਯ ਮਈ ਇਤਿਹਾਸ), ਗੁਰੂ ਨਾਨਕ ਦਿਗ ਵਿਜੈ (ਮੱਕੇ-ਮਦੀਨੇ ਦੀ ਗੋਸ਼ਟਿ), ਬ੍ਰਹਮਾਂਡ ਪੁਰਾਣ (ਅਨੁਵਾਦ), ਗੁਰੂ ਕਵਿਤਾਵਲੀ (ਸਤੋਤ੍ਰ), ਦਾਰਿਦ੍ਰ ਦੁਖ ਦੰਡਨ ਦੋਹਾਵਲੀ, ਖ਼ਾਲਸਾ ਪਚਾਸਾ, ਖ਼ਾਲਸਾ ਸ਼ਤਕ, ਖ਼ਾਲਸਾ ਪੰਚਾਸ਼ਿਕਾ, ਗੁਰੂ ਕੀਰਤਿ ਕਵਿਤਾਵਲੀ, ਬਿਮਲ ਬਿਬੇਕ ਬਿਲਾਸ, ਪ੍ਰੇਮ ਪ੍ਰਭਾਕਰ, ਬਿਬੇਕਾਸ਼ਟਕ, ਸੁਮੇਰ ਭੂਸ਼ਣ (ਅਲੰਕਾਰ) ਅਤੇ ਵਿਹਾਰੀ ਸੁਮੇਰ (ਵਿਹਾਰੀ ਸਤਸਈ ਉਤੇ ਕੁੰਡਲੀਏ ਛੰਦਾਂ ਵਿਚ ਟੀਕਾ) ਪ੍ਰਸਿੱਧ ਹਨ। ਵਿਹਾਰੀ ਸੁਮੇਰ ਤੋਂ ਬਿਨਾ ਇਹ ਸਾਰੇ ਹੀ ਗ੍ਰੰਥ ਸੰਨ ੧੯੩੯ ਵਿਚ ਮੈਂ ਬਾਬਾ ਨੱਥਾ ਸਿੰਘ ਜੀ ਰਾਘੋ ਮਾਜਰਾ, ਪਟਿਆਲਾ ਪਾਸ ਦੇਖੇ ਸਨ*। ਪਿੱਛੋਂ ਇਹ ਪੁਸਤਕਾਂ ਨਾਮਧਾਰੀਏ ਖ਼ਰੀਦ ਕੇ ਲੈ ਗਏ, ਸੋ ਹੁਣ ਇਹ ਕਾਵਯ-ਰਚਨਾਵਾਂ ਨਾਮਧਾਰੀ ਦਰਬਾਰ ਭੈਣੀ ਸਾਹਿਬ, ਜ਼ਿਲਾ ਲੁਧਿਆਣਾ ਦੇ ਕਬਜ਼ੇ ਵਿਚ ਹਨ। ਇਨ੍ਹਾਂ ਪੁਸਤਕਾਂ ਤੋਂ ਬਿਨਾ ਬਾਬਾ ਸੁਮੇਰ ਸਿੰਘ ਜੀ ਨੇ ਕੁਝ ਹੋਰ ਕਾਵਯ-ਰਚਨਾ ਵੀ ਕੀਤੀ ਸੀ। ਪੰਜਾਬੀ, ਹਿੰਦੀ ਦੇ ਨਾਲ ਹੀ ਆਪ ਗੁਜਰਾਤੀ ਵੀ ਚੰਗੀ ਤਰ੍ਹਾਂ ਲਿਖ-ਪੜ੍ਹ ਸਕਦੇ ਸਨ। ਸੰਨ ੧੯੦੩ ਈ: ਵਿਚ ਪੰਜਾਬ ਆਉਣ ਤੇ ਆਪ ਦਾ ਦੇਹਾਂਤ ਹੋਇਆ ਸੀ।

ਹੋਰ ਗ੍ਰਿਹਸਥੀ ਸਿੱਖਾਂ ਦੇ ਨਾਲ ਹੀ ਸੰਤ ਨਿਰਮਲਿਆਂ ਵਿਚ ਵੀ ਇਸ ਸਮੇਂ ਜਾਗ੍ਰਿਤ ਆਈ। ਉਨ੍ਹਾਂ ਵਿਚੋਂ ਦੋ ਵਿਦਵਾਨ ਪੰਡਿਤ ਤਾਰਾ ਸਿੰਘ ਨਰੋੱਤਮ ਅਤੇ ਗਿਆਨੀ ਗਿਆਨ ਸਿੰਘ ਜੀ ਪ੍ਰਸਿੱਧ ਇਤਿਹਾਸਕਾਰ ਮੈਦਾਨ ਵਿਚ ਆਏ। ਪੰਡਿਤ ਤਾਰਾ ਸਿੰਘ

**ਪੰਡਿਤ ਤਾਰਾ ਸਿੰਘ ਨਰੋੱਤਮ**

ਜੀ ਦਾ ਜਨਮ ਸੰਮਤ ੧੮੭੯ ਵਿਚ, ਪਿੰਡ ਕਾਲਮਾ, ਜ਼ਿਲਾ ਗੁਰਦਾਸ ਪੁਰ ਵਿਖੇ ਹੋਇਆ ਸੀ†। ਵਿਦਿਆ ਵਲ ਰੁਚੀ ਹੋਣ

*ਵਧੀਕ ਵੇਰਵੇ ਲਈ ਦੇਖੋ ਮੇਰਾ ਲੇਖ—'ਬਾਬਾ ਸੁਮੇਰ ਸਿੰਘ ਤੇ ਉਨ੍ਹਾਂ ਦੀ ਕਾਵਯ-ਰਚਨਾ' (ਖ਼ਾਲਸਾ ਸਮਾਚਾਰ, ਅਮ੍ਰਿਤਸਰ, ੪ ਅਗਸਤ, ਸੰਨ ੧੯੩੮, ਸਫ਼ਾ ੬ ਅਤੇ ੧੧ ਅਗਸਤ, ਸੰਨ ੧੯੩੮, ਸਫ਼ਾ ੮)।

†ਮਹੰਤ ਗਣੇਸ਼ਾ ਸਿੰਘ, ਇਤਿਹਾਸ ਨਿਰਮਲ ਭੇਖ, ੧੯੯੪ ਬਿ:, ਸਫ਼ਾ ੧੨੨।

Sri Satguru Jagjit Singh Ji eLibrary NamdhariElibrary@gmail.com

ਕਰ ਕੇ ਆਪ ਛੋਟੀ ਉਮਰੇ ਹੀ ਨਿਰਮਲੇ ਸਾਧੂਆਂ ਵਿਚ ਜਾ ਰਲੇ। ਪਹਿਲਾਂ ਕੁਝ ਚਿਰ ਗਿਰਵੜੀ ਜ਼ਿਲਾ ਹੁਸ਼ਿਆਰਪੁਰ ਵਿਚ ਰਹੇ ਤੇ ਫੇਰ ਦੇਸ਼ਾਟਨ ਕਰਨ ਤੋਂ ਬਾਦ ਆਪ ਨੇ ਪੱਕੀ ਰਿਹਾਇਸ਼ ਪਟਿਆਲੇ ਕਰ ਲਈ। ਏਥੇ ਮਹਾਰਾਜਾ ਨਰਿੰਦ੍ਰ ਸਿੰਘ ਤੇ ਮਹਿੰਦ੍ਰ ਸਿੰਘ ਦੀ ਪ੍ਰੇਰਣਾ ਨਾਲ ਆਪ ਨੇ ਗੁਰੁ ਤੀਰਥ ਸੰਗ੍ਰਹਿ, ਗੁਰਮਤ ਨਿਰਣਯ ਸਾਗਰ, ਭਾਵਾਰਥ ਦੀਪਿਕਾ ਟੀਕਾ ਜਪੁਜੀ ਸਾਹਿਬ, ਸ੍ਰੀ ਰਾਗ ਤੇ ਗਉੜੀ ਰਾਗ ਸਟੀਕ, ਅਕਾਲ ਮੂਰਤੀ ਪ੍ਰਦਰਸ਼ਨ, ਗੁਰੂ ਗਿਰਾਰਥ ਕੋਸ਼ ਆਦਿ ਪੁਸ਼ਤਕਾਂ ਲਿਖੀਆਂ, ਜੋ ਪਿੱਛੋਂ ਮਹਾਰਾਜਾ ਰਾਜਿੰਦ੍ਰ ਸਿੰਘ ਦੇ ਜਤਨ ਨਾਲ ਪ੍ਰਕਾਸ਼ਿਤ ਕੀਤੀਆਂ ਗਈਆਂ। ਖ਼ਾਲਸਾ ਪੰਥ ਦੇ ਆਪ ਪਹਿਲੇ ਕੋਸ਼ਕਾਰ ਸਨ, ਜੋ ਸੰਮਤ ੧੯੪੮ ਵਿਚ ਅਚਾਣਕ ਸਦਾ ਲਈ ਵਿਛੋੜਾ ਦੇ ਗਏ।

**ਗਿਆਨੀ ਗਿਆਨ ਸਿੰਘ**

ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਇਨ੍ਹਾਂ ਹੀ ਪੰਡਿਤ ਤਾਰਾ ਸਿੰਘ ਹੋਰਾਂ ਦੇ ਸ਼ਾਗਿਰਦ ਸਨ। ਗਿਆਨੀ ਜੀ ਦਾ ਜਨਮ ਸ: ਭਾਗ ਸਿੰਘ ਦੁੱਲਟ ਦੇ ਘਰ ਪਿੰਡ ਲੌਂਗੋਵਾਲ, ਰਿਆਸਤ ਪਟਿਆਲਾ ਵਿਚੋਂ ਸੰਮਤ ੧੮੭੯ ਵਿਚ ਹੋਇਆ ਸੀ। ਆਪ ਪੰਡਿਤ ਤਾਰਾ ਸਿੰਘ ਦੇ ਹਮ-ਉਮਰ ਸਨ। ਵਿਦਿਆ ਪ੍ਰਾਪਤ ਕਰ ਕੇ ਪਹਿਲਾਂ ਆਪ ਫ਼ੌਜ ਵਿਚ ਭਰਤੀ ਹੋਏ ਤੇ ਫੇਰ ਲੱਤ ਨਿਕਾਰੀ ਹੋਣ ਤੇ ਨਿਰਮਲੇ ਸਾਧੂ ਬਣ ਗਏ। ਕਾਫ਼ੀ ਸਮਾਂ ਪੈਦਲ ਚਕ੍ਰ ਲਗਾ ਕੇ ਦੇਸ-ਦੇਸਾਂਤਰਾਂ ਦੀ ਸੈਰ ਵੀ ਕੀਤੀ। ਫੇਰ ਅਮ੍ਰਿਤਸਰ ਤੇ ਪਟਿਆਲੇ ਰਹਿ ਕੇ ਆਪ ਨੇ ਸ੍ਰੀ ਗੁਰੂ ਪੰਥ ਪ੍ਰਕਾਸ਼, ਤਵਾਰੀਖ ਗੁਰੂ ਖ਼ਾਲਸਾ (ਤਿੰਨ ਭਾਗ), ਸ਼ਮਸ਼ੇਰ ਖ਼ਾਲਸਾ, ਸਰਕਾਰ ਖ਼ਾਲਸਾ (ਦੋ ਭਾਗ), ਸਰਦਾਰ ਖ਼ਾਲਸਾ, ਨਿਰਮਲ ਪੰਥ ਪ੍ਰਦੀਪਿਕਾ, ਖ਼ਾਲਸਾ ਧਰਮ ਪਤਿਤ ਪਾਵਨ, ਤਵਾਰੀਖ਼ ਅਮ੍ਰਿਤਸਰ, ਤਵਾਰੀਖ਼ ਲਾਹੌਰ, ਤਵਾਰੀਖ਼ ਬਾਗੜੀਆਂ ਆਦਿ ਪੁਸਤਕਾਂ ਲਿਖੀਆਂ, ਜੋ ਦਰਬਾਰ ਪਟਿਆਲਾ ਵਲੋਂ ਉਤਸਾਹ ਦੇਣ ਤੇ ਪ੍ਰਕਾਸ਼ਿਤ ਹੋਈਆਂ। ਇਨ੍ਹਾਂ ਵਿੱਚੋਂ ਸ੍ਰੀ ਗੁਰੁ ਪੰਥ ਪ੍ਰਕਾਸ਼ ਤੇ ਨਿਰਮਲ ਪੰਥ ਪ੍ਰਦੀਪਿਕਾ ਕਾਵ੍ਯ ਰੂਪ ਹੋਣ ਕਰ ਕੇ ਸਧੁੱਕੜੀ ਭਾਸ਼ਾ ਵਿਚ ਹਨ ਤੇ ਬਾਕੀ ਪੁਸਤਕਾਂ ਠੇਠ ਪੰਜਾਬੀ ਵਾਰਤਕ ਵਿਚ। ਸੰਮਤ ੧੯੮੩ ਬਿ: ਵਿਚ ੧੦੫ ਵਰ੍ਹਿਆਂ ਦੀ ਉਮਰ ਭੋਗਣ ਤੋਂ ਉਪਰੰਤ ਪੰਥ ਦੇ ਇਸ ਅਦੁੱਤੀ ਇਤਿਹਾਸਕਾਰ ਦਾ ਦੇਹਾਂਤ ਨਾਭੇ ਹੋਇਆ।

**ਕੁਝ ਹੋਰ ਵਿਦਵਾਨ ਤੇ ਲਿਖਾਰੀ**

ਸਿੰਘ ਸਭਾ ਲਹਿਰ ਦੇ ਲਿਖਾਰੀਆਂ ਤੇ ਕਲਾਕਾਰਾਂ ਵਿਚੋਂ ਭਾਈ ਗੁਰਮੁਖ ਸਿੰਘ ਪ੍ਰੋਫ਼ੈਸਰ, ਗਿਆਨੀ ਦਿੱਤ ਸਿੰਘ, ਡਾਕਟਰ ਚਰਨ ਸਿੰਘ, ਭਾਈ ਅਵਤਾਰ ਸਿੰਘ ਵਹੀਰੀਆ, ਬਾਵਾ ਨਿਹਾਲ ਸਿੰਘ ਹਰਿਗੋਬਿੰਦ ਪੁਰੀਆ, ਭਾਈ ਮੱਈਆ ਸਿੰਘ, ਭਾਈ ਕਾਨ੍ਹ ਸਿੰਘ, ਮਿਸਟਰ ਮਕਾਲਿਫ਼ ਤੇ ਭਾਈ ਵੀਰ ਸਿੰਘ ਦੇ ਨਾਮ ਬਹੁਤੇ ਮਸ਼ਹੂਰ ਹਨ। ਇਨ੍ਹਾਂ ਵਿਚੋਂ ਪਹਿਲੇ ਦੋ ਸੱਜਨ ਪੁਸਤਕਾਂ ਦੇ ਲਿਖਾਰੀ ਹੋਣ ਦੇ ਨਾਲ ਹੀ ਪਤ੍ਰਕਾਰ ਵੀ ਸਨ। ਇਨ੍ਹਾਂ ਦੇ ਗੁਰਮੁਖੀ ਅਖ਼ਬਾਰ, ਖ਼ਾਲਸਾ ਅਖ਼ਬਾਰ ਆਦਿ ਦੇ ਜ਼ਿਕਰ ਪਿੱਛੇ ਆ ਚੁਕੇ ਹਨ। ਬਾਵਾ ਨਿਹਾਲ ਸਿੰਘ ਹਰਿਗੋਬਿੰਦ ਪੁਰੀਆ ਇਕ ਅੱਛਾ ਇਤਿਹਾਸਕਾਰ ਸੀ। ਉਸ ਨੇ ਉਰਦੂ ਵਿਚ ਇਕ ਬੜੀ ਅੱਛੀ ਪੁਸਤਕ 'ਖ਼ੁਰਸ਼ੀਦ ਖ਼ਾਲਸਾ'* ਲਿਖੀ ਸੀ। ਭਾਈ

*ਵਧੀਕ ਵੇਰਵੇ ਲਈ ਦੇਖੋ ਪਿੱਛੇ ਇਸੇ ਪੁਸਤਕ ਦੇ ਸਫ਼ੇ ੧੦੪, ੧੦੮-੧੧੦।

Sri Satguru Jagjit Singh Ji eLibrary NamdhariElibrary@gmail.com

ਮੱਈਆ ਸਿੰਘ ਨੇ ਇਸ ਸਮੇਂ ਪੰਜਾਬੀ-ਅੰਗਰੇਜ਼ੀ ਡਿਕਸ਼ਨਰੀ ਲਿਖ ਕੇ ਕੋਸ਼-ਕਲਾ ਵਿਚ ਇਕ ਨਵਾਂ ਵਾਧਾ ਕੀਤਾ ।

ਭਾਈ ਗੁਰਮੁਖ ਸਿੰਘ ਦੇ ਸਾਥੀਆਂ ਵਿਚੋਂ ਗਿਆਨੀ ਦਿੱਤ ਸਿੰਘ ਇਕ ਅਜਿਹਾ ਵਿਦਵਾਨ ਸੀ, ਜੋ ਬੜੀ ਸ਼ੁੱਧ ਤੇ ਠੇਠ ਪੰਜਾਬੀ ਲਿਖਣ ਵਿਚ ਖ਼ਾਸ ਤੌਰ ਤੇ ਮੁਹਾਰਤ ਰਖਦਾ ਸੀ । ਹਿੰਦੀ ਭਾਸ਼ਾ ਉਤੇ ਵੀ ਉਸ ਦਾ ਪੂਰਾ ਪੂਰਾ ਕਾਬੂ ਸੀ ।

### ਗਿਆਨੀ ਦਿੱਤ ਸਿੰਘ

ਕਿੱਸਾ ਸ਼ੀਰੀਂ ਫ਼ਰਹਾਦ,ਰਾਜ ਪ੍ਰਬੋਧ ਨਾਟਕ,ਗੁਰੂ ਨਾਨਕ ਪ੍ਰਬੋਧ, ਗੁਰੂ ਅਰਜਨ ਪ੍ਰਬੋਧ, ਨਕਲੀ ਸਿੱਖ ਪ੍ਰਬੋਧ, ਮੇਰਾ ਤੇ ਸਾਧੂ ਦਯਾਨੰਦ ਦਾ ਸੰਬਾਦ, ਸਿੰਘਣੀਆਂ ਦੇ ਸਿਦਕ, ਸਿੱਖ ਬੱਚੇ ਦੀ ਸ਼ਹੀਦੀ, ਦੰਭ ਵਿਦਾਰਣ, ਸੁਲਤਾਨ ਪੁਆੜਾ, ਗੁੱਗਾ ਗਪੌੜਾ, ਮੀਰਾਂ ਮਨੌਤ, ਧਰਮ ਦਰਪਣ ਆਦਿ ਪੁਸਤਕਾਂ, ਜੋ ਸਾਹਿੱਤਕ ਪ੍ਰਸਾਰ, ਜਨਤਕ ਸੁਧਾਰ ਤੇ ਗੁਰਮਤ ਪ੍ਰਚਾਰ ਦੇ ਖ਼ਿਆਲ ਨੂੰ ਮੁਖ ਰੱਖ ਕੇ ਲਿਖੀਆਂ ਗਈਆਂ, ਗਿਆਨੀ ਹੋਰਾਂ ਦੀ ਇਸ ਕਲਾਕਾਰੀ ਦੀ ਸਾਖੀ ਭਰਦੀਆਂ ਹਨ ।

ਗਿਆਨੀ ਦਿੱਤ ਸਿੰਘ ਤੋਂ ਪਿੱਛੋਂ ਦੂਜਾ ਦਰਜਾ ਹੈ ਡਾਕਟਰ ਚਰਨ ਸਿੰਘ ਜੀ ਦਾ ।

### ਡਾਕਟਰ ਚਰਨ ਸਿੰਘ

ਇਹ ਅਮ੍ਰਿਤਸਰ ਦੇ ਵਸਨੀਕ ਤੇ ਪ੍ਰਸਿੱਧ ਲਿਖਾਰੀ ਭਾਈ ਵੀਰ ਸਿੰਘ ਜੀ ਦੇ ਪਿਤਾ ਸਨ । ਇਹ ਜੋ ਕੁਝ ਲਿਖਦੇ ਸਨ, ਉਹ ਸੱਚ ਮੁੱਚ ਹੀ ਕਲਾ ਦੇ ਸੰਚੇ ਵਿਚ ਢਲਿਆ ਹੋਇਆ ਹੁੰਦਾ ਸੀ । ਦੋ ਦਰਜਨ ਦੇ ਕਰੀਬ ਇਨ੍ਹਾਂ ਨੇ ਪੁਸਤਕਾਂ ਲਿਖੀਆਂ, ਜਿਨ੍ਹਾਂ ਵਿਚੋਂ ਸ਼ਕੁੰਤਲਾ ਨਾਟਕ (ਅਨੁਵਾਦ), ਕੇਸਰੀ ਚਰਖਾ ਤੇ ਅਟਲ ਪ੍ਰਕਾਸ਼ (ਕਵਿਤਾ), ਸ਼ਰਾਬ ਕੌਰ (ਸੁਧਾਰਕ), ਸ਼ਬਦ ਬ੍ਰਿਤੀ ਪ੍ਰਕਾਸ਼ (ਭਾਸ਼ਾ-ਵਿਗਿਆਨ), ਗੁਰਬਾਣੀ ਵਿਉਰਾ (ਖੋਜ ਬਾਰੇ) ਹਨ । ਪੰਜਾਬੀ ਵਾਰਤਕ ਨੂੰ ਮੁਹਾਵਰੇ ਦੀ ਠੁੱਕ ਨਾਲ ਸਵਾਰਨ ਤੇ ਸ਼ਿੰਗਾਰਨ ਵਾਲੇ ਇਹ ਪਹਿਲੇ ਲਿਖਾਰੀ ਸਨ । ਸੰਨ ੧੯੧੦ ਈ: ਵਿਚ ਇਨ੍ਹਾਂ ਦਾ ਦੇਹਾਂਤ ਹੋਇਆ ।

ਪੰਜਾਬੀ ਵਾਰਤਕ ਦੇ ਮੁੱਢਲੇ ਜੁੱਗ ਵਿਚ ਗਿਆਨੀ ਅਵਤਾਰ ਸਿੰਘ ਜੀ ਵਹੀਰੀਏ,

### ਗਿਆਨੀ ਅਵਤਾਰ ਸਿੰਘ ਵਹੀਰੀਏ

ਜੋ ਬਾਬਾ ਖੇਮ ਸਿੰਘ ਜੀ ਬੇਦੀ ਦੇ ਨਾਲ ਪੰਥਕ ਕੰਮਾਂ ਵਿਚ ਹਿੱਸਾ ਲੈਂਦੇ ਰਹੇ ਸਨ, ਇਕ ਅੱਛੇ ਸੰਸਕ੍ਰਿਤਕ ਲਿਖਾਰੀ ਸਨ । ਆਪ ਕੁਝ ਚਿਰ ਗੁਰਮੁਖੀ ਅਖ਼ਬਾਰ (ਅਮ੍ਰਿਤਸਰ) ਦੇ ਮੁਖ ਸੰਪਾਦਕ ਵੀ ਰਹੇ ਸਨ । ਖ਼ਾਲਸਾ ਧਰਮ ਦਰਪਣ, ਗੁਰ ਦਰਸ਼ਨ ਸ਼ਾਸਤ੍ਰ ਆਦਿ ਇਨ੍ਹਾਂ ਦੀਆਂ ਅੱਧੀ ਦਰਜਨ ਦੇ ਕਰੀਬ ਪੁਸਤਕਾਂ ਵੇਖਣ ਵਿਚ ਆਉਂਦੀਆਂ ਹਨ ।

ਇਸ ਤੋਂ ਪਿੱਛੋਂ ਇਸ ਜੁਗ ਦੇ ਨੌਜਵਾਨਾਂ ਵਿਚ ਭਾਈ ਕਾਨ੍ਹ ਸਿੰਘ ਨਾਭਾ, ਮਿਸਟਰ ਮਕਾਲਿਫ਼ ਤੇ ਭਾਈ ਵੀਰ ਸਿੰਘ ਦੇ ਨਾਮ ਆਉਂਦੇ ਹਨ । ਭਾਈ ਕਾਨ੍ਹ ਸਿੰਘ ਨੇ ਸਿੱਖ ਰਹੁ-ਰੀਤਾਂ ਦੇ ਸੁਧਾਰ ਲਈ ਗੁਰਮਤ ਪ੍ਰਭਾਕਰ, ਗੁਰਮਤ ਸੁਧਾਕਰ ਤੇ ਹਮ ਹਿੰਦੂ ਨਹੀਂ ਪੁਸਤਕਾਂ ਲਿਖੀਆਂ । ਮਿਸਟਰ ਮਕਾਲਿਫ਼ ਨੇ ਭਾਈ ਗੁਰਮੁਖ ਸਿੰਘ ਪ੍ਰੋਫ਼ੈਸਰ ਓਰੀਐਂਟਲ

Sri Satguru Jagjit Singh Ji eLibrary NamdhariElibrary@gmail.com

**ਅੰਤਲੇ ਕਲਾ-ਚਿੰਨ੍ਹ**

ਕਾਲਜ ਲਾਹੌਰ ਦੀ ਸਹਾਇਤਾ ਨਾਲ ਗੁਰੂ ਨਾਨਕ ਦੀ ਪ੍ਰਾਤਨ ਜਨਮ ਸਾਖੀ (ਵਿਲਾਇਤ ਵਾਲੀ) ਸੋਧੀ ਤੇ ਸੰਪਾਦਿਤ ਕਰ ਕੇ ਛਾਪੀ। ਇਸ ਤੋਂ ਇਲਾਵਾ 'ਸਿੱਖ ਰਿਲੀਜਨ' ਨਾਮੀ ਅੰਗਰੇਜ਼ੀ ਪੁਸਤਕ, ਜੋ ਸਿੱਖ ਧਰਮ ਦੀ ਖੋਜ ਬਾਰੇ ਉਸ ਦੀ ਵਰ੍ਹਿਆਂ ਬੱਧੀ ਮਿਹਨਤ ਦਾ ਨਤੀਜਾ ਸੀ, ਸੰਨ ੧੯੦੭ ਵਿਚ ਲੰਡਨੋਂ ਪ੍ਰਕਾਸ਼ਿਤ ਹੋਈ। ਭਾਈ ਵੀਰ ਸਿੰਘ ਨੇ ਆਪਣਾ ਪ੍ਰਸਿੱਧ ਕਾਵਯ 'ਰਾਣਾ ਸੂਰਤ ਸਿੰਘ' ਲਿਖ ਕੇ ਮੁਕੰਮਲ ਕੀਤਾ ਅਤੇ ਖ਼ਾਲਸਾ ਟ੍ਰੈਕਟ ਸੁਸਾਇਟੀ (ਅਮ੍ਰਿਤਸਰ) ਰਾਹੀਂ ਕਈ ਅੰਕਾਂ ਵਿਚ ਛਾਪਿਆ। ਇਹ ਹਨ ਇਸ ਜੁਗ ਦੇ ਅੰਤਲੇ ਕਲਾ-ਚਿੰਨ੍ਹ। ਇਸ ਤਰ੍ਹਾਂ ਸਿੰਘ ਸਭਾ ਲਹਿਰ ਦਾ ਇਹ ਵਿਦਿਅਕ ਤੇ ਕਲਾਤਮਕ ਜੁਗ ਸਮਾਪਤ ਹੋਇਆ। ਸਿੱਖ ਇਸ ਸਮੇਂ ਵਿਦਿਆ ਦੇ ਮੈਦਾਨ ਵਿਚ ਵੀ ਅੱਗੇ ਵਧੇ ਅਤੇ ਸਾਹਿੱਤ ਦੇ ਮੈਦਾਨ ਵਿਚ ਵੀ। ਐਸ. ਐਸ. ਚਰਨ ਸਿੰਘ ਸ਼ਹੀਦ, ਪ੍ਰੋਫੈਸਰ ਪੂਰਨ ਸਿੰਘ ਆਦਿ ਕਈ ਕੋਮਲ ਕਲਾਕਾਰ ਇਸ ਜੁਗ ਨੇ ਪੈਦਾ ਕੀਤੇ, ਜੋ ਪਿੱਛੋਂ ਬੜੀ ਦੇਰ ਤਕ ਪੰਜਾਬੀ-ਸਾਹਿੱਤ ਦੀ ਸੇਵਾ ਕਰਦੇ ਰਹੇ।

## ੫.

ਸਿੰਘ ਸਭਾ ਲਹਿਰ ਦੇ ਲਿਖਾਰੀਆਂ ਦਾ ਲਿਖਣ-ਢੰਗ ਕਿਹੋ ਜਿਹਾ ਸੀ, ਏਥੇ ਉਸ ਦਾ ਵੇਰਵਾ ਦੇਣਾ ਲਾਭ ਤੋਂ ਖ਼ਾਲੀ ਨਹੀਂ ਹੋਵੇਗਾ। ਭਾਈ ਗੁਰਮੁਖ ਸਿੰਘ ਪ੍ਰੋਫੈਸਰ ਤੋਂ ਪਹਿਲਾਂ ਲੁੱਦਿਹਾਣੇ ਦੇ ਈਸਾਈ ਪ੍ਰਚਾਰਕਾਂ ਦੇ ਸਮਕਾਲੀ

**ਪੰਜਾਬੀ ਲਿਖਣ-ਢੰਗ**

ਲਗਭਗ ਜਿਤਨੇ ਵੀ ਸਿੱਖ ਲਿਖਾਰੀ ਸਨ, ਉਹ ਬਹੁਤੇ ਹਿੰਦੀ-ਨਮਾ ਪੰਜਾਬੀ, ਜਿਸ ਨੂੰ ਦੂਜੇ ਸ਼ਬਦਾਂ ਵਿਚ 'ਸਧੁੱਕੜੀ ਭਾਸ਼ਾ' ਕਿਹਾ ਜਾਂਦਾ ਹੈ, ਲਿਖਦੇ ਸਨ। ਠੇਠ ਪੰਜਾਬੀ ਲਿਖਣਾ ਉਨ੍ਹਾਂ ਨੂੰ ਨਹੀਂ ਸੀ ਆਉਂਦਾ। ਉਨ੍ਹਾਂ ਦਾ ਲਿਖਣ-ਢੰਗ ਪੁਰਾਤਨ ਖ਼ਿਆਲਾਂ ਦੇ ਅਧੀਨ ਬੜਾ ਬੇ-ਢੰਗਾ ਤੇ ਬੇ-ਤਰਤੀਬਾ ਜਿਹਾ ਸੀ। ਸੰਨ ੧੮੭੫-੭੬ ਦੇ ਰਸਾਲਾ 'ਸੁਕਵਿ ਸੰਬੋਧਨੀ' ਅਤੇ 'ਅਖ਼ਬਾਰ ਕਾਵਯ ਚੰਦ੍ਰੋਦਯ' ਵਿਚੋਂ ਅਜਿਹੇ ਕਾਫ਼ੀ ਪ੍ਰਮਾਣ ਮਿਲ ਸਕਦੇ ਹਨ। ਇਸ ਸ਼ੈਲੀ ਨੂੰ ਇਕ ਪਾਸੇ ਕਰ ਕੇ ਪੰਜਾਬੀ ਵਾਰਤਕ ਨੂੰ ਪੰਡਿਤ ਸ਼ਰਧਾ ਰਾਮ ਫਲੌਰੀ ਦੀਆਂ ਲੀਹਾਂ ਤੇ ਚਲਾਉਣਾ ਸਿੰਘ ਸਭਾ ਲਹਿਰ ਦੇ ਮੋਢੀ ਭਾਈ ਗੁਰਮੁਖ ਸਿੰਘ ਦਾ ਕੰਮ ਸੀ।

ਪੰਜਾਬੀ ਦੇ ਇਸ ਮਹਾਨ ਪ੍ਰਚਾਰਕ ਨੇ ਸੰਨ ੧੮੮੦ ਤੋਂ ੧੮੯੬ ਦੇ ਦਰਮਿਆਨੀ ਸਮੇਂ ਵਿਚ ਗੁਰਮੁਖੀ ਅਖ਼ਬਾਰ, ਖ਼ਾਲਸਾ ਗਜ਼ਟ ਤੇ ਰਸਾਲਾ ਸੁਧਾਰਾਰਕ ਚਲਾਏ ਅਤੇ ਕਈ ਪੁਸਤਕਾਂ ਵਾਰਤਕ ਪੰਜਾਬੀ ਵਿਚ ਲਿਖੀਆਂ। ਅਜਿਹੀਆਂ ਪੁਸਤਕਾਂ ਵਿਚੋਂ, ਜੋ

**ਭਾਈ ਗੁਰਮੁਖ ਸਿੰਘ ਦੀਆਂ ਪੁਸਤਕਾਂ ਤੇ ਵਾਰਤਕ**

ਭਾਈ ਗੁਰਮੁਖ ਸਿੰਘ ਨੇ ਤਿਆਰ ਕੀਤੀਆਂ ਰਾਜਨੀਤਿਕ ਅਰਥ ਵਿਗਿਆਨ, ਜੋਤਕ ਵਿਗਿਆਨ, ਤ੍ਰਿਕੋਣ ਮਿਤੀ, ਇੰਗਲੈਂਡ ਦਾ ਇਤਿਹਾਸ ਤੇ ਗੁਰ ਬਰਸ ਅਥਵਾ ਸੰਕ੍ਰਾਂਤੀ ਪੱਤਰਾ ਮੇਰੇ ਦੇਖਣ ਵਿਚ ਆਈਆਂ ਹਨ। ਭਾਈ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਦਾ ਲਿਖਣ-ਢੰਗ ਕਿਹੋ ਜਿਹਾ ਸੀ, ਇਹ ਦੱਸਣ ਲਈ ਉਨ੍ਹਾਂ ਦੀ ਆਖ਼ਰੀ ਪੁਸਤਕ (ਸੰਕ੍ਰਾਂਤੀ ਪੱਤਰੇ) ਵਿਚੋਂ ਇਕ ਉਦਾਹਰਣ ਦਿੰਦਾ ਹਾਂ :—

"ਇਹ ਸੰਕ੍ਰਾਂਤੀ ਪਤ੍ਰਾ ਅਥਵਾ ਗੁਰੁ ਬਰਸ ਦੁਨੀਆਂ ਵਿਚ ਇਕ ਨਮੀ ਚੀਜ਼ ਹੈ। ਇਸ ਤਰਹਿ ਦਾ ਪਤ੍ਰਾ, ਅਰਥਾਤ-ਗੁਰਮੁਖੀ ਵਿਚ ਸੰਕ੍ਰਾਂਤਾਂ ਮੂਜਿਬ ਕੋਈ ਪਤ੍ਰੀ ਅੱਜ ਤੱਕ ਨਹੀਂ ਬਨੀ। ਜੋ ਅੱਜ ਕੱਲ ਗੁਰਮੁਖੀ ਪਤ੍ਰੀ ਮਿਲਦੀ ਹੈ ਸੋ ਤਿਥਾਂ ਮਗਰ ਹੈ ਅਤੇ ਉਨ੍ਹਾਂ ਨੂੰ ਹੀ ਸਮਝ ਪੈਂਦੀ ਹੈ ਜੋ ਜੋਤਿਸ਼ ਦੀ ਵਿਦਯਾ ਜਾਨਦੇ ਹਨ। ਐਸੇ ਪਤ੍ਰੇ ਦੀ ਭਾਰੀ ਜ਼ਰੂਰਤ ਸੀ ਕਿ ਜੋ ਪੰਜਾਬੀ ਵਿਚ ਸੁਖਾਲਾ ਸਮਝ ਪਵੇ। ਸੰਕ੍ਰਾਂਤਾਂ ਮੂਜਿਬ ਹੋ ਅਤੇ ਜਿਸ ਵਿਚ ਕਈ ਤਰਹਿ ਦੀਆਂ ਵਿਵਹਾਰਕ ਬਾਤਾਂ ਦਾ ਭੀ ਪਤਾ ਲੱਗੇ। ਸੋ ਸਭਸ ਦੇ ਲਾਭ ਹਿਤ ਇਹ ਗੁਰੁਸਾਲ ਪਤ੍ਰਾ ਰਚਿਆ ਹੈ। ਇਸ ਦੀ ਬੁਨਿਆਦ ਬਸਾਖ ਤੇ ਰੱਖੀ ਹੈ। ਸੰਕ੍ਰਾਂਤੀ ਸੰਮਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚਲਾਇਆ ਹੈ। ਇਸ ਦੇ ਕਾਰਨ ਇਹ ਹਨ ਕਿ ਸੰਕ੍ਰਾਂਤੀ ਸੰਮਤ ਦਾ ਕੋਈ ਮਾਲਕ ਨਹੀਂ ਸੀ ਅਤੇ ਸੰਕ੍ਰਾਂਤੀ ਸੰਮਤ ਪੰਜਾਬ ਵਿਚ ਬਹੁਤ ਪ੍ਰਚਲਿਤ ਹੈ। ਗੁਰੂ ਨਾਨਕ ਦੇਵ ਜੀ ਦੇ ਜਨਮ ਬਾਬਤ ਚਾਹੇ ਰੌਲਾ ਹੈ, ਪਰ ਇਹ ਬਾਤ ਨਿਸਚੇ ਕਰ ਲੈਣ ਵਾਲੀ ਹੈ ਕਿ ਜਨਮ ਦਿਨ ਬਸਾਖ ਤ੍ਰਿਤੀਆ ਚਾਨਣੀ ਦਾ ਹੈ, ਕਿਯੋਂਕਿ ਪੈੜੇ ਮੋਖੇ ਦੀ ਜਨਮ ਸਾਖੀ ਜਿਸ ਨੂੰ ਆਖਦੇ ਹਨ ਕਿ ਹਿੰਦਾਲੀਆਂ ਬਿਗਾੜ ਦਿੱਤਾ ਸੀ ਅਤੇ ਇਸ ਤੇ ਹੋਰ ਬਨੀਆਂ ਸਾਖੀਆਂ ਤੇ ਬਿਨਾ,ਜੈਸੇ ਨਾਨਕ ਚੰਦ੍ਰੋਦੇ, ਨਾਨਕ ਪ੍ਰਕਾਸ਼ ਆਦਿ ਹੋਰ ਜਿਤਨੀਆਂ ਭਿੰਨ ਭਿੰਨ ਤਰਹਿ ਦੀਆਂ ਜਨਮ ਸਾਖੀਆਂ ਨਿਕਲੀਯਾਂ, ਸਭ ਬਸਾਖ ਦਾ ਜਨਮ ਸਿਧਿ ਕਰਦੀਯਾਂ ਹਨ। ਇਨ੍ਹਾਂ ਵਿਚੋਂ ਕਿਸੇ ਨੂੰ ਹਿੰਦਾਲੀਆਂ ਯਾ ਹੋਰ ਕਿਸੇ ਨਹੀਂ ਬਿਗਾੜਿਆ, ਸੋ ਜਨਮ ਬਸਾਖ ਬਿਨਾ ਕਤਿਕ ਦਾ ਹੋਣਾ ਕਠਿਨ ਹੈ। ਇਸੀ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਨੂੰ ਬਸਾਖ ਤੋਂ ਮੰਨ ਕੇ ਅਤੇ ਸੰਕ੍ਰਾਂਤਾਂ ਦਾ ਸੰਮਤ ਉਨ੍ਹਾਂ ਦੇ ਨਾਉਂ ਤੇ ਰੱਖ ਕੇ ਨਮਾਂ ਪਤ੍ਰਾ ਬਨਾਯਾ ਹੈ*।"

ਭਾਈ ਗੁਰਮੁਖ ਸਿੰਘ ਜੀ ਕਈ ਵੇਰ ਗਿਆਨੀ ਦਿੱਤ ਸਿੰਘ ਦੀ ਰੀਸੋ ਰੀਸ ਕਵਿਤਾ ਵੀ ਲਿਖਣ ਲੱਗ ਪੈਂਦੇ ਸਨ। ਉਨ੍ਹਾਂ ਦੀ ਉਹ ਕਵਿਤਾ ਹਿੰਦੀ-ਪੰਜਾਬੀ ਦਾ

## ਨੈਨੀਤਾਲ ਦੀ ਯਾਤ੍ਰਾ

'ਖਿਚੜ-ਪੁਲਾਉ' ਜਾਂ ਇਉਂ ਕਹੋ ਕਿ ਨਿਰਾ 'ਚੂੰ ਚੂੰ ਦਾ ਮੁਰੱਬਾ' ਹੁੰਦੀ ਸੀ। ਪਾਠਕਾਂ ਦਾ ਸੁਆਦ ਬਦਲਨ ਲਈ ਉਸ 'ਚੂੰ ਚੂੰ ਦੇ ਮੁਰੱਬੇ' ਵਿਚੋਂ ਭਾਈ ਹੋਰਾਂ ਦੀ ਨੈਨੀਤਾਲ ਯਾਤ੍ਰਾ ਦਾ ਹਾਲ, ਜਿਵੇਂ ਕਿ ਉਹ ਇਕ ਪਤ੍ਰ ਦੀ ਸ਼ਕਲ ਵਿਚ ਗਿਆਨੀ ਦਿੱਤ ਸਿੰਘ ਨੂੰ ਲਿਖਦੇ ਹਨ, ਪੇਸ਼ ਕਰਦਾ ਹਾਂ :—

ਸੋਰਠਾ—ਫਤਹਿ ਸਗਲ ਕੋ ਮੋਹਿ, ਵਾਚੋ ਮਨ ਚਿਤ ਲਾਇ ਕੇ।
ਗੁਰੂ ਸਹਾਈ ਤੋਹਿ, ਪੁਨਹ ਪਰਮ ਰੱਛਕ ਵਹੀ ॥ ੧ ॥

ਦੋਹਰਾ—ਲਵਪੁਰ† ਸੇ ਚਲ ਪੜੇ ਜਬ, ਠਹਿਰੇ ਕਿਸੀ ਨ ਥਾਇ।
ਗਾੜੀ ਛੋੜੀ ਰੇਲ ਕੀ, ਸਾਹਾਰਨ ਪੁਰ ਜਾਇ ॥ ੨ ॥

*ਗੁਰ ਬਰਸ ਸੰਕ੍ਰਾਂਤੀ ਪਤ੍ਰਾ, ਭੂਮਿਕਾ, ਸੰਨ ੧੮੯੯ ਈ:। †ਲਾਹੌਰ।

Sri Satguru Jagjit Singh Ji eLibrary NamdhariElibrary@gmail.com

ਚੌਪਈ

ਸਾਹਿਬ* ਮਸੂਰੀ ਦੇਖਨ ਗਇਓ । ਮੈਂ ਤਬ ਗੰਗਾ ਓਰ ਸਿਧਇਓ ।
ਏਕ ਦਿਵਸ ਜਬ ਬੀਤਾ ਆਨ । ਦੋਨੋ ਮਿਲੇ ਸਹਾਰਨ ਆਨ ।
ਚਲੇ ਸਹਾਰਨ ਪੁਰ ਤੇ ਸਾਰੇ । ਓਅੰਆਰ ਕੀ ਰੇਲ ਮਝਾਰੇ ।
ਲਾਂਘੇ ਸ਼ਹਿਰ ਮੁਰਾਦਾਬਾਦ । ਛੋਡ ਗਏ ਚੰਦੌਸੀ ਆਦਿ ।
ਪਹੁੰਚੇ ਬਾਂਸ ਬਰੇਲੀ ਜਾਇ । ਪਰ ਕੋਈ ਬਾਂਸ ਨ ਦੇਖਨ ਪਾਇ ।
ਛੋਡੀ ਰੇਲ ਤਹਾਂ ਪਰ ਸੋਈ । ਵਹਾਂ ਪਰ ਟਰਮੀਨਸ† ਉਸ ਕਾ ਹੋਈ ।
ਓਆ ਕੀ ਗਾਡੀ ਸੇ ਵਹਾਂ । ਜਾ ਬੈਠੇ ਤਿਸ ਮਹਿ ਹਮ ਤਹਾਂ ।
ਛੋਟੀ ਰੇਲ ਇਹਿ ਛੋਟੀ ਲੈਨ । ਚਲੇ ਤਬੀ ਜਬ ਬਾਜੇ ਟੈਨ‡ ।
ਦਿਨ ਮੰਡੇ() ਥਾ ਦਿਨ ਕਾ ਵਕਤ । ਪੈਂਸਠ ਮੀਲ ਰਾਹ, ਪਰ ਸਖ਼ਤ ।
ਰੇਲ ਚੜ੍ਹਾਈ ਊਪਰ ਜਾਵੇ । ਧੀਰੇ ਧੀਰੇ ਵ੍ਹੀਲ[] ਚਲਾਵੇ ॥ ੩ ॥

ਦੋਹਰਾ—ਚਾਰ ਬਜੇ ਪਾਹਾੜ ਕੇ, ਨੀਚੇ ਉਤਰੇ ਆਨ ।
ਤਹਿ ਸੇ ਨੈਨੀਤਾਲ ਹੈ, ਬਾਰਾਂ ਮੀਲ ਪ੍ਰਮਾਨ ॥ ੪ ॥

ਚੌਪਈ

ਬਾਰਾਂ ਮੀਲ ਖ਼ਰਾਬ ਚੜ੍ਹਾਈ । ਥਕਤ ਆਦਮੀ ਊਪਰ ਆਈ ।
ਪਹੁੰਚੇ ਆਨ ਯਹਾਂ ਹਮ ਆਜ । ਦੇਖਯੋ ਨੈਨੀਤਾਲ ਸਮਾਜ ॥ ੫ ॥

ਸੋਰਠਾ—ਪਹੁੰਚੇ ਨੈਨੀਤਾਲ, ਜਾਗਾ ਬਹੁਤ ਅਨੰਦ ਕੀ ।
ਕੁਝ ਕੁ ਸੁਨਾਊਂ ਹਾਲ, ਜੋ ਬੀਤਾ ਇਸ ਓਰ੦ ਸੇ ॥ ੬ ॥

ਕਬਿੱਤ—ਤਾਲ ਨੈਨੀ ਜੋਈ ਮੇਰੇ ਸਾਮ੍ਹਨੇ ਹੈ ਸੋਈ,
ਯਾ ਕੀ ਉਪਮਾ ਨ ਕੋਈ, ਕਰ ਸਕੇ ਥੋੜੀ ਦੇਰ ਮੈਂ ।
ਤੀਨ ਓਰ ਗਿਰਿ ਦੀਸੈਂ, ਠਾਢੇ ਕਾਢੇ ਸਿਰ ਤੀਛੇ,
ਜਲ ਝਰੇ ਝਿਰ ਝਿਰ, ਕਈ ਹੇਰ ਫੇਰ ਮੈਂ ।
ਅਸੁ ਸੁੰਭ ਜੈ ਸਮਾਨ ਘੇਰੇ ਹੈਂ ਪਹਾੜ ਤੈਸੇ,
ਕੋਠੀ ਬੜੀ ਲੈਸ ਜੈਸੇ ਹੀਰੇ ਹਰੇ ਮੇਰ ਮੈਂ ।
ਨੈਨਾ ਦੇਵੀ ਜਾਨ ਤਾ ਕੋ, ਯਹਾਂ ਭੀ ਸਥਾਨ ਵਾ ਕੋ,
ਨਾਮ ਬਨੋਂ ਆਨ, ਨੈਨੀ ਤਾਲ ਬਡੇ ਫੇਰ ਮੈਂ ॥ ੭ ॥

ਸਵੈਯਾ

ਸੋਭਤ ਹੈ ਜਲ ਕੋ ਡਲ ਯੋਂ, ਅਰੁ ਗੂੰਜਤ ਹੈ ਜਲ ਜੋ ਚਲ ਜਾਈ ।
ਮਾਨ ਸਰੋਵਰ ਜਾਨ ਲਵੇ, ਪੁਨਿ ਅਹਿਲ ਫ਼ਰੰਗ ਸੁ ਹੰਸ ਲੁਭਾਈ ।
ਫੂਲ ਨਹੀਂ ਇਸ ਜਾ ਇਕ ਦੀਸਤ, ਔ ਫਲ ਭਾਜੀ ਨ ਦੇਖਨ ਪਾਈ ।

---

*ਮਿਸਟਰ ਮਕਾਲਿਫ਼ । †Terminus. (ਅੰਤਲਾ ਠਹਿਰਾਉ) । ‡ Ten (ਦਸ) ।
()Monday (ਸੋਮਵਾਰ) । []Wheels (ਪਹੀਏ) । ੦ਤਰਫ਼ ਵਲ ।

Sri Satguru Jagjit Singh Ji eLibrary NamdhariElibrary@gmail.com

ਚੀਜ਼ ਸਭੀ ਗਹਿ ਹੇਠ ਮਦਾਨ ਤੇ, ਆਇ ਯਹਾਂ ਬਹੁ ਮੋਲ ਬਿਕਾਈ ॥ ੮ ॥
ਰਾਜਨ ਇੰਦ੍ਰ ਕੀ ਛਾਉਣੀ ਹੈ ਯਹਾਂ, ਖਾਡਨ ਮੈਂ ਸੁਭ ਸਾਜ ਰਹੀ।
ਜਬ ਚਾਹੇ ਤਬੀ ਸਹਿ ਗ੍ਰੀਖਮ ਕੇ, ਭਲ ਜੁੱਧ ਕਰੇ ਦੂੰਦ ਬਾਜ ਰਹੀ।
ਸਰਦੀ ਕਰ ਕੇ ਫਿਰ ਜਾਇ ਚਲੀ, ਨਿਜ ਘਾਟਨ ਮੈਂ ਜੋ ਹਰੀ ਹੋ ਰਹੀ।
ਤਬ ਸਾਫ਼ ਅਕਾਸ ਪਿਖੇ ਸਗਰੋ, ਕਹਿ ਬਾਰਸ ਆਜ ਨ ਰੰਚ ਰਹੀ ॥ ੯ ॥
ਦੋਹਰਾ—ਲਾਟ ਸਾਹਿਬ ਲਫ਼ਟੰਟ ਜੋ, ਤਾ ਕੀ ਕੋਠੀ ਜਾਨ।
ਸਿਰ ਪਰ ਗਿਰਿ† ਕੇ ਸਜ ਰਹੀ, ਊਚਾ ਬਹੁ ਅਸਥਾਨ ॥ ੧੦ ॥

ਸੋਰਠਾ—ਯਹ ਥੋੜਾ ਸਾ ਹਾਲ, ਮੈਨੇ ਦਿਯਾ ਬਤਾਇ ਤੁਹਿ।
ਕਿਆ ਕਛੁ ਕਹੂੰ ਬਿਸਾਲ, ਇਤਨਾ ਹੀ ਕਾਫ਼ੀ ਲਖੋ ॥ ੧੧ ॥
ਸਭ ਸੱਜਨ ਸੁਖਦਾਇ, ਜੌਨ ਸਹਾਈ ਸਭਾ ਕੇ।
ਸਭ ਕੋ ਫ਼ਤਹ ਬੁਲਾਇ, ਹਾਥ ਜੋੜ ਹਮਰੀ ਲਖੋ ॥ ੧੨ ॥

ਭਾਈ ਗੁਰਮੁਖ ਸਿੰਘ ਦਾ ਇਹ ਸਫ਼ਰ ਨਾਮਾ ੬ ਅਕਤੂਬਰ, ੧੮੯੮ ਈ: ਦੇ 'ਖ਼ਾਲਸਾ ਅਖ਼ਬਾਰ' ਵਿਚ ਛਪਿਆ ਤੇ ਨਾਲ ਹੀ ਇਸ ਦੇ ਉੱਤਰ ਵਿਚ ਗਿਆਨੀ ਦਿੱਤ ਸਿੰਘ ਨੇ ਆਪਣੇ ਵਲੋਂ ਇਕ ਨੋਟ ਵੀ ਦਿੱਤਾ ਸੀ, ਜਿਸ ਦੀਆਂ ਸਤਰਾਂ ਇਹ ਹਨ:—

'ਅਖ਼ਬਾਰ ਖ਼ਾਲਸਾ' ਅਤਿ ਚਿਤ ਚਾਇ।
ਚੀਫ਼ ਸਕਤ੍ਰ ਕੋ ਮਨ ਲਾਇ।
ਦੇਤ ਮੁਬਾਰਕਬਾਦ ਪਿਆਰੀ।
ਕਰੀ ਸੈਲ ਜਿਸ ਨੇ ਯਹਿ ਭਾਰੀ* ॥

ਏਥੇ ਹੀ ਬਸ ਨਹੀਂ, ਅਜਿਹੀਆਂ ਅਨੇਕਾਂ ਹੋਰ ਮਿਸਾਲਾਂ ਵੀ ਮਿਲਦੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਗਿਆਨੀ ਦਿੱਤ ਸਿੰਘ ਜਾਂ ਉਨ੍ਹਾਂ ਦੇ ਸਾਥੀ ਪਤ੍ਰਕਾਰ ਵਾਰਤਕ ਲਿਖਾਰੀ ਹੋਣ ਦੇ ਬਾਵਜੂਦ ਕੁਝ ਸੰਪਾਦਕੀ ਨੋਟ ਆਮ ਤੌਰ ਤੇ ਕਵਿਤਾ ਵਿਚ ਹੀ ਲਿਖਦੇ ਸਨ। ਸੰਸਕ੍ਰਿਤ ਵਿਚ ਅਜਿਹੇ ਲਿਖਣ-ਢੰਗ ਨੂੰ, ਜਿਸ ਵਿਚੋਂ ਕਵਿਤਾ ਤੇ ਵਾਰਤਕ ਦੋਵੇਂ ਹੋਣ, 'ਚੰਪੂ' ਕਿਹਾ ਜਾਂਦਾ ਹੈ। ਗਿਆਨੀ ਦਿੱਤ ਸਿੰਘ ਜੀ ਅਜਿਹਾ 'ਚੰਪੂ-ਕਾਵਯ' ਲਿਖਣ ਵਿਚ ਖ਼ਾਸ ਤੌਰ ਤੇ ਮੁਹਾਰਤ ਰਖਦੇ ਸਨ। ਉਨ੍ਹਾਂ ਦੀਆਂ ਕਈ ਪੁਸਤਕਾਂ ਦੰਭ ਵਿਦਾਰਣ, ਦੁਰਗਾ ਪ੍ਰਬੋਧ, ਨਕਲੀ ਸਿੱਖ ਪ੍ਰਬੋਧ, ਗੁੱਗਾ-ਗਪੌੜਾ, ਮੀਰਾਂ ਮਨੌਤ ਆਦਿ ਵਾਰਤਕ ਤੇ ਕਵਿਤਾ ਦਾ ਗੰਗਾ-ਜਮਨੀ ਸੰਗਮ ਹੋਣ ਕਰ ਕੇ 'ਚੰਪੂ-ਕਾਵਯ' ਦੇ ਬੜੇ ਸੋਹਣੇ ਨਮੂਨੇ ਹਨ। ਪੰਜਾਬੀ ਵਿਚ ਇਹ ਇਕ ਅਜੀਬ ਜਿਹਾ ਲਿਖਣ-ਢੰਗ ਸਿੰਘ ਸਭਾ ਲਹਿਰ ਦੇ ਸਮੇਂ ਵਿਚ ਸੰਨ ੧੮੮੦ ਤੋਂ ੧੯੦੧ ਤਕ ਚਲਦਾ ਰਿਹਾ ਤੇ ਫੇਰ ਗਿਆਨੀ ਦਿੱਤ ਸਿੰਘ ਦਾ ਦੇਹਾਂਤ ਹੋਣ ਤੇ ਆਪਣੇ ਆਪ ਬੰਦ ਹੋ ਗਿਆ।

**ਪੰਜਾਬੀ ਵਿਚ 'ਚੰਪੂ-ਕਾਵਯ'**

†ਪਹਾੜ। *ਖ਼ਾਲਸਾ ਅਖ਼ਬਾਰ (ਲਾਹੌਰ), ੬ ਅਕਤੂਬਰ, ਸੰਨ ੧੮੯੮, ਸਫ਼ੇ ੭—੮।

Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਲਹਿਰ ਦੇ ਸਮੇਂ ਸੰਨ ੧੮੬੭ ਤੋਂ ਲੈ ਕੇ ਸਿੰਘ ਸਭਾ ਲਹਿਰ ਦੇ ਅੰਤਲੇ ਦਿਨਾਂ (ਸੰਨ ੧੮੧੦) ਤਕ ਪਤ੍ਰਕਾਰੀ ਇਸ ਜੁਗ ਦਾ ਪ੍ਰਧਾਨ ਅੰਗ ਰਹੀ। ਪੰਜਾਬੀ ਵਾਰਤਕ ਦੀ ਉੱਨਤੀ ਦੇ ਨਾਲ ਹੀ ਪਤ੍ਰਕਲਾ ਦੇ ਰਾਹੀਂ ਸਿੰਘ ਸਭਾ ਲਹਿਰ ਨੂੰ ਚੋਖਾ ਲਾਭ ਪੁੱਜਾ। ਇਸ ਸਮੇਂ ਵਿਚ ਜੋ ਜੋ ਪ੍ਰਸਿੱਧ ਅਖ਼ਬਾਰਾਂ ਤੇ ਰਸਾਲੇ ਚੱਲੇ, ਉਨ੍ਹਾਂ ਦੀ ਨਾਮਾਵਲੀ ਕ੍ਰਮ ਅਨੁਸਾਰ ਇਹ ਹੈ :—

**ਸਾਡੀ ਪਤ੍ਰਕਲਾ**

(੧) ਵਿਕਾਸ ਕਾਲ—ਅਖ਼ਬਾਰ ਸ੍ਰੀ ਦਰਬਾਰ ਸਾਹਿਬ, ਅਮ੍ਰਿਤਸਰ (੧੮੬੭), ਸੁਕਵਿ ਸੰਬੋਧਨੀ (੧੮੭੫) ਅਤੇ ਅਖ਼ਬਾਰ ਕਾਵਜ ਚੰਦ੍ਰੋਦਯ (੧੮੭੬)

(੨) ਮੁੱਢਲਾ ਜੁਗ—ਗੁਰਮੁਖੀ ਅਖ਼ਬਾਰ, ਲਾਹੌਰ (੧੮੮੦), ਵਿਦਜਾਰਕ ਪੰਜਾਬ, ਲਾਹੌਰ (੧੮੮੧), ਗੁਰਮਤ ਪ੍ਰਕਾਸ਼ਕ, ਰਾਵਲਪਿੰਡੀ (੧੮੮੫), ਪੰਜਾਬ ਦਰਪਣ (੧੮੮੫), ਖ਼ਾਲਸਾ ਅਖ਼ਬਾਰ, ਲਾਹੌਰ (੧੮੮੬),ਰਸਾਲਾ ਸੁਧਾਰਾਰਕ,ਲਾਹੌਰ (੧੮੮੬), ਸਿੰਘ ਸਭਾ ਗਜ਼ਟ, ਅਮ੍ਰਿਤਸਰ (੧੮੯੦), ਲਾਇਲ ਖ਼ਾਲਸਾ ਗਜ਼ਟ, ਸਿਆਲ ਕੋਟ (੧੮੯੧), ਰਸਾਲਾ ਸੁਧਾ ਸਾਗਰ, ਨਾਭਾ (੧੮੯੨), ਭਾਰਤ ਸੁਧਾਰ, ਲਾਹੌਰ (੧੮੯੩), ਖ਼ਾਲਸਾ ਗਜ਼ਟ ਲਾਹੌਰ (੧੮੯੪), ਸਤ ਧਰਮ ਪ੍ਰਚਾਰਕ (੧੮੯੫), ਨਿਰਗੁਣਿਆਰਾ, ਅਮ੍ਰਿਤਸਰ (੧੮੯੬), ਖ਼ਾਲਸਾ ਸਮਾਚਾਰ, ਅਮ੍ਰਿਤਸਰ (੧੮੯੯) ਤੇ ਖ਼ਾਲਸਾ ਨੌਜਵਾਨ ਬਹਾਦੁਰ, ਅਮਿਤਸਰ (੧੮੯੯)।

(੩) ਰਾਜਨੀਤਿਕ ਜਾਗ੍ਰਿਤੀ ਦਾ ਸਮਾਂ—ਗੁਰਮਤ ਪ੍ਰਚਾਰ, ਲਾਹੌਰ. (੧੯੦੧), ਰਾਮਗੜ੍ਹੀਆ ਪਤ੍ਰਿਕਾ, ਲਾਹੌਰ (੧੯੦੨), ਖ਼ਾਲਸਾ ਸੇਵਕ, ਲਾਹੌਰ (੧੯੦੩), ਖ਼ਾਲਸਾ ਐਡਵੋਕੇਟ ਅੰਗ੍ਰੇਜ਼ੀ, ਅਮ੍ਰਿਤਸਰ (੧੯੦੩), ਪੰਥ ਮਿਤ੍ਰ, ਅਮ੍ਰਿਤਸਰ (੧੯੦੪), ਇਸਤ੍ਰੀ ਸਤਿਸੰਗ, ਅਮ੍ਰਿਤਸਰ (੧੯੦੪) ਖ਼ਾਲਸਾ ਧਰਮ ਦੀਪਕ, ਬਟਾਲਾ (੧੯੦੫), ਖ਼ਾਲਸਾ ਯੰਗ ਮੈਨ'ਜ਼ ਮੈਗਜ਼ੀਨ, ਅਮ੍ਰਿਤਸਰ (੧੯੦੫), ਸਿਵਲ ਮਿਲਟਰੀ ਅਖ਼ਬਾਰ, ਕੋਇਟਾ (੧੯੦੬), ਰਸਾਲਾ ਦੂਖ ਨਿਵਾਰਨ, ਤਰਨ ਤਾਰਨ (੧੯੦੬), ਗੁੰਥੀ, ਤਰਨ ਤਾਰਨ (੧੯੦੬), ਪੰਜਾਬ ਕੇਸਰੀ, ਅਮ੍ਰਿਤਸਰ (੧੯੦੭), ਪੰਜਾਬੀ ਭੈਣ, ਫ਼ੀਰੋਜ਼ਪੁਰ (੧੯੦੭), ਬੀਰ ਅਖ਼ਬਾਰ, ਅਮ੍ਰਿਤਸਰ (੧੯੦੯), ਸੱਚਾ ਢੰਡੋਰਾ, ਲਾਇਲਪੁਰ (੧੯੦੯), ਨਿਰਮਲ ਪਤ੍ਰ, ਅਮ੍ਰਿਤਸਰ (੧੯੦੯), ਮੋਹਰਾ ਪਤ੍ਰਿਕਾ, ਅਮ੍ਰਿਤਸਰ (੧੯੦੯), ਪਟਿਆਲਾ ਗਜ਼ਟ, ਪਟਿਆਲਾ (੧੯੧੦), ਪੰਜਾਬੀ, ਲੁੱਦਿਹਾਣਾ (੧੯੧੦) ਅਤੇ ਦਿੱਤ ਸਿੰਘ ਮੈਗਜ਼ੀਨ, ਰੋਪੜ (ਅੰਬਾਲਾ) ੧੯੧੦* ।

*ਵਧੀਕ ਵੇਰਵੇ ਲਈ ਦੇਖੋ, ਮੇਰੀ ਪੁਸਤਕ 'ਪੰਜਾਬੀ ਪਤ੍ਰਕਲਾ' ੧੯੫੩ (ਮਹਿਕਮਾ ਪੰਜਾਬੀ, ਪਟਿਆਲਾ)।

Sri Satguru Jagjit Singh Ji eLibrary NamdhariElibrary@gmail.com

# ਸਰਦਾਰ ਠਾਕੁਰ ਸਿੰਘ ਸੰਧਾਵਾਲੀਏ

(ਸੰਨ ੧੮੩੭—੧੮੮੭ ਈ:)

ਇਹ ਸਰਦਾਰ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਦੇ ਪਹਿਲੇ ਪ੍ਰਧਾਨ ਤੇ ਸਿੰਘ ਸਭਾ ਲਹਿਰ ਦੇ ਪ੍ਰਮੁਖ ਆਗੂ ਸਨ। ਇਨ੍ਹਾਂ ਦਾ ਜਨਮ ਸਰਦਾਰ ਲਹਿਣਾ ਸਿੰਘ ਸੰਧਾਵਾਲੀਏ ਦੇ ਘਰ ਸੰਨ ੧੮੩੭ ਈ: ਵਿਚ ਪਿੰਡ ਰਾਜਾ ਸਾਂਸੀ ਜ਼ਿਲਾ ਅਮ੍ਰਿਤਸਰ ਵਿਖੇ ਹੋਇਆ ਸੀ। ਸਰਦਾਰ ਲਹਿਣਾ ਸਿੰਘ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਹੀ ਖ਼ਾਨਦਾਨ ਵਿਚੋਂ ਸਨ। ਮਹਾਰਾਜਾ ਰਣਜੀਤ ਸਿੰਘ ਤੋਂ ਪਿੱਛੋਂ ਰਾਜਾ ਧਿਆਨ ਸਿੰਘ, ਰਾਜਾ ਗੁਲਾਬ ਸਿੰਘ ਤੇ ਰਾਜਾ ਸੁਚੇਤ ਸਿੰਘ ਡੋਗਰੇ ਦੀਆਂ ਗਹਿਰੀਆਂ ਸਾਜ਼ਿਸ਼ਾਂ ਦੇ ਕਾਰਣ ਚੂੰਕਿ ਦਰਬਾਰ ਲਾਹੌਰ ਵਿਚ ਆਪਾ ਧਾਪੀ ਮਚ ਗਈ ਤੇ ਸਾਰਾ ਰਾਜਪ੍ਰਬੰਧ ਜ਼ੋਰੋ ਜ਼ਬਰ ਹੋ ਗਿਆ, ਜਿਸ ਕਾਰਣ ਮਹਾਰਾਜਾ ਖੜਗ ਸਿੰਘ, ਕੌਰ ਸੌ ਨਿਹਾਲ ਸਿੰਘ ਤੇ ਮਹਾਰਾਣੀ ਚੰਦ ਕੌਰ ਇਕ ਦੂਜੇ ਤੋਂ ਬਾਦ ਮਾਰੇ ਗਏ ਤੇ ਫੇਰ ਮਹਾਰਾਜਾ ਸ਼ੇਰ ਸਿੰਘ ਵੀ ਆਪਣੇ ਪੁਤ੍ਰ ਕੌਰ ਪ੍ਰਤਾਪ ਸਿੰਘ ਤੇ ਵਜ਼ੀਰ ਧਿਆਨ ਸਿੰਘ ਡੋਗਰੇ ਸਮੇਤ ਮਹਾਰਾਣੀ ਚੰਦ ਕੌਰ ਦੇ ਕਤਲ ਦੇ ਕਸਾਸ ਵਜੋਂ ਸਰਦਾਰ ਲਹਿਣਾ ਸਿੰਘ ਤੇ ਅਜੀਤ ਸਿੰਘ ਸੰਧਾਵਾਲੀਏ ਦੇ ਹੱਥੋਂ ਕਾਲ ਦਾ ਗ੍ਰਾਸ ਬਣ ਗਿਆ, ਇਸ ਲਈ ਰਾਜਾ ਹੀਰਾ ਸਿੰਘ ਡੋਗਰੇ ਦਾ ਗੁੱਸਾ ਸੰਧਾਵਾਲੀਆ ਉਤੇ ਢਲਿਆ। ਇਸੇ ਗੁੱਸੇ ਦੇ ਨਤੀਜੇ ਵਜੋਂ ਸਰਦਾਰ ਲਹਿਣਾ ਸਿੰਘ ਤੇ ਸਰਦਾਰ ਅਜੀਤ ਸਿੰਘ ਸੰਧਾਵਾਲੀਏ ਲਾਹੌਰ ਦੇ ਸ਼ਾਹੀ ਕਿਲੇ ਵਿਚ ਡੋਗਰਾ ਫ਼ੌਜ ਦਾ ਮੁਕਾਬਲਾ ਕਰਦੇ ਹੋਏ ਸੰਨ ੧੮੪੩ ਈ: ਵਿਚ ਮਾਰੇ ਗਏ। ਸਰਦਾਰ ਠਾਕੁਰ ਸਿੰਘ ਦੀ ਉਮਰ ਉਸ ਸਮੇਂ ਮਸਾਂ ੬ ਸਾਲਾਂ ਦੀ ਸੀ। ਇਸਤਰ੍ਹਾਂ ਪਿਤਾ ਦਾ ਸਾਇਆ ਸਿਰ ਉਤੋਂ ਉਠ ਜਾਣ ਕਰਕੇ ਸ: ਠਾਕੁਰ ਸਿੰਘ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਮ੍ਹਣਾ ਕਰਨਾ ਪਿਆ ਤੇ ਕਿਸੇ ਹੀਲੇ ਮਸਾਂ ਮਸਾਂ ਉਸ ਦੀ ਜਾਨ ਬਚੀ।

ਇਸ ਤੋਂ ਬਾਦ ਸੰਨ ੧੮੪੫-੪੬ ਤੇ ਸੰਨ ੧੮੪੮-੪੯ ਦੀਆਂ ਸਿੱਖਾਂ ਤੇ ਫ਼ਰੰਗੀਆਂ ਦੀਆਂ ਲੜਾਈਆਂ ਹੋਣ ਤੇ,ਜੋ ਕਿ ਰਾਜਾ ਗੁਲਾਬ ਸਿੰਘ ਡੋਗਰੇ ਦੀਆਂ ਗਹਿਰੀਆਂ ਸਾਜ਼ਿਸ਼ਾਂ ਦੇ ਹੀ ਨਤੀਜੇ ਸਨ, ਸਰਕਾਰ ਅੰਗ੍ਰੇਜ਼ੀ ਨੇ ਮੱਲੋਜ਼ੋਰੀ ਦਰਬਾਰ ਲਾਹੌਰ ਤੇ ਕਬਜ਼ਾ ਆ ਜਮਾਇਆ ਤੇ ਸਿੱਖ-ਰਾਜ ਕਾਬੂ ਕਰ ਕੇ ਸ਼ੇਰਿ ਪੰਜਾਬ ਦੇ ਨਿੱਕੇ ਪੁਤ੍ਰ ਮਹਾਰਾਜਾ ਦਲੀਪ ਸਿੰਘ ਨੂੰ ਦੇਸ-ਨਿਕਾਲਾ ਦੇ ਦਿੱਤਾ। ਇਸ ਕਾਰਣ ਸਰਦਾਰ ਠਾਕੁਰ ਸਿੰਘ ਦੀ ਹਾਲਤ ਹੋਰ ਵੀ ਡਾਵਾਂਡੋਲ ਹੋ ਗਈ ਤੇ ਉਹ ਆਪਣੀਆਂ ਘਰੋਗੀ ਔਕੜਾਂ ਕਾਰਣ ਕਿਸੇ ਹੀਲੇ ਵੀ ਭਰਪੂਰ ਵਿਦਿਆ ਪ੍ਰਾਪਤ ਨਾ ਕਰ ਸਕਿਆ। ਸੰਨ ੧੮੫੦ ਤੋਂ ੧੮੬੫ ਤਕ ਸਾਰੀਆਂ ਮੁਸ਼ਕਿਲਾਂ ਵਿਚੋਂ ਪਾਰ ਹੋਣ ਤੇ ਸਰਦਾਰ ਠਾਕੁਰ ਸਿੰਘ ਸਰਕਾਰ ਅੰਗ੍ਰੇਜ਼ੀ ਵਲੋਂ ਜ਼ਿਲਾ ਅਮ੍ਰਿਤਸਰ ਦੇ ਐਕਸਟਰਾ ਅਸਿਸਟੈਂਟ ਕਮਿਸ਼ਨਰ ਤੇ ਉਸ ਦੇ ਨਾਲ ਹੀ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਨਿਯੁਕਤ ਕੀਤੇ ਗਏ।

ਸਰਦਾਰ ਠਾਕੁਰ ਸਿੰਘ ਨੂੰ ਮੁੱਢ ਤੋਂ ਹੀ ਸਿੱਖਾਂ ਦੀ ਗਿਰਾਵਟ ਦਾ ਦਿਲੀ

ਅਹਿਸਾਸ ਸੀ, ਜਿਸ ਕਰ ਕੇ ਉਸ ਦੀ ਮਨਸ਼ਾ ਸਿੱਖਾਂ ਦਾ ਧਾਰਮਿਕ ਤੇ ਸਮਾਜਿਕ ਸੁਧਾਰ ਕਰ ਕੇ ਗੁਰੂ-ਪੰਥ ਨੂੰ ਉਚਿਆਉਣ ਦੀ ਸੀ । ਸੋ ਇਸੇ ਕਾਰਣ ਜਦ ਉਸ ਦੇ ਹੱਥ ਸ੍ਰੀ ਦਰਬਾਰ ਸਾਹਿਬ ਦਾ ਕੁਝ ਪ੍ਰਬੰਧ ਕਿਸੇ ਹੱਦ ਤਕ ਆਇਆ ਤੇ ਅਮ੍ਰਿਤਸਰ ਵਿਚ ਈਸਾਈਅਤ ਦਾ ਜ਼ੋਰ ਵਧਦਾ ਦੇਖ ਕੇ ਸਿੱਖ ਆਗੂਆਂ ਵਲੋਂ ਸਿੰਘ ਸਭਾ ਦਾ ਮੁੱਢ ਸੰਨ ੧੮੭੩ ਈ: ਵਿਚ ਬੰਨ੍ਹਿਆ ਗਿਆ ਤਾਂ ਸਰਦਾਰ ਠਾਕੁਰ ਸਿੰਘ ਹੋਰੀਂ, ਜਿਵੇਂ ਕਿ ਪਿੱਛੇ ਸਿੰਘ ਸਭਾ ਲਹਿਰ ਦੇ ਇਤਿਹਾਸ ਵਿਚ ਦੱਸਿਆ ਗਿਆ ਹੈ, ਇਸ ਸਭਾ ਦੇ ਪ੍ਰਧਾਨ ਮਿਥੇ ਗਏ ।

ਸੰਨ ੧੮੭੩ ਤੋਂ ਸੰਨ ੧੮੮੩ ਈ: ਤਕ ਸ: ਠਾਕੁਰ ਸਿੰਘ ਹੋਰਾਂ ਇਹ ਸੇਵਾ ਅਜੇ ਮਸਾਂ ਦਸ ਕੁ ਸਾਲ ਹੀ ਨਿਭਾਈ ਸੀ ਕਿ ਅਚਾਣਕ ਸਮੇਂ ਨੇ ਪਲਟਾ ਖਾਧਾ ਤੇ ਆਪ ਵਲਾਇਤੋਂ ਪ੍ਰਵਾਸੀ ਮਹਾਰਾਜਾ ਦਲੀਪ ਸਿੰਘ ਦੇ ਤਾਕੀਦੀ ਪਤ੍ਰ ਆਉਣ ਕਰ ਕੇ ਉਸ ਦੀ ਪੰਜਾਬ ਵਿਚ ਵੱਡੀ ਜਾਇਦਾਦ ਦੇ ਵੇਰਵੇ ਤਿਆਰ ਕਰਨ ਵਿਚ ਜੁਟ ਗਏ । ਉਸ ਸਮੇਂ ਦੇਸ ਵਿਚ ਮਹਾਰਾਜੇ ਦੀ ਵਾਪਸੀ ਦੀਆਂ ਅਫ਼ਵਾਹਾਂ ਉਡ ਰਹੀਆਂ ਸਨ,ਇਸ ਲਈ ਮਹਾਰਾਜੇ ਦੇ ਹਾਮੀਆਂ ਉਤੇ ਸਰਕਾਰ ਅੰਗ੍ਰੇਜ਼ੀ ਦੀ ਗਹਿਰੀ ਨਿਗਾਹ ਹੋਣੀ ਇਕ ਕੁਦਰਤੀ ਗੱਲ ਸੀ, ਪਰ ਸਰਦਾਰ ਠਾਕੁਰ ਸਿੰਘ ਨੇ ਇਸ ਨਾਰਾਜ਼ਗੀ ਦੀ ਕੋਈ ਪਰਵਾਹ ਨਾ ਕੀਤੀ ਤੇ ਉਹ ਆਪਣੇ ਵਲੋਂ ਮਹਾਰਾਜੇ ਨੂੰ ਪੂਰੀ ਪੂਰੀ ਮਿਲਵਰਤਨ ਦਿੰਦੇ ਹੋਏ ਇਥੋਂ ਤਕ ਅੱਗੇ ਵਧੇ ਕਿ ਮਹਾਰਾਜੇ ਦੇ ਸੱਦੇ ਪਰ ਸੰਨ ੧੮੮੪ ਵਿਚ ਲੰਡਨ ਪਹੁੰਚ ਗਏ, ਤੇ ਉੱਥੇ ਜਾਂਦਿਆਂ ਹੀ ਉਨ੍ਹਾਂ ਨੇ ਆਪਣਾ ਹਕੀਕੀ ਭਾਈ ਜਾਣ ਕੇ ਮਹਾਰਾਜਾ ਦਲੀਪ ਸਿੰਘ ਨੂੰ, ਜੋ ਪਹਿਲਾਂ ਈਸਾਈ ਬਣ ਗਿਆ ਸੀ,ਮੁੜ ਅਮ੍ਰਿਤ ਛਕਾ ਕੇ ਸਿੰਘ ਸਜਾ ਲਿਆ। ਮਹਾਰਾਜੇ ਦੀ ਦਿਲੀ ਇੱਛਾ ਉਸ ਸਮੇਂ ਵਿਲਾਇਤ ਦਾ ਵਸੇਬਾ ਛੱਡ ਮੁੜ ਪੰਜਾਬ ਆਕੇ ਆਪਣੀ ਨਿੱਜੀ ਜਾਇਦਾਦ ਸਾਂਭਣ ਤੇ ਗੁਰੂ-ਪੰਥ ਦਾ ਅੰਗ ਬਣਕੇ ਰਹਿਣ ਦੀ ਸੀ, ਪਰ ਇਹ ਸੱਧਰ ਕਿਵੇਂ ਪੂਰੀ ਹੋਵੇ, ਜੋ ਹੋਰ ਵੀ ਸੋਚਣ ਵਾਲੀ ਗੱਲ ਸੀ । ਸਰਦਾਰ ਠਾਕੁਰ ਸਿੰਘ ਹੋਰੀ ਇਹ ਸੋਚਦੇ ਹੋਏ ਇਸ ਤੋਂ ਅਗਲੇ ਸਾਲ ਸੰਨ ੧੮੮੫ ਵਿਚ ਹੀ ਵਾਪਸ ਪੰਜਾਬ ਪਰਤ ਆਏ ਅਤੇ ਮਹਾਰਾਜੇ ਦੀ ਵਾਪਸੀ ਦੀਆਂ ਉਡੀਕਾਂ ਕਰਨ ਲੱਗੇ ।

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਵਾਸੀ ਪੁਤ੍ਰ ਮਹਾਰਾਜਾ ਦਲੀਪ ਸਿੰਘ ਦੀ ਇਸ ਤਰਾਂ ਮੁੜ ਦੇਸ ਵਾਪਸੀ ਹੋਣੀ ਤੇ ਉਸ ਦੀ ਖੁੱਸੀ ਹੋਈ ਜਾਇਦਾਦ ਜਾਂ ਉਸ ਦੇ ਰਾਜ-ਭਾਗ ਦਾ ਕਿਸੇ ਹੱਦ ਤਕ ਵਾਪਸ ਮਿਲਣਾ ਇਕ ਪ੍ਰਕਾਰ ਦੀ ਮਗਰ ਮੱਛ ਦੇ ਮੂੰਹ ਵਿਚੋਂ ਸ਼ਿਕਾਰ ਖ਼ੋਹ-ਕੱਢਣ ਵਾਲੀ ਗੱਲ ਸੀ, ਜੋ ਨਾ ਹੋਣੀ ਸੀ ਤੇ ਨਾ ਕਿਸੇ ਹੀਲੇ ਹੋ ਹੀ ਸਕੀ, ਸਗੋਂ ਮਹਾਰਾਜੇ ਦੀ ਦੇਸ਼ ਵਾਪਸੀ ਉਤੇ ਅਧਵਾਟਿਓਂ ਹੀ ਪਾਬੰਦੀ ਲੱਗ ਗਈ ਤੇ ਇਧਰ ਸਰਦਾਰ ਠਾਕੁਰ ਸਿੰਘ ਸੰਧਾਵਾਲੀਏ ਨੂੰ ਵੀ ਉਸ ਦਾ ਸਵਾਗਤ ਚਿਤਵਦਿਆਂ ਅਚਾਣਕ ਸੰਨ ੧੮੮੬ ਵਿਚ ਪੰਜਾਬ ਦਾ ਵਸੇਬਾ ਛੱਡ ਫ਼ਰਾਂਸੀਸਾਂ ਦੇ ਇਲਾਕੇ ਪਾਂਡੀਚਰੀ ਦੇ ਸਥਾਨ ਪਰ ਜਾ ਕੇ ਪਨਾਹ ਲੈਣੀ ਪਈ, ਜਿੱਥੇ ਬੜੀ ਨਿਰਾਸਤਾ ਦੀ ਹਾਲਤ ਵਿਚ ਹੀ ਬੀਮਾਰ ਹੋਣ ਤੇ ੧੮ ਅਗਸਤ, ਸੰਨ ੧੮੮੭ ਈ: ਨੂੰ ਸਰਦਾਰ ਹੋਰਾਂ ਦਾ ਅਚਾਣਕ ਅਕਾਲ ਚਲਾਣਾ ਹੋ ਗਿਆ ।

Sri Satguru Jagjit Singh Ji eLibrary NamdhariElibrary@gmail.com

# ਅੰਗ੍ਰੇਜ਼ੀ ਹਕੂਮਤ ਤੇ ਸਿੱਖ

ਸਤਲੁਜ ਦੀ ਲੜਾਈ (੧੮੪੫-੪੬) ਤੋਂ ਬਾਦ ਸਰ ਜਾਹਨ ਲਾਰੰਸ ਦਾ ਕਥਨ ਸੀ ਕਿ:—

'ਅਸੀਂ ਆਮ ਲੜਾਈਆਂ ਵਾਂਗੁ ਸਿੱਖਾਂ ਦੇ ਵਿਰੁੱਧ ਜੰਗ ਏਸ ਵਿਚਾਰ ਨਾਲ ਛੇੜਿਆ ਸੀ ਕਿ ਇਹ ਸਾਡਾ ਮੁਕਾਬਲਾ ਨਹੀਂ ਕਰ ਸਕਦੇ, ਪਰ ਜਦ ਅਸੀਂ ਸਿੱਖਾਂ ਦੇ ਵਿਰੁੱਧ ਲੜੇ ਤਾਂ ਸਾਡੇ ਦਿਲਾਂ ਵਿਚ ਇਨ੍ਹਾਂ ਦੀ ਬਹਾਦੁਰੀ, ਹੌਸਲੇ ਤੇ ਦਲੇਰੀ ਨੇ ਘਰ ਕਰ ਲਿਆ। ਹਿੰਦੁਸਤਾਨ ਵਿਚ ਕਿਸੇ ਹੋਰ ਕੌਮ ਨੇ ਸਿੱਖਾਂ ਵਾਗੁ ਸਾਡਾ ਏਨੀ ਦਲੇਰੀ ਤੇ ਦਿੜ੍ਹਤਾ ਨਾਲ ਟਾਕਰਾ ਨਹੀਂ ਕੀਤਾ। ਹੁਣ ਤਕ ਅਸੀਂ ਹਿੰਦੁਸਤਾਨ ਵਿਚ ਜਿਤਨੇ ਵੀ ਸ਼ਤਆਂ ਨਾਲ ਲੜੇ, ਉਨ੍ਹਾਂ ਸਾਰਿਆਂ ਨੂੰ ਅਸੀਂ ਬੜੀ ਛੇਤੀ ਹਾਰ ਦਿੰਦੇ ਰਹੇ, ਪਰ ਜਦੋਂ ਅਸੀਂ ਸਿੱਖਾਂ ਦੇ ਵਿਰੁੱਧ ਲੜੇ ਤਾਂ ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦ ਅਸੀਂ ਦੇਖਿਆ ਕਿ ਸਿੰਘ ਸੂਰਮੇ ਨਾ-ਕੇਵਲ ਅਖ਼ੀਰ ਦਮ ਤਕ ਆਪਣੀਆਂ ਤੋਪਾਂ ਚਲਾਉਂਦੇ ਰਹੇ, ਸਗੋਂ ਉਨ੍ਹਾਂ ਦੀਆਂ ਪਿਆਦਾ ਫ਼ੌਜਾਂ ਤੋਪਾਂ ਠੰਢੀਆਂ ਹੋ ਜਾਣ ਦੇ ਪਿੱਛੋਂ ਵੀ ਪੂਰੀ ਹਿੰਮਤ ਨਾਲ ਸਾਡੇ ਮੁਕਾਬਲੇ ਤੇ ਡਟੀਆ ਰਹੀਆਂ*।'

ਜਦ ੯ ਮਾਰਚ, ਸੰਨ ੧੮੪੬ ਨੂੰ ਸਿੱਖਾਂ ਤੇ ਅੰਗਰੇਜ਼ਾਂ ਦਾ ਨਵਾਂ ਅਹਿਦਨਾਮਾ ਹੋਇਆ ਤਾਂ ਉਹ ਸਿੱਖ ਰਜਮਟਾਂ, ਜਿਨ੍ਹਾਂ ਨੇ ਅੰਗ੍ਰੇਜ਼ਾਂ ਨਾਲ ਲੋਹਾ ਲਿਆ ਸੀ, ਤੋੜ ਦਿੱਤੀਆਂ ਗਈਆਂ, ਜਿਸ ਕਰ ਕੇ ਬਹੁਤ ਸਾਰੇ ਬਹਾਦੁਰ ਸਿਪਾਹੀ ਰੋਜ਼ੀ ਵਲੋਂ ਤੰਗ ਹੋਣ ਤੇ ਵਿਹਲੇ ਫਿਰਨ ਲੱਗੇ। ਅੰਗ੍ਰੇਜ਼ੀ ਹਕੂਮਤ ਦਾ ਇਸ ਸਮੇਂ ਸਭ ਤੋਂ ਪਹਿਲਾ ਕੰਮ ਪੰਜਾਬੀ ਜਨਤਾ ਨੂੰ ਕਾਬੂ ਕਰਨਾ ਸੀ। ਹਿਠਾੜ ਸਤਲੁਜ ਤੇ ਜਲੰਧਰ-ਦੁਆਬ ਦੇ ਇਲਾਕੇ ਚੂੰਕਿ ਸਿੱਖ ਰਾਜ ਨਾਲੋਂ ਟੁੱਟ ਚੁਕੇ ਸਨ, ਇਸ ਲਈ ਇਨ੍ਹਾਂ ਇਲਾਕਿਆਂ ਦੇ ਲੋਕ ਦਰਬਾਰ ਲਾਹੌਰ ਪਾਸ ਨੌਕਰ ਨਹੀਂ ਰਹਿ ਸਕਦੇ ਸਨ। ਟੁੱਟ ਚੁੱਕੀਆਂ ਰਜਮਟਾਂ ਦੇ ਸਿਪਾਹੀਆਂ ਵਿਚੋਂ ਕੁਝ ਸਿੱਖ ਸਰਦਾਰ ਵੀ ਸਨ।

**ਸੰਨ ੧੮੪੬ ਦਾ ਅਹਿਦ ਨਾਮਾ ਤੇ ਸਿੱਖ**

ਅੰਗ੍ਰੇਜ਼ੀ ਹਕੂਮਤ ਨੂੰ ਇਹ ਦੇਖ ਕੇ ਫ਼ਿਕਰ ਹੋਇਆ ਕਿ ਕਿਤੇ ਵਿਹਲੇ ਸਿੱਖ ਸਿਪਾਹੀ ਰਾਜਾ ਗੁਲਾਬ ਸਿੰਘ, ਤੇਜ ਸਿੰਘ ਆਦਿ ਤੋਂ ਵਿਰੁੱਧ, ਜੋ ਨਵੇਂ ਅਹਿਦਨਾਮੇ ਦੀ ਸੱਜੀ ਬਾਂਹ ਸਨ, ਕਿਸੇ ਪਾਸੇ ਬਗ਼ਾਵਤ ਹੀ ਨਾ ਕਰ ਦੇਣ। ਸੋ, ਇਹੋ ਸੋਚ ਕੇ ਲਾਹੌਰ ਵਿਚ ਸਿੱਖਾਂ ਦੀ ਨਵੀਂ ਫ਼ੌਜੀ ਭਰਤੀ ਕਰਨ ਦੀ ਤਜਵੀਜ਼ ਹੋਈ, ਪਰ ਇਹ ਭਰਤੀ ਚੂੰਕਿ ਸਰ ਹੈਨਰੀ ਲਾਰੰਸ ਦੇ ਅਧੀਨ ਸਿੱਖ-ਰਾਜ ਦੀ ਹਿਫ਼ਾਜ਼ਿਤ ਦੇ ਬਹਾਨੇ ਹੋਣੀ ਸੀ ਤੇ ਬਹੁਤੇ ਸਿੱਖ ਅੰਗ੍ਰੇਜ਼ ਦੀ ਗੁਲਾਮੀ ਕਰਨੀ ਗੁਨਾਹ ਸਮਝਦੇ ਸਨ, ਇਸ ਲਈ ਉਨ੍ਹਾਂ ਵਿਚੋਂ ਕੁਝ ਸਿਪਾਹੀ, ਜੋ ਕਿਸੇ ਕਾਰਣ ਨੌਕਰੀ ਲਈ ਰਜ਼ਾਮੰਦ ਹੋਏ,

**ਫ਼ੌਜੀ ਭਰਤੀ ਦੀ ਤਜਵੀਜ਼**

*R. B, Smith, Life of Lord Lawrence. vol. I, P. 213.

ਉਨ੍ਹਾਂ ਦੀ ਸ਼ਰਤ ਸੀ ਕਿ ਕੇਸ਼-ਦਾੜ੍ਹੀਆਂ ਰੱਖਣ ਦੀ ਉਨ੍ਹਾਂ ਨੂੰ ਖੁਲ੍ਹ ਹੋਵੇਗੀ । ਸਰ ਹੈਨਰੀ ਲਾਰੰਸ ਨੇ ਇਹ ਸ਼ਰਤ ਮੰਨ ਲਈ ਤੇ ਸਿੱਖਾਂ ਦੀ ਨਵੀਂ ਫ਼ੌਜੀ ਭਰਤੀ ਬਾਰੇ ਹਿੰਦ ਦੇ ਵੱਡੇ ਲਾਟ ਪਾਸੋਂ ਪ੍ਰਵਾਨਗੀ ਮੰਗੀ* ।

ਲਾਰੰਸ ਦੀ ਸਲਾਹ ਇਸ ਸਮੇਂ ਸਿੱਖਾਂ ਦੀਆਂ ਦੋ ਨਵੀਆਂ ਰਜਮਟਾਂ ਖੜੀਆਂ ਕਰਨ ਦੀ ਸੀ । ਇਸ ਦਾ ਇਕ ਕਾਰਣ ਇਹ ਵੀ ਸੀ ਕਿ ਹਿੰਦੁਸਤਾਨੀ ਸਿਪਾਹੀ, ਜੋ ਇਸ ਸਮੇਂ ਅੰਗ੍ਰੇਜ਼ੀ ਫੌਜ ਵਿਚ ਭਰੇ ਪਏ ਸਨ, ਮੈਦਾਨਿ ਜੰਗ ਵਿਚ ਸਿੱਖਾਂ ਵਾਂਗੂ ਡਟ ਕੇ ਲੜਨ ਵਾਲੇ ਨਹੀਂ ਸਨ । ਅੰਗ੍ਰੇਜ਼ੀ ਰਾਜ ਇਸ ਸਮੇਂ ਕੌੜੀ ਬੇਲ ਵਾਂਗੂੰ ਵਧ ਰਿਹਾ ਸੀ, ਇਸ ਲਈ ਉਸ ਦੀ ਰੱਖਿਆ ਵਾਸਤੇ ਇਕ ਤਾਕਤਵਰ ਫ਼ੌਜ ਤਿਆਰ ਕਰਨੀ ਹੋਰ ਵੀ ਜ਼ਰੂਰੀ ਸੀ, ਪਰ ਦੂਜੇ ਪਾਸੇ ਅੰਗ੍ਰੇਜ਼ੀ ਹਕੂਮਤ ਸਿੱਖ-ਰਾਜ ਨੂੰ ਬਚਾਉਣਾ ਨਹੀਂ, ਸਗੋਂ ਗਿਰਾਉਣਾ ਤੇ ਖ਼ਤਮ ਕਰਨਾ ਚਾਹੁੰਦੀ ਸੀ, ਇਸ ਲਈ ਨਵੀਂ ਭਰਤੀ ਦੀ ਇਹ ਤਜਵੀਜ਼ ਏਥੇ ਹੀ ਠੱਪ ਦਿੱਤੀ ਗਈ ।

**ਅੰਗ੍ਰੇਜ਼ੀ ਹਕੂਮਤ ਦੀ ਚਾਲ**

ਇਸ ਤੋਂ ਪਿਛੋਂ ਛੇਤੀ ਹੀ ਲੁੱਦਿਹਾਣੇ ਤੇ ਫ਼ੀਰੋਜ਼ਪੁਰ ਦੋ ਰਜਮਟਾਂ ਕਿਸੇ ਹੋਰ ਨਾਂ ਹੇਠ ਖੜੀਆਂ ਕੀਤੀਆਂ ਗਈਆਂ । ਸੰਨ ੧੮੪੬ ਤੋਂ ੧੮੪੯ ਤਕ ਇਨ੍ਹਾਂ ਰਜਮਟਾਂ ਵਿਚ ਜਾਂ ਕਿਸੇ ਹੋਰ ਪਾਸੇ ਜੋ ਸਿੱਖ ਭਰਤੀ ਹੋਏ, ਉਹ ਗਿਣਤੀ ਵਿਚ ਬੜੇ ਘੱਟ ਸਨ । ਬਹੁਤੇ ਸਿੱਖ ਸਿਪਾਹੀ ਅਜਿਹੇ ਸਨ ਜੋ ਭਾਈ ਮਹਾਰਾਜ ਸਿੰਘ ਨਾਮੀ ਇਕ ਸੰਤ ਸਿਪਾਹੀ ਦੀ ਅਗਵਾਈ ਹੇਠ ਅੰਗ੍ਰੇਜ਼ਾਂ ਤੋਂ ਵਿਰੁੱਧ ਬਗ਼ਾਵਤ ਕਰਦੇ ਹੀ ਰਹੇ† । ਸੰਨ ੧੮੪੯ ਵਿਚ ਦੂਜੇ ਸਿੱਖ-ਜੁੱਧ ਤੋਂ ਬਾਦ ਜਦ ਪੰਜਾਬ ਉਤੇ ਅੰਗ੍ਰੇਜ਼ੀ ਕਬਜ਼ਾ ਹੋਇਆ ਤਾਂ ਹਰ ਪਾਸਿਓਂ ਮਜਬੂਰ ਹੋਣ ਤੇ ਸਿੱਖਾਂ ਨੂੰ ਅਧੀਨਤਾ ਮੰਨਣੀ ਪਈ । ਸਿੱਖ ਕਿਹੋ ਜਿਹੇ ਕੌਮ ਪ੍ਰਸਤ ਤੇ ਦੇਸ਼ ਭਗਤ ਸਨ, ਨਵਾਂ ਹਾਕਮ ਸਰ ਜਾਹਨ ਲਾਰੰਸ ਇਸ ਗੱਲੋਂ ਚੰਗੀ ਤਰ੍ਹਾਂ ਜਾਣੂ ਸੀ । ਸ਼ਾਇਦ ਇਸੇ ਲਈ ਸੰਨ ੧੮੫੪ ਤੋਂ ਉਸ ਦੀ ਹਕੂਮਤ ਨੇ ਦੂਜੀ ਵੇਰ ਫੇਰ ਸਿੱਖਾਂ ਵਲ ਮਿਲਵਰਤਨ ਦਾ ਹੱਥ ਵਧਾਇਆ । ਇਹ ਕੁਦਰਤੀ ਸੁਭਾਉ ਹੈ ਕਿ ਸਿੱਖ ਕਿਸੇ ਕਿਸਮ ਦਾ ਕੋਈ ਵੈਰ-ਵਿਰੋਧ ਬਹੁਤੇ ਦਿਨ ਆਪਣੇ ਦਿਲ ਵਿਚ ਨਹੀਂ ਰੱਖ ਸਕਦੇ । ਸੋ ਉਹ ਛੇਤੀਂ ਹੀ ਮੰਨ ਗਏ, ਜਿਸ ਕਰ ਕੇ ਸੰਨ ੧੮੫੫ ਤੋਂ ਲਾਹੌਰ ਵਿਚ ਸਿੱਖਾਂ ਦੀ ਫ਼ੌਜੀ ਭਰਤੀ ਪ੍ਰਾਰੰਭ ਹੋ ਗਈ ।

**ਸਿੱਖਾਂ ਦੀ ਅਧੀਨਤਾ**

ਸੰਨ ੧੮੫੭ ਦਾ ਗ਼ਦਰ ਸ਼ੁਰੂ ਹੋਣ ਤੇ ਇਹ ਭਰਤੀ ਹੋਰ ਵੀ ਤੇਜ਼ ਹੋਈ, ਸੰਨ ੧੮੫੬ ਵਿਚ ਰੈਟਰੇ ਦੀ ੪੫ ਵੀਂ ਸਿੱਖ ਰਜਮਟ ਤੇ ਸੰਨ ੧੮੫੭ ਵਿਚ ੧/੧੫ ਪੰਜਾਬ ਰਜਮਟ ਕਾਇਮ ਹੋਈ । ਗਵਰਨਮੈਂਟ ਪਾਸ ਦੋ ਅਜਿਹੀਆਂ ਰਜਮਟਾਂ ਪਹਿਲਾਂ ਹੋਰ ਸਨ, ਜੋ

---

*H. B. Edwards, Life of Sir Henry Lawrence, Vol. II, p. 59.

†ਦੇਖੋ, ਮੇਰੀ ਪੁਸਤਕ, 'ਸਿੱਖ ਰਾਜ ਦਾ ਅੰਤ' ਵਿਚੋਂ 'ਭਾਈ ਮਹਾਰਾਜ ਸਿੰਘ' ਨਾਮੀ ਲੇਖ ।

Sri Satguru Jagjit Singh Ji eLibrary NamdhariElibrary@gmail.com

**ਅੰਗ੍ਰੇਜ਼ੀ ਫ਼ੌਜ ਤੇ ਸਿੱਖ**

ਸੰਨ ੧੮੪੬ ਵਿਚ ਬਣੀਆਂ ਤੇ ਅੱਗੇ ਚੱਲ ਕੇ 'ਨੰ: ੧੪ ਫ਼ੀਰੋਜ਼ਪੁਰ ਸਿਖਸ' ਤੇ 'ਨੰ: ੧੫ ਲੁਦਿਹਾਣਾ ਸਿਖਸ' ਦੇ ਨਾਮ ਨਾਲ ਪ੍ਰਸਿੱਧ ਹੋਈਆਂ । ਕੁੱਲ ਨਵੀਆਂ ਰਜਮਟਾਂ, ਜੋ ਇਸ ਸਮੇਂ ਗਵਰਨਮੈਂਟ ਨੇ ਗ਼ਦਰ ਨੂੰ ਰੋਕਣ ਲਈ ਖੜੀਆਂ ਕੀਤੀਆਂ, ਗਿਣਤੀ ਵਿਚ ੧੮ ਸਨ* । ਇਨ੍ਹਾਂ ਰਜਮਟਾਂ ਵਿਚ ਹਿੰਦੂ ਵੀ ਭਰਤੀ ਹੋਏ ਤੇ ਮੁਸਲਮਾਨ ਵੀ, ਪਰ ਸਿੱਖ ਸਿਪਾਹੀਆਂ ਦੀ ਗਿਣਤੀ ਬੜੀ ਜ਼ਿਆਦਾ ਸੀ । ਸਿੱਖ ਸਿਪਾਹੀ ਇਲਾਕਾ ਮਾਝਾ, ਹਿੰਦੂ ਇਲਾਕਾ ਪਹਾੜ ਤੇ ਰਿਆਸਤ ਜੰਮੂ ਵ ਕਸ਼ਮੀਰ ਅਤੇ ਮੁਸਲਮਾਨ ਇਲਾਕਾ ਬਾਰੀ ਦੁਆਬ, ਦੁਆਬਾ ਚੱਜ, ਸਿੰਧ ਸਾਗਰ ਅਤੇ ਸੂਬਾ ਸਰਹੱਦ ਦੇ ਵਸਨੀਕ ਸਨ ।

ਅੰਗ੍ਰੇਜ਼ੀ ਹਕੂਮਤ ਨੂੰ ਸੰਨ ੧੮੫੭ ਦੇ ਕ੍ਰਾਂਤੀਕਾਰੀ ਅੰਦੋਲਨ ਵਿਚ ਫ਼ਤਿਹਯਾਬ ਹੋਣ ਪਿੱਛੋਂ ਭਾਵੇਂ ਲੜਾਈਆਂ ਤਾਂ ਹੋਰ ਵੀ ਲੜਨੀਆਂ ਪਈਆਂ, ਪਰ ਅਸਲ ਤੇ ਵੱਡੀ ਲੜਾਈ ਦੂਜਾ ਅਫ਼ਗ਼ਾਨ-ਜੁੱਧ ਸੀ, ਜੋ ਸੰਨ ੧੮੭੯—੮੦ ਵਿਚ ਅਮੀਰ ਕਾਬਲ ਤੇ ਰੂਸ ਦਾ ਗੱਠ-ਜੋੜ ਹੋਣ ਤੇ ਹੋਇਆ । ਸਿੱਖ ਸਿਪਾਹੀਆਂ ਨੇ ਇਸ ਲੜਾਈ ਵਿਚ ਬੜੇ ਕਰਾਰੇ ਹੱਥ ਦਿਖਾਏ ਤੇ ਅੰਗਰੇਜ਼ਾਂ ਦੀ ਫ਼ਤਿਹ ਹੋਈ । ਇਸ ਤੋਂ ਪਿੱਛੋਂ ਸੰਨ ੧੮੮੫ ਵਿਚ ਰੂਸ ਨੇ ਫੇਰ ਸਿਰ ਚੁਕਿਆ ਅਤੇ ਅਫ਼ਗਾਨਿਸਤਾਨ ਵਿਚ

**ਨੰ: ੩੫ ਤੇ ੩੬ ਦੀਆਂ ਸਿੱਖ ਰਜਮਟਾਂ**

ਊਧਮ ਮਚਾਇਆ । ਅੰਗ੍ਰੇਜ਼ੀ ਹਕੂਮਤ ਨੇ ਇਸ ਗੱਲੋਂ ਦਹਿਸ਼ਤ ਖਾ ਕੇ ਫੇਰ ਨਵੀਂ ਫ਼ੌਜੀ ਭਰਤੀ ਉਤੇ ਜ਼ੋਰ ਦਿੱਤਾ ਤੇ ਦੋ ਹੋਰ ਸਿੱਖ ਰਜਮਟਾਂ ਖੜੀਆਂ ਕੀਤੀਆਂ । ਉਨ੍ਹਾਂ ਦੇ ਨਾਉਂ ਸਨ ੩੫ਵੀਂ ਸਿੱਖ ਤੇ ੩੬ਵੀਂ ਸਿੱਖ ਰਜਮਟ । ੩੫ਵੀਂ ਸਿੱਖ ਰਜਮਟ ਦੀ ਸਥਾਪਨਾ ਸੰਨ ੧੮੮੭ ਵਿਚ ਫ਼ੀਰੋਜ਼ਪੁਰ ਹੋਈ ਤੇ ੩੬ ਵੀਂ ਸਿੱਖ ਰਜਮਟ ਦੀ ਸਥਾਪਨਾ ਇਸੇ ਸਾਲ ਜਲੰਧਰ ਵਿਚ । ਇਸੇ ਤਰਾਂ ਕੁਝ ਦੇਸੀ ਰਿਆਸਤਾਂ, ਨਾਭਾ, ਪਟਿਆਲਾ ਆਦਿ ਵਲੋਂ ਵੀ ਆਪੋ ਆਪਣੀਆਂ ਨਵੀਆਂ ਰਜਮਟਾ ਖੜੀਆਂ ਕਰ ਕੇ ਭਰਤੀ ਉਤੇ ਜ਼ੋਰ ਦਿੱਤਾ ਗਿਆ ।

ਸਿੱਖ ਸਿਪਾਹੀਆਂ ਨੇ ਸੰਨ ੧੮੫੭ ਦੇਗਦਰ, ਦੂਜੇ ਅਫ਼ਗਾਨ ਜੁੱਧ (੧੮੮੦), ਜੰਗ ਬਰਮਾ (੧੮੮੫), ਜੰਗ ਚਿਤਰਾਲ (੧੮੯੫-੯੬), ਜੰਗ ਤੀਰਾਹ (੧੮੯੮), ਜੰਗ ਵਜ਼ੀਰਿਸਤਾਨ (੧੯੦੯) ਆਦਿ ਵਿਚ ਬੜੀ ਸੂਰਮਤਾ ਦਿਖਾਈ । ਜੰਗ ਤੀਰਾਹ ਦੇ ਸਮੇਂ ਸਾਰਾਗੜ੍ਹੀ ਦੇ ਮੁਕਾਮ ਤੇ ਇਕ ਇਕ ਸਿੱਖ ਸਿਪਾਹੀ ੫੦-੫੦ ਅਫ਼ਰੀਦੀਆਂ ਦਾ ਮੁਕਾਬਲਾ ਕਰ ਕੇ ਸ਼ਹੀਦ ਹੋਇਆ, ਅਤੇ ੨੧ ਸਿੰਘਾਂ ਵਿਚੋਂ, ਜੋ ਅਚਾਣਕ ਦੁਸ਼ਮਨ ਦੇ ਘੇਰੇ ਵਿਚ ਆ ਗਏ ਸਨ, ਕਿਸੇ ਇਕ ਨੇ ਵੀ ਮੈਦਾਨਿ ਜੰਗ ਵਿਚ ਪਿੱਠ ਨਹੀਂ

**ਜੰਗੀ ਕਾਰਨਾਮੇ**

ਦਿਖਾਈ । ਇਸੇ ਤਰ੍ਹਾਂ ਸਿੱਖ ਸਿਪਾਹੀ ਚਿਤਰਾਲ ਦੇ ਜੰਗ ਵਿਚ ਵੀ ਬੜੀ ਬਹਾਦੁਰੀ ਨਾਲ ਜਾਨਾਂ ਹੀਲ ਕੇ ਲੜੇ । ਇਸ ਦਲੇਰੀ ਦੇ ਕਾਰਣ ਹੀ ਕਈ ਯੂਰਪੀਅਨ ਲਿਖਾਰੀ, ਜਿਨ੍ਹਾਂ ਵਿਚੋਂ ਕਪਤਾਨ ਲਰਕਿਨਜ਼ ਤੇ

*Sayed Mohd. Latif, Histoty of the Punjab, 1891, P. 579

Sri Satguru Jagjit Singh Ji eLibrary NamdhariElibrary@gmail.com

ਯੰਗ ਹਜ਼ਬੈਂਡ ਦੇ ਨਾਮ ਪ੍ਰਸਿੱਧ ਹਨ, ਸਿੱਖਾਂ ਦੀ ਬੜੀ ਉਪਮਾ ਕਰਦੇ ਹਨ। ਕਪਤਾਨ ਲਰਕਿਨਜ਼ ਲਿਖਦਾ ਹੈ ਕਿ 'ਸਿੱਖ ਅੱਵਲ ਦਰਜੇ ਦੇ ਸਿਪਾਹੀ ਹਨ। ਪਹਾੜੀਏ ਸਿਪਾਹੀ ਭਾਵੇਂ ਸਾਫ਼ ਰਹਿਣ ਵਾਲੇ ਤੇ ਆਗਿਆਕਾਰ ਤਾਂ ਬੜੇ ਹਨ, ਪਰ ਸਿੱਖਾਂ ਵਰਗੇ ਲੜਾਕੇ ਨਹੀਂ।' ਇਸੇ ਤਰ੍ਹਾਂ ਕਪਤਾਨ ਯੰਗ ਹਜ਼ਬੈਂਡ ਜੰਗ ਚਿਤ੍ਰਾਲ ਦਾ ਨਕਸ਼ਾ ਖਿਚਦਾ ਹੋਇਆ ਸਿੱਖਾਂ ਦੀ ਬਹਾਦੁਰੀ ਦੀ ਰੱਜ ਰੱਜ ਕੇ ਪ੍ਰਸ਼ੰਸਾ ਕਰਦਾ ਹੈ :—

'ਸਿੱਖ ਫ਼ੌਜੀਆਂ ਵਿਚ ਕਮਾਲ ਦਰਜੇ ਦਾ ਡਸਿਪਲਿਨ, ਹੌਂਸਲਾ ਅਤੇ ਕੁਰਬਾਨੀ ਦਾ ਮਾਦਾ ਹੈ। ਕਿਲਾ (ਚਿਤ੍ਰਾਲ) ਦੇ ਚਾਰ ਸੌ ਫ਼ੌਜੀਆਂ ਵਿਚੋਂ ਸਿੱਖਾਂ ਦੀ ਗਿਣਤੀ ਕੇਵਲ ਇਕ ਸੌ ਸੀ, ਪਰ ਅੰਗਰੇਜ਼ ਅਫ਼ਸਰਾਂ ਦਾ ਵਿਸ਼ਵਾਸ ਹੈ ਕਿ ਸਿੱਖਾਂ ਤੋਂ ਬਿਨਾ ਉਹ ਦੁਸ਼ਮਨ ਦਾ ਮੁਕਾਬਲਾ ਨਹੀਂ ਕਰ ਸਕਦੇ ਸਨ। ਉਹ ਇਹ ਵੀ ਕਹਿੰਦੇ ਹਨ ਕਿ ਜੇ ਸਿੱਖ ਫ਼ੌਜੀ ਉਨ੍ਹਾਂ ਦੇ ਨਾਲ ਨਾ ਹੁੰਦੇ ਤਾਂ ਉਨ੍ਹਾਂ ਅਫ਼ਸਰਾਂ ਵਿਚੋਂ ਇਕ ਵੀ ਨਾ ਬਚਦਾ। ਜਿਵੇਂ ਜਿਵੇਂ ਹਾਲਤ ਖ਼ਰਾਬ ਹੁੰਦੀ ਜਾਂਦੀ ਸੀ ਅਤੇ ਦੁਸ਼ਮਨ ਨੇੜੇ ਆ ਰਿਹਾ ਸੀ, ਸਿੱਖ ਫ਼ੌਜੀਆਂ ਦੇ ਹੌਂਸਲੇ ਵਧੀ ਜਾ ਰਹੇ ਸਨ। ਦ੍ਰਿੜ੍ਹ ਆਤਮ-ਵਿਸ਼ਵਾਸ ਨਾਲ ਉਹ ਦੁਸ਼ਮਨ ਤੋਂ ਵਿਰੁੱਧ ਤਿਆਰ ਹੋ ਕੇ ਚੱਟਾਨ ਵਾਂਗੂ ਅੜੇ ਖਲੋਤੇ ਸਨ। ਸਿੱਖਾਂ ਦੇ ਆਪਣੇ ਅਫ਼ਸਰ ਗੁਰਮੁਖ ਸਿੰਘ ਨੇ ਸਿੱਖ ਫ਼ੌਜੀਆਂ ਦੇ ਦਿਲਾਂ ਵਿਚ ਅਜਿਹਾ ਡਸਿਪਲਿਨ ਪੈਦਾ ਕੀਤਾ ਸੀ ਕਿ ਉਸ ਸਮੇਂ ਜਦੋਂ ਦੁਸ਼ਮਨ ਨੇ ਹੱਲਾ ਕੀਤਾ ਤਾਂ ਜ਼ਖ਼ਮੀ ਫ਼ੌਜੀ ਵੀ ਹਸਪਤਾਲ ਵਿਚੋਂ ਦੁਸ਼ਮਨ ਦਾ ਟਾਕਰਾ ਕਰਨ ਲਈ ਉਠ ਖਲੋਤੇ, ਪਰ ਉਨ੍ਹਾਂ ਨੂੰ ਇਸ ਉਤਸਾਹ ਭਰੀ ਬਹਾਦੁਰੀ ਤੋਂ ਰੋਕਦੇ ਹੋਏ ਗੁਰਮੁਖ ਸਿੰਘ ਨੇ ਕਿਹਾ ਕਿ 'ਤੁਹਾਡਾ ਮੁਖ ਕਰਤੱਬ ਹੁਕਮ ਨੂੰ ਮੰਨਣਾ ਹੈ।' ਸੋ ਉਸ ਨੇ ਆਪਣੇ ਹੁਕਮ ਨਾਲ ਉਹ ਹਸਪਤਾਲ ਵਿਚ ਮੋੜ ਦਿੱਤੇ। ਇਸ ਡਸਿਪਲਿਨ ਦੇ ਸਦਕੇ ਹੀ ਅਸੀਂ ਦੁਸ਼ਮਨ ਦਾ ਟਾਕਰਾ ਸਫਲਤਾ ਨਾਲ ਕਰ ਸਕੇ ਹਾਂ।

ਜਿਸ ਵੇਲੇ ਕੋਈ ਸਿੱਖ ਸੰਤਰੀ ਪਹਿਰੇ ਤੇ ਖਲੋਤਾ ਹੋਵੇ ਜਾਂ ਸਿੱਖ ਫ਼ੌਜੀ ਕਿਸੇ ਖ਼ਤਰੇ ਵਾਲੀ ਥਾਂ ਤੇ ਮੋਰਚਾ ਲਾਈ ਬੈਠੇ ਹੋਣ, ਉਸ ਵੇਲੇ ਕਪਤਾਨ ਟਾਊਨਸ਼ੈਂਡ† ਨੂੰ ਕੋਈ ਫ਼ਿਕਰ ਨਹੀਂ ਸੀ ਹੁੰਦਾ। ਦੁਸ਼ਮਨ ਨੂੰ ਸਿੱਖ ਕੋਤਾਹੀ ਕਰਦਾ ਕਦੇ ਵੀ ਨਹੀਂ ਮਿਲ ਸਕਦਾ ਸੀ, ਅਤੇ ਜਿਥੇ ਕੋਈ ਸਿੱਖ ਪਹਿਰੇ ਤੇ ਹੋਵੇ ਉਥੋਂ ਜੀਉਂਦੇ ਜੀ ਦੁਸ਼ਮਨ ਕਦੀ ਵੀ ਨਹੀਂ ਸੀ ਲੰਘ ਸਕਦਾ। ਸਿੱਖਾਂ ਦੇ ਆਸਰੇ ਹੀ ਅਸੀਂ ਸਾਰੇ ਬਚੇ ਹਾਂ ਅਤੇ ਅੰਗ੍ਰੇਜ਼ ਅਫ਼ਸਰਾਂ ਨੇ ਬੜੀ ਕ੍ਰਿਤੱਗਤਾ ਨਾਲ ਸਿੱਖ ਫ਼ੌਜੀਆਂ ਦੀ ਘਾਲਣਾ ਨੂੰ ਮੰਨਿਆ ਹੈ*।'

ਸਿੱਖ ਰਜਮਟਾਂ ਦੇ ਇਹ ਜੰਗੀ ਕਾਰਨਾਮੇ ਕੁਝ ਸਮਕਾਲੀ ਫ਼ੌਜੀ ਕਵੀਆਂ ਨੇ ਕਲਮਬੰਦ ਕੀਤੇ ਹਨ, ਜਿਨ੍ਹਾਂ ਵਿਚੋਂ ਜੰਗ ਚੀਨ (ਵਧਾਵਾ ਸਿੰਘ), ਜੰਗ ਚੀਨ (ਰੂੜ ਸਿੰਘ,

## ਫ਼ੌਜੀ ਕਿੱਸਾ-ਸਾਹਿੱਤ

ਮਿਸਤਰੀ), ਜੰਗਨਾਮਾ ਕਾਬਲ (ਕਰਮ ਸਿੰਘ), ਜੰਗਨਾਮਾ ਕਾਬਲ ਕੰਧਾਰ ਦਾ (ਸ਼ਿਆਮ ਸਿੰਘ, ਕਵੀਸ਼ਰ), ਜੰਗਨਾਮਾ ਤੀਰਾਹ (ਸੋਭਾ ਸਿੰਘ), ਜੰਗ ਤੀਰਾਹ (ਲਾਭ ਸਿੰਘ), ਜੰਗਨਾਮਾ

†ਚਿਤ੍ਰਾਲ ਦੇ ਮੋਰਚੇ ਦਾ ਇਕ ਅੰਗਰੇਜ਼ ਅਫ਼ਸਰ।

*Captain G.J. Young Husband; Relief of Chitral, 1895, PP. 172–73.

Sri Satguru Jagjit Singh Ji eLibrary NamdhariElibrary@gmail.com

ਮਾਲਾਕੰਦ (ਗੋਪਾਲ ਸਿੰਘ, ਮਿਸਤਰੀ), ਜੰਗ ਚਿਤਰਾਲ (ਵਧਾਵਾ ਸਿੰਘ), ਜੰਗ ਚਿਤਰਾਲ (ਕੇਹਰ ਸਿੰਘ), ਜੰਗ ਚਿਤਰਾਲ (ਗੋਪਾਲ ਸਿੰਘ, ਮਿਸਤਰੀ), ਖ਼ਾਲਸਾ ਬਹਾਦੁਰ (ਜੰਗ ਸਾਰਾ ਗੜ੍ਹੀ ਕਿਲਾ)ਨੰ: ੧ ਕ੍ਰਿਤ ਕਵੀ ਚੂੜ੍ਹ ਸਿੰਘ, ਖ਼ਾਲਸਾ ਬਹਾਦੁਰ (ਜੰਗ ਸਾਰਾ ਗੜ੍ਹੀ ਕਿਲਾ) ਨੰ: ੨ ਕ੍ਰਿਤ ਕਵੀ ਮੇਹਰ ਸਿੰਘ, ਆਦਿ ਪ੍ਰਸਿੱਧ ਹਨ* ।

ਇਸ ਸੈਨਿਕ ਕਿੱਸਾ-ਸਾਹਿੱਤ ਵਿਚ ਸਿੰਘਾਂ ਦੀ ਬਹਾਦੁਰੀ ਦੇ ਅਨੇਕਾਂ ਅਜਿਹੇ ਬੀਰ ਰਸੀ ਪ੍ਰਮਾਣ ਮਿਲਦੇ ਹਨ, ਜੋ ਭੁਲਾਏ ਨਹੀਂ ਜਾ ਸਕਦੇ, ਜਿਵੇਂ ਕਿ ਜੰਗ ਸਾਰਾ ਗੜ੍ਹੀ ਦਾ ਨਕਸ਼ਾ ਚਿਤ੍ਰਦਾ ਹੋਇਆ ਕਵੀ ਚੂੜ੍ਹ ਸਿੰਘ ਸਿੰਘਾਂ ਦੀ ਅਦੁਤੀ ਬੀਰਤਾ ਦਾ ਜ਼ਿਕਰ ਇਕ ਥਾਵੇਂ ਇਸ ਤਰ੍ਹਾਂ ਕਰਦਾ ਹੈ—

ਮੁਖ ਵੈਰੀ ਦਾ ਦੇਖ ਕੇ ਖ਼ਾਲਸੇ ਨੇ,
ਹੱਥ ਪਾਇ ਕੇ ਰਫਲਾਂ ਸੰਭਾਰੀਆਂ ਜੀ ।
ਤਿੰਨਾਂ ਸਿੰਘਾਂ ਨੇ ਜੋਸ਼ ਦੇ ਵਿਚ ਆ ਕੇ,
ਕੰਧਾਂ ਉਪਰ ਦੀ ਛਾਲਾਂ ਚਾ ਮਾਰੀਆਂ ਜੀ ।
ਹੱਲਾ ਮਾਰ ਕੇ ਮਾਰਿਆ ਵੈਰੀਆਂ ਨੂੰ,
ਕਿਹੜਾ ਗਿਣੇ ਜੋ ਜਿੰਦਾਂ ਸੰਘਾਰੀਆਂ ਜੀ ।
ਜਦੋਂ ਵੈਰੀ ਦੇ ਕੋਲ ਸੀ ਜਾ ਪੁੱਜੇ,
ਮਿਆਨੋਂ ਖਿੱਚ ਕੇ ਤੇਗਾਂ ਉਲਾਰੀਆਂ ਜੀ ।
ਸਿੰਘਾਂ ਜੌਹਰ ਦਿਖਾਇ ਕੇ ਚੂੜ੍ਹ ਸਿੰਘਾ,
ਜਿੰਦਾਂ ਚਿੱਥੀਆਂ ਬੇਸ਼ੁਮਾਰੀਆਂ ਜੀ ॥
(ਜੰਗ ਸਾਰਾ ਗੜ੍ਹੀ, ਸਫ਼ੇ ੩੪–੩੫)

ਇਸੇ ਤਰ੍ਹਾਂ ਇਸ ਫ਼ੌਜੀ ਕਿੱਸਾ-ਸਾਹਿੱਤ ਵਿਚੋਂ ਸਿੱਖ ਜੋਧਿਆਂ ਦੀ ਬੀਰਤਾ ਬਾਰੇ ਹੋਰ ਵੀ ਬਹੁਤ ਸਾਰੇ ਪ੍ਰਮਾਣ ਦਿੱਤੇ ਜਾ ਸਕਦੇ ਹਨ ।

—o—

*ਦੇਖੋ, ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ (ਮਹਿਕਮਾ ਪੰਜਾਬੀ, ਪਟਿਆਲਾ), ੧੯੫੩, ਸਫ਼ੇ ੨੯੮-੯੯, ਤੇ ੩੨੮ ।

Sri Satguru Jagjit Singh Ji eLibrary NamdhariElibrary@gmail.com

# ਸ਼ਬਦ-ਅਨੁਕ੍ਰਮਣਿਕਾ

## (ਅੱਖਰ-ਕ੍ਰਮ ਦੇ ਅਨੁਸਾਰ)

### (ੳ)


ਉਦਾਸੀ—੮੮ ।
ਉਦੇ ਸਿੰਘ, ਬੇਦੀ (ਕਪੂਰਥਲ)—੮੮,੧੧੩ ।
ਉਪਮਾ ਸਾਰ ਗ੍ਰੰਥ (ਕੰਵਰ ਬਿਕ੍ਰਮ ਸਿੰਘ, ਕਪੂਰਥਲਾ)—੧੩੨ ।
ਓਰੀਐਂਟਲ ਕਾਲਜ, ਲਾਹੌਰ—੯੭ ।


### (ਅ)


ਅਹਿਦਨਾਮੇ—੩੧ ।
ਅਹਿਮਦ ਖ਼ਾਨ, ਕੋਤਵਾਲ—੭੫ ।
ਅਕਾਲ ਤਖ਼ਤ (ਹੁਕਮਨਾਮਾ)—੧੧੦-੧੧੨ ।
ਅਕਾਲ ਬੁੰਗਾ (ਭੈਣੀ ਸਾਹਿਬ)—੭੪ ।
ਅਖ਼ਬਾਰ ਕਾਵਜ ਚੰਦ੍ਰੋਦਯ—੧੩੫ ।
ਅਖ਼ਬਾਰ ਆਮ (ਰੋਜ਼ਾਨਾ)—੯੨ ।
ਅਜਾਪਾਲ ਸਿੰਘ, ਬਾਬਾ—੨੦ ।
ਅਜੀਤ ਸਿੰਘ, ਕੌਰ (ਪਟਿਆਲੇ ਵਾਲਾ)—੪੫, ੫੧ ।
ਅਤਰ ਸਿੰਘ,ਭਾਈ(ਵਿਦਿਆਰਥੀ)—੮੭ ।
ਅਤਰ ਸਿੰਘ, ਸਰਦਾਰ (ਭਦੌੜ)—੯੫, ਸੁਰਗਵਾਸ—੧੧੯,੧੨੦, ੧੨੩ ।
ਅਬਦੁਲ ਕਾਦਰ, ਮੌਲਾਨਾ (ਕਸੂਰੀ)—੮੨ ।
ਅਬਦੁੱਲਾ, ਮਿਰਜ਼ਾ—੪੦ ।
ਅਬੂ ਬਕਰ, ਮਿਰਜ਼ਾ—੪੦,੪੬, ੪੭,੫੧ ।
ਅਮ੍ਰਿਤਸਰ (ਦੀਪਮਾਲਾ)੭੦,—ਬੁੱਚੜ ਬੱਧ ੭੨,—ਸ਼ਾਹੀ ਦਰਬਾਰ ੭੮—੮੧ ।
ਅਮ੍ਰਿਤਸਰੀ ਧੜਾ(ਸਿੰਘ ਸਭਾ, ਅਮ੍ਰਿਤਸਰ) ੧੦੭,੧੧੬, ੧੧੯ ।
ਅਮੀਰ ਕਾਬਲ—੭੧ ।
ਅਰਜੁਨ ਸਿੰਘ,ਭਾਈ(ਬਾਗੜੀਆਂ)—੧੨੫ ।
ਅਵਤਾਰ ਸਿੰਘ, ਗਿਆਨੀ (ਵਹੀਰੀਏ)—੧੩੧, ੧੩੩, ੧੩੪ ।
ਅਵਧ (ਲਖਨਊ)—੩੨ ।
ਆਇਆ ਸਿੰਘ, ਭਾਈ—੮੭, ੯੧, —ਸਰਦਾਰ ੯੬ ।
ਆਸਾਨੰਦ (ਆਸਾ ਰਾਮ)—੧੮ ।
ਆਨੰਦ ਕਾਰਜ—(ਪਹਿਲਾ) ੨੧,—ਦੂਜੀ ਗੁਰਮਤ ੨੧,—ਵਿਆਹ ੬੭ ।
ਆਫ਼ਤਾਬਿ ਪੰਜਾਬ—੯੨ ।
ਆਰੀਆ ਸਮਾਜ—੧, ੯੭ ।
ਅੰਗ੍ਰੇਜ਼ੀ ਹਕੂਮਤ—੧੪੨,੧੪੬ ।
ਅੰਜਮਨਿ ਇਸਲਾਮੀਆ (ਲਾਹੌਰ)—੮੭ ।
ਅੰਜਮਨਿ ਪੰਜਾਬ (ਲਾਹੌਰ) ੮੭, (ਡਾ: ਲਾਇਟਨਰ) ੯੧, (ਰਸਾਲਾ-) ੯੭, —(ਪੰਜਾਬੀ ਭਾਗ) ੧੨੮ ।


### (ੲ)


ਇਲਾਹੀ ਬਖਸ਼, ਮਿਰਜ਼ਾ—੫੧ ।
ਈਸ਼੍ਵਰ ਪਾਂਡੇ, ਜਮਾਦਾਰ—੩੫ ।
ਈਸਾਈ ਪ੍ਰਚਾਰਕ—੩੨,—ਧਾਰਮਿਕ ਅੰਦੋਲਨ—੮੪ ।
ਈਸਾਈ ਮਿਸ਼ਨ—(ਅੱਡੇ)੮੫,-ਪ੍ਰਚਾਰ ੮੬ ।

## (ਸ)


ਸੱਤ ਸਭਾ (ਲਾਹੌਰ)—੯੬ ।
ਸਬਜ਼ੀ ਮੰਡੀ (ਦਿੱਲੀ)—੪੭ ।
ਸਰਕਾਰ ਅੰਗ੍ਰੇਜ਼ੀ—੩੦—੩੩, ੩੫,੫੧—੫੩, ੫੫, ੬੦—੭੦, ੭੩, ੭੯, ੮੪, ੧੨੭ ।
ਸਰਕਾਰ ਕੰਪਨੀ—ਦੇਖੋ,ਸਰਕਾਰ ਅੰਗ੍ਰੇਜ਼ੀ ।
ਸਰਦੂਲ ਸਿੰਘ, ਗਿਆਨੀ—੧੧੧, ੧੩੧।
ਸ਼ਰਧਾ ਰਾਮ. ਫਿਲੌਰੀ (ਪੰਡਿਤ)—੮੭, ੧੨੯।
ਸਰਬ ਹਿੰਦ ਕੌਮੀ ਕਾਂਗ੍ਰਸ—੧ ।
ਸਰਬ ਸਿੱਖ ਸੰਪ੍ਰਦਾਇ ਕਾਨਫ੍ਰੰਸ (ਭੈਣੀ ਸਾਹਿਬ)—੮੨ ।
ਸਰਮੁਖ ਸਿੰਘ, ਬਾਵਾ—੧੦੯, ੧੧੦ ।
ਸਰਵਾਲਾ, ਪਿੰਡ (ਜ਼ਿਲਾ ਅਟਕ)—੫੬ ।
ਸਰੂਪ ਸਿੰਘ, ਰਾਜਾ (ਜੀਂਦ)-੪੫, ੫੦ ।
ਸ਼ਾਹ ਦਿੱਲੀ-੩੩, ੩੭, ੪੦, ੪੮, ੪੯, ੫੪ ।
ਸਾਹਿਬ ਸਿੰਘ, ਸੂਬਾ—੬੯ ।
ਸ਼ਾਹੀ ਦਰਬਾਰ (ਅਮ੍ਰਿਤਸਰ)—੭੯—੮੧, —ਫ਼ਰਮਾਨ (ਮਹਾਰਾਜਾ ਪਟਿਆਲਾ ਦੇ ਨਾਂ)—੫੪ ।
ਸਾਧੂ ਸਿੰਘ, ਵਿਦਿਆਰਥੀ—੮੭ ।
ਸ਼ਾਲਾਮਾਰ ਬਾਗ਼ (ਲਾਹੌਰ)—੧੧੪ ।
ਸਿਕੰਦਰ ਸ਼ਾਹ, ਮੌਲਾਨਾ-੩੬, ੩੭ ।
ਸਿਕੰਦਰ ਪੁਰਾ, ਪਿੰਡ—੭੫ ।
ਸਿੱਖ ਸਫ਼ਰ ਮੈਨਾ—੪੪ ।
ਸਿੱਖ ਕੰਨਿਆ ਪਾਠਸ਼ਾਲਾ (ਫ਼ੀਰੋਜ਼ਪੁਰ) ੧੩੦ ।
ਸਿੱਖ ਕੰਨਿਆ ਮਹਾਂਵਿਦਿਆਲਾ(,,)੧੩੦।
ਸਿੱਖ ਜੰਗੀ ਕੈਦੀ—੩੦,੩੧ ।
ਸਿੱਖ ਰਜਮਟ—੩੧, ੪੪, ੬੯ (ਚੌਥੀ-) ੫੦, (੧੪-੧੫ ਸਿੱਖ-) ੪੪, ੧੪੩, (੪੫ ਵੀਂ ਸਿੱਖ-) ੩੮, ੪੪, ੧੪੪, (੩੫-੩੬ ਸਿੱਖ-) ੧੪੪ ।
ਸਿੱਖ ਰਿਆਸਤਾਂ—੪੪,੪੫ ।
ਸਿੱਖ ਰਿਲੀਜਨ (ਮਕਾਲਿਫ਼)—੧੩੫ ।
ਸਿੱਖ ਵਿਦਿਅਕ ਕਮੇਟੀ (ਅਮ੍ਰਿਤਸਰ)—੧੨੬, ੧੩੦।
ਸਿੱਖ ਵਿਦਿਅਕ ਕਾਨਫ੍ਰੰਸ—੧੨੫ ।
ਸਿੱਖ ਵਿਦਿਅਕ ਲਹਿਰ—੯੬, ੧੦੦, ੧੨੫, ੧੨੯ ।
ਸਿੰਘ ਸਭਾ (ਅਮ੍ਰਿਤਸਰ)—੮੭,੯੩, ੯੮, ੯੯, (—ਲਾਹੌਰ) ੯੨,੯੪,੯੫, ੯੭-੯੯, ੧੦੫,੧੦੬, ੧੧੩, (ਦੋ ਧੜੇ) ੧੦੭,(ਦੂਜੀ ਸਿੰਘ ਸਭਾ,ਲਾਹੌਰ)੧੧੩ ।
ਸਿੰਘ ਸਭਾ ਲਹਿਰ—੧, ੨, ੮੪, ੮੭, ੮੯, ੧੨੩ ।
ਸਿੱਦੂ ਬੇਗ, ਮਿਰਜ਼ਾ—੪੦ ।
ਸੀਹਰਫ਼ੀ ਭਾਈ ਬਾਲਕ ਸਿੰਘ ਜੀ ਕੀ (ਸ਼ੰਕਾ ਰਾਮ) ੫੯—੬੧ ।
ਸੀ. ਪਰਸਨ, ਮਿਸਟਰ—(ਡਾ: ਮਹਿਕਮਾ ਤਾਲੀਮ ਪੰਜਾਬ) ੯੦ ।
ਸ੍ਰੀ ਹਜ਼ੂਰ ਸਾਹਿਬ (ਨਾਦੇੜ—ਦੱਖਨ)੬੬।
ਸ੍ਰੀ ਗੁਰੂ ਸਿੰਘ ਸਭਾ—ਦੇਖੋ, ਸਿੰਘ ਸਭਾ ।
ਸ੍ਰੀ ਗੁਰੂ ਗ੍ਰੰਥ ਸਾਹਿਬ (ਫ਼ਰੀਦ ਕੋਟੀ ਟੀਕਾ)—੧੦੭ ।
ਸ੍ਰੀ ਨਗਰ (ਕੰਡਾ ਘਾਟ, ਪਟਿਆਲਾ)—੧੨੧ ।
ਸੁਕਵਿ ਸੰਬੋਧਨੀ (ਰਸਾਲਾ)—੧੩੫ ।
ਸੁਜਾਨ ਸਿੰਘ, ਸਰਦਾਰ —੧੧੪ ।


Sri Satguru Jagjit Singh Ji eLibrary NamdhariElibrary@gmail.com

ਸੁੰਦਰ ਸਿੰਘ,ਸਰਦਾਰ-੬੩,–ਗੁਰੂਸਰ ੮੧।
ਸੁੰਦਰ ਸਿੰਘ, ਸਰਦਾਰ [ਮਜੀਠਾ] ੧੧੭, ੧੨੨–੧੨੪,-੧੨੬। ਦੇਖੋ, ਚੀਫ਼ ਖ਼ਾਲਸਾ ਦੀਵਾਨ।
ਸੁਧਾਰਾਰਕ,ਰਸਾਲਾ–੯੨,੧੦੦, ੧੧੩।
ਸੁਪਨ ਨਾਟਕ–੧੧੩,[ਮੁਕੱਦਮਾ–]੧੧੩।
ਸੁਮੇਰ ਸਿੰਘ, ਬਾਬਾ–੮੮, ੧੧੩, ੧੩੧, [ਕਾਵਯ–ਰਚਨਾ] ੧੩੨।
ਸੁਰਬ ਹਿੰਦੀ, ਮਿਰਜ਼ਾ–੪੦।
ਸੂਬੇ[ਨਿਰੰਕਾਰੀ-]੧੯, [ਨਾਮਧਾਰੀ-]੬੯।
ਸੈਂਟਰਲ ਮਾਝਾ ਖ਼ਾਲਸਾ ਦੀਵਾਨ–੧੨੬।
ਸੌਂਕਾ ਰਾਮ, ਕਵੀ [ਹਜਰੋ]–੧੨੮।
ਸੰਤ ਸਿੰਘ, ਗਿਆਨੀ–੧੧੩।
ਸੰਤ ਰੇਣ, ਮਹਾਤਮਾ (ਭੂਦਨ, ਮਾਲੇਰ ਕੋਟਲਾ) ੭੫।
ਸੰਤੋਖ ਸਿੰਘ, ਵਿਦਿਆਰਥੀ–੮੭।

## (ਹ)

ਹਸਨ ਅਸਕਰੀ, ਸ਼ਾਹ–੩੭।
ਹਜਰੋ, ਪਿੰਡ [ਮਰਦਾਨ]–੫੬, ੫੭।
ਹਮ ਹਿੰਦੂ ਨਹੀਂ [ਭਾਈ ਕਾਨ੍ਹ ਸਿੰਘ, ਨਾਭਾ]–੧੩੪।
ਹਮਾਯੂੰ ਦਾ ਮਕਬਰਾ–੫੧।
ਹਰਸਾ ਸਿੰਘ, ਭਾਈ–੯੪, ੧੦੦,੧੩੧।
ਹਰਾ ਸਿੰਘ, ਬਾਬਾ [ਨਿਰੰਕਾਰੀ]੨੬।
ਹਰਿਨਾਮ ਸਿੰਘ, ਖਰੜ–੧੧੪।
ਹਰਿਭਗਤ ਸਿੰਘ, ਭਾਈ –੧੨੮।
ਹਰਿ ਮੰਦਿਰ [ਨਿਰੰਕਾਰੀ–] ੨੫।
ਹਰੀ ਸਿੰਘ ਉਰਫ਼ ਬੁੱਧ ਸਿੰਘ, ਬਾਬਾ– ੬੨, ੭੯, ੮੧।
ਹਰੀ ਕਾ ਪੱਤਣ–੬੫।
ਹਾਕਮ ਸਿੰਘ, ਪਟਵਾਰੀ–੭੩, ੭੪।
ਹਾਲ ਰਾਇਡ, ਕਰਨਲ–੧੧੬।
ਹਿੰਦੁਸਤਾਨੀ ਸਿਪਾਹੀ–੩੦–੩੩, ੩੭, ੩੯,੬੩,–ਰਜਮਟ ਨੰ: ੧੬, ੨੬,੪੧।
ਹੀਰਾ ਸਿੰਘ, ਸਰਦਾਰ [ਸਕਰੌਦੀ]–੭੪।
ਹੀਰਾ ਸਿੰਘ, ਮਹਾਰਾਜਾ [ਨਾਭਾ]–੧੦੦, ੧੨੫।
ਹੁਕਮ ਸਿੰਘ, ਸੋਢੀ–੯੬।
ਹੁਕਮਨਾਮਾ [ਅਕਾਲ ਤਖ਼ਤ]–੧੧੧।
ਹੁਕਮਨਾਮੇ [ਪਤ੍ਰ]–੬੯, ੭੭।
ਹੁਡਸਨ,ਮੇਜਰ [ਕਪਤਾਨ]–੪੪,੪੯, ੫੧।
ਹੈਨਰੀ ਲਾਰੰਸ, ਸਰ–੫੧।
ਹੈਵਿਟ, ਮੇਜਰ [ਜਨਰਲ]–੩੯।
ਹੋਲਾ ਮਹੱਲਾ [ਆਨੰਦਪੁਰ]–੭੦।
ਹੰਡੂਨ ਦਾ ਪੁਲ [ਦਿੱਲੀ]–੪੬।

## (ਕ)

ਕਰਮ ਸਿੰਘ, ਪੁਜਾਰੀ–੯੧।
ਕਰਾਚੀ [ਨਗਰ]–੧੨੫।
ਕਰੀਮ ਖ਼ਾਨ [ਭਾਈ]–੧੯।
ਕਲਕੱਤੇ ਦੀ ਸ਼ੋਰਸ਼–੩੮।
ਕਲਕੱਤੇ ਵਾਲਾ ਦਰਵਾਜ਼ਾ[ਦਿੱਲੀ]-੩੯।
ਕਾਨ੍ਹ ਸਿੰਘ, ਅਟਾਰੀ ਵਾਲਾ–੪੩।
ਕਾਨ੍ਹ ਸਿੰਘ ਬਾਬਾ–੫੮, [੨] ਚੱਕ ਵਾਲਾ–੬੩।
ਕਾਨ੍ਹ ਸਿੰਘ, ਭਾਈ [ਨਾਭਾ]–੯੨, ੧੩੧, ੧੩੩।
ਕਾਬਲ ਸਿੰਘ, ਜਮਾਦਾਰ–੬੨,੬੩।
ਕਾਲਿਨ ਕੈਂਪ ਬੈਲ, ਸਰ-੫੦, ੫੨।

Sri Satguru Jagjit Singh Ji eLibrary NamdhariElibrary@gmail.com

ਕਿਸ਼ਨ ਸਿੰਘ, ਆਰਿਫ—੧੨੯ ।
ਕੁੰਵਰ ਸਿੰਘ,ਜਗਦੀਸ਼ ਪੁਰ—੩੩ ।
ਕੂਕਾ—੫੫, ੭੪, ੭੫—ਮਿਸ਼ਨ ਕਾਬਲ ੭੨, ਮਿਸ਼ਨ ਨੇਪਾਲ ੭੧,—ਮਿਸ਼ਨ ਜਾਰ ਰੂਸ ੭੧ ।
ਕੂਕਾ ਡਾਕ ਸਰਵਿਸ—੬੯ ।
ਕੂਕਾ ਰਜਮਟ—੭੦—੭੧ ।
ਕੂਕਿਆਂ ਦੀ ਚੜ੍ਹਾਈ—੭੪, (ਮਲੌਦ ਤੇ ਹੱਲਾ)—੭੪,(ਮਾਲੇਰ ਕੋਟਲੇ ਤੇ ਹਮਲਾ) ੭੪, (ਪਠਾਣਾਂ ਦਾ ਪਿੱਛਾ)—੭੫, (ਗ੍ਰਿਫ਼ਤਾਰੀ)—੭੫, (ਤੋਪਾਂ ਨਾਲ ਉਡਾਏ ਜਾਣਾ)—੭੬ ।
ਕੈਨਿੰਗ, ਲਾਰਡ—੩੨ ।
ਕੋਟ ਸੈਦ ਮਹਮੂਦ, ਪਿੰਡ—੧੧੬ ।
ਕੋਰਤਲਾਂ, ਜਨਰਲ—੪੪ ।
ਕੋਵਨ, ਮਿਸਟਰ (ਡੀ. ਸੀ., ਲੁਦਿਹਾਣਾ)—੭੬ ।
ਕੌਂਸਲ ਜੀਂਦ—੧੧੫ ।
ਕੌਰ ਨੌ ਨਿਹਾਲ ਸਿੰਘ ਦੀ ਪਲਟਨ—੬੨ ।
ਕੰਡਾ ਘਾਟ (ਪਟਿਆਲਾ)—੧੨੧ ।

## (ਖ)

ਖ਼ਜ਼ਾਨ ਸਿੰਘ, ਕਵੀ—੧੨੯ ।
ਖ਼ਜ਼ਾਨ ਸਿੰਘ, ਮਲਿਕ—੧੧੪ ।
ਖ਼ਾਲਸ਼ਾ ਅਖ਼ਬਾਰ—੯੨, ੧੦੭, ੧੦੯, ੧੧੨, ੧੧੩ ।
ਖ਼ਾਲਸਾ ਕਾਲਜ(ਅਮ੍ਰਿਤਸਰ)—੯੮,੧੧੦, ੧੨੦(ਸਥਾਪਨ ਕਮੇਟੀ)—੧੧੫,੧੧੬, (ਦਰਬਾਰ)—੧੨੫।
ਖ਼ਾਲਸਾ ਕਾਲਜ ਸਕੂਲ—੧੧੭ ।
ਖ਼ਾਲਸਾ ਕਾਲਜ ਕੌਂਸਲ—੧੧੭,੧੨੩ ।
ਖ਼ਾਲਸਾ ਗਜ਼ਟ—੯੨, ੧੦੭ ।
ਖ਼ਾਲਸਾ ਟ੍ਰੈਕਟ ਸੁਸਾਇਟੀ (ਅਮ੍ਰਿਤਸਰ)—੧੩੧।
ਖ਼ਾਲਸਾ ਦੀਵਾਨ, ਅਮ੍ਰਿਤਸਰ—੧੦੧, ੧੦੩, ੧੦੫—੧੦੭,੧੧੦—੧੧੧, ੧੨੩ ।
ਖ਼ਾਲਸਾ ਦੀਵਾਨ, ਨਾਭਾ—੧੨੬ ।
ਖ਼ਾਲਸਾ ਦੀਵਾਨ, ਭਸੌੜ—੧੨੬ ।
ਖ਼ਾਲਸਾ ਦੀਵਾਨ, ਮਲਾਯਾ—੧੨੬ ।
ਖ਼ਾਲਸਾ ਦੀਵਾਨ, ਲਾਹੌਰ—੧੦੫, ੧੦੮, ੧੧੦, ੧੧੯, ੧੨੦, ੧੨੪ ।
ਖ਼ਾਲਸਾ ਪ੍ਰੈਸ (ਲਾਹੌਰ)—੧੦੦, ੧੦੭, ੧੧੯, ੧੨੨ ।
ਖ਼ਾਲਸਾ ਬਹਾਦੁਰ (ਜੰਗ ਸਾਰਾ ਗੜ੍ਹੀ ਕਿਲਾ) ੧੪੬ ।
ਖ਼ਾਲਸਾ ਭੁਜੰਗਣ ਸਕੂਲ, ਕੈਰੋਂ—੧੩੦ ।
ਖ਼ਿਜ਼ਰ ਸੁਲਤਾਨ, ਮਿਰਜ਼ਾ—੪੦, ੫੧ ।
ਖੁਰਸ਼ੀਦ ਖਾਲਸਾ (ਉਰਦੂ ਪੁਸਤਕ)—੧੦੪, ੧੦੮, ੧੦੯, ੧੩੩ ।
ਖੇਮ ਸਿੰਘ, ਬੇਦੀ (ਬਾਬਾ)—੨੩, ੨੪, ੮੭, ੮੮, ੯੮, ੧੦੨—੧੦੪, ੧੦੬—੧੧੦, ੧੧੩, ੧੧੪,੧੧੮, ੧੧੯ ।
ਖੋਟੇ, ਪਿੰਡ (ਫ਼ੀਰੋਜ਼ ਪੁਰ)—੭੨ ।

Sri Satguru Jagjit Singh Ji eLibrary NamdhariElibrary@gmail.com

## (ਗ)

ਗਊ ਰੱਖਿਆ ਅਤੇ ਸਿੱਖ—੭੧।
ਗਣੇਸ਼ਾ ਸਿੰਘ, ਸਕੱਤਰ (ਚੀਫ਼ ਸਕੱਤਰ)—੧੦੧, ੧੧੧।
ਗ਼ਦਰ (ਰਾਵਲਪਿੰਡੀ ਦਾ)—੨੦।
ਗ਼ਦਰ (ਹਿੰਦੁਸਤਾਨ ਦਾ)—੧, ੩੦, ੩੧, (ਕਾਰਣ) ੩੩, (ਕਲਕੱਤੇ ਦੀ ਸ਼ੋਰਸ਼) ੩੪, (ਬੈਰਕ ਪੁਰ) ੩੫, (ਮੇਰਠ)੩੯, (ਦਿੱਲੀ ਆਦਿ ਤੇ ਕਬਜ਼ਾ) ੪੦, (ਰਾਜ ਪ੍ਰਬੰਧ) ੪੦, (ਪੰਜਾਬ ਦਾ ਹਾਲ) ੪੧,(ਅੰਗ੍ਰੇਜ਼ੀ ਫ਼ੌਜ ਦੀ ਚੜ੍ਹਾਈ) ੪੧, (ਗ਼ਦਰ ਰੋਕੂ ਪੇਸ਼ ਬੰਦੀਆਂ) ੪੧, (ਸਿੱਖਾਂ ਦੀ ਉਲਝਣ)੪੨, (ਰਿਆਸਤਾਂ ਵਲੋਂ ਮਦਦ) ੪੪, (ਬਾਗ਼ੀਆਂ ਦੀ ਗਿਣਤੀ) ੪੬; (ਪਹਿਲਾ ਹਮਲਾ ਤੇ ਹਾਰ) ੪੬, (ਦੂਜੀ ਹਾਰ) ੪੭, (ਪੂਰਬੀਆਂ ਦੀ ਫੁੱਟ) ੪੭, (ਵੱਡੇ ਹਮਲੇ ਦੀ ਤਿਆਰੀ) ੪੮; (ਸਿੱਖਾਂ ਨਾਲ ਅਜੋੜ) ੪੯,(ਬਾਰੂਦ ਖ਼ਾਨੇ ਵਿਚ ਧਮਾਕਾ) ੪੯-੫੦, (ਦਿੱਲੀ ਤੇ ਅੰਗ੍ਰੇਜ਼ੀ ਕਬਜ਼ਾ) ੪੯—੫੦, (ਬਹਾਦੁਰ ਸ਼ਾਹ ਨੂੰ ਦੇਸ਼-ਨਿਕਾਲਾ) ੫੧, (ਲਖਨਊ ਤੇ ਕਬਜ਼ਾ) ੫੨, (ਬਿਹਾਰ ਉਤੇ ਕਬਜ਼ਾ) ੫੨, (ਗ਼ਦਰ ਦਾ ਅੰਤ) ੫੨, (ਅਸਫਲਤਾ ਦੇ ਕਾਰਣ) ੫੩।
ਗਦਰ ਦਾ ਦਿਨ—੩੭।
ਗਵਰਨਮੈਂਟ ਕਾਲਜ, ਲਾਹੌਰ—੯੧।
ਗੜਗੱਜ ਅਕਾਲੀ ਦੀਵਾਨ (ਤਰਨ ਤਾਰਨ) ੧੨੬।
ਗਿਆਨ ਸਿੰਘ, ਗਿਆਨੀ (ਸਕੱਤਰ) ੮੮, (੨) ੧੩੧, (ਦੇਹਾਂਤ) ੧੩੨-੧੩੩।
ਗੁਮਾਨੀ, ਭਾਈ—੫੭।
ਗੁਰਦਿੱਤ ਸਿੰਘ, ਬਾਬਾ—੨੬।
ਗੁਰਦਿੱਤ ਸਿੰਘ,ਭਾਈ—੧੦੦, ੧੨੦।
ਗੁਰਦੁਆਰਾ ਸੁਧਾਰ, ਅਥਵਾ ਅਕਾਲੀ ਲਹਿਰ—੧੨੬।
ਗੁਰਦੁਆਰਾ ਸ੍ਰੀ ਦਿਆਲ ਸਰ (ਰਾਵਲ ਪਿੰਡੀ) ੧੯।
ਗੁਰਦੁਆਰਾ ਪਿਸ਼ੌਰੀਆਂ (ਰਾਵਲ ਪਿੰਡੀ) ੧੮।
ਗੁਰਪਦ ਪ੍ਰੇਮ ਪ੍ਰਕਾਸ਼(ਗੁਰ ਬਿਲਾਸ)੧੩੨।
ਗੁਰਬਖ਼ਸ਼ ਸਿੰਘ, ਬਾਬਾ—੨੯।
ਗੁਰਬਰਸ, ਸੰਕ੍ਰਾਂਤੀ ਪਤ੍ਰਾ—੧੩੫।
ਗੁਰਬਾਣੀ ਕਾਨੂੰਨ—੧੦੬।
ਗੁਰਬਾਣੀ ਭਾਵਾਰਥ (ਪੁਸਤਕ)—੯੨।
ਗੁਰਮਤ ਗ੍ਰੰਥ ਪ੍ਰਚਾਰਕ ਸਭਾ—੧੩੧।
ਗੁਰਮਤਿ ਜੰਤ੍ਰੀ—੯੨।
ਗੁਰਮਤਿ ਪ੍ਰਕਾਸ਼ਕ (ਪਤ੍ਰ)—੧੦੬।
ਗੁਰਮੁਖ ਸਿੰਘ, ਸੰਤ—੭੩।
ਗੁਰਮੁਖ ਸਿੰਘ, ਪ੍ਰੋਫ਼ੈਸਰ—(ਜਨਮ) ੮੮, (ਵਿਦਿਆ) ੯੦, (ਸਰਵਿਸ) ੯੧, (ਪੁਸਤਕ—ਰਚਨਾ) ੯੨, (ਸਿੰਘ ਸਭਾ ਅਮ੍ਰਿਤਸਰ) ੯੩, (-ਲਾਹੌਰ) ੯੩, (ਸਿੰਘ ਸਭਾ ਲਹਿਰ) ੯੪-੯੫,(ਸਿੱਖ ਵਿਦਿਅਕ ਲਹਿਰ) ੯੬, (ਪੰਜਾਬੀ ਸਕੂਲ ਤੇ ਕਾਲਜ ਦੀ ਤਜਵੀਜ਼) ੯੬, (ਸਾਥੀ) ੯੬—੯੮, (ਵੱਡੀ ਸਭਾ) ੧੦੦, (ਖ਼ਾਲਸਾ ਪ੍ਰੈਸ) ੧੦੦, ਚੀਫ਼ ਸਕੱਤਰੀ) ੧੦੧, (ਧੜੇ ਬੰਦੀ) ੧੦੨, ੧੦੩. (ਮੱਤ ਭੇਦ) ੧੦੪, ੧੦੮, (ਦੂਸ਼ਣ) ੧੦੯, (ਅਕਾਲ ਤਖ਼ਤੋਂ

ਫ਼ਤਵਾ) ੧੧੦—੧੧੩, (ਖ਼ਾਲਸਾ ਕਾਲਜ) ੧੧੪—੧੧੮, [ਖ਼ਾਲਸਾ ਪ੍ਰੈਸ ਤੇ ਅਖ਼ਬਾਰ] ੧੧੯, [ਪੁਸਤਕਾਂ] ੧੩੫—੧੩੬, [ਨੈਨੀ ਤਾਲ ਯਾਤ੍ਰਾ] ੧੩੬, ੧੩੮, [ਸੁਰਗਵਾਸ] ੧੨੧, [ਯਾਦਗਾਰ] ੧੨੨, ੧੨੫, ੧੩੧, ੧੩੩ ।
ਗੁਰਮੁਖੀ ਅਖ਼ਬਾਰ—੯੨, ੯੪, ੯੬, ੧੦੩ ।
ਗੁਰੂ ਨਾਨਕ ਪ੍ਰਕਾਸ਼ ਪ੍ਰੈਸ [ਅਵਧ]—੧੨੮।
ਗੁਰੂ ਸਿੰਘ ਇਤਿਹਾਸ [ਪੰਡਿਤ ਭਾਨੂ ਦੱਤ]—੧੨੯ ।
ਗੁਰੂ ਕਾ ਬਾਗ, ਅਮ੍ਰਿਤਸਰ—੮੭ ।
ਗੁਰੂ ਨਾਨਕ ਦਿਗ ਵਿਜੈ [ਮੱਕੇ ਮਦੀਨੇ ਦੀ ਗੋਸ਼ਟਿ] ੧੩੨ ।
ਗੁਲਾਬ, ਸਿੰਘ, ਕਪਤਾਨ [ਅਟਾਰੀ]—੧੧੪ ।
ਗੁਲਾਬ ਸਿੰਘ, ਬਾਬੂ [ਗੁੱਜਰਾਂ ਵਾਲਾ] ੧੨੫।
ਗੰਡਾ ਸਿੰਘ, ਕਮਾਂਡੈਂਟ—੮੯।
ਗ੍ਰੰਥ ਰਾਜਨੀਤਿ ਕਾ—੧੨੮ ।

(ਚ)

ਚਪਾਤੀਆਂ—ਦੇਖੋ, ਰੋਟੀਆਂ ।
ਚਰਨ ਸਿੰਘ, ਸ਼ਹੀਦ—੧੩੫ ।
ਚਰਨ ਸਿੰਘ, ਡਾਕਟਰ—੧੧੧, ੧੩੧, ੧੩੩, ੧੩੪।
ਚਰਨ ਦਾਸ, ਕਪੂਰ—੧੬ ।
ਚਰਬੀ ਮਿਲੇ ਕਾਰਤੂਸ—੩੪, ੩੯ ।
ਚਾਰਲਸ ਐਚੀਸਨ, ਸਰ—੯੪,੧੦੦ ।
ਚਾਰਲਸ ਰੀਵਾਜ਼,ਸਰ—੧੨੫ ।
ਚੀਫ਼ ਖ਼ਾਲਸਾ ਦੀਵਾਨ [ਢਾਂਚਾ]—੧੨੫, [ਸਥਾਪਨਾ]—੧੨੬ ।
ਚੌਥੀ ਸਿੱਖ ਰਜਮਟ—੫੦ ।
ਚੰਧੜ, ਪਿੰਡ [ਗੁੱਜਰਾਂ ਵਾਲਾ]—੧੯ ।
ਚੰਪੂ ਕਾਵ੍ਯ—੧੩੬ ।

(ਛ)

ਛੋਈ, ਪਿੰਡ [ਅਟਕ]—੫੬ ।

(ਜ)

ਜੱਸਾ ਸਿੰਘ, ਗ੍ਰੰਥੀ—੨੨, ੨੩ ।
ਜੱਸਾ ਸਿੰਘ, ਭਾਈ—੨੪, [੨] ੬੨ ।
ਜੱਸਾਂ, ਮਾਈ—੬੨ ।
ਜਹਾਦ ਦਾ ਝੰਡਾ—੩੬ ।
ਜ਼ਹੀਰੁੱਦੀਨ, ਚੌਧਰੀ—੮੨ ।
ਜੰਗ ਬਹਾਦੁਰ, ਰਾਣਾ—੫੨, ੭੧ ।
ਜਗਜੀਤ ਸਿੰਘ, ਬਾਬਾ [ਨਾਮਧਾਰੀ]—੮੧, ੮੨ ।
ਜਗਜੋਤ ਸਿੰਘ, ਕੌਰ—੧੨੮ ।
ਜਮਾਲ ਪੁਰਾ, ਪਿੰਡ—੭੬ ।
ਜਮੀਅਤ ਸਿੰਘ, ਬਾਬਾ—੬੨, ੬੩ ।
ਜਵਾਹਰ ਸਿੰਘ, ਕਪੂਰ [ਸਰਦਾਰ]—੯੭, ੧੧੫, ੧੧੭, [ਸਕੱਤਰ) ੧੨੦, ੧੨੩, ੧੨੪, [ਸੁਰਗਵਾਸ] ੧੨੨ ।
ਜਵਾਹਰ ਮੱਲ, ਸਾਈਂ—੫੬ ।
ਜਵਾਨ ਬਖ਼ਤ, ਮਿਰਜ਼ਾ—੪੦ ।
ਜ਼ਾਰ ਰੂਸ—੭੧ ।
ਜਾਰਜ ਐਨਸਨ,ਜਨਰਲ—੩੮,੪੦,੪੧ ।
ਜ਼ੀਨਤ ਮਹਲ,ਬੇਗਮ—੫੧
ਜੀਵਨ ਕੌਰ, ਮਾਤਾ—੮੧ ।

Sri Satguru Jagjit Singh Ji eLibrary NamdhariElibrary@gmail.com

ਜੇ. ਸਾਈਮ—੧੧੬ ।
ਜੇ. ਸੀ. ਓਮਨ [ਪ੍ਰਿੰਸੀਪਲ] ੧੧੧, ੧੨੬ ।
ਜੋਨਜ਼, ਬ੍ਰਿਗੇਡੀਅਰ—੫੦ ।
ਜੰਗ ਚਿਤਰਾਲ [ਕੇਹਰ ਸਿੰਘ]—੧੪੬, [ਗੋਪਾਲ ਸਿੰਘ] ੧੪੬, [ਵਧਾਵਾ ਸਿੰਘ] ੧੪੬ ।
ਜੰਗ ਚੀਨ [ਰੂੜ ਸਿੰਘ] ੧੪੫, [ਵਧਾਵਾ ਸਿੰਘ] ੧੪੫ ।
ਜੰਗ ਤੀਰਾਹ [ਲਾਭ ਸਿੰਘ] ੧੪੫ ।
ਜੰਗਨਾਮਾ ਕਾਬਲ [ਕਰਮ ਸਿੰਘ] ੧੪੫, ਕੰਧਾਰ ਦਾ [ਸ਼ਜਾਮ ਸਿੰਘ] ੧੪੫—੧੪੬,—ਤੀਰਾਹ[ਸੋਭਾ ਸਿੰਘ] ੧੪੬, —ਮਾਲਾ ਕੰਦ [ਗੋਪਾਲ ਸਿੰਘ] ੧੪੬ ।
ਜੰਗ ਬਹਾਦੁਰ, ਰਾਣਾ—੫੨, ੭੧
ਜੰਡੂ ਕੇ, ਪਿੰਡ [ਮਾਈਸਰ ਖਾਨਾ, ਬਠਿੰਡਾ] ੯੨ ।

(ਝ)

ਝੱਜਰ, ਨਵਾਬ—੪੨ ।
ਝੰਡਾ ਸਿੰਘ, ਗਿਆਨੀ—੧੦੭ ।
ਝੰਡਾ ਸਿੰਘ, ਭਾਈ—੭੨ ।

(ਟ)

ਟੇਲਰ, ਕਪਤਾਨ—੩੯ ।

(ਠ)

ਠਾਕੁਰ ਸਿਘ, ਸੰਧਾ ਵਾਲੀਏ [ਸਰਦਾਰ]-੮੭, ੮੮, ੯੧, ੯੩, ੧੦੧, ੧੦੩, ੧੦੪, [ਸੁਰਗਵਾਸ] ੧੦੯, [ਸੰਖੇਪ ਜੀਵਨ] ੧੪੦—੧੪੧ ।

(ਡ)

ਡਨਲਪ ਸਮਿਥ, ਪੋਲੀਟੀਕਲ ਏਜੰਟ-੧੨੫ ।
ਡਫ਼ਰਨ, ਲਾਰਡ [ਮਾਨ ਪਤ੍ਰ] ੧੧੪ ।
ਡਲਹੌਜ਼ੀ, ਲਾਰਡ—੩੧, [ਘਾਊਘੱਪ ਨੀਤੀ] ੩੨, [ਬਦਲੀ] ੩੨ ।
ਡਿਪਟੀ ਕਮਿਸ਼ਨਰ, ਲੁਦਿਹਾਣਾ—੭੪ ੭੫ ।

(ਤ)

ਤਖ਼ਤ ਸਿੰਘ, ਭਾਈ [ਫ਼ੀਰੋਜ਼ਪੁਰੀ]—੧੩੦ ।
ਤਾਰਾ ਸਿੰਘ, ਨਰੋੱਤਮ [ਪੰਡਿਤ]—੧੩੧, [ਦੇਹਾਂਤ] ੧੩੨ ।
ਤਾਂਤੀਆ ਟੋਪੇ—੩੩, ੫੨ ।
ਤੇਜਾ ਸਿੰਘ, ਬਾਬੂ—੧੨੫, ੧੨੬ ।
ਤੋਰੂ ਰਾਇ, ਦੀਵਾਨ—੧੮,੧੯ ।

## (ਦ)


ਦਸਮ ਗ੍ਰੰਥ ਦੀ ਸੁਧਾਈ ਦੀ ਰਪੋਰਟ— ੧੩੧ ।
ਦਮਦਮ ਸਥਾਨ [ਕਲਕੱਤਾ] ੩੪ ।
ਦਰਬਾਰਾ ਸਿੰਘ, ਬਾਬਾ—੧੬,੨੦—੨੫, ੬੩ ।
ਦਲੀਪ ਸਿੰਘ, ਮਹਾਰਾਜਾ—੧੩,੩੨,੮੪, ੮੬, ੧੦੮, ੧੦੯ ।
ਦਾਦਰੀ, ਰਈਸ—੩੩, ੫੧ ।
ਦਿਆਲ ਸਿੰਘ, ਸਰਦਾਰ—੭੯, ੧੧੫— ਖ਼ਾਲਸਾ ਕਾਲਜ ੧੧੫ ।
ਦਿਆਲ ਸਿੰਘ, ਭਾਈ—੫੬ ।
ਦਿਆਲ ਜੀ, ਬਾਬਾ—੧੩—੨੦, ੨੮ ।
ਦਿਹਲੀ ਪੰਚ ਪ੍ਰੈਸ (ਲਾਹੌਰ)—੯੪ ।
ਦਿੱਤ ਸਿੰਘ,ਗਿਆਨੀ—੯੭,੧੦੭, ੧੧੨, ੧੧੩, ੧੧੮, ੧੧੯, ੧੨੧, ੧੨੨, ੧੨੪,(ਸੁਰਗਵਾਸ) ੧੨੬,[ਲਾਇਬ੍ਰੇਰੀ] ੧੩੦, ੧੩੧, ੧੩੩,—(ਸਾਹਿੱਤ) ੧੩੪; ੧੩੮ ।
ਦਿੱਲੀ (ਗ਼ਦਰ)-੩੬; ੩੯, ੪੦, ੪੯; (ਕਬਜ਼ਾ) ੫੦; ੫੧ ।
ਦੀਪ ਸਿੰਘ,ਕੌਰ (ਪਟਿਆਲੇ ਵਾਲਾ)-੪੫।


## (ਧ)


ਧਨੀ ਰਾਮ; ਭਾਈ—੫੭ ।
ਧਰਮ ਸ਼ਾਸਤ੍ਰ (ਮਿਤਾਛਰਾ ਟੀਕਾ)-੧੨੮।
ਧਰਮ ਸਿੰਘ, ਰਈਸ—੧੨੦ ।


## (ਨ)


ਨੱਜ਼ਾਮ ਹੈਦਰਾਬਾਦ ਦੱਖਣ—੩੨ ।
ਨਰਿੰਦ੍ਰ ਮੰਡਲ—੪੯ ।
ਨਰਿੰਦ੍ਰ ਸਿੰਘ; ਮਹਾਰਾਜਾ—੪੪, ੪੫, ੫੪, ੧੩੩ ।
ਨਵਾਬ (ਝੱਜਰ)—੩੩; ੪੨; (ਫਾਂਸੀ)— ੫੧,—(ਫ਼ੱਰੁਖ਼ਾਬਾਦ) ੫੨,—(ਮਾਲੇਰ ਕੋਟਲਾ)-੪੫ ।
ਨਾਹਰ ਸਿੰਘ, ਰਾਜਾ (ਬੱਲਬ ਗੜ੍ਹ)—੩੩, (ਫਾਂਸੀ) ੫੧ ।
ਨਾਦਰ ਖ਼ਾਨ, ਖਟਕ—੨੦ ।
ਨਾਨਕ ਬਖ਼ਸ਼, ਲਾਲਾ-੯੬ ।
ਨਾਨਾ ਸਾਹਿਬ, ਧੁੰਧੂ ਪੰਤ—੩੨,੩੪ ।
ਨਾਨਾ ਫੜਨਵੀਸ—੫੨ ।
ਨਾਮ ਅਭਿਆਸੀ ਜਿਗਿਆਸੀ ਸੰਪ੍ਰਦਾਇ— ੫੭, ੫੮ ।
ਨਾਮਧਾਰੀ (ਕੂਕੇ)—੬੬,੬੭, ੭੦,੭੭, (ਜੱਥੇਬੰਦੀ) ੧੨੦, (ਦਰਬਾਰ) ੮੧, ੮੨; (ਮਿਸ਼ਨ) ੭੧, (ਲਹਿਰ) ੧—੩; ੨੬, ੩੦; ੫੫, ੫੮; ੬੬, ੬੭; ੮੧—੮੪; (ਵਿਸ਼ੇਸ਼ਤਾ) ੮੨ ।
ਨਾਰਨੌਲ (ਇਲਾਕਾ)—੫੧ ।
ਨਾਰਾਇਣ ਸਿੰਘ, ਦੀਵਾਨ—੪੩ ।
ਨਿਅਮਤੁੱਲਾ ਸ਼ਾਹ, ਫ਼ਕੀਰ—੩੭ ।
ਨਿਆਜ਼ ਅਲੀ, ਸੱਯਦ—੭੫ ।
ਨਿਹਾਲ ਸਿੰਘ, ਭਾਈ—੨੧ ।
ਨਿਹਾਲ ਸਿੰਘ, ਛਾਛੀ—੧੮, ੧੯, ੨੩ ।
ਨਿਹਾਲ ਸਿੰਘ,ਬਾਬਾ-੧੦੩,੧੦੮,੧੧੦; ੧੩੨ ।
ਨਿਹਾਲ ਸਿੰਘ; ਰਾਜਾ(ਕਪੂਰਥਲਾ)—੮੯ ।

ਨਿਹਾਲ ਕੌਰ—੨੧ ।
ਨਿਕਲਸਨ; ਬ੍ਰਿਗੇਡੀਅਰ ਜਨਰਲ—੫੦, ੫੧ ।
ਨਿਰਮਲੇ—੮੮ ।
ਨਿਰੰਕਾਰੀ (ਅਰਦਾਸਾ)—੨੮; (ਸੂਬੇ)—੧੯, [ਪ੍ਰਚਾਰਕ] ੧੦੫, [ਲਹਿਰ]—੧; ੨,੫,੧੩; ੨੬; ੨੯, ੩੦; ੫੫; ੬੩, ੮੪, [ਗਿਣਤੀ]—੨੭ ।
ਨੈਣਾ ਸਿੰਘ, ਬਰਿਆਹ—੬੩ ।
ਨੌ ਨਿਹਾਲ ਸਿੰਘ ਦੀ ਪਲਟਨ—੫੭ ।
ਨੌਰੰਗ ਸਿੰਘ, ਭਾਈ [ਸਕੱਤਰ]—੧੦੧ ।
ਨੰਦ ਪੁਰ; ਕਲੌੜ, ਪਿੰਡ—੯੭ ।

## (ਪ)

ਪਰਮੇਸਰੀ ਦੇਵੀ—੯੨ ।
ਪਲਟਨ ਨੰ: ੧੪ [ਫ਼ੀਰੋਜ਼ਪੁਰ ਸਿੱਖ]—੪੪,—ਨੰ: ੧੫ [ਲੁੱਦਿਹਾਣਾ ਸਿੱਖ]—੪੪,—ਨੰ: ੪੪ [ਕਰਨਲ ਰੈਟਰੇ'ਜ਼ ਸਿੱਖ ਰਜਮਟ] ੪੪,—ਪੰਜਾਬ ਰਜਮਟ [੧/੨੫]—੪੪—ਨੰ: ੫੪—੪੦ ।
ਪਾਰਸ ਭਾਗ [ਪੁਸਤਕ]—੧੨੮ ।
ਪਿਸ਼ੌਰ—੨੪- ੨੭,੬੨, ੬੩, ੮੫ ।
ਪਿੱਪਰੀ, ਪਿੰਡ [ਅਵਧ]—੧੨੮ ।
ਪੁਜਾਰੀ ਸੁਧਾਰ—੯੯ ।
ਪੁਰਾਤਨ ਜਨਮਸਾਖੀ ਗੁਰੂ ਨਾਨਕ-੧੦੬, ੧੩੫ ।
ਪੂਰਨ ਸਿੰਘ; ਪ੍ਰੋਫੈਸਰ—੧੩੫ ।
ਪੂਰਬੀਏ [ਹਿੰਦੁਸਤਾਨੀ ਸਿਪਾਹੀ]—੩੦; ੩੩; ੪੨ ।
ਪ੍ਰਤਾਪ ਸਿੰਘ, ਖ਼ਜ਼ਾਨਚੀ—੧੨੦ ।
ਪ੍ਰਤਾਪ ਸਿੰਘ;ਭਾਈ—੧੨੦ ।
ਪ੍ਰਵਾਨੇ—੩੪,੨੫; ਦੇਖੋ—ਹੁਕਮਨਾਮੇ ।
ਪੰਚ ਖ਼ਾਲਸਾ ਦੀਵਾਨ [ਭਸੌੜ]—੧੨੬ ।
ਪੰਜਾਬ ਇਨਫੈਂਟਰੀ—੫੦ ।
ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ [ਲਾਹੌਰ]—੯੧; ੯੩; ੯੭।
ਪੰਜਾਬੀ [ਅਖ਼ਬਾਰ]—੯੨, [ਅਖ਼ਬਾਰਾਂ ਤੇ ਰਸਾਲੇ]—੧੩੯,[ਅੰਗ੍ਰੇਜ਼ੀਡਿਕਸ਼ਨਰੀ-ਮੱਯਾ ਸਿੰਘ]—੧੩੪,–[ਸਕੂਲ]—੯੬, [ਕਾਲਜ]—੯੬ [ਪਤ੍ਰਕਲਾ]-੧੩੯ ।—ਪ੍ਰਚਾਰਨੀ ਸਭਾ [ਲਾਹੌਰ]—੯੬ ।

## (ਫ)

ਫ਼ਜ਼ਲ ਦਾਦ, ਰਾਜਾ [ਲਾਇਲ ਪੁਰ]-੮੨।
ਫ਼ਤਹਿ ਸਿੰਘ, ਭਾਈ—੭੨, ੭੩ ।
ਫ਼ਰੀਦ ਕੋਟ [ਇਕੱਠ]—੧੧੦ ।
ਫ਼ਰੀਦਕੋਟੀ ਟੀਕਾ—ਦੇਖੋ, ਸ੍ਰੀ ਗੁਰੂ ਗ੍ਰੰਥ ਸਾਹਿਬ [ਟੀਕਾ] ।
ਫਿਨਿਸ, ਕਰਨਲ—੩੯ ।
ਫ਼ੀਰੋਜ਼ਪੁਰ—੬੩, ਬਗ਼ਾਵਤ ੭੧ ।
ਫੋਰਸੀਥ, ਮਿਸਟਰ [ਕਮਿਸ਼ਨਰ, ਅੰਬਾਲਾ] ੭੬ ।
ਫ਼ੌਜੀ ਕਿੱਸਾ—ਸਾਹਿੱਤ—੧੪੩ ।
ਫ਼ੌਜੀ ਡਰਿਲ [ਨਾਮਧਾਰੀਆਂ ਦੀ—]੬੯ ।
ਫ਼ੌਜੀ ਭਰਤੀ [ਸਿੱਖਾਂ ਦੀ—]— ੧੪੨, ੧੪੪ ।

## (ਬ)


ਬਸਾਵਾ ਸਿੰਘ; ਭਾਈ—੮੯ ।

ਬਸੰਤ ਸਿੰਘ ਭਾਈ—੧੧੩,੧੧੯,੧੨੦।

ਬਹਾਦੁਰ ਸ਼ਾਹ [ਬਾਦਸ਼ਾਹ ਦਿੱਲੀ]—੩੨-੩੩, ੩੭, ੪੦, ੪੫—੫੧ ।

ਬਹਾਦੁਰ ਖ਼ਾਨ; ਬਲੋਚ—੮੨ ।

ਬਹਿਰਾਮ ਪੁਰ [ਛਾਵਣੀ]—੩੫ ।

ਬਖ਼ਤੌਰ ਸ਼ਾਹ—੪੦ ।

ਬਦਨ ਸਿੰਘ; ਸਰਦਾਰ [ਮਲੌਦ] ੭੪–੭੬ ।

ਬਦਨ ਸਿੰਘ; ਗਿਆਨੀ [ਫ਼ਰੀਦ ਕੋਟ] ੧੦੮—੧੧੦ ।

ਬਰਨਾਰਡ,ਜਨਰਲ—੪੧ ।

ਬਰਾਰ (ਇਲਾਕਾ)— ੩੨ ।

ਬ੍ਰਹਮੂ ਸਮਾਜ–੧, ੮੭ ।

ਬਲਵੰਤ ਸਿੰਘ,ਸਰਦਾਰ (ਭਦੌੜ)-੧੨੦ ।

ਬਾਗ਼ੀ ਸਿੱਖ—੪੯, ੫੧, (–ਸਿਪਾਹੀ)–੩੭, ੪੦—(ਪਲਟਨਾਂ)—੫੦ ।

ਬਾਲਕ ਸਿੰਘ,ਬਾਬਾ (ਹਜਰੋ)—੨੦,੫੫, ੫੭, (ਦੇਹਾਂਤ) ੫੮, (ਸ਼ੀਹਰਫ਼ੀ) ੫੯, ੬੩, (੨)—ਮਹੀਦ ਪੁਰੇ ਵਾਲੇ ੧੫, ੧੬ ।

ਬਾਵਲ ਕਾਂਟੀ (ਇਲਾਕਾ ਨਾਭਾ)–੫੧ ।

ਬਿਹਾਰੀ ਲਾਲ, ਪੁਰੀ–੯੬,੧੨੮ ।

ਬਿਕ੍ਰਮ ਸਿੰਘ, ਕੰਵਰ–੮੭, ੯੦, ੯੩, ੯੮, ੧੦੩, ੧੦੯, ੧੧੪, (ਉਪਮਾ ਸਾਰ ਗ੍ਰੰਥ) ੨੩੧, ੧੩੨,—ਬੇਦੀ ੨੨,੨੩—ਰਾਜਾ (ਫ਼ਰੀਦ ਕੋਟ)੧੦੭, ੧੦੮, ੧੧੩ ।

ਬੀਹਲਾ ਸਿੰਘ, ਨਾਰਲੀ–੭੨, ੭੩ ।

ਬੀਰ ਸਿੰਘ, ਬਾਬਾ (ਨਾਮਧਾਰੀ)—੮੧ ।

ਬੀੜੇਦਾਰ—ਦੇਖੋ, ਸੂਬੇ ।

ਬੁੱਚੜ ਬੱਧ (ਅਮ੍ਰਿਤਸਰ–) ੭੨, (ਰਾਇਕੋਟ—) ੭੨ ।

ਬੁੱਧ ਸਿੰਘ, ਬਾਬਾ—੬੨ ।

ਬੁੱਧੂ ਸ਼ਾਹ (ਸੰਤ)—੧੬ ।

ਬੇਲੀ ਰਾਮ (ਮਾਂਦਰੀ ਸਾਧੂ—) ੧੮ ।

ਬੈਰਕ ਪੁਰ (ਛਾਵਣੀ)-੩੫, ੩੬ ।


## (ਭ)


ਭਸੌੜ, ਪਿੰਡ (ਧੂਰੀ)—੧੨੬ ।

ਭਗਤ ਸਿੰਘ, ਭਾਈ–੧੧੪ ।

ਭਾਗ ਮੱਲ–੧੬ ।

ਭਾਨੂ ਦੱਤ, ਪੰਡਿਤ—੧੦੯ ।

ਭੂਦਨ, ਪਿੰਡ (ਮਾਲੇਰ ਕੋਟਲਾ)–੭੫ ।

ਭੂਪਿੰਦ੍ਰ ਕੌਰ, ਬੀਬੀ–੮੧ ।

ਭੇਰਾ (ਨਗਰ)–੧੬ ।

ਭੈਣੀ ਸਾਹਿਬ [ਭੈਣੀ ਅਰਾਈਆਂ], ਪਿੰਡ–੫੭, ੬੨, ੬੩, ੭੦, ੭੩ ।

ਭੋਜ ਪ੍ਰਬੰਧ ਸਾਰ (ਗ੍ਰੰਥ)–੧੨੮ ।

ਭੋਲਾ ਸਿੰਘ—੨੧ ।


## (ਮ)


ਮਈਆ ਸਿੰਘ, ਭਾਈ–੧੧੯, ੧੨੪, ੧੩੧, ੧੩੩ ।

ਮਸਤਾਨ ਸਿੰਘ, ਸੰਤ (ਪਿੱਥੋ)—੭੩ ।

ਮਹਾਰਾਜ ਸਿੰਘ, ਭਾਈ–੪੩, ੧੪੩ ।


Sri Satguru Jagjit Singh Ji eLibrary NamdhariElibrary@gmail.com

ਮਹਾਰਾਜਾ (ਅਲਵਰ)—੪੯, (—ਕਪੂਰ-ਥਲਾ) ੧੧੫, (-ਗਵਾਲੀਅਰ)—੪੯, ੫੨ (—ਜੈ ਪੁਰ)—੪੮, ੫੩, (—ਜੋਧ ਪੁਰ) ੪੮, (—ਜੰਮੂ) ੫੦, (—ਨਾਭਾ) ੧੧੫, (—ਪਟਿਆਲਾ) ੪੫, ੪੯, ੫੧, (—ਬੀਕਾਨੇਰ) ੪੮, (—ਰੀਵਾਂ) ੫੨ ।
ਮਹਾਰਾਣਾ ਧੌਲ ਪੁਰ—੧੨੧ ।
ਮਹਿਜਰ ਨਾਮੇ—੧੧੯ ।
ਮਹਿੰਦ੍ਰ ਸਿੰਘ, ਮਹਾਰਾਜਾ (ਪਟਿਆਲਾ)—੧੩੩ ।
ਮਕਾਲਿਫ਼, ਮਿਸਟਰ—੧੦੬, ੧੩੩ ।
ਮਜੀਠਾ ਹਾਊਸ (ਅਮ੍ਰਿਤਸਰ)—੧੨੬ ।
ਮਲਵਈ ਬੁੰਗਾ (ਅਮ੍ਰਿਤਸਰ)—੧੨੫ ।
ਮਲੌਦ (ਲੁਦਿਹਾਣਾ)—੭੪,੭੬ ।
ਮਾਨ ਸਿੰਘ, ਸਰਦਾਰ (ਸਰਬਰਾਹ)—੧੦੧, ੧੧੪ ।
ਮਾਲੇਰ ਕੋਟਲਾ (ਨਗਰ)—੭੩, ੭੬ ।
ਮਿਸ਼ਨ ਸਕੂਲ (ਅਮ੍ਰਿਤਸਰ)—੮੭ ।
ਮੀਹਾਂ ਸਿੰਘ, ਭਾਈ—੯੬, ੧੧੪, ੧੨੦ ।
ਮੁਹੰਮਦ ਬਖ਼ਤ ਖ਼ਾਨ (ਸਿਪਹ ਸਾਲਾਰ)—੪੭ ।
ਮੁਗ਼ਲ, ਮਿਰਜ਼ਾ—੪੦ ੫੧, ੧੨੮ ।
ਮੁਤਬੰਨੇ ਦਾ ਅਧਿਕਾਰ—੫੩ ।
ਮੂਲ ਸਿੰਘ, ਰਾਇ—੯੩,੯੪,੧੧੮ ।
ਮੂਲ ਦੇਵੀ (ਮਾਤਾ)—੧੬, ੨੧ ।
ਮੇਹਰ ਸਿੰਘ, ਲੱਪੋ ਕੇ—੬੨ ।
ਮੇਰਠ (ਬਗ਼ਾਵਤ)—੩੯ ।
ਮੰਗਲ ਸਿੰਘ, ਸੰਤ (ਪਿੱਥੋ)—੭੩ ।
ਮੰਗਲ ਪਾਂਡੇ—੩੫ ।
ਮੰਨਾ ਸਿੰਘ, ਗਿਆਨੀ—੧੯, ੨੫ ।
ਮੰਨਾ ਸਿੰਘ, ਭਾਈ—੫੬,੫੮, ੬੫ ।

## (ਯ)

ਯੂਰਪੀਅਨ ਮਿਸ਼ਨਰੀਆਂ—੮੪ ।

## (ਰ)

ਰਈਸ ਚਰਖਾਰੀ—੫੩,—ਦਾਦਰੀ ੩੩ ।
ਰਹੀਮ ਖ਼ਾਨ, ਕਰੀਮ ਖ਼ਾਨ, ਭਾਈ—੧੯ ।
ਰਣਜੀਤ ਸਿੰਘ,ਮਹਾਰਾਜਾ—੧੧-੧੩,੧੭ ।
ਰਣਧੀਰ ਸਿੰਘ, ਰਾਜਾ (ਕਪੂਰਥਲਾ)—੮੮ ।
ਰਣਬੀਰ ਸਿੰਘ, ਮਹਾਰਾਜਾ[ਜੰਮੂ ਵ ਕਸ਼ਮੀਰ] ੭੦ ।
ਰੜ, ਪਿੰਡ (ਪਟਿਆਲਾ)—੭੫ ।
ਰਤਨ ਸਿੰਘ, ਗਿਆਨੀ—੭੩, ੯੬ ।
ਰਤਨ ਚੰਦ ਉਰਫ਼ ਰੱਤਾ ਜੀ, ਬਾਬਾ—੧੬, ੨੪-੨੭ ।
ਰੱਬੋਂ, ਪਿੰਡ—੭੪ ।
ਰਾਇ ਸਿੰਘ, ਭਾਈ—੬੬ ।
ਰਾਇ ਕੋਟ (ਬੁੱਚੜ ਬੱਧ)—੭੨, ੭੩ ।
ਰਾਜ ਪੁਰ (ਛਾਉਣੀ)—੪੭ ।
ਰਾਜਾ (ਕਪੂਰਥਲਾ)—੪੫, (—ਨਾਭਾ) ੪੫, ੫੧ (—ਫ਼ਰੀਦ ਕੋਟ)—੪੫ ।
ਰਾਜਿੰਦ੍ਰ ਸਿੰਘ, ਮਹਾਰਾਜਾ (ਪਟਿਆਲਾ)-੧੩੩ ।
ਰਾਜੂ ਸ਼ਾਹ, ਮੀਆਂ—੮੨ ।
ਰਾਣੀ ਝਾਂਸੀ—੩੩, ੫੨ ।
ਰਾਣੀਆਂ (ਰਈਸ—) ੩੩ ।
ਰਾਧਾ ਸੁਆਮੀ—੨੦ ।

Sri Satguru Jagjit Singh Ji eLibrary NamdhariElibrary@gmail.com

ਰਾਬਰਟ ਈਜਰਟਨ, ਸਰ (ਲਾਟ)—੯੪ ।
ਰਾਮ ਸਹਾਇ, ਭਾਈ—੧੪, ੧੫ ।
ਰਾਮ ਸਿੰਘ ਜੀ, ਬਾਬਾ—੫੭, ੬੨—੭੧, ੭੩, ੭੪, ੭੭, ੭੯ ।
ਰਾਮਦਾਸ ਪੁਰਾ—੧੫੪ ।
ਰਾਵਲ ਪਿੰਡੀ—੧੬—੨੦, ੬੩ ।
ਰਿਪਲੇ, ਕਰਨਲ—੪੦ ।
ਰੀਡ,ਮੇਜਰ ਜਨਰਲ—੪੧, ੫੦ ।
ਰੂਪ ਸਿੰਘ, ਪ੍ਰਚਾਰਕ—੧੬ ।
ਰੇਟਰੇ ਦੇ ਸਿੱਖ ਸਿਪਾਹੀ—੩੮, ੪੪,੫੨ ।
ਰੋਟੀਆਂ (ਤਕਸੀਮ) ੩੫ ।
ਰੰਗੂਨ (ਬਰਮਾ) ੫੧ ।

(ਲ)

ਲਹਿਣਾ ਸਿੰਘ, ਸਰਦਾਰ—੭੪ ।
ਲਹਿਣਾ ਸਿੰਘ, ਭਾਈ—੭੨, ੭੩ ।
ਲਖਨਊ ਦੀ ਜਿੱਤ—੩੭,੫੧ ।
ਲੱਖਾ ਸਿੰਘ, ਭਾਈ—੭੪ ।
ਲਡਿੱਕੀ, ਮਾਤਾ—੧੪, ੧੫ ।
ਲਾਈਟਨਰ, ਡਾਕਟਰ—੯੧, ੯੭ ।
ਲਾਹੌਰ—੬੨, ੬੩ ।
ਲਾਹੌਰੀ ਧੜਾ (ਸਿੰਘ ਸਭਾ ਲਾਹੌਰ ਦੇ ਮੋਢੀ) ੧੦੭ ।
ਲਾਭ ਸਿੰਘ, ਬਾਬਾ—੬੩ ।
ਲਾਲ ਕਿਲਾ (ਦਿੱਲੀ) ੫੧ ।
ਲਾਂਗ ਫ਼ੀਲਡ, ਬ੍ਰਿਗੇਡੀਅਰ-੫੦ ।
ਲੋਹੜੀ (ਸੰਨ ੧੮੭੨ ਈ:)—੭੩ ।

(ਵ)

ਵਜ਼ੀਰਾਬਾਦ—੬੫ ।
ਵੱਡੀ (ਜਨਰਲ) ਸਭਾ—੧੦੦ ।
ਵਾਹਿਗੁਰੂ ਸਿੰਘ, ਭਾਈ—੨੧ ।
ਵਿਸਾਖਾ ਸਿੰਘ, ਭਾਈ—੧੪, ੧੬ ।
ਵਿਕਟੋਰੀਆ, ਮਲਕਾ—(ਐਲਾਨ) ੫੩; (ਖ਼ਤ)—੮੬ ।
ਵਿਦਿਅਕ ਲਹਿਰ—੯੩ ।
ਵਿਦਿਆ ਭੰਡਾਰ (ਭਸੌੜ)—੧੨੬,੧੩੦ ।
ਵਿਦਿਆਰਕ ਪੰਜਾਬ (ਰਸਾਲਾ)—੯੨ ।
ਵਿਲਸਨ, ਜਨਰਲ—੪੧ ।
ਵਿਲੀਅਮ ਰਾਟੀਗਨ, ਸਰ—੧੧੬ ।
ਵੀਰ ਸਿੰਘ, ਭਾਈ ਅਮ੍ਰਿਤਸਰ—੧੩੧, ੧੩੩, ੧੩੫ ।


—o—

Sri Satguru Jagjit Singh Ji eLibrary NamdhariElibrary@gmail.com

# ਇਸੇ ਕਲਮ ਤੋਂ—

## ਪ੍ਰਕਾਸ਼ਿਤ ਪੁਸਤਕਾਂ :

| | |
|---|---|
| ਮਜ਼ਲੂਮ ਬੀਰ [ਕਵਿਤਾ] | ੧੯੨੮ |
| ਮੁਦ੍ਰਾ ਰਾਖਸ ਨਾਟਕ [ਅਨੁਵਾਦ] | ੧੯੩੪ |
| ਜੰਗ ਨਾਮਾ ਲਾਹੌਰ ਕ੍ਰਿਤ ਕਾਨ੍ਹ ਸਿੰਘ ਬੰਗਾ [ਸੰਪਾਦਿਤ] | ੧੯੪੦ |
| ਧਰਮ, ਸਾਹਿੱਤ ਤੇ ਇਤਿਹਾਸ [ਲੇਖ—ਸੰਗ੍ਰਹ] | ੧੯੪੪ |
| ਗੁਰੂ ਨਾਨਕ—ਜੀਵਨੀ ਤੇ ਗੋਸ਼ਟਾਂ | ੧੯੪੫ |
| ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ [ਜੀਵਨ] | ੧੯੪੬ |
| ਮਾਧਵਾ ਨਲ ਕਾਮ ਕੰਦਲਾ ਕ੍ਰਿਤ ਕਵੀ ਆਲਮ [ਸੰਪਾਦਿਤ] | ੧੯੪੬ |
| ਪ੍ਰਾਚੀਨ ਜੰਗ ਨਾਮੇ [ਸੰਪਾਦਿਤ] | ੧੯੫੦ |
| ਸਿੱਖੀ ਤੇ ਸਿੱਖ ਇਤਿਹਾਸ [ਲੇਖ—ਸੰਗ੍ਰਹ] | ੧੯੫੧ |
| ਸਿੱਖ ਰਾਜ ਦਾ ਅੰਤ [ ,, ,, ] | ੧੯੫੧ |
| ਪੰਜਾਬੀ ਪਤ੍ਰ ਕਲਾ [ਇਤਿਹਾਸ] | ੧੯੫੩ |
| ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ [ਖੋਜ] | ੧੯੫੩ |
| ਪੰਜਾਬ ਦੀਆਂ ਲਹਿਰਾਂ [੧੮੫੦—੧੯੧੦] | ੧੯੫੪-੭੪ |
| ਸ੍ਰੀ ਸੰਤ ਰੇਣ ਗ੍ਰੰਥਾਵਲੀ, ਪਹਿਲਾ ਭਾਗ [ਸੰਪਾਦਿਤ] | ੧੯੫੫ |
| ਸਾਹਿੱਤਕ ਲੀਹਾਂ [ਲੇਖ—ਸੰਗ੍ਰਹ] | ੧੯੫੫ |
| ਆਦਮੀ ਦੀ ਪਰਖ [ਅਨੁਵਾਦ] | ੧੯੫੬ |
| ਪੰਜਾਬ ਕਾ ਹਿੰਦੀ ਸਾਹਿਤਯ [ਹਿੰਦੀ] | ੧੯੫੭ |
| ਪੰਜਾਬ ਦਾ ਸੰਖੇਪ ਇਤਿਹਾਸ | ੧੯੫੮ |
| ਸ੍ਰੀ ਮਦ ਭਗਵਦ ਗੀਤਾ [ਅਨੁਵਾਦ] | ੧੯੫੮ |
| ਮਾਲਵੇਂਦ੍ਰ ਮਹਾਕਾਵਯ [ਆਲੋਚਨਾ] | ੧੯੫੯ |
| ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼ ਕ੍ਰਿਤ ਭਾ: ਕਾਨ੍ਹ ਸਿੰਘ ਨਾਭਾ [ਸੰਪਾਦਿਤ] | ੧੯੬੦ |
| ਹੀਰ ਵਾਰਿਸ [ਸੰਪਾਦਿਤ] | ੧੯੬੧ |
| ਮੁਕਬਿਲ ਦੇ ਕਿੱਸੇ [ ,, ] | ੧੯੬੧ |
| ਪੰਜਾਬੀ ਹੱਥ ਲਿਖਤਾਂ ਦੀ ਸੂਚੀ [ਪਹਿਲਾ ਭਾਗ] | ੧੯੬੧ |
| ਸਮੇਂ ਦਾ ਸੁਨੇਹਾ, ਨਾਵਲ [ਅਨੁਵਾਦ] | ੧੯੬੨ |
| ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਕ੍ਰਿਤ ਸੋਢੀ ਮਿਹਰਵਾਨ [ਸੰਪਾਦਿਤ] | ੧੯੬੨ |
| ਪੰਜਾਬੀ ਹੱਥ ਲਿਖਤਾਂ ਦੀ ਸੂਚੀ [ਦੂਜਾ ਭਾਗ] | ੧੯੬੩ |
| ਸ਼ੀਰੀਂ ਫ਼ਰਹਾਦ, ਕ੍ਰਿਤ ਸੰਤ ਦਿੱਤਾ ਰਾਮ ਉਰਫ਼ ਗਿ: ਦਿੱਤ ਸਿੰਘ [ਸੰਪਾਦਿਤ] | ੧੯੬੩ |
| ਜਨਮ ਸਾਖੀ ਗੁਰੂ ਨਾਨਕ, ਹਿੰਦਾਲੀਆਂ ਵਾਲੀ [ਸੰਪਾਦਿਤ] | ੧੯੬੩ |
| ਗੋਸ਼ਟਾਂ ਗੁਰੂ ਨਾਨਕ, ਭਾਈ ਬਾਲਾ, ਮਰਦਾਨਾ ਆਦਿ [ਸੰਪਾਦਿਤ] | ੧੯੬੩ |
| ਗੁਰ ਮਹਿਮਾ ਪ੍ਰਕਾਸ਼ ਕ੍ਰਿਤ ਸਰੂਪ ਦਾਸ ਭੱਲਾ, ਪਹਿਲਾ ਭਾਗ [ਸੰਪਾਦਿਤ] | ੧੯੬੩ |
| ਸ਼ਾਹ ਮੁਹੰਮਦ ਦਾ ਜੰਗ ਨਾਮਾ [ਸੰਪਾਦਿਤ] | ੧੯੬੪ |

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਜੀਵਨ ਤੇ ਸੰਸਕ੍ਰਿਤੀ [ਖੋਜ] ੧੯੬੫
ਦਸਮ ਗ੍ਰੰਥ ਤੇ ਹੋਰ ਰਚਨਾਵਾਂ [ਆਲੋਚਨਾ] ੧੯੬੫
ਪੰਜਾਬ ਦਾ ਇਤਿਹਾਸ [੭੧੨—੧੮੦੦] ੧੯੬੬
ਮੱਧ ਕਾਲੀਨ ਪੰਜਾਬ [੭੧੨—੧੮੦੦] ੧੯੬੬
ਮੀਰੀ ਪੀਰੀ ਦੇ ਮਾਲਿਕ ਸ੍ਰੀ ਗੁਰੂ ਹਰਿ ਗੋਬਿੰਦ ਜੀ [ਸੰਖੇਪ ਜੀਵਨ] ੧੯੬੬
ਪ੍ਰਸਿੱਧ ਵਿਦ੍ਵਾਨ ਭਾਈ ਕਾਨ੍ਹ ਸਿੰਘ ਨਾਭਾ [ਜੀਵਨ] ੧੯੬੬
ਸ੍ਰੀ ਗੁਰੂ ਸੋਭਾ ਕ੍ਰਿਤ ਕਵਿ ਸੈਨਾਪਤਿ [ਸੰਪਾਦਿਤ] ੧੯੬੭
ਨੀਸਾਣ ਤੇ ਹੁਕਮ ਨਾਮੇ [ ,, ] ੧੯੬੮
ਸੋਢੀ ਮਿਹਰਵਾਨ—ਜੀਵਨ ਤੇ ਸਾਹਿੱਤ [ਖੋਜ] ੧੯੬੮
ਸਾਡਾ ਹੱਥ ਲਿਖਿਤ ਪੰਜਾਬੀ ਸਾਹਿੱਤ ੧੯੬੮
ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੋਇਰ ਸਿੰਘ [ਸੰਪਾਦਿਤ] ੧੯੬੮
ਮੌਲਵੀ ਗ਼ੁਲਾਮ ਰਸੂਲ ਦੇ ਕਿਸੇ—ਦਾਸਤਾਨਿ ਅਮੀਰ ਹਮਜ਼ਾ [ਸੰਪਾਦਿਤ] ੧੯੬੮
ਸਿੱਖ ਡਾਇਰੀ–ਗੁਰੂ ਨਾਨਕ ਪੰਜ ਸੌ ਸਾਲਾ ਸਿਮ੍ਰਤੀ-ਅੰਕ ੧੯੬੯
ਅਠਾਰ੍ਹਵੀਂ ਸਦੀ ਦਾ ਪੰਜਾਬ ੧੯੬੯
ਗੁਰਦੁਆਰਾ ਸਾਹਿਬ ਸ਼ਹੀਦ ਨਗਰ ਬੁੱਢਾ ਜੌਹੜ ਦਾ ਇਤਿਹਾਸ ੧੯੭੦
ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ [ਸੰਪਾਦਿਤ] ੧੯੭੦
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਸਥਾਨ—ਧਰਮ ਸਾਲਾਂ ਤੇ ਗੁਰਦ੍ਵਾਰੇ ੧੯੭੦
ਪੰਜਾਬੀ ਵੀਰ ਪਰੰਪਰਾ–੧੭ਵੀਂ ਸਦੀ [ ,, ] ੧੯੭੦
ਪ੍ਰਾਚੀਨ ਵਾਰਾਂ ਤੇ ਜੰਗ ਨਾਮੇ [ਸੰਪਾਦਿਤ] ੧੯੭੧
ਵੀਰ ਨਾਇਕ ਹਰੀ ਸਿੰਘ ਨਲਵਾ [ਜੀਵਨ] ੧੯੭੧
ਇਤਿਹਾਸ ਗੁਰਦੁਆਰੇ ਸਾਹਿਬਾਨ—ਜੀਂਦ, ਤਰਨ ਤਾਰਨ, ਤਖ਼ਤ ਦਮਦਮਾ ਸਾਹਿਬ, ਦੂਖ ਨਿਵਾਰਨ ਪਟਿਆਲਾ, ਫ਼ਤਿਹ ਗੜ੍ਹ ਸਰਹਿੰਦ, ਨਾਨਕਿਆਣਾ ਸੰਗਰੂਰ, ਧਮਧਾਨ ਸਾਹਿਬ (ਜੀਂਦ), ਬਾਬਾ ਬਕਾਲਾ (ਅਮ੍ਰਿਤਸਰ) ਤੇ ਭੱਠਾ ਸਾਹਿਬ (ਰੋਪੜ) ੧੯੭੧-੭੨
ਪੰਜਾਬ ਦੀ ਭਾਸ਼ਾ ਸਮੱਸਿਆ (ਭਾਸ਼ਾ ਵਿਗਿਆਨਿਕ ਪੜਚੋਲ) ੧੯੭੨
ਮਿਰਾਸੀਆਂ ਦਾ ਪਿਛੋਕੜ ਤੇ ਭਾਈ ਮਰਦਾਨਾ [ਖੋਜ] ੧੯੭੩
ਅਕਾਲੀ ਲਹਿਰ ਤੇ ਜੈਤੋ ਦਾ ਮੋਰਚਾ (ਇਤਿਹਾਸ) ੧੯੭੪

## ਛਪਣ ਜੋਗ ਪੁਸਤਕਾਂ :

ਗਿਆਨੀ ਦਿੱਤ ਸਿੰਘ ਗ੍ਰੰਥਾਵਲੀ ਭਾਗ ੧, ੨ ਤੇ ੩ (ਸੰਪਾਦਿਤ); ਗੁਰੂ ਰਤਨ ਮਾਲ—ਸੌ ਸਾਖੀ ਕ੍ਰਿਤ ਭਾਈ ਸਾਹਿਬ ਸਿੰਘ [ਸੰਪਾਦਿਤ]; ਰਾਜ ਤਰੰਗਿਣੀ ਕ੍ਰਿਤ ਕਵੀ ਸੁਜਾਨ ਸਿੰਘ ਮੈਨ, (ਸੰਪਾਦਿਤ); ਤਾਂਤ੍ਰਿਕ ਮਤ ਦਰਪਣ (ਪ੍ਰਾਚੀਨ ਭਾਰਤੀ ਮਤ-ਮਤਾਂਤਰਾਂ ਦੀ ਖੋਜ); ਪੰਜਾਬੀ ਪਤ੍ਰਕਾਰ ਕਲਾ; ਮੇਰੇ ਚੋਣਵੇਂ ਲੇਖ; ਗੁਰੂ ਨਾਨਕ ਤੇ ਸਿਖ ਧਰਮ [ਲੇਖ ਸੰਗ੍ਰਹਿ]; ਬਸੰਤ ਸਤਸਈ ਕ੍ਰਿਤ ਕਵਿ ਬਸੰਤ ਸਿੰਘ 'ਰਿਤੁਰਾਜ'(ਹਿੰਦੀ—ਸੰਪਾਦਿਤ); ਹਿੰਦੀ-ਨਿਬੰਧ ਰਤਨਾਵਲੀ (ਖੋਜ), ਜੰਗ ਨਾਮਾ ਕਾਬਲ ਵ ਖ਼ੁਰਾਸਾਨ (ਕ੍ਰਿਤ ਮੀਆਂ ਕਰੀਮ ਬਖ਼ਸ਼ ਆਜਿਜ਼ (ਉਰਦ ਸੰਪਾਦਿਤ) ਤੇ ਮੁੰਤਖ਼ਿਬ ਤਵਾਰੀਖੀ ਮਜ਼ਾਮੀਨ [ਉਰਦੂ]।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

B-1462

Sri Satguru Jagjit Singh Ji eLibrary NamdhariElibrary@gmail.com

ਮਿਲਣ ਦਾ ਪਤਾ :

**ਸਿੰਘ ਬ੍ਰਦਰਜ਼,**

ਮਾਈ ਸੇਵਾਂ, ਅਮ੍ਰਿਤਸਰ

ਮੁੱਲ 15/-

Sri Satguru Jagjit Singh Ji eLibrary NamdhariElibrary@gmail.com